Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

WEBSITE: DHOLRADIO.ORG
Dhol Radio
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
Request Song
Live Calls: USA 1-951-824-6365
Canada 1-604-210-1955
Skype: DHOLRADIO.ORG
1PM to 3PM
9:30PM To 11:30PM (IST)
Listen By Call: USA 702-489-0211
UK 44-20-3519-1210
Listen On Phone
Music 24/7
Application for android and iPhone- Dhol Radio

ਵਧੀਆ ਅਤੇ ਸਸਤੀ ਇੰਸ਼ੋਰੈਂਸ
SAVE UPTO $475!
GILL FINANCIAL
CALL TODAY FOR A FREE QUOTE!
510-888-1180 209-524-4008
WWW.GILLFINANCIAL.COM
ਕਾਰ, ਘਰ, ਲਿਕਰ ਸਟੋਰ ਅਤੇ ਬਿਜਨਸ ਇੰਸ਼ੋਰੈਂਸ

Fifteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 28, July 12, 2014 — 20451 N Plum Grove Rd., Palatine, IL 60074 — Ph:847-359-0746, Fax:847-705-9388

# ਵੱਖਰੀ ਕਮੇਟੀ ਬਾਰੇ ਬਾਦਲਾਂ ਦੀ ਇਕ ਨਾ ਚੱਲੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਦੀ ਕਾਇਮੀ ਰੋਕਣ ਲਈ ਫਿਲਹਾਲ ਸ. ਪ੍ਰਕਾਸ਼ ਸਿੰਘ ਬਾਦਲ ਦਾ ਹਰ ਪੈਂਤੜਾ ਮਾਤ ਖਾ ਗਿਆ ਹੈ। ਲੰਮੇ ਸਮੇਂ ਤੋਂ ਸੰਘਰਸ਼ ਕਰਦੇ ਆ ਰਹੇ ਹਰਿਆਣਾ ਦੇ ਸਿੱਖਾਂ ਨੂੰ ਵੱਖਰੀ ਗੁਰਦੁਆਰਾ ਕਮੇਟੀ ਬਣਨ ਦੀ ਉਮੀਦ ਬੱਝੀ ਹੈ। ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ 6 ਜੁਲਾਈ ਨੂੰ ਕੈਥਲ ਵਿਚ ਹੋਈ ਸਿੱਖ ਮਹਾਂ ਸਭਾ ਵਿਚ ਵੱਖਰੀ ਕਮੇਟੀ ਦਾ ਐਲਾਨ ਕਰ ਦਿੱਤਾ। ਉਨ੍ਹਾਂ ਕਿਹਾ ਹੈ ਕਿ ਵੱਖਰੀ ਕਮੇਟੀ ਬਣਾਉਣ ਦਾ ਫ਼ੈਸਲਾ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਦੇਖ ਕੇ ਕੀਤਾ ਗਿਆ ਹੈ। ਉਹ ਤਾਂ ਸਦਾ ਕਹਿੰਦੇ ਆਏ ਹਨ ਕਿ ਰਾਜ ਸਰਕਾਰ ਉਹੀ ਫ਼ੈਸਲਾ ਕਰੇਗੀ ਜੋ ਸਿੱਖ ਚਾਹੁੰਦੇ ਹਨ। ਸ੍ਰੀ ਹੁੱਡਾ ਨੇ ਸਿੱਖਾਂ ਦੀ ਸ਼ਲਾਘਾ ਕਰਦਿਆਂ ਕਰਦਿਆਂ ਕਿਹਾ ਕਿ ਸਿੱਖ ਬਹਾਦਰ ਕੌਮ ਹੈ ਤੇ ਉਨ੍ਹਾਂ ਦੇਸ਼ ਦੀ ਆਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਹਨ। ਹਰਿਆਣੇ ਦੇ ਸਿੱਖਾਂ ਦੀ ਗੁਰੂਆਂ ਵਿਚ ਆਸਥਾ ਘੱਟ ਨਹੀਂ ਅਤੇ ਨਾਲ ਹੀ ਉਹ ਅਕਾਲ ਤਖ਼ਤ ਦਾ ਸਤਿਕਾਰ ਵੀ ਕਰਦੇ ਹਨ।

ਅਸਲ ਵਿਚ ਵੱਖਰੀ ਕਮੇਟੀ ਦਾ ਮਾਮਲਾ ਹੁਣ ਸਿਆਸੀ ਰੰਗ ਵਿਚ ਰੰਗਿਆ ਗਿਆ ਹੈ। ਕਾਂਗਰਸ ਵੱਖਰੀ ਕਮੇਟੀ ਬਣਾ ਕੇ ਹਰਿਆਣਾ ਦੇ 18 ਲੱਖ ਵੋਟਰਾਂ ਨੂੰ ਲੁਭਾਉਣਾ ਚਾਹੁੰਦੀ ਹੈ। ਹਰਿਆਣਾ ਦੀਆਂ 90 ਵਿਚੋਂ 36 ਵਿਧਾਨ ਸਭਾ ਸੀਟਾਂ 'ਤੇ ਸਿੱਖਾਂ ਦਾ ਚੰਗਾ ਪ੍ਰਭਾਵ ਹੈ। ਕਾਂਗਰਸ ਸਿੱਖਾਂ ਦੀ ਨਾਰਾਜ਼ਗੀ ਦਾ ਖਮਿਆਜ਼ਾ ਲੋਕ ਸਭਾ ਚੋਣਾਂ ਵਿਚ ਭੁਗਤ ਚੁੱਕੀ ਹੈ। ਹੁਣ ਅਕਤੂਬਰ ਵਿਚ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ ਜਿਸ ਕਰ ਕੇ ਕਾਂਗਰਸ ਵੇਲਾ ਹੱਥੋਂ ਖੁੰਝਣ ਨਹੀਂ ਦੇਣਾ ਚਾਹੁੰਦੀ।

ਹਰਿਆਣਾ ਦੇ ਸਿੱਖ ਵੀ ਆਪਣਾ ਸਿਆਸੀ ਭਵਿੱਖ ਆਪ ਤੈਅ ਕਰਨਾ ਚਾਹੁੰਦੇ ਹਨ। ਵੱਖਰੀ ਗੁਰਦੁਆਰਾ ਕਮੇਟੀ ਦੇ ਜ਼ਰੀਏ ਉਹ ਆਪਣੀ ਵੱਖਰੀ ਸਿਆਸੀ ਹੋਂਦ ਕਾਇਮ ਕਰਨਾ ਚਾਹੁੰਦੇ ਹਨ। ਹਰਿਆਣਾ ਦੇ ਸਿੱਖ ਜਾਣਦੇ ਹਨ ਕਿ ਵੱਖਰੀ ਗੁਰਦੁਆਰਾ ਕਮੇਟੀ ਬਣਨ ਨਾਲ ਉਹ ਸ਼੍ਰੋਮਣੀ ਅਕਾਲੀ ਦਲ ਨੂੰ ਧਾਰਮਿਕ ਫੈਸਲਿਆਂ ਵਿਚ ਵੰਗਾਰ ਸਕਦੇ ਹਨ ਤੇ ਆਪਣੇ ਸਿਆਸੀ ਫੈਸਲੇ ਖੁਦ ਲੈ ਸਕਦੇ ਹਨ। ਉਧਰ, ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਹਰਿਆਣਾ ਸਰਕਾਰ ਦੇ ਇਸ ਫੈਸਲੇ ਦਾ ਸਖ਼ਤ ਵਿਰੋਧ ਕਰ ਰਹੇ ਹਨ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਕਹਿਣਾ ਹੈ ਕਿ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਕੋਲ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਦਾ ਕੋਈ ਅਧਿਕਾਰ ਨਹੀਂ ਹੈ ਸਗੋਂ ਉਹ ਇਸ ਮਾਮਲੇ ਨੂੰ ਸਿਆਸੀ ਹਿੱਤਾਂ ਲਈ ਵਰਤਣ ਦੇ ਰੌਅ ਵਿਚ ਹਨ। ਵੱਖਰੀ ਕਮੇਟੀ

(ਬਾਕੀ ਸਫਾ 6 'ਤੇ)




## ਹਰਿਆਣਾ ਸਰਕਾਰ ਦੇ ਕਾਨੂੰਨੀ ਅਧਿਕਾਰ 'ਤੇ ਸਵਾਲ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਵੱਲੋਂ ਹਰਿਆਣਾ ਦੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਵੱਖਰਾ ਹਰਿਆਣਾ ਗੁਰਦੁਆਰਾ ਐਕਟ ਬਣਾਉਣ ਬਾਰੇ ਭੰਬਲਭੂਸਾ ਬਰਕਰਾਰ ਹੈ। ਇਸ ਗੱਲ ਦੀ ਚਰਚਾ ਜਾਰੀ ਹੈ ਕਿ ਹਰਿਆਣਾ ਵਿਧਾਨ ਸਭਾ ਇਸ ਮਾਮਲੇ ਵਿਚ ਮਤਾ ਪਾਸ ਕਰ ਕੇ ਆਪਣੇ ਤੌਰ 'ਤੇ ਕਾਨੂੰਨ ਬਣਾ ਸਕਦੀ ਹੈ ਜਾਂ ਹਰਿਆਣਾ ਵਿਧਾਨ ਸਭਾ ਦਾ ਪਾਸ ਮਤਾ ਫਿਰ ਕੇਂਦਰੀ ਕੈਬਨਿਟ, ਪਾਰਲੀਮੈਂਟ ਵਿਚ ਜਾਵੇਗਾ ਤੇ ਰਾਸ਼ਟਰਪਤੀ ਦੀ ਮੋਹਰ ਲੱਗਣ ਬਾਅਦ ਹੀ ਕਾਨੂੰਨ ਦਾ ਰੂਪ ਹਾਸਲ ਕਰ ਸਕੇਗਾ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਕਹਿਣਾ ਹੈ ਕਿ ਹਰਿਆਣਾ ਸਰਕਾਰ ਵੱਲੋਂ ਵੱਖਰਾ ਗੁਰਦੁਆਰਾ ਐਕਟ ਬਣਾਉਣ ਦਾ ਐਲਾਨ ਗ਼ੈਰ-ਕਾਨੂੰਨੀ ਹੈ ਤੇ ਹਰਿਆਣਾ ਸਰਕਾਰ ਇਹ ਐਕਟ ਬਣਾ ਹੀ ਨਹੀਂ ਸਕਦੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਅਨੁਸਾਰ, ਜੇ ਹਰਿਆਣਾ ਸਰਕਾਰ ਨੇ ਅਜਿਹਾ ਕਾਨੂੰਨ ਬਣਾਉਣ ਦਾ ਯਤਨ ਕੀਤਾ ਤਾਂ ਉਸ ਨੂੰ ਅਦਾਲਤ ਵਿਚ ਚੁਣੌਤੀ ਦੇਵਾਂਗੇ। ਉਧਰ,

(ਬਾਕੀ ਸਫਾ 6 'ਤੇ)

## ਪੰਜਾਬ ਨੂੰ ਮਿਲੀਆਂ ਪੰਜ ਨਵੀਆਂ ਰੇਲਾਂ

**ਨਵੀਂ ਦਿੱਲੀ:** ਨਰੇਂਦਰ ਮੋਦੀ ਸਰਕਾਰ ਵੱਲੋਂ ਪੇਸ਼ ਕੀਤੇ ਗਏ ਆਪਣੇ ਪਲੇਠੇ ਰੇਲ ਬਜਟ ਵਿਚ ਪੰਜਾਬ ਨੂੰ ਪੰਜ ਨਵੀਆਂ ਰੇਲਗੱਡੀਆਂ ਦਾ ਤੋਹਫਾ ਦਿੱਤਾ ਗਿਆ ਹੈ। ਨਵੀਆਂ ਜਨ-ਸਾਧਾਰਨ ਰੇਲ ਗੱਡੀਆਂ ਵਿਚ ਪੰਜਾਬ ਲਈ ਸਹਰਸਾ-ਅੰਮ੍ਰਿਤਸਰ ਰੇਲ ਗੱਡੀ ਸ਼ੁਮਾਰ ਹੈ। ਨਾਗਪੁਰ-ਅੰਮ੍ਰਿਤਸਰ ਲਈ ਨਵੀਂ ਐਕਸਪ੍ਰੈੱਸ ਏ.ਸੀ. ਟਰੇਨ (ਹਫਤਾਵਾਰੀ) ਵੀ ਨਵੀਆਂ ਰੇਲਾਂ ਦੇ ਪ੍ਰਸਤਾਵ ਵਿਚ ਸ਼ਾਮਲ ਹੈ। ਐਕਸਪ੍ਰੈਸ ਗੱਡੀਆਂ ਵਿਚ ਫਿਰੋਜ਼ਪੁਰ ਚੰਡੀਗੜ੍ਹ (ਹਫਤੇ ਵਿਚ ਛੇ ਦਿਨ), ਕਾਨਪੁਰ-ਜੰਮੂ ਤਵੀ (ਹਫਤੇ ਵਿਚ ਦੋ ਵਾਰ) ਨਵੀਂ ਦਿੱਲੀ-ਬਠਿੰਡਾ ਸ਼ਤਾਬਦੀ (ਹਫਤੇ ਵਿਚ ਦੋ ਵਾਰ) ਸ਼ਾਮਲ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੇਂਦਰੀ ਰੇਲਵੇ ਬਜਟ ਦਾ ਸਵਾਗਤ ਕਰਦਿਆਂ ਇਸ ਨੂੰ ਵਿਕਾਸ ਮੁਖੀ ਤੇ ਮੁਸਾਫ਼ਰ ਪੱਖੀ ਕਰਾਰ ਦਿੱਤਾ ਹੈ। ਮੁੱਖ ਮੰਤਰੀ ਨੇ ਸਹਰਸਾ-ਅੰਮ੍ਰਿਤਸਰ ਜਨਸਧਾਰਨ ਐਕਸਪ੍ਰੈਸ, ਨਾਗਪੁਰ-ਅੰਮ੍ਰਿਤਸਰ (ਹਫਤਾਵਾਰੀ), ਫਿਰੋਜ਼ਪੁਰ-ਚੰਡੀਗੜ੍ਹ ਐਕਸਪ੍ਰੈਸ (ਹਫ਼ਤੇ ਵਿੱਚ ਛੇ ਦਿਨ) ਤੇ ਨਵੀਂ ਦਿੱਲੀ-ਬਠਿੰਡਾ ਸ਼ਤਾਬਦੀ ਐਕਸਪ੍ਰੈਸ (ਹਫ਼ਤੇ ਵਿਚ ਦੋ ਵਾਰੀ) ਸਮੇਤ ਪੰਜ ਨਵੀਆਂ ਰੇਲ ਗੱਡੀਆਂ ਚਲਾਉਣ ਦੇ ਐਲਾਨ ਦਾ ਸਵਾਗਤ ਕੀਤਾ ਹੈ। ਸ. ਬਾਦਲ ਨੇ ਕਿਹਾ ਕਿ ਇਹ ਰੇਲ ਗੱਡੀਆਂ ਸੂਬੇ ਵਿਚ ਵਪਾਰਕ ਗਤੀਵਿਧੀਆਂ ਨੂੰ ਹੁਲਾਰਾ ਦੇਣਗੀਆਂ। ਮਹਿਲਾ ਮੁਸਾਫਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਰੇਲਵੇ ਵਿਚ 4000 ਮਹਿਲਾ ਕਾਂਸਟੇਬਲਾਂ ਦੀ ਭਰਤੀ ਤੇ ਹੋਰ ਫੈਸਲੇ ਵੀ ਬਹੁਤ ਸਲਾਹੁਣਯੋਗ ਹਨ।



REAL ESTATE & HOME LOANS
Low Interest Rate
3.5% Down Payment
Free Credit Report
Free Pre-Approval
ਸਾਡੀ ਆਪਣੀ ਮਾਰਗੇਜ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL Broker/Associate
Century 21
209.918.6464
ahundal@c21mm.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorney At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

STATEN SOLAR
AFFORDABLE ENERGY FOR EVERYONE

ਸੋਲਰ ਸਿਸਟਮ ਲਗਵਾਓ ਅਤੇ ਪੈਸੇ ਬਚਾਓ

Commercial, Agricultural and Residential

Choose between $0 Down Lease or Lowest Cash Price

ਅਪਣੇ ਸਟੋਰ, ਫਾਰਮ ਅਤੇ ਘਰ ਫਰੀ ਸੋਲਰ ਸਿਸਟਮ ਲਗਵਾਓ। ਬਿਜਲੀ ਦੇ ਬਿੱਲ ਤੋਂ ਸਦਾ ਲਈ ਛੁਟਕਾਰਾ ਪਾਓ ਅਤੇ ਪੈਸੇ ਬਚਾਓ





Simran Deol
(Solar Engineer)
661-412-4728

ਕੀ ਤੁਸੀਂ ਅਪਣੇ ਸਟੋਰ, ਬਿਜ਼ਨਿਸ, ਫਾਰਮ ਜਾਂ ਘਰ ਸੋਲਰ ਸਿਸਟਮ ਕਿਸੇ ਤਜ਼ਰਬੇਕਾਰ ਇੰਜੀਨੀਅਰ ਦੀ ਸਲਾਹ ਨਾਲ ਲਗਵਾਉਣਾ ਚਾਹੋਂਗੇ ਜਾਂ ਕਿਸੇ ਸੇਲਜ਼ਮੈਨ ਦੀ ਸਲਾਹ ਨਾਲ? ਤਕਨੀਕੀ ਗੱਲਾਂ ਨੂੰ ਨਜ਼ਰਅੰਦਾਜ਼ ਨਾ ਕਰੋ, ਜੋ ਤੁਹਾਨੂੰ ਇਕ ਇੰਜੀਨੀਅਰ ਹੀ ਦੱਸ ਸਕਦਾ ਹੈ

ਫਰੀ, ਮਾਹਿਰਾਨਾ ਅਤੇ ਸਹੀ ਸਲਾਹ

7 ਸਾਲ ਤੋਂ ਵੀ ਵੱਧ ਸੋਲਰ ਇੰਜੀਨੀਅਰ ਵਜੋਂ ਤਜ਼ਰਬਾ

20 ਸਾਲ ਬਿਲਕੁਲ ਫਰੀ ਮੇਂਟੀਨੈਂਸ ਦੀ ਗਾਰੰਟੀ। ਹਰ ਤਰ੍ਹਾਂ ਦੀ ਦੇਖ ਭਾਲ ਅਤੇ ਇਸ਼ੋਰੈਂਸ ਦੀ ਜਿੰਮੇਵਾਰੀ ਵੀ ਕੰਪਨੀ ਦੀ।

Receive $500 By Referring Friends.
www.Statensolar.com

No One Can Beat Our Price Guaranteed!

- $ 0 down Worry Free Lease
- Fixed Monthly Bill, No Increase
- Guaranteed Lowest Monthly Bill
- Or Buy the System for Lowest Price
- Top Quality Product
- 20 Year Performance Guarantee
- 25 Year Guarantee for Panels
- FREE Maintenance for 20 years
- No Need to Worry About Increasing Cost of Utility
- Professional Installation
- 24/7 Monitoring



ਪਹਿਲੀ ਵਾਰ ਟਾਇਰਾਂ ਦੀ ਸਭ ਤੋਂ ਵੱਡੀ ਸੇਲ

GILL EXPRESS

TRUCK TIRE ON SALE

PRICE GOOD @ THESE LOCATIONS
Bakersfield @ 24/7 Truck Stop
Fresno @ Kline Truck Stop
Frazier Park @ Flying J Truck Stop
Ripon @ Jimco Truck Stop

WITH PURCHASE OF 8 TIRES

269.99 Installed

LP22.5



CASH PRICE STEER OR DRIVE

FET, SALES TAX, MOUNTING INCLUDED

INSTALLED OUT THE DOOR PRICE

661-203-0433

# ਸਰਕਾਰੀ ਜਾਇਦਾਦ ਨੁਕਸਾਨ ਰੋਕੂ ਬਿੱਲ ਪ੍ਰਵਾਨ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਨੇ ਸੂਬੇ ਦੀ ਸਰਕਾਰੀ ਤੇ ਨਿੱਜੀ ਜਾਇਦਾਦ ਨੁਕਸਾਨ ਰੋਕੂ ਬਿਲ-2014 ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਬਿਲ ਦੇ ਭਾਗ-2 (ਸੀ) ਵਿਚ 'ਰੇਲ ਜਾਂ ਸੜਕ ਆਵਾਜਾਈ ਰੋਕੂ' ਸ਼ਬਦ ਸ਼ਾਮਲ ਕਰ ਦਿੱਤਾ ਗਿਆ ਹੈ। ਇਹ ਬਿੱਲ ਤਹਿਤ ਸਰਕਾਰੀ ਤੇ ਪ੍ਰਾਈਵੇਟ ਜਾਇਦਾਦਾਂ ਨੂੰ ਪ੍ਰਦਰਸ਼ਨ, ਹੜਤਾਲ, ਬੰਦ, ਤੇ ਰੇਲ ਟਰੈਫਿਕ ਰੋਕ ਕੇ ਨੁਕਸਾਨ ਕਰਨ ਵਾਲਿਆਂ ਨੂੰ ਇਕ ਸਾਲ ਤੱਕ ਦੀ ਕੈਦ ਤੇ ਇਕ ਲੱਖ ਰੁਪਏ ਦੇ ਜੁਰਮਾਨੇ ਦੀ ਵਿਵਸਥਾ ਕੀਤੀ ਗਈ ਹੈ। ਜੇਕਰ ਨੁਕਸਾਨ ਧਮਾਕੇ ਜਾਂ ਅਗਜ਼ਨੀ ਰਾਹੀਂ ਕੀਤਾ ਜਾਂਦਾ ਹੈ ਤਾਂ ਸਜ਼ਾ ਦੋ ਸਾਲ ਤੱਕ ਤੇ ਇਕ ਲੱਖ ਰੁਪਏ ਦਾ ਜੁਰਮਾਨਾ ਹੋਵੇਗਾ।

ਸਰਕਾਰ ਵੱਲੋਂ ਸਾਲ 2010 ਵਿਚ ਵੀ ਕਾਨੂੰਨ ਬਣਾਇਆ ਗਿਆ ਸੀ ਪਰ ਉਸ ਨੂੰ ਲਾਗੂ ਨਹੀਂ ਸੀ ਕੀਤਾ ਗਿਆ। ਤਾਜ਼ਾ ਸੋਧ ਮੁਤਾਬਕ ਅਜਿਹੇ ਅੰਦੋਲਨਾਂ ਤੇ ਮੁਜ਼ਾਹਰਿਆਂ ਵਿਚ ਸ਼ਾਮਲ ਵਿਅਕਤੀ ਜੇਕਰ ਸਰਕਾਰੀ ਤੇ ਨਿੱਜੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਂਦੇ ਹਨ ਤਾਂ ਉਨ੍ਹਾਂ ਤੋਂ ਨੁਕਸਾਨ ਦੀ ਵਸੂਲੀ ਕੀਤੀ ਜਾਵੇਗੀ। ਇਹ ਬਿੱਲ ਵਿਧਾਨ ਸਭਾ ਵੱਲੋਂ ਪਾਸ ਕਰਨ ਤੋਂ ਬਾਅਦ ਰਾਸ਼ਟਰਪਤੀ ਦੀ ਪ੍ਰਵਾਨਗੀ ਲਈ ਭੇਜਿਆ ਜਾਵੇਗਾ। ਗ੍ਰਹਿ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਮੁਤਾਬਕ ਮੰਤਰੀ ਮੰਡਲ ਵੱਲੋਂ ਪਾਸ ਕੀਤੇ ਬਿਲ ਮੁਤਾਬਕ ਤਕਰੀਬਨ ਪੁਰਾਣਾ ਖਰੜਾ ਹੀ ਲਾਗੂ ਕੀਤਾ ਜਾ ਰਿਹਾ ਹੈ, ਸਿਰਫ਼ ਕੇਂਦਰ ਸਰਕਾਰ ਦੀ ਜਾਇਦਾਦ ਤੇ ਸਜ਼ਾ ਘਟਾਉਣ ਦੀ ਮਦ ਸ਼ਾਮਲ ਕੀਤੀ ਗਈ ਹੈ।

ਇਸ ਕਾਨੂੰਨ ਮੁਤਾਬਕ ਸ਼ਾਂਤਮਈ ਪ੍ਰਦਰਸ਼ਨ ਕਰਨ ਲਈ ਸਬੰਧਤ ਅਧਿਕਾਰੀਆਂ ਤੋਂ ਪ੍ਰਵਾਨਗੀ ਲੈਣੀ ਹੋਵੇਗੀ। ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਈ-ਸਟੈਂਪਿੰਗ ਪ੍ਰਣਾਲੀ ਲਾਗੂ ਕਰਨ ਲਈ ਪੰਜਾਬ ਈ-ਸਟੈਂਪ ਨਿਯਮ, 2014 ਦੇ ਖਰੜੇ ਨੂੰ ਸਹਿਮਤੀ ਦੇ ਦਿੱਤੀ ਹੈ। ਈ-ਸਟੈਂਪਿੰਗ ਦੇ ਨਾਲ ਸਟੈਂਪ ਪੇਪਰਾਂ ਦੀ ਖਰੀਦ ਖਤਮ ਹੋ ਜਾਵੇਗੀ ਤੇ ਇਸ ਨਾਲ ਰਜਿਸਟ੍ਰੇਸ਼ਨ ਫੀਸ ਇਕੱਤਰ ਕਰਨ ਵਿਚ ਤੇਜ਼ੀ ਤੇ ਪਾਰਦਰਸ਼ਤਾ ਯਕੀਨੀ ਬਣਾਈ ਜਾ ਸਕੇਗੀ ਤੇ ਹੇਰਾਫੇਰੀ ਨੂੰ ਠੱਲ੍ਹ ਪਵੇਗੀ। ਮੰਤਰੀ ਮੰਡਲ ਨੇ ਜ਼ਿਆਦਾ ਲੋੜੀਂਦੀਆਂ ਸੇਵਾਵਾਂ ਤੇ ਨਾਗਰਿਕਾਂ ਨੂੰ ਪ੍ਰਦਾਨ ਕੀਤੀਆਂ ਜਾਣੀਆਂ ਸੇਵਾਵਾਂ ਦਾ ਮੁਕੰਮਲ ਕੰਪਿਊਟਰੀਕਰਨ ਕਰਨ ਲਈ ਹਰੀ ਝੰਡੀ ਦੇ ਦਿੱਤੀ ਹੈ। ਮੰਤਰੀ ਮੰਡਲ ਨੇ ਸੂਬੇ ਵਿਚ ਤਕਨੀਕੀ ਸਿੱਖਿਆ ਦੇ ਪਾਸਾਰ ਲਈ ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਵਿਚ ਸਥਾਪਤ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਸੂਬੇ ਵਿਚ ਦੂਸਰੀ ਤਕਨੀਕੀ ਯੂਨੀਵਰਸਿਟੀ ਹੋਵੇਗੀ। ਸਹਿਕਾਰੀ ਬੈਂਕਾਂ ਵਿਚ ਪੂੰਜੀ ਹਿੱਸੇ ਨੂੰ ਮਜ਼ਬੂਤ ਕਰਨ ਲਈ ਪੰਜਾਬ ਸਹਿਕਾਰੀ ਸੁਸਾਇਟੀਆਂ ਐਕਟ 1961 ਦੀ ਧਾਰਾ 6 ਅਤੇ 15 ਸੋਧਣ ਅਤੇ ਦੀ ਨਵੀਂ ਧਾਰਾ 2 (ਐਮ) ਸ਼ਾਮਲ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਨਾਲ ਸਹਿਕਾਰੀ ਸੈਕਟਰ ਦੀਆਂ ਸੰਸਥਾਵਾਂ, ਸਹਿਕਾਰੀ ਬੈਂਕਾਂ ਅਤੇ ਸੰਸਥਾਵਾਂ ਦੇ ਸ਼ੇਅਰ ਖਰੀਦ ਸਕਣ ਦੇ ਯੋਗ ਹੋਣਗੀਆਂ। ਮੰਤਰੀ ਮੰਡਲ ਨੇ ਪਟਿਆਲਾ ਵਿਚ ਸੀ.ਬੀ.ਆਈ. ਦੀ ਇਕ ਹੋਰ ਅਦਾਲਤ ਸਥਾਪਤ ਕਰਨ ਤੇ ਇਸ ਲਈ ਲੋੜੀਂਦੇ ਅਮਲੇ ਦੀ ਪ੍ਰਵਾਨਗੀ ਦੇ ਦਿੱਤੀ ਹੈ।

## ਡਰੱਗ ਕੇਸ ਵਿਚ ਆਈ.ਜੀ. ਉਮਰਾਨੰਗਲ ਤੋਂ ਪੁੱਛ-ਪੜਤਾਲ

**ਜਲੰਧਰ:** ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਇਥੇ ਬਠਿੰਡਾ ਜ਼ੋਨ ਦੇ ਆਈ.ਜੀ. (ਪੁਲਿਸ) ਪਰਮਰਾਜ ਸਿੰਘ ਉਮਰਾਨੰਗਲ ਤੋਂ



*ਪਰਮਰਾਜ ਸਿੰਘ ਉਮਰਾਨੰਗਲ*

ਪੁੱਛਗਿੱਛ ਕੀਤੀ। ਉਮਰਾਨੰਗਲ ਨੂੰ ਨਸ਼ਿਆਂ ਦੀ ਤਸਕਰੀ ਦੇ ਸਰਗਨੇ ਰਣਜੀਤ ਸਿੰਘ ਉਰਫ ਰਾਜਾ ਕੰਧੋਲਾ ਨਾਲ ਉਨ੍ਹਾਂ ਦੇ ਸਬੰਧਾਂ ਬਾਰੇ ਪੁੱਛਗਿੱਛ ਕਰਨ ਲਈ ਤਲਬ ਕੀਤਾ ਗਿਆ ਸੀ।

ਈ.ਡੀ. ਨੇ ਅਧਿਕਾਰੀਆਂ ਨੇ ਇਸ ਘਟਨਾਕ੍ਰਮ ਬਾਰੇ ਕੁਝ ਵੀ ਦੱਸਣ ਤੋਂ ਇਨਕਾਰ ਕਰ ਦਿੱਤਾ ਜਦੋਂਕਿ ਉਮਰਾਨੰਗਲ ਨੇ ਵੀ ਖਾਮੋਸ਼ੀ ਧਾਰੀ ਰੱਖੀ। ਡਰੱਗ ਲਾਰਡ ਵਜੋਂ ਬਦਨਾਮ ਰਾਜਾ ਕੰਧੋਲਾ ਨੂੰ ਅਗਸਤ 2012 ਵਿਚ ਦਿੱਲੀ ਪੁਲਿਸ ਨੇ ਗ੍ਰਿਫਤਾਰ ਕੀਤਾ ਸੀ। ਇਸ ਗ੍ਰਿਫਤਾਰੀ ਮਗਰੋਂ ਈ.ਡੀ. ਵੱਲੋਂ ਪੁੱਛ-ਪੜਤਾਲ ਦੌਰਾਨ ਰਾਜਾ ਕੰਧੋਲਾ ਨੇ ਦਾਅਵਾ ਕੀਤਾ ਸੀ ਕਿ ਉਮਰਾਨੰਗਲ ਉਸ ਦਾ ਮਿੱਤਰ ਸੀ। ਦੂਜੇ ਪਾਸੇ ਉਮਰਾਨੰਗਲ ਨੇ ਅਜਿਹੀ ਨੇੜਤਾ ਦੀ ਗੱਲ ਰੱਦ ਕਰ ਦਿੱਤੀ ਸੀ।

# ਜ਼ਿਮਨੀ ਚੋਣ ਕਰ ਕੇ ਤਲਵੰਡੀ ਸਾਬੋ ਹਲਕਾ ਵਾਸੀਆਂ ਦੇ ਦਿਨ ਫਿਰੇ

**ਬਠਿੰਡਾ:** ਤਲਵੰਡੀ ਸਾਬੋ ਦੀ ਜ਼ਿਮਨੀ ਚੋਣ ਨੇ ਹਲਕਾ ਵਾਸੀਆਂ ਦੇ ਦਿਨ ਫੇਰ ਦਿੱਤੇ ਹਨ। ਚੋਣ ਕਾਰਨ ਲੋਕਾਂ ਤੋਂ ਸਾਲਾਂ ਤੋਂ ਅਟਕੇ ਕੰਮ ਧੜਾ-ਧੜਾ ਹੋਣ ਲੱਗੇ ਹਨ। ਪੰਜਾਬ ਸਰਕਾਰ ਨੇ ਹਲਕੇ ਵੱਲ ਖਜ਼ਾਨੇ ਦੇ ਮੂੰਹ ਖੋਲ੍ਹ ਦਿੱਤੇ ਹਨ। ਤਲਵੰਡੀ ਸਾਬੋ ਦੀ ਜ਼ਿਮਨੀ ਚੋਣ ਅਗਸਤ ਦੇ ਆਖਰੀ ਹਫਤੇ ਹੋਣ ਦੀ ਸੰਭਾਵਨਾ ਹੈ। ਚੋਣ ਤੋਂ ਪਹਿਲਾਂ ਸਰਕਾਰ ਨੇ ਹਲਕੇ ਲਈ ਵਿਕਾਸ ਕੰਮਾਂ ਲਈ ਗੱਫੇ ਵੰਡ ਦਿੱਤੇ ਹਨ। ਮੁੱਖ ਮੰਤਰੀ ਖੁਦ ਦੋ ਵਾਰ ਹਲਕੇ ਦੇ ਪਿੰਡਾਂ ਵਿਚ ਸੰਗਤ ਦਰਸ਼ਨ ਪ੍ਰੋਗਰਾਮ ਕਰ ਚੁੱਕੇ ਹਨ। ਹਲਕੇ ਦੇ ਹਰ ਪਿੰਡ ਨੂੰ ਤਕਰੀਬਨ 15 ਤੋਂ 20 ਲੱਖ ਰੁਪਏ ਦੀ ਗਰਾਂਟ ਦਿੱਤੀ ਜਾ ਚੁੱਕੀ ਹੈ। ਇਕ ਅੰਦਾਜ਼ੇ ਮੁਤਾਬਕ ਹਲਕੇ ਵਿਚ ਹੁਣ ਤੱਕ 10 ਕਰੋੜ ਰੁਪਏ ਦੀ ਵੰਡ ਕੀਤੀ ਜਾ ਚੁੱਕੀ ਹੈ।

ਵਿਕਾਸ ਕੰਮ ਜ਼ੋਰਾਂ 'ਤੇ ਚੱਲ ਰਹੇ ਹਨ ਜਿਨ੍ਹਾਂ ਨੂੰ ਤੈਅ ਸਮੇਂ ਵਿਚ ਮੁਕੰਮਲ ਕਰਨ ਦਾ ਟੀਚਾ ਦਿੱਤਾ ਗਿਆ ਹੈ। ਤਲਵੰਡੀ ਸਾਬੋ ਵਿਚ ਦਸਮੇਸ਼ ਪਬਲਿਕ ਸਕੂਲ ਨੂੰ ਵੀ ਸਰਕਾਰ ਨੇ ਇਕ ਕਰੋੜ ਰੁਪਏ ਦੀ ਗਰਾਂਟ ਜਾਰੀ ਕਰ ਦਿੱਤੀ ਹੈ। ਪਹਿਲਾਂ ਵਰ੍ਹਿਆਂ ਤੋਂ ਇਸ ਸਕੂਲ ਦੀ ਸਰਕਾਰ ਨੇ ਸਾਰ ਨਹੀਂ ਲਈ ਸੀ। ਲੋਕ ਨਿਰਮਾਣ ਵਿਭਾਗ ਨੇ ਇਸ ਸਕੂਲ ਦੀ ਰੈਨੋਵੇਸਨ ਦੇ ਟੈਂਡਰ ਵੀ ਖੋਲ੍ਹ ਕੇ ਕੰਮ ਅਲਾਟ ਕਰ ਦਿੱਤਾ ਹੈ। ਪੰਜਾਬ ਮੰਡੀ ਬੋਰਡ ਨੂੰ ਤਲਵੰਡੀ ਸਾਬੋ ਤੇ ਰਾਮਾਂ ਮੰਡੀ ਵਿਚ ਸਬਜ਼ੀ ਮੰਡੀਆਂ ਬਣਾਉਣ ਦਾ ਕੰਮ ਦਿੱਤਾ ਗਿਆ ਹੈ। ਮੰਡੀ ਬੋਰਡ ਦੋ ਸਬਜ਼ੀ ਮੰਡੀਆਂ ਦਾ ਨਿਰਮਾਣ ਕਰ ਰਿਹਾ ਹੈ। ਬਠਿੰਡਾ ਵਿਕਾਸ ਅਥਾਰਟੀ ਵੱਲੋਂ ਰਾਮਾਂ ਸ਼ਹਿਰ ਦੀਆਂ ਗਲੀਆਂ ਵਾਸਤੇ 2.65 ਕਰੋੜ ਰੁਪਏ ਦੇ ਫੰਡ ਦਿੱਤੇ ਗਏ ਹਨ। ਇਸੇ ਤਰ੍ਹਾਂ ਤਲਵੰਡੀ ਸਾਬੋ ਵਿਖੇ ਇਕ ਏਕੜ ਜ਼ਮੀਨ ਵਿਚ ਕਮਿਊਨਿਟੀ ਸੈਂਟਰ ਤੇ ਪਾਰਕ ਵੀ ਬਣਾਇਆ ਜਾ ਰਿਹਾ ਹੈ ਜਿਸ 'ਤੇ ਤਕਰੀਬਨ ਡੇਢ ਕਰੋੜ ਰੁਪਏ ਖਰਚ ਆਉਣੇ ਹਨ।

ਜਨ ਸਿਹਤ ਵਿਭਾਗ ਵੱਲੋਂ ਤਕਰੀਬਨ ਛੇ ਕਰੋੜ ਰੁਪਏ ਦੇ ਕੰਮਾਂ ਦੇ ਅਸਟੀਮੇਟ ਤਿਆਰ ਕੀਤੇ ਗਏ ਹਨ। 36 ਜਲਘਰ ਸਕੀਮਾਂ ਵਿਚ ਸੁਧਾਰ ਕੀਤਾ ਜਾਣਾ ਹੈ। ਤਲਵੰਡੀ ਸਾਬੋ ਸ਼ਹਿਰ ਦੇ ਜਲਘਰ ਦੇ ਸੁਧਾਰ ਲਈ 80 ਲੱਖ ਰੁਪਏ ਦੇ ਫੰਡ ਜਾਰੀ ਵੀ ਹੋ ਚੁੱਕੇ ਹਨ। ਜਨ ਸਿਹਤ ਵਿਭਾਗ ਵੱਲੋਂ ਪ੍ਰਬੰਧਕੀ ਪ੍ਰਵਾਨਗੀਆਂ ਦਾ ਕੰਮ ਜ਼ੋਰਾਂ 'ਤੇ ਚੱਲ ਰਿਹਾ ਹੈ। ਪੈਸਾ ਰਿਲੀਜ਼ ਹੋਣ ਮਗਰੋਂ ਪਿੰਡਾਂ ਦੇ ਜਲ ਘਰ ਦੇ ਸੁਧਾਰ ਤਹਿਤ ਪਾਈਪ ਲਾਈਨਾਂ, ਫਿਲਟਰ ਮੀਡੀਆ ਤੇ ਟੈਂਕਾਂ ਆਦਿ ਕੰਮ ਕੀਤਾ ਜਾਣਾ ਹੈ। ਲੋਕ ਨਿਰਮਾਣ ਵਿਭਾਗ ਵੱਲੋਂ ਲਿੰਕ ਸੜਕਾਂ ਦਾ ਵੱਖਰਾ ਪ੍ਰਾਜੈਕਟ ਤਿਆਰ ਕੀਤਾ ਗਿਆ ਹੈ।

ਪਾਵਰਕੌਮ ਵੱਲੋਂ 70 ਦੇ ਤਕਰੀਬਨ ਢਾਣੀਆਂ ਨੂੰ 24 ਘੰਟੇ ਬਿਜਲੀ ਸਪਲਾਈ ਦਿੱਤੀ ਗਈ ਹੈ। ਪਾਵਰਕੌਮ ਨੇ ਤਾਂ ਏਨੀ ਫੁਰਤੀ ਦਿਖਾਈ ਕਿ ਬਿਨਾਂ ਐਸਟੀਮੇਟ ਪਾਸ ਕੀਤੇ ਹੀ ਕੰਮ ਕਰ ਦਿੱਤੇ ਹਨ। ਹੁਣ ਉਲਝਣ ਬਣ ਗਈ ਹੈ ਤੇ ਰੌਲਾ ਪੈ ਰਿਹਾ ਹੈ। ਪਾਵਰਕੌਮ ਦੇ ਉੱਚ ਅਫਸਰਾਂ ਨੇ ਸ਼ਾਬਾਸ਼ ਲੈਣ ਖਾਤਰ ਨਿਯਮਾਂ ਦੀ ਪ੍ਰਵਾਹ ਨਹੀਂ ਕੀਤੀ ਤੇ ਇਕੱਲੇ-ਇਕੱਲੇ ਘਰਾਂ ਨੂੰ ਵੀ ਢਾਣੀ ਦਿਖਾ ਕੇ ਬਿਜਲੀ ਸਪਲਾਈ ਚਾਲੂ ਕਰ ਦਿੱਤੀ। ਪਾਵਰਕੌਮ ਦੇ ਛੋਟੇ ਮੁਲਾਜ਼ਮ ਹੁਣ ਡਰੇ ਹੋਏ ਹਨ।

# ਪੰਜਾਬ ਦੇ ਜਵਾਨ ਫ਼ੌਜ ਵਿਚ ਭਰਤੀ ਲਈ ਹੁਣ ਬਹੁਤੇ 'ਫਿੱਟ' ਨਹੀਂ

**ਚੰਡੀਗੜ੍ਹ:** ਥਲ ਸੈਨਾ ਵੱਲੋਂ ਚੀਨੀ ਸਰਹੱਦ 'ਤੇ ਤਾਇਨਾਤ ਕਰਨ ਲਈ ਕਾਇਮ ਕੀਤੀ ਜਾਣ ਵਾਲੀ ਨਵੀਂ ਕੋਰ ਲਈ ਪੰਜਾਬ ਤੋਂ ਜਵਾਨਾਂ ਦੀ ਭਰਤੀ ਵਿਚ ਕਈ ਤਰ੍ਹਾਂ ਦੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੂਤਰਾਂ ਮੁਤਾਬਕ ਇਸ ਸਮੱਸਿਆ ਦੇ ਹੱਲ ਲਈ 'ਸਿੱਖ ਰੈਜੀਮੈਂਟਲ ਸੈਂਟਰ' ਨੇ ਨੌਜਵਾਨਾਂ ਨੂੰ ਫੌਜ ਵਿਚ ਭਰਤੀ ਲਈ ਪ੍ਰੇਰਿਤ ਕਰਨ, ਸਿਖਲਾਈ ਦੇਣ ਤੇ ਸਿੱਖਿਅਤ ਕਰਨ ਲਈ ਸਾਰੇ ਜ਼ਿਲ੍ਹਿਆਂ ਵਿਚ ਦੋ-ਦੋ ਮੈਂਬਰੀ ਟੀਮਾਂ ਨਿਯੁਕਤ ਕਰਨ ਦਾ ਫੈਸਲਾ ਕੀਤਾ ਹੈ। ਪਿਛਲੇ ਕੁਝ ਦਹਾਕਿਆਂ ਤੋਂ ਪੰਜਾਬ ਤੋਂ ਹਥਿਆਰਬੰਦ ਸੈਨਾ ਵਿਚ ਅਫਸਰਾਂ ਅਤੇ ਜਵਾਨਾਂ ਦੀ ਭਰਤੀ ਬਹੁਤ ਘਟ ਗਈ ਹੈ।

ਸਿੱਖ ਰੈਜੀਮੈਂਟ, ਜਿਸ ਵਿਚ ਪੰਜਾਬ ਤੇ ਜੰਮੂ-ਕਸ਼ਮੀਰ ਦੇ ਸਿੱਖਾਂ ਦੀ ਭਰਤੀ ਕੀਤੀ ਜਾਂਦੀ ਹੈ, ਵਿਚ ਇਸ ਵੇਲੇ 7000 ਅਸਾਮੀਆਂ ਖਾਲੀ ਹਨ। ਪੰਜਾਬ ਦੇ ਡਿਫੈਂਸ ਸਰਵਿਸਿਜ਼ ਵੈਲਫੇਅਰ ਡਾਇਰੈਕਟਰ ਬ੍ਰਿਗੇਡੀਅਰ (ਸੇਵਾਮੁਕਤ) ਮਨਜੀਤ ਸਿੰਘ ਨੇ ਦੱਸਿਆ ਕਿ ਹਰੇਕ ਟੀਮ ਵਿਚ ਫੌਜ ਦੀ ਸਿੱਖਿਆ ਕੋਰ ਦਾ ਇਕ ਇੰਸਟਰੱਕਟਰ ਤੇ ਇਕ ਸਰੀਰਕ ਸਿਖਲਾਈ ਇੰਸਟਰੱਕਟਰ ਸ਼ਾਮਲ ਹੋਵੇਗਾ, ਜਿਨ੍ਹਾਂ ਵੱਲੋਂ ਛੇ ਹਫ਼ਤਿਆਂ ਦਾ ਸਿਖਲਾਈ ਪ੍ਰੋਗਰਾਮ ਚਲਾਇਆ ਜਾਵੇਗਾ। ਇਹ ਸਿਖਲਾਈ ਟੀਮਾਂ ਸਿੱਖ ਬਟਾਲੀਅਨਾਂ ਦੇ ਨਾਲ ਜੋੜੀਆਂ ਜਾਣਗੀਆਂ। ਪੰਜਾਬ ਵਿਚ ਫੌਜ ਵਿਚ ਜਵਾਨਾਂ ਦੀ ਭਰਤੀ ਘਟਣ ਦੇ ਕਾਰਨ ਸੂਬੇ ਵਿਚ ਨਸ਼ਿਆਂ ਦਾ ਪ੍ਰਕੋਪ, ਘਟ ਰਹੀ ਸਰੀਰਕ ਯੋਗਤਾ, ਸਿੱਖਿਆ ਦਾ ਮਿਆਰ ਹੇਠਾਂ ਆਉਣ ਤੇ ਨੌਜਵਾਨਾਂ ਵਿਚ ਵਿਦੇਸ਼ ਜਾ ਕੇ ਵਸਣ ਦੀ ਚਾਹਤ ਦੱਸੇ ਜਾਂਦੇ ਹਨ।

ਬਹੁਤ ਸਾਰੇ ਜਵਾਨ ਫੌਜ ਵਿਚ ਭਰਤੀ ਲਈ ਸਰੀਰਕ ਯੋਗਤਾਵਾਂ ਪੂਰੀਆਂ ਨਹੀਂ ਕਰਦੇ ਤੇ ਕਈਆਂ ਦੀਆਂ ਸਿੱਖਿਆ ਯੋਗਤਾਵਾਂ ਪੂਰੀਆਂ ਨਹੀਂ ਹੁੰਦੀਆਂ। ਸਿੱਖ ਰੈਜੀਮੈਂਟਲ ਸੈਂਟਰ ਦੇ ਸਾਬਕਾ ਕਮਾਡੈਂਟ ਬ੍ਰਿਗੇਡੀਅਰ ਆਈ.ਐਸ. ਗੱਖਲ ਨੇ ਦੱਸਿਆ ਕਿ "ਮਸਲਾ ਇਹ ਨਹੀਂ ਹੈ ਕਿ ਨੌਜਵਾਨ ਫੌਜ ਵਿਚ ਭਰਤੀ ਹੋਣ ਲਈ ਆ ਨਹੀਂ ਰਹੇ। ਇਕ ਖਾਲੀ ਅਸਾਮੀ ਪਿੱਛੇ 50 ਨੌਜਵਾਨ ਭਰਤੀ ਹੋਣ ਲਈ ਆਉਂਦੇ ਹਨ ਪਰ ਅਸਲ ਮਸਲਾ ਤਾਂ ਉਸ ਅਸਾਮੀ ਲਈ ਢੁਕਵੇਂ ਜਵਾਨ ਦੀ ਭਰਤੀ ਹੈ।" ਸੂਤਰਾਂ ਮੁਤਾਬਕ ਪੰਜਾਬ ਵਿਚੋਂ ਹਰ ਸਾਲ ਅੰਦਾਜ਼ਨ ਤਿੰਨ ਹਜ਼ਾਰ ਜਵਾਨ ਫੌਜ ਵਿਚ ਭਰਤੀ ਕੀਤੇ ਜਾਂਦੇ ਹਨ। ਭਾਵੇਂ ਇਹ ਗਿਣਤੀ ਖਾਲੀ ਅਸਾਮੀਆਂ ਦੇ ਹਿਸਾਬ ਨਾਲ ਹਰ ਸਾਲ ਵੱਖੋ-ਵੱਖਰੀ ਹੁੰਦੀ ਹੈ। ਆਉਂਦੇ ਦੋ-ਤਿੰਨ ਸਾਲਾਂ ਵਿਚ ਫੌਜ ਵੱਲੋਂ ਪੰਜਾਬ ਵਿਚੋਂ ਵਧੇਰੇ ਜਵਾਨਾਂ ਦੀ ਭਰਤੀ ਕੀਤੀ ਜਾਵੇਗੀ। ਸਿੱਖ ਰੈਜੀਮੈਂਟ ਤੋਂ ਇਲਾਵਾ ਸਿੱਖ ਲਾਈਟ ਇਨਫੈਂਟਰੀ, ਪੰਜਾਬ ਰੈਜੀਮੈਂਟ ਤੇ ਹੋਰ ਰੈਜੀਮੈਂਟਾਂ ਵਿਚ ਵੀ ਪੰਜਾਬ ਦੇ ਜਵਾਨਾਂ ਦੀ ਭਰਤੀ ਕੀਤੀ ਜਾਵੇਗੀ। ਪੰਜਾਬ ਤੋਂ ਸਿਰਫ ਜਵਾਨਾਂ ਦੀ ਭਰਤੀ ਹੀ ਨਹੀਂ ਸਗੋਂ ਅਫਸਰਾਂ ਦੀ ਭਰਤੀ ਵਿਚ ਵੀ ਗਿਣਤੀ ਹੇਠਾਂ ਆਈ ਹੈ। ਇੰਡੀਅਨ ਮਿਲਟਰੀ ਅਕੈਡਮੀ ਵਿਚੋਂ ਪਿਛਲੇ ਮਹੀਨੇ ਸਿਖਲਾਈ ਪ੍ਰਾਪਤ ਕਰਨ ਵਾਲੇ ਅਫਸਰਾਂ ਦੀ ਗਿਣਤੀ ਪੱਖੋਂ ਪੰਜਾਬ ਦਾ ਸਥਾਨ ਅੱਠਵਾਂ ਹੈ।

# ਸੁਪਰੀਮ ਕੋਰਟ ਵੱਲੋਂ ਜਨਰਲ ਸੁਹਾਗ ਦੀ ਨਿਯੁਕਤੀ 'ਤੇ ਰੋਕ ਲਾਉਣ ਤੋਂ ਨਾਂਹ

ਨਵੀਂ ਦਿੱਲੀ: ਸੁਪਰੀਮ ਕੋਰਟ ਨੇ ਲੈਫਟੀਨੈਂਟ ਜਨਰਲ ਦਲਬੀਰ ਸੁਹਾਗ ਦੀ ਅਗਲੇ ਥਲ ਸੈਨਾ ਮੁਖੀ ਵਜੋਂ ਨਿਯੁਕਤੀ 'ਤੇ ਰੋਕ ਲਾਉਣ ਤੋਂ ਇਨਕਾਰ ਕਰ ਦਿੱਤਾ ਹੈ। ਜਨਰਲ ਸੁਹਾਗ ਨੇ ਥਲ ਸੈਨਾ ਮੁਖੀ ਦਾ ਅਹੁਦਾ ਪਹਿਲੀ ਅਗਸਤ ਨੂੰ ਸੰਭਾਲਣਾ ਹੈ।

ਜਸਟਿਸ ਟੀ ਐਸ ਠਾਕੁਰ ਨੇ ਕਿਹਾ ਕਿ ਲੈਫਟੀਨੈਂਟ ਜਨਰਲ ਸੁਹਾਗ ਦੀ ਨਿਯੁਕਤੀ 'ਤੇ ਰੋਕ ਲਾਉਣ ਦਾ ਸਾਨੂੰ ਕੋਈ ਕਾਰਨ ਨਜ਼ਰ ਨਹੀਂ ਆਉਂਦਾ। ਕੇਂਦਰ ਨੇ ਵੀ ਨਿਯੁਕਤੀ ਨੂੰ ਜਾਇਜ਼ ਠਹਿਰਾਉਂਦਿਆਂ ਕਿਹਾ ਕਿ ਲੈਫਟੀਨੈਂਟ ਜਨਰਲ ਰਵੀ ਦਸਤਾਨੇ ਵੱਲੋਂ ਲਾਏ ਗਏ ਦੋਸ਼ ਫਜ਼ੂਲ ਹਨ ਤੇ ਲੈਫਟੀਨੈਂਟ ਜਨਰਲ ਸੁਹਾਗ ਥਲ ਸੈਨਾ ਮੁਖੀ ਦੇ ਨੇਮਾਂ ਨੂੰ ਪੂਰਾ ਕਰਦੇ ਹਨ।

ਕੇਂਦਰ ਮੁਤਾਬਕ ਉਹ ਸੀਨੀਆਰਤਾ ਸੂਚੀ ਵਿਚ ਸਭ ਤੋਂ ਸੀਨੀਅਰ ਹਨ। ਅਟਾਰਨੀ ਜਨਰਲ ਮੁਕੁਲ ਰੋਹਤਗੀ ਨੇ ਕਿਹਾ ਕਿ ਲੈਫਟੀਨੈਂਟ ਜਨਰਲ ਸੁਹਾਗ 'ਤੇ 2012 ਵਿਚ ਲਾਈ ਗਈ ਪਾਬੰਦੀ ਨੂੰ ਹਟਾ ਲਿਆ ਗਿਆ ਹੈ ਤੇ ਹੁਣ ਉਹ ਸਾਰੇ ਦੋਸ਼ਾਂ ਤੋਂ ਮੁਕਤ ਹਨ। ਲੈਫਟੀਨੈਂਟ ਜਨਰਲ ਦਸਤਾਨੇ ਨੇ ਸੁਪਰੀਮ ਕੋਰਟ ਵਿਚ ਪਟੀਸ਼ਨ ਪਾ ਕੇ ਦੋਸ਼ ਲਾਏ ਸਨ ਕਿ ਲੈਫਟੀਨੈਂਟ ਜਨਰਲ ਸੁਹਾਗ ਦੀ ਅਗਲੇ ਫੌਜ ਮੁਖੀ ਵਜੋਂ ਨਿਯੁਕਤੀ ਭਾਈ-ਭਤੀਜਾਵਾਦ ਤੋਂ ਪ੍ਰੇਰਿਤ ਹੈ। ਇਸ ਤੋਂ ਕੇਂਦਰ ਨੇ ਅਦਾਲਤ ਵਿਚ ਕਿਹਾ ਸੀ ਕਿ ਤਤਕਾਲੀ ਥਲ ਸੈਨਾ ਮੁਖੀ ਜਨਰਲ ਵੀਕੇ ਸਿੰਘ ਵੱਲੋਂ ਲੈਫਟੀਨੈਂਟ ਜਨਰਲ ਸੁਹਾਗ 'ਤੇ ਲਾਈ ਗਈ ਅਨੁਸ਼ਾਸਨੀ ਪਾਬੰਧੀ ਗੈਰਕਾਨੂੰਨੀ ਸੀ। ਦੱਸਣਯੋਗ ਹੈ ਕਿ ਪਿਛਲੀ ਯੂ.ਪੀ.ਏ. ਸਰਕਾਰ ਨੇ ਜਨਰਲ ਬਿਕਰਮ ਸਿੰਘ ਦੀ 31 ਜੁਲਾਈ ਨੂੰ ਸੇਵਾਮੁਕਤੀ 'ਤੇ ਲੈਫਟੀਨੈਂਟ ਜਨਰਲ ਸੁਹਾਗ ਨੂੰ ਅਗਲੇ ਥਲ ਸੈਨਾ ਮੁਖੀ ਵਜੋਂ ਨਿਯੁਕਤ ਕੀਤਾ ਸੀ।

## ਜ਼ਮੀਨ 'ਤੇ ਕਬਜ਼ੇ ਦੇ ਦੋਸ਼ ਹੇਠ ਡੀ.ਐਸ.ਪੀ. ਸਣੇ 9 ਨਾਮਜ਼ਦ

**ਫਰੀਦਕੋਟ:** ਇਥੇ ਸਿਟੀ ਪੁਲਿਸ ਨੇ ਗਰੀਨ ਐਵੀਨਿਊ ਵਿਚ ਜ਼ਮੀਨ 'ਤੇ ਕਬਜ਼ਾ ਕਰਨ ਦੇ ਦੋਸ਼ਾਂ ਤਹਿਤ ਮੋਗਾ ਦੇ ਡੀ.ਐਸ.ਪੀ. ਜਸਪਾਲ ਸਿੰਘ ਸਮੇਤ ਨੌਂ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਨਾਮਜ਼ਦ ਕੀਤੇ ਮੁਲਜ਼ਮਾਂ ਵਿਚ ਪ੍ਰਣਾਮ ਸਿੰਘ ਮੌੜ ਦਾ ਨਾਂ ਵੀ ਸ਼ਾਮਲ ਹੈ ਜੋ ਇਲਾਕੇ ਦੇ ਰਸੂਖ ਵਾਲੇ ਅਕਾਲੀ ਆਗੂਆਂ ਵਿਚੋਂ ਹੈ।

ਜਾਣਕਾਰੀ ਮੁਤਾਬਕ ਸਰਬਜੀਤ ਸਿੰਘ ਪੁੱਤਰ ਮੇਜਰ ਸਿੰਘ ਵਾਸੀ ਮਚਾਕੀ ਮੱਲ ਸਿੰਘ ਨੇ ਪੁਲਿਸ ਨੂੰ ਲਿਖਤੀ ਸ਼ਿਕਾਇਤ ਕੀਤੀ ਕਿ ਉਸ ਨੇ ਗਰੀਨ ਐਵੀਨਿਊ ਵਿਚ ਪੰਜ ਏਕੜ ਜ਼ਮੀਨ ਖਰੀਦੀ ਹੈ। ਇਸ ਤੋਂ ਅੱਗੇ ਕੁਝ ਜ਼ਮੀਨ ਪ੍ਰਣਾਮ ਸਿੰਘ ਨੇ ਖਰੀਦੀ ਹੈ। ਸ਼ਿਕਾਇਤਕਰਤਾ ਮੁਤਾਬਕ ਪ੍ਰਣਾਮ ਸਿੰਘ ਮੌੜ ਨੇ ਉਸ ਦੀ ਕੁਝ ਜ਼ਮੀਨ 'ਤੇ ਡੀ.ਐਸ.ਪੀ. ਜਸਪਾਲ ਸਿੰਘ ਤੇ ਹੋਰਾਂ ਦੀ ਮਦਦ ਨਾਲ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਪੁਲਿਸ ਨੇ ਸਰਬਜੀਤ ਸਿੰਘ ਦੀ ਸ਼ਿਕਾਇਤ ਦੇ ਅਧਾਰ 'ਤੇ ਡੀ.ਐਸ.ਪੀ., ਉਸ ਦੇ ਦੋ ਮੁਲਾਜ਼ਮ ਰਾਹੁਲ ਬਹਾਦਰ ਤੇ ਨੀਲਾ ਸਿੰਘ ਤੋਂ ਇਲਾਵਾ ਪ੍ਰਣਾਮ ਸਿੰਘ ਮੌੜ, ਬਲਤੇਜ ਸਿੰਘ, ਗੁਰਦਿਆਲ ਸਿੰਘ, ਗੁਰਤੇਜ ਸਿੰਘ, ਗੁਰਸੇਵਕ ਸਿੰਘ ਤੇ ਨੱਥਾ ਸਿੰਘ ਖ਼ਿਲਾਫ਼ ਕੇਸ ਦਰਜ ਕੀਤਾ ਹੈ।

# ਹਾਈਕੋਰਟ ਵੱਲੋਂ ਬ੍ਰਹਮਪੁਰਾ ਨੂੰ ਨੋਟਿਸ ਜਾਰੀ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਵਿਚ ਮਿਥੀ ਹੱਦ ਤੋਂ ਵੱਧ ਖਰਚਾ ਕਰਨ ਤੇ ਸਿੱਖ ਧਾਰਮਿਕ ਚਿੰਨ੍ਹਾਂ ਦੀ ਸਿਆਸੀ ਮੰਤਵ ਲਈ ਵਰਤੋਂ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਖਡੂਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਰਣਜੀਤ ਸਿੰਘ ਬ੍ਰਹਮਪੁਰਾ ਨੂੰ ਹਾਈਕੋਰਟ ਵੱਲੋਂ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ। ਇਹ ਕਾਰਵਾਈ ਉਨ੍ਹਾਂ ਵਿਰੁੱਧ ਕਾਂਗਰਸੀ ਉਮੀਦਵਾਰ ਵਜੋਂ ਚੋਣ ਲੜੇ ਹਰਮਿੰਦਰ ਸਿੰਘ ਗਿੱਲ ਵੱਲੋਂ ਹਾਈਕੋਰਟ ਦੇ ਇਲੈਕਸ਼ਨ ਬੈਂਚ ਕੋਲ ਦਾਇਰ ਪਟੀਸ਼ਨ ਉੱਤੇ ਕੀਤੀ ਗਈ ਹੈ।

ਪੰਜਾਬ ਕਾਂਗਰਸ ਦੀ ਚੋਣ ਪ੍ਰਚਾਰ ਕਮੇਟੀ (ਲੀਗਲ) ਦੇ ਚੇਅਰਮੈਨ ਰਹੇ ਐਡਵੋਕੇਟ ਐਸ.ਐਸ. ਸਵੈਚ ਰਾਹੀਂ ਦਾਇਰ ਕੀਤੀ ਇਸ ਪਟੀਸ਼ਨਾਂ ਵਿਚ ਖਡੂਰ ਸਾਹਿਬ ਤੋਂ ਜਿੱਤੇ ਰਣਜੀਤ ਸਿੰਘ ਬ੍ਰਹਮਪੁਰਾ 'ਤੇ ਵੀ ਟੀ.ਵੀ. ਇਸ਼ਤਿਹਾਰਾਂ ਵਿਚ ਸਿੱਖ ਧਰਮ ਤੇ ਧਾਰਮਿਕ ਚਿੰਨ੍ਹਾਂ ਦੀ ਵਰਤੋਂ ਆਪਣੇ ਚੋਣ ਪ੍ਰਚਾਰ ਹਿੱਤ ਕਰਨ ਦੇ ਦੋਸ਼ ਲਾਉਂਦਿਆਂ ਉਨ੍ਹਾਂ 'ਤੇ ਜ਼ਿਲ੍ਹਾ ਚੋਣ ਅਫ਼ਸਰ ਕੋਲੋਂ ਆਪਣੇ ਚੋਣ ਪ੍ਰਚਾਰ 'ਤੇ ਹੋਏ ਕੁੱਲ ਖ਼ਰਚ ਨੂੰ ਛੁਪਾਇਆ ਗਿਆ ਹੋਣ ਦੇ ਦੋਸ਼ ਲਾਇਆ ਤੇ ਦਾਅਵਾ ਕੀਤਾ ਕਿ ਬ੍ਰਹਮਪੁਰਾ ਦੀ ਚੋਣ ਰੱਦ ਕੀਤੀ ਜਾਣੀ ਬਣਦੀ ਹੈ।

ਪਟੀਸ਼ਨਰ ਨੇ ਦਾਅਵਾ ਕੀਤਾ ਹੈ ਕਿ ਚੋਣ ਮੁਹਿੰਮ ਬਾਰੇ ਲਗਾਤਾਰ ਪ੍ਰਸਾਰਿਤ ਕੀਤੇ ਗਏ ਟੀ.ਵੀ ਇਸ਼ਤਿਹਾਰਾਂ ਵਿਚ 'ਕਰੇ ਕੰਮ ਲੋਕ ਭਲਾਈ ਦੇ ਅਕਾਲੀ ਭਾਜਪਾ ਸਰਕਾਰ' ਦੇ ਸਿਰਲੇਖ ਥੱਲੇ ਜਿਥੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀਆਂ ਤਸਵੀਰਾਂ ਵਿਖਾਈਆਂ ਗਈਆਂ ਹਨ, ਉਥੇ ਹੀ ਕੜਾਹ ਪ੍ਰਸਾਦਿ ਵਰਤਾਉਣ, ਨਿਹੰਗ ਸਿੰਘ ਨੂੰ ਨਿਸ਼ਾਨ ਸਾਹਿਬ ਚੁੱਕੀ ਵਿਖਾਉਣ, ਸਿੱਖ ਮਾਰਸ਼ਲ ਆਰਟ ਗੱਤਕੇ ਦੇ ਦ੍ਰਿਸ਼ ਪੇਸ਼ ਕੀਤੇ ਗਏ ਹਨ। ਜਿਸ ਦਾ ਸਿੱਧਾ ਅਰਥ ਹੈ ਕਿ ਉਮੀਦਵਾਰ ਨੇ ਇਨ੍ਹਾਂ ਸਿੱਖ ਧਾਰਮਿਕ ਹਵਾਲਿਆਂ ਤੇ ਚਿੰਨ੍ਹਾਂ ਦੀ ਵਰਤੋਂ ਸਿੱਖ ਵੋਟਰਾਂ ਨੂੰ ਆਪਣੇ ਹੱਕ 'ਚ ਭੁਗਤਾਉਣ ਦੇ ਮਨਸ਼ੇ ਨਾਲ ਕੀਤੀ ਹੈ। ਬ੍ਰਹਮਪੁਰਾ ਨੂੰ 20 ਅਗਸਤ ਨੂੰ ਜਵਾਬ ਦੇਣ ਲਈ ਕਿਹਾ ਗਿਆ ਹੈ।

# ਕਾਂਗਰਸੀ ਪਿਛੋਕੜ ਵਾਲੇ ਅਕਾਲੀ ਆਗੂ ਨੂੰ ਗੋਲੀ ਮਾਰੀ

**ਮੋਗਾ:** ਇਥੇ ਗੁਰੂ ਨਾਨਕ ਕਾਲਜ ਗਰਾਊਂਡ ਵਿਚ ਕਾਂਗਰਸ ਪਿਛੋਕੜ ਵਾਲੇ ਅਕਾਲੀ ਆਗੂ ਐਡਵੋਕੇਟ ਗੁਰਦੀਪ ਸਿੰਘ ਗਿੱਲ (78) ਨੂੰ ਗੋਲੀ ਮਾਰ ਕੇ ਗੰਭੀਰ ਰੂਪ ਵਿਚ ਜ਼ਖ਼ਮੀ ਕਰ ਦਿੱਤਾ ਗਿਆ। ਉਹ ਹਰ ਰੋਜ਼ ਦੀ ਤਰ੍ਹਾਂ ਸਵੇਰੇ ਤਕਰੀਬਨ 5.30 ਵਜੇ ਕਾਲਜ ਗਰਾਊਂਡ ਵਿਚੋਂ ਸੈਰ ਕਰਕੇ ਘਰ ਪਰਤ ਰਹੇ ਸਨ। ਸ੍ਰੀ ਗਿੱਲ ਦਾ ਲੜਕਾ ਭਾਰਤੀ ਫ਼ੌਜ ਵਿਚ ਬ੍ਰਿਗੇਡੀਅਰ ਤੇ ਭਾਣਜਾ ਗੁਰਲਵਲੀਨ ਸਿੰਘ ਸਿੱਧੂ ਬਰਨਾਲਾ ਦਾ ਡਿਪਟੀ ਕਮਿਸ਼ਨਰ ਹੈ। ਇਸ ਆਗੂ 'ਤੇ ਹਮਲੇ ਬਾਰੇ ਪਿੰਡ ਸਲ੍ਹੀਣਾਂ ਤੋਂ ਕੁਝ ਲੋਕਾਂ ਨੂੰ ਹਿਰਾਸਤ ਵਿਚ ਲੈ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ। ਸ੍ਰੀ ਗਿੱਲ ਨੂੰ ਤਕਰੀਬਨ ਦੋ ਸਾਲ ਪਹਿਲਾਂ ਵੀ ਜ਼ਮੀਨੀ ਝਗੜੇ ਵਿਚ ਜ਼ਖ਼ਮੀ ਕਰ ਦਿੱਤਾ ਸੀ। ਪੁਲਿਸ ਨੇ ਹੁਕਮਰਾਨ ਪਾਰਟੀ ਦੇ ਦਬਾਅ ਕਾਰਨ ਉਨ੍ਹਾਂ ਖ਼ਿਲਾਫ਼ ਹੀ ਕੇਸ ਦਰਜ ਕਰ ਦਿੱਤਾ ਸੀ। ਮਗਰੋਂ ਦੋਵਾਂ ਧਿਰਾਂ ਵਿਚ ਸਮਝੌਤਾ ਵੀ ਹੋ ਗਿਆ ਸੀ।

ਐਡਵੋਕੇਟ ਗੁਰਦੀਪ ਸਿੰਘ ਗਿੱਲ ਗਿਆਨੀ ਜ਼ੈਲ ਸਿੰਘ ਵਜ਼ਾਰਤ ਵੇਲੇ ਮੋਗਾ ਨਗਰ ਸੁਧਾਰ ਟਰਸਟ ਦੇ ਚੇਅਰਮੈਨ ਤੇ ਕੈਪਟਨ ਅਮਰਿੰਦਰ ਸਿੰਘ ਵਜ਼ਾਰਤ ਸਮੇਂ ਮਾਰਕੀਟ ਕਮੇਟੀ ਮੋਗਾ ਦੇ ਚੇਅਰਮੈਨ ਸਨ। ਉਨ੍ਹਾਂ ਬਾਘਾਪੁਰਾਣਾ ਵਿਧਾਨ ਸਭਾ ਹਲਕਾ ਤੋਂ ਕਾਂਗਰਸ ਟਿਕਟ 'ਤੇ ਚੋਣ ਵੀ ਲੜੀ ਅਤੇ ਚੋਣ ਹਾਰ ਗਏ ਸਨ।

## ਬਾਜਵਾ ਦੇ ਭਰਾ ਨੂੰ 12 ਸਾਲ ਪੁਰਾਣੇ ਕੇਸ ਵਿਚ ਸਜ਼ਾ

**ਬਟਾਲਾ:** ਸਥਾਨਕ ਅਦਾਲਤ ਨੇ ਤਕਰੀਬਨ 12 ਸਾਲ ਪੁਰਾਣੇ ਇਕ ਮਾਮਲੇ ਵਿਚ ਫ਼ੈਸਲਾ ਸੁਣਾਉਂਦਿਆਂ ਅਕਾਲੀ ਦਲ ਤੇ ਕਾਂਗਰਸ ਪਾਰਟੀ ਦੇ ਛੇ-ਛੇ ਸਮਰਥਕਾਂ ਨੂੰ ਸਜ਼ਾ ਸੁਣਾਈ ਹੈ। ਮੁਜਰਮਾਂ ਵਿਚ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦਾ ਛੋਟਾ ਭਰਾ ਫ਼ਤਹਿਜੰਗ ਸਿੰਘ ਬਾਜਵਾ ਵੀ ਸ਼ਾਮਲ ਹੈ। ਅਕਾਲੀ ਦਲ ਦੇ ਸਾਬਕਾ ਕੈਬਨਿਟ ਮੰਤਰੀ ਬਲਬੀਰ ਸਿੰਘ ਬਾਠ ਦੇ ਕਰੀਬੀ ਕਾਮਰੇਡ ਭਜਨ ਸਿੰਘ ਪੈਰੋਸ਼ਾਹ ਨੂੰ ਵੀ ਸਜ਼ਾ ਹੋਈ ਹੈ। ਅਦਾਲਤ ਵੱਲੋਂ ਅਕਾਲੀ ਦਲ ਦੇ ਛੇ ਸਮਰਥਕਾਂ ਨੂੰ ਤਿੰਨ ਸਾਲ ਕੈਦ ਤੇ 13 ਹਜ਼ਾਰ ਰੁਪਏ ਜੁਰਮਾਨਾ ਜਦੋਂ ਕਿ ਫ਼ਤਹਿਜੰਗ ਸਿੰਘ ਬਾਜਵਾ ਤੇ ਬੋਹਜਾ ਪਿੰਡ ਦੇ ਸਾਬਕਾ ਕਾਂਗਰਸੀ ਸਰਪੰਚ ਅਵਤਾਰ ਸਿੰਘ ਬੋਹਜਾ ਨੂੰ ਦੋ ਸਾਲ ਕੈਦ ਤੇ 7000 ਰੁਪਏ ਜੁਰਮਾਨਾ ਕੀਤਾ ਗਿਆ ਹੈ।

# ਹਰਿਆਣੇ ਦੇ ਸਿੱਖਾਂ ਲਈ ਵੱਖਰੀ ਗੁਰਦੁਆਰਾ ਕਮੇਟੀ ਦਾ ਐਲਾਨ

**ਕੈਥਲ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਸ਼੍ਰੋਮਣੀ ਕਮੇਟੀ ਦੀਆਂ ਅਪੀਲਾਂ ਨੂੰ ਦਰਕਿਨਾਰ ਕਰਦਿਆਂ ਹਰਿਆਣਾ ਸਰਕਾਰ ਨੇ ਸੂਬੇ ਵਿਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦਾ ਐਲਾਨ ਕਰ ਦਿੱਤਾ। ਸਰਕਾਰ ਵੱਲੋਂ ਕਮੇਟੀ ਨੂੰ ਕਾਨੂੰਨੀ ਮਾਨਤਾ ਦੇਣ ਵਾਸਤੇ 11 ਜੁਲਾਈ ਨੂੰ ਹਰਿਆਣਾ ਵਿਧਾਨ ਸਭਾ ਵਿਚ ਬਿੱਲ ਪਾਸ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਵੱਖਰੀ ਕਮੇਟੀ ਦਾ ਐਲਾਨ ਕਰਨ ਤੋਂ ਪਹਿਲਾਂ ਪੱਟੀ ਅਫ਼ਗਾਨ ਵਿਚ ਹੋਏ ਸਿੱਖ ਸੰਮੇਲਨ ਦੌਰਾਨ ਹਾਜ਼ਰ ਸਿੱਖਾਂ ਦੀ ਹੱਥ ਖੜ੍ਹੇ ਕਰਾ ਕੇ ਸਹਿਮਤੀ ਲਈ।



ਆਪਣੇ ਸੰਖੇਪ ਭਾਸ਼ਣ ਦੌਰਾਨ ਉਨ੍ਹਾਂ ਕਿਹਾ ਕਿ ਵੱਖਰੀ ਕਮੇਟੀ ਬਣਾਉਣ ਦਾ ਫ਼ੈਸਲਾ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਦੇਖ ਕੇ ਲਿਆ ਗਿਆ ਹੈ। ਉਹ ਹਮੇਸ਼ਾਂ ਤੋਂ ਕਹਿੰਦੇ ਆਏ ਹਨ ਕਿ ਸੂਬਾ ਸਰਕਾਰ ਉਹੋ ਫ਼ੈਸਲਾ ਕਰੇਗੀ ਜੋ ਸਿੱਖ ਚਾਹੁੰਦੇ ਹਨ। ਵੱਖਰੀ ਕਮੇਟੀ ਬਣਾਉਣ ਦੇ ਪੱਖ ਵਿਚ ਤਿੰਨ ਲੱਖ ਤੋਂ ਵੱਧ ਸਿੱਖਾਂ ਨੇ ਆਪਣਾ ਹਲਫ਼ੀਆ ਬਿਆਨ ਦਿੱਤਾ ਹੈ ਤੇ ਇਕ ਵੀ ਹਲਫ਼ੀਆ ਬਿਆਨ ਇਸ ਦੇ ਵਿਰੋਧ ਵਿਚ ਨਹੀਂ ਆਇਆ। ਸ੍ਰੀ ਹੁੱਡਾ ਨੇ ਕਿਹਾ, "ਹਰਿਆਣਾ ਦੇ ਸਿੱਖ ਸੂਬੇ ਦੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਆਪਣੇ ਹੱਥਾਂ ਵਿਚ ਲੈਣਾ ਚਾਹ ਰਹੇ ਸਨ ਤੇ ਪਿਛਲੇ ਸਮੇਂ ਤੋਂ ਇਸ ਮੰਗ ਨੇ ਜ਼ੋਰ ਫੜ ਲਿਆ ਸੀ। ਕਾਫ਼ੀ ਸੋਚ ਵਿਚਾਰ ਤੋਂ ਬਾਅਦ ਇਹ ਫ਼ੈਸਲਾ ਲਿਆ ਗਿਆ ਹੈ ਤੇ ਇਹ ਸਿੱਖਾਂ ਦਾ ਹੱਕ ਵੀ ਬਣਦਾ ਹੈ।" ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਭਾਸ਼ਣ ਦੀ ਸ਼ੁਰੂਆਤ ਸਿੱਖਾਂ ਦੀ ਸ਼ਲਾਘਾ ਕਰਦਿਆਂ ਕੀਤੀ। ਉਨ੍ਹਾਂ ਕਿਹਾ, "ਸਿੱਖ ਬਹਾਦਰ ਕੌਮ ਹੈ ਤੇ ਉਨ੍ਹਾਂ ਦੇਸ਼ ਦੀ ਆਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਹਨ।"

ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਮੱਕੜ ਨੂੰ ਘੇਰਦਿਆਂ ਸ੍ਰੀ ਹੁੱਡਾ ਨੇ ਕਿਹਾ ਕਿ ਉਹ ਭਾਵੇਂ ਸ. ਬਾਦਲ ਦੀ ਇੱਜ਼ਤ ਕਰਦੇ ਹਨ ਪਰ ਉਹ ਚਾਹੁੰਦੇ ਹਨ ਕਿ ਇਸ ਦੇ ਬਦਲੇ ਵਿਚ ਸ. ਬਾਦਲ ਹਰਿਆਣਾ ਦੇ ਸਿੱਖਾਂ ਦੀ ਕਦਰ ਕਰਨ। ਉਨ੍ਹਾਂ ਕਿਹਾ ਕਿ ਹਰਿਆਣੇ ਦੇ ਸਿੱਖਾਂ ਦੀ ਗੁਰੂਆਂ ਵਿਚ ਆਸਥਾ ਘੱਟ ਨਹੀਂ ਹੈ ਤੇ ਨਾਲ ਹੀ ਉਹ ਅਕਾਲ ਤਖ਼ਤ ਦਾ ਸਤਿਕਾਰ ਵੀ ਕਰਦੇ ਹਨ। ਇਸ ਤੋਂ ਪਹਿਲਾਂ ਵਿੱਤ ਮੰਤਰੀ ਹਰਮੋਹਿੰਦਰ ਸਿੰਘ ਚੱਠਾ ਨੇ ਕਿਹਾ ਕਿ ਵੱਖਰੀ ਕਮੇਟੀ ਬਣਨ ਨਾਲ ਹਰਿਆਣੇ ਦੇ ਸਿੱਖਾਂ ਨੂੰ ਨੌਕਰੀਆਂ ਮਿਲਣਗੀਆਂ ਤੇ ਸੂਬੇ ਦੇ ਗੁਰਦੁਆਰਿਆਂ ਦਾ ਪੈਸਾ ਵੀ ਇਥੇ ਹੀ ਭਲਾਈ ਦੇ ਕੰਮਾਂ ਲਈ ਵਰਤਿਆ ਜਾਣ ਲੱਗ ਪਵੇਗਾ। ਉਨ੍ਹਾਂ ਸ੍ਰੀ ਹੁੱਡਾ ਨੂੰ ਮੁਖ਼ਾਤਿਬ ਹੁੰਦਿਆਂ ਕਿਹਾ ਕਿ ਜੇਕਰ ਪਹਿਲਾਂ ਹੀ ਵੱਖਰੀ ਕਮੇਟੀ ਬਣਾ ਦਿੱਤੀ ਜਾਂਦੀ ਤਾਂ ਸਿੱਖ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਮਗਰ ਭੱਜਣ ਦੀ ਲੋੜ ਨਹੀਂ ਪੈਣੀ ਸੀ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਆਪਣੇ ਭਾਸ਼ਣ ਵਿਚ ਬਾਦਲ ਪਰਿਵਾਰ ਨੂੰ ਬੁਰੀ ਤਰ੍ਹਾਂ ਭੰਡਿਆ। ਉਨ੍ਹਾਂ ਸ੍ਰੀ ਹੁੱਡਾ ਨੂੰ ਬਾਦਲਾਂ ਤੋਂ ਨਾ ਡਰਨ ਦੀ ਸਲਾਹ ਦਿੱਤੀ। ਉਨ੍ਹਾਂ ਕਿਹਾ ਕਿ ਬਾਦਲ ਸਿਰਫ ਡਰਦਿਆਂ ਨੂੰ ਡਰਾਉਂਦੇ ਹਨ। ਆਪਣੇ ਮਜ਼ਾਹੀਆ ਅੰਦਾਜ਼ ਵਿਚ ਸ੍ਰੀ ਸਰਨਾ ਨੇ ਕਿਹਾ, "ਉਹ ਹੱਟੀ ਵਾਲੇ ਹੋਣ 'ਤੇ ਵੀ ਨਹੀਂ ਡਰਦੇ, ਹੁੱਡਾ ਜੀ ਤਾਂ ਫੇਰ ਵੀ ਹਰਿਆਣਾ ਦੇ ਜਾਟ ਹਨ।" ਉਨ੍ਹਾਂ ਸ਼੍ਰੀ ਹੁੱਡਾ ਵੱਲੋਂ ਸਿੱਖਾਂ ਦੇ ਸਿਰ 'ਤੇ ਹੱਥ ਰੱਖਣ ਲਈ ਵੀ ਧੰਨਵਾਦ ਕੀਤਾ ਹੈ।

## ਹੁੱਡਾ ਨੂੰ ਕਮੇਟੀ ਬਣਾਉਣ ਦਾ ਹੱਕ ਨਹੀਂ: ਬਾਦਲ

**ਮਾਨਸਾ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਕੋਲ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਦਾ ਕੋਈ ਅਧਿਕਾਰ ਨਹੀਂ ਹੈ, ਸਗੋਂ ਉਹ ਇਸ ਮਾਮਲੇ ਨੂੰ ਸਿਆਸੀ ਹਿੱਤਾਂ ਲਈ ਵਰਤਣ ਦੇ ਰੌਂਅ ਵਿਚ ਹਨ। ਉਨ੍ਹਾਂ ਕਿਹਾ ਕਿ ਵੱਖਰੀ ਕਮੇਟੀ ਦਾ ਐਲਾਨ ਹਰਿਆਣਾ ਵਿਚ ਆ ਰਹੀਆਂ ਵਿਧਾਨ ਸਭਾ ਚੋਣਾਂ ਤੋਂ ਡਰਦਿਆਂ ਕੀਤਾ ਜਾ ਰਿਹਾ ਹੈ ਕਿਉਂਕਿ ਲੋਕ ਸਭਾ ਚੋਣਾਂ ਵਿਚ ਦੇਸ਼ ਦੇ ਲੋਕਾਂ ਨੇ ਕਾਂਗਰਸ ਪਾਰਟੀ ਨੂੰ ਨਕਾਰ ਦਿੱਤਾ ਹੈ। ਸ. ਬਾਦਲ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਗੁਰਧਾਮਾਂ ਨੂੰ ਮਨਮਤੀਏ ਲੋਕਾਂ ਤੋਂ ਆਜ਼ਾਦ ਕਰਵਾਉਣ ਲਈ ਹੋਈ ਸੀ ਤੇ ਇਸ ਟੀਚੇ ਦੀ ਪ੍ਰਾਪਤੀ ਲਈ ਕੁਰਬਾਨੀ ਵਾਲੇ ਸਿਦਕਵਾਨ ਸਿੰਘ ਵਲੰਟੀਅਰ, ਉਸ ਵੇਲੇ ਦੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਹੀ ਪੈਦਾ ਕੀਤੇ ਗਏ ਸਨ।



## ਕਮੇਟੀ ਸਿੱਖ ਸ਼ਕਤੀ ਨੂੰ ਵੰਡਣ ਦਾ ਯਤਨ: ਜਥੇਦਾਰ

ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਹਰਿਆਣਾ ਦੀ ਸਿੱਖ ਸੰਗਤ ਦੇ ਨਾਂ ਜਾਰੀ ਕੀਤੀ ਅਪੀਲ ਵਿਚ ਕਿਹਾ ਹੈ ਕਿ ਪਹਿਲਾਂ ਹੀ ਸਿੱਖ ਸ਼ਕਤੀ ਵੱਖ-ਵੱਖ ਹਿੱਸਿਆਂ ਵਿਚ ਵੰਡੀ ਜਾ ਚੁੱਕੀ ਹੈ, ਜਿਨ੍ਹਾਂ ਵਿਚ ਪਟਨਾ ਸਾਹਿਬ ਬੋਰਡ, ਹਜ਼ੂਰ ਸਾਹਿਬ ਬੋਰਡ ਤੇ ਹੋਰ ਸੰਸਥਾਵਾਂ ਸ਼ਾਮਲ ਹਨ। ਹੁਣ ਹਰਿਆਣਾ ਵਿਚ ਵੱਖਰੀ ਕਮੇਟੀ ਦੇ ਨਾਂ 'ਤੇ ਸਿੱਖ ਸ਼ਕਤੀ ਨੂੰ ਵੰਡਿਆ ਜਾ ਰਿਹਾ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਟੋਟੇ ਨਾ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਇਹ ਸੰਸਥਾ ਸਿੱਖ ਕੌਮ ਦੇ ਬਜ਼ੁਰਗਾਂ ਨੇ ਕਈ ਕੁਰਬਾਨੀਆਂ ਦੇ ਕੇ ਬਣਾਈ ਹੈ। ਵੱਖਰੀ ਕਮੇਟੀ ਦਾ ਸਮਰਥਨ ਕਰਨ ਵਾਲੇ ਸਿੱਖ ਆਗੂਆਂ ਬਾਰੇ ਜਥੇਦਾਰ ਨੇ ਕਿਹਾ ਕਿ ਉਨ੍ਹਾਂ ਸਿੱਖ ਮਸਲਿਆਂ ਬਾਰੇ ਕਦੇ ਕੋਈ ਆਵਾਜ਼ ਨਹੀਂ ਉਠਾਈ ਹੈ।



## ਜਥੇਦਾਰ ਨੇ ਨਿਰਪੱਖ ਭੂਮਿਕਾ ਨਹੀਂ ਨਿਭਾਈ : ਮਾਨ

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਹੈ ਕਿ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਦਾ ਗਠਨ ਸਿਆਸੀ ਪਾਰਟੀਆਂ ਦੇ ਦਖ਼ਲ ਤੋਂ ਬਿਨਾਂ ਸਿਰਫ਼ ਸਿੱਖਾਂ ਦੀਆਂ ਭਾਵਨਾ ਅਨੁਸਾਰ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ, ਭਾਜਪਾ, ਆਰ.ਐਸ.ਐਸ. ਤੇ ਅਕਾਲੀ ਦਲ (ਬਾਦਲ) ਇਸ ਮਾਮਲੇ ਵਿਚ ਆਪੋ ਆਪਣੀਆਂ ਸਿਆਸੀ ਰੋਟੀਆਂ ਸੇਕ ਰਹੇ ਹਨ। ਤਖ਼ਤਾਂ ਦੇ ਜਥੇਦਾਰਾ ਨੇ ਵੀ ਇਸ ਮਾਮਲੇ ਵਿਚ ਨਿਰਪੱਖ ਭੂਮਿਕਾ ਨਹੀਂ ਨਿਭਾਈ, ਜਿਸ ਕਾਰਨ ਉਨ੍ਹਾਂ ਦੇ ਸਨਮਾਨ ਵਿਚ ਕਮੀ ਆਈ ਹੈ।



## ਹਰਿਆਣੇ ਦੇ ਸਿੱਖਾਂ ਨੂੰ ਇਨਸਾਫ ਮਿਲਿਆ: ਬਾਜਵਾ

ਸਿੱਖ ਸੰਮੇਲਨ ਵਿਚ ਉਚੇਚੇ ਤੌਰ 'ਤੇ ਪੁੱਜੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਸ੍ਰੀ ਹੁੱਡਾ ਦੇ ਫ਼ੈਸਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਨਾਲ ਹਰਿਆਣਾ ਦੇ ਸਿੱਖਾਂ ਨੂੰ ਇਨਸਾਫ਼ ਮਿਲੇਗਾ ਤੇ ਉਨ੍ਹਾਂ ਦੀ ਗੁਰਦੁਆਰਿਆਂ ਦੀ ਸੇਵਾ ਸੰਭਾਲ ਦੀ ਇੱਛਾ ਪੂਰੀ ਹੋਵੇਗੀ। ਉਨ੍ਹਾਂ ਪ੍ਰਕਾਸ਼ ਸਿੰਘ ਬਾਦਲ ਵੱਲੋਂ ਕਾਂਗਰਸ ਨੂੰ ਵਾਰ-ਵਾਰ ਸਿੱਖਾਂ ਦੀ ਦੁਸ਼ਮਣ ਕਹਿਣ ਨੂੰ ਗੁੰਮਰਾਹਕੁਨ ਦੱਸਦਿਆਂ ਕਿਹਾ ਕਿ ਉਹ ਜਨਤਾ ਨੂੰ ਕਾਂਗਰਸ ਤੋਂ ਬਚਣ ਦੀ ਸਲਾਹ ਦਿੰਦੇ ਹਨ ਜਦੋਂ ਕਿ ਸ. ਬਾਦਲ ਨੇ ਆਪਣੇ ਬੇਟੇ ਅਤੇ ਬੇਟੀ ਦਾ ਰਿਸ਼ਤਾ ਕਾਂਗਰਸੀ ਪਰਿਵਾਰਾਂ ਵਿਚ ਕੀਤਾ ਹੋਇਆ ਹੈ।



## ਅਕਾਲ ਤਖ਼ਤ ਦਾ ਦਖਲ ਠੀਕ ਨਹੀਂ: ਕੈਪਟਨ

**ਚੰਡੀਗੜ:** ਲੋਕ ਸਭਾ ਵਿਚ ਕਾਂਗਰਸ ਸੰਸਦੀ ਪਾਰਟੀ ਦੇ ਉਪ ਨੇਤਾ ਕੈਪਟਨ ਅਮਰਿੰਦਰ ਸਿੰਘ ਨੇ ਹਰਿਆਣਾ ਲਈ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਮੱਕੜ ਰਾਹੀਂ ਅਕਾਲ ਤਖਤ ਨੂੰ ਗੈਰ-ਜ਼ਰੂਰੀ ਵਿਵਾਦ ਵਿਚ ਲਿਆਉਣ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਵੱਖਰੀ ਐਸ.ਜੀ.ਪੀ.ਸੀ. ਦੀ ਮੰਗ ਇਕ ਸਿਆਸੀ ਮੁੱਦਾ ਹੈ ਤੇ ਇਸ ਵਿਚ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲਅੰਦਾਜ਼ੀ ਦੀ ਕੋਈ ਗੱਲ ਨਹੀਂ ਹੈ। ਇਸ ਮਾਮਲੇ ਵਿਚ ਅਕਾਲ ਤਖਤ ਨੂੰ ਲਿਆਉਣਾ ਪੂਰੀ ਤਰ੍ਹਾਂ ਗਲਤ ਹੈ।



## ਕਾਂਗਰਸ ਦੇ ਮਨਸੂਬੇ ਸਫਲ ਨਹੀਂ ਹੋਣਗੇ: ਸੁਖਬੀਰ

ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਵੱਲੋਂ ਸੂਬੇ ਵਿਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗਠਿਨ ਦਾ ਐਲਾਨ ਕੀਤੇ ਜਾਣ ਨੂੰ ਕਾਂਗਰਸ ਦੀ ਡੁੱਬ ਰਹੀ ਬੇੜੀ ਨੂੰ ਬਚਾਉਣ ਦੀ ਆਖਰੀ ਚਾਲ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਇਕ ਵੱਖਰੀ ਕਮੇਟੀ ਕਾਇਮ ਨਹੀਂ ਕਰ ਸਕਦੀ ਤੇ ਸ੍ਰੀ ਹੁੱਡਾ ਵੱਲੋਂ ਕੈਥਲ ਵਿਖੇ ਇਹ ਐਲਾਨ ਕਰਕੇ ਸਸਤੀ ਸ਼ੋਹਰਤ ਹਾਸਲ ਦਾ ਇਕ ਯਤਨ ਹੈ। ਸਿੱਖ ਕੌਮ ਕਦੇ ਵੀ ਆਪਣੇ ਧਾਰਮਿਕ ਮਾਮਲਿਆਂ ਵਿਚ ਇਸ ਦਖਲਅੰਦਾਜ਼ੀ ਨੂੰ ਸਹਿਣ ਨਹੀਂ ਕਰੇਗੀ ਤੇ ਕਾਂਗਰਸ ਦੇ ਅਜਿਹੇ ਮਨਸੂਬੇ ਕਾਮਯਾਬ ਨਹੀਂ ਹੋਣਗੇ।



## ਸਿੱਖਾਂ ਨੂੰ ਵੰਡਣ ਦੀ ਕੋਸ਼ਿਸ਼: ਅਵਤਾਰ ਸਿੰਘ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਕਿਹਾ ਹੈ ਕਿ ਕਾਂਗਰਸ ਨੇ ਵੱਖਰੀ ਹਰਿਆਣਾ ਕਮੇਟੀ ਦਾ ਐਲਾਨ ਕਰਕੇ ਸਿੱਖਾਂ ਨੂੰ ਵੰਡਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਹੋਂਦ ਵਿਚ ਲਿਆਉਣ ਲਈ ਕੁਰਬਾਨੀਆਂ ਦੇਣ ਵਾਲੇ ਸ਼ਹੀਦਾਂ ਦਾ ਅਪਮਾਨ ਕੀਤਾ ਜਾ ਰਿਹਾ ਹੈ ਤੇ ਕਾਂਗਰਸ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਹਰਿਆਣਵੀਂ ਸਿੱਖਾਂ ਦੇ ਸਿੱਧੇ ਰਾਬਤੇ ਨੂੰ ਤੋੜਨ ਦੇ ਯਤਨ ਕੀਤੇ ਗਏ ਹਨ। ਇਸ ਸਾਜਿਸ਼ ਨੂੰ ਸਾਰੇ ਜਾਣਦੇ ਹਨ ਤੇ ਉਕਤ ਵੰਡੀਆਂ ਪਾਉਣ ਦੀ ਕੋਸ਼ਿਸ਼ ਹੀ ਕਾਂਗਰਸ ਦੇ ਚੋਣਾਂ ਵਿਚ ਸਫਾਏ ਦਾ ਕਾਰਨ ਬਣੇਗੀ।



# ਸ਼੍ਰੋਮਣੀ ਕਮੇਟੀ ਦੀ ਵੰਡ ਦਾ ਰਾਹ ਪੱਧਰਾ ਹੋਇਆ

**ਅੰਮਿਤਸਰ:** ਹਰਿਆਣਾ ਦੀ ਕਾਂਗਰਸ ਸਰਕਾਰ ਵੱਲੋਂ ਉਥੋਂ ਦੇ ਗੁਰਦੁਆਰਿਆਂ ਦੀ ਸਾਂਭ ਸੰਭਾਲ ਲਈ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਦੇ ਐਲਾਨ ਨਾਲ 1920 ਵਿਚ ਸਥਾਪਤ ਹੋਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਦੇਸ਼ ਵੰਡ ਤੋਂ ਬਾਅਦ ਇਕ ਵਾਰ ਫੇਰ ਵੰਡ ਹੋਣ ਦਾ ਰਾਹ ਪੱਧਰਾ ਹੋ ਗਿਆ ਹੈ।

ਸ਼੍ਰੋਮਣੀ ਕਮੇਟੀ ਦੀ ਸਥਾਪਨਾ ਅੰਗਰੇਜ਼ ਹਕੂਮਤ ਵੇਲੇ 1920 ਵਿਚ ਹੋਈ ਸੀ ਤੇ ਉਸ ਵੇਲੇ ਇਸ ਸੰਸਥਾ ਦੀ ਸਥਾਪਨਾ ਲਈ ਸਿੱਖ ਭਾਈਚਾਰੇ ਨੂੰ ਲੰਮੀ ਜੱਦੋਜਹਿਦ ਕਰਨੀ ਪਈ ਸੀ। ਸਿੱਖਾਂ ਦੀ ਇਸ ਸੁਤੰਤਰ ਸੰਸਥਾ ਦੀ ਸਥਾਪਨਾ ਨੂੰ ਉਸ ਵੇਲੇ ਦੇਸ਼ ਲਈ ਆਜ਼ਾਦੀ ਹਾਸਲ ਕਰਨ ਦੇ ਰਾਹ ਵਿਚ ਇਕ ਮੀਲ ਪੱਥਰ ਮੰਨਿਆ ਗਿਆ ਸੀ। 1925 ਵਿਚ ਸਿੱਖ ਗੁਰਦੁਆਰਾ ਐਕਟ ਦੇ ਲਾਗੂ ਹੋਣ ਤੋਂ ਬਾਅਦ ਇਹ ਜਥੇਬੰਦੀ ਇਕ ਸੰਵਿਧਾਨਕ ਸਿੱਖ ਸੰਸਥਾ ਬਣ ਗਈ ਸੀ, ਜਿਸ ਦਾ ਮੁੱਖ ਕੰਮ ਗੁਰਦੁਆਰਿਆਂ ਦੀ ਸਾਂਭ ਸੰਭਾਲ ਤੇ ਸਿੱਖੀ ਦਾ ਪ੍ਰਚਾਰ ਕਰਨਾ ਸੀ। ਇਸ ਅਸੈਂਬਲੀ ਐਕਟ ਤਹਿਤ ਸ਼੍ਰੋਮਣੀ ਕਮੇਟੀ ਦਾ ਘੇਰਾ ਅਣਵੰਡਿਆ ਪੰਜਾਬ ਸੀ।

1999 ਵਿਚ ਪਾਕਿਸਤਾਨ ਵਿਚ ਵੀ ਗੁਰਦੁਆਰਿਆਂ ਦੇ ਪ੍ਰਬੰਧ ਲਈ ਵੱਖਰੀ ਕਮੇਟੀ 'ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ' ਬਣਾਉਣ ਤੋਂ ਬਾਅਦ ਇਨ੍ਹਾਂ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਕੋਲੋਂ ਖੁੱਸ ਗਿਆ। ਹੁਣ 15 ਵਰ੍ਹਿਆਂ ਬਾਅਦ ਹਰਿਆਣਾ ਦੇ ਗੁਰਦੁਆਰਿਆਂ ਦੇ ਪ੍ਰਬੰਧ ਵਾਸਤੇ ਵੱਖਰੀ ਕਮੇਟੀ ਬਣਾਉਣ ਦੇ ਐਲਾਨ ਨਾਲ ਹਰਿਆਣਾ ਦੇ ਗੁਰਦੁਆਰਿਆਂ ਦਾ ਪ੍ਰਬੰਧ ਵੀ ਖੁੱਸ ਜਾਵੇਗਾ। ਇਸ ਵੇਲੇ ਹਰਿਆਣਾ ਵਿਚ ਸ਼੍ਰੋਮਣੀ ਕਮੇਟੀ ਦੇ 11 ਮੈਂਬਰ ਹਨ, ਜਿਨ੍ਹਾਂ ਦੀ ਪੰਜ ਵਰ੍ਹਿਆਂ ਬਾਅਦ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦੇ ਨਾਲ ਹੀ ਚੋਣ ਹੁੰਦੀ ਹੈ। ਚੇਤੇ ਰਹੇ ਕਿ ਕੁਝ ਸਾਲ ਪਹਿਲਾਂ ਪਾਕਿਸਤਾਨ ਗੁਰਦੁਆਰਾ ਕਮੇਟੀ ਦੀ ਕਾਇਮੀ ਮੌਕੇ ਵੀ ਇੰਨਾ ਹੀ ਵਿਵਾਦ ਖੜ੍ਹਾ ਹੋਇਆ ਸੀ।

## ਰਾਜਸਥਾਨ ਲਈ ਵੀ ਮੰਗ ਉਠੀ

ਹਰਿਆਣਾ ਵਿਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਲਾਨ ਤੋਂ ਬਾਅਦ ਰਾਜਸਥਾਨ ਵਿਚ ਵੀ ਵੱਖਰੀ ਕਮੇਟੀ ਲਈ ਮੰਗ ਉਠੀ ਹੈ। ਸਮਾਗਮ ਵਿਚ ਪੁੱਜੇ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਐਡਹਾਕ ਦੇ ਪ੍ਰਧਾਨ ਹਰਦੀਪ ਸਿੰਘ ਨੇ ਦੱਸਿਆ ਕਿ ਇਸ ਮੁੱਦੇ ਲਈ ਉਥੋਂ ਦੇ ਮੁੱਖ ਮੰਤਰੀ ਨਾਲ ਮੁਲਾਕਾਤ ਕਰ ਲਈ ਗਈ ਹੈ ਤੇ ਵਿਸਥਾਰ ਵਿਚ ਵਿਚਾਰ ਵਟਾਂਦਰੇ ਲਈ ਸਮਾਂ ਮੰਗਿਆ ਗਿਆ ਹੈ। ਰਾਜਸਥਾਨ ਵਿਚ 15 ਲੱਖ ਤੋਂ ਵੱਧ ਸਿੱਖ ਰਹਿ ਰਹੇ ਹਨ ਤੇ ਵਿਧਾਨ ਸਭਾ ਦੀਆਂ 25 ਸੀਟਾਂ 'ਤੇ ਫ਼ੈਸਲਾ ਸਿੱਖਾਂ ਦੇ ਹੱਥ ਵਿਚ ਹੁੰਦਾ ਹੈ। ਹਰਿਆਣਾ ਵਿਚ ਵੱਖਰੀ ਕਮੇਟੀ ਦਾ ਐਲਾਨ ਹੋਣ ਨਾਲ ਬੈਰੀਕੇਡ ਖੁੱਲ੍ਹ ਗਿਆ ਹੈ।

# 18 ਸਾਲ ਪਹਿਲਾਂ ਬੱਝਾ ਸੀ ਵੱਖਰੀ ਕਮੇਟੀ ਦਾ ਮੁੱਢ

**ਅੰਮ੍ਰਿਤਸਰ:** ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਦੀ ਮੰਗ ਦਾ ਮੁੱਢ 1996 ਵਿਚ ਉਸ ਵੇਲੇ ਬੱਝਾ ਸੀ ਜਦੋਂ ਜਗਦੀਸ਼ ਸਿੰਘ ਝੀਂਡਾ ਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਜਿੱਤ ਪ੍ਰਾਪਤ ਹੋਣ ਦੇ ਬਾਵਜੂਦ ਹਰਾਉਣ ਦਾ ਯਤਨ ਕੀਤਾ ਗਿਆ ਸੀ। ਇਸ ਧੱਕੇਸ਼ਾਹੀ ਖਿਲਾਫ਼ ਹੀ ਉਸ ਨੇ ਹਰਿਆਣਾ ਦੇ ਸਿੱਖਾਂ ਨੂੰ ਜਾਗਰੂਕ ਕਰਦਿਆਂ ਹਰਿਆਣਾ ਲਈ ਵੱਖਰੀ ਕਮੇਟੀ ਬਣਾਉਣ ਦਾ ਮੁੱਦਾ ਉਭਾਰਿਆ ਸੀ। 1996 ਵਿਚ ਹੋਈਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸਮੇਂ ਜਗਦੀਸ਼ ਸਿੰਘ ਝੀਂਡਾ ਨੇ ਸਿਮਰਨਜੀਤ ਸਿੰਘ ਮਾਨ ਧੜੇ ਵੱਲੋਂ ਚੋਣ ਲੜੀ ਸੀ।

ਝੀਂਡਾ ਦੇ ਖਿਲਾਫ਼ ਮੁਕਾਬਲੇ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਰਘੁਜੀਤ ਸਿੰਘ ਵਿਰਕ ਮੈਦਾਨ ਵਿਚ ਸਨ। ਇਸ ਹਲਕੇ ਵਿਚ ਕੁੱਲ 65000 ਸਿੱਖ ਵੋਟਾਂ ਸਨ ਤੇ ਇਹ ਵੋਟਾਂ ਪੰਜ ਜ਼ਿਲ੍ਹਿਆਂ ਵਿਚ ਸਨ। ਵੋਟਾਂ ਵਾਲੇ ਦਿਨ ਦੋ ਜ਼ਿਲ੍ਹਿਆਂ ਸੋਨੀਪਤ ਤੇ ਰੋਹਤਕ ਵਿਚ ਬੈਲਟ ਪੇਪਰਾਂ ਵਿਚ ਗਲਤੀ ਸੀ, ਜਿਸ ਕਾਰਨ ਇਹ ਚੋਣ ਦੋ ਜ਼ਿਲ੍ਹਿਆਂ ਵਿਚ ਮੁੜ ਕਰਾਉਣ ਦਾ ਐਲਾਨ ਕੀਤਾ ਗਿਆ ਪਰ ਹਾਕਮ ਧਿਰ ਦੇ ਪ੍ਰਭਾਵ ਕਾਰਨ ਵੋਟਾਂ ਪੈਣ ਵਾਲੇ ਦਿਨ ਤੋਂ ਇਕ ਦਿਨ ਪਹਿਲਾਂ ਚੋਣ ਕਮਿਸ਼ਨ ਨੇ ਇਹ ਚੋਣ ਨਵੇਂ ਸਿਰਿਓਂ ਕਰਾਉਣ ਦਾ ਐਲਾਨ ਕਰ ਦਿੱਤਾ, ਜਿਸ ਦਾ ਝੀਂਡਾ ਸਮਰਥਕਾਂ ਵੱਲੋਂ ਵਿਰੋਧ ਕੀਤਾ ਗਿਆ। ਇਸ ਚੋਣ ਦਾ ਝੀਂਡਾ ਸਮਰਥਕਾਂ ਨੇ ਬਾਈਕਾਟ ਕੀਤਾ ਜਿਸ ਕਾਰਨ ਹਾਕਮ ਧਿਰ ਦਾ ਉਮੀਦਵਾਰ ਜਿੱਤ ਗਿਆ। ਇਸ ਬਾਰੇ ਝੀਂਡਾ ਨੇ ਦੱਸਿਆ ਕਿ ਪਹਿਲਾਂ ਪਈਆਂ ਵੋਟਾਂ ਦੌਰਾਨ ਕਰਨਾਲ, ਪਾਣੀਪਤ ਤੇ ਝੱਜਰ ਜ਼ਿਲ੍ਹਿਆਂ ਵਿਚ ਬੈਲਟ ਪੇਪਰ ਠੀਕ ਸਨ ਤੇ ਉਹ ਉਥੋਂ ਆਪਣੇ ਵਿਰੋਧੀ ਉਮੀਦਵਾਰ ਨਾਲੋਂ 2800 ਵੋਟਾਂ ਤੋਂ ਅੱਗੇ ਸਨ ਜਦੋਂ ਕਿ ਬਾਕੀ ਦੋ ਜ਼ਿਲ੍ਹਿਆਂ ਵਿਚ ਸਿਰਫ ਤਿੰਨ ਹਜ਼ਾਰ ਵੋਟਾਂ ਸਨ। ਹਾਕਮ ਧਿਰ ਨੂੰ ਆਪਣੀ ਹਾਰ ਸਪਸ਼ਟ ਨਜ਼ਰ ਆ ਰਹੀ ਸੀ, ਜਿਸ ਕਾਰਨ ਉਨ੍ਹਾਂ ਸਿਆਸੀ ਅਸਰ-ਰਸੂਖ ਵਰਤਦਿਆਂ ਨਿਯਮਾਂ ਦੇ ਉਲਟ ਪ੍ਰਭਾਵਿਤ ਦੋ ਜ਼ਿਲ੍ਹਿਆਂ ਦੀ ਥਾਂ ਸਮੁੱਚੇ ਹਲਕੇ ਵਿਚ ਹੀ ਨਵੇਂ ਸਿਰਿਓਂ ਚੋਣ ਕਰਾਉਣ ਦਾ ਐਲਾਨ ਕਰ ਦਿੱਤਾ।

1996 ਤੋਂ ਬਾਅਦ 1999 ਤੱਕ ਉਨ੍ਹਾਂ ਹਰਿਆਣਾ ਵਿਚ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਹਾਕਮ ਧਿਰ ਦੀ ਧੱਕੇਸ਼ਾਹੀ ਤੋਂ ਜਾਣੂ ਕਰਾਇਆ ਤੇ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਲਈ ਪ੍ਰੇਰਿਆ। ਸਿੱਟੇ ਵਜੋਂ ਸਨ 2000 ਵਿਚ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਦਾ ਐਲਾਨ ਕਰ ਦਿੱਤਾ ਗਿਆ। ਮੁੜ ਇਹ ਮਾਮਲਾ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਸਮੇਂ ਵੀ ਉਭਾਰਿਆ ਗਿਆ। ਹਰਿਆਣਾ ਵਿਚ ਵਿਧਾਨ ਸਭਾ ਚੋਣਾਂ ਸਮੇਂ ਕਾਂਗਰਸ ਸਰਕਾਰ ਵੱਲੋਂ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਦਾ ਭਰੋਸਾ ਦਿੱਤਾ ਗਿਆ ਸੀ ਤੇ ਉਨ੍ਹਾਂ ਆਪਣੇ ਚੋਣ ਮਨੋਰਥ ਪੱਤਰ ਵਿਚ ਵੀ ਇਸ ਮੁੱਦੇ ਨੂੰ ਸ਼ਾਮਲ ਕੀਤਾ ਸੀ। ਹਰਿਆਣਾ ਵਿਚ ਕਾਂਗਰਸ ਸਰਕਾਰ ਬਣਨ ਤੋਂ ਬਾਅਦ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਲਈ ਸਿੱਖ ਰਾਏ ਜਾਨਣ ਵਾਸਤੇ ਚੱਠਾ ਕਮੇਟੀ ਬਣਾਈ ਗਈ, ਜਿਸ ਨੂੰ ਹਰਿਆਣਾ ਦੇ ਸਿੱਖਾਂ ਨੇ ਇਕ ਲੱਖ ਹਲਫੀਆ ਬਿਆਨ ਦੇ ਕੇ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਦਾ ਸਮਰਥਨ ਕੀਤਾ ਸੀ।

ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਵੱਲੋਂ ਹਰਿਆਣਾ ਦੇ ਸਿੱਖਾਂ ਦੀ ਇਸ ਮੰਗ ਨੂੰ ਪੂਰਾ ਕਰਨ ਦੀ ਥਾਂ ਉਥੇ ਇਕ ਸਬ ਕਮੇਟੀ ਜਾਂ ਐਡਹਾਕ ਕਮੇਟੀ ਬਣਾਉਣ ਦੀ ਵੀ ਯੋਜਨਾ ਬਣਾਈ ਗਈ ਪਰ ਸਮੇਂ ਦੇ ਨਾਲ ਇਸ ਯੋਜਨਾ ਨੂੰ ਠੰਢੇ ਬਸਤੇ ਵਿਚ ਪਾ ਦਿੱਤਾ ਗਿਆ। 2011 ਵਿਚ ਹੋਈਆਂ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੰਗ ਕਰਨ ਵਾਲੇ ਭਾਵੇਂ ਹਾਰ ਗਏ ਸਨ ਪਰ ਉਨ੍ਹਾਂ ਦੀ ਇਹ ਮੰਗ ਨੇ 2014 ਵਿਚ ਉਸ ਵੇਲੇ ਮੁੜ ਜ਼ੋਰ ਫੜ ਲਿਆ ਜਦੋਂ ਹਰਿਆਣਾ ਵਿਚ ਵਿਧਾਨ ਸਭਾ ਚੋਣਾਂ ਦਾ ਬਿਗਲ ਵੱਜਣ ਵਾਲਾ ਹੈ।

# ਸੰਤ ਪ੍ਰੇਮ ਸਿੰਘ ਮੁਰਾਲੇਵਾਲਿਆਂ ਦੀ ਬਰਸੀ 'ਤੇ ਸਮਾਗਮ

**ਸੈਂਟਾ ਕਲਾਰਾ, ਕੈਲੀਫੋਰਨੀਆ (ਬਿਊਰੋ):** ਮਹਾਨ ਤਪੱਸਵੀ, ਸੇਵਾ ਤੇ ਨਿਮਰਤਾ ਦੇ ਪੁੰਜ, ਵਿਦਿਆ ਦਾਨੀ ਅਤੇ ਸਮਾਜ ਸੁਧਾਰਕ ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇਵਾਲਿਆਂ ਦੀ 64ਵੀਂ ਬਰਸੀ ਇਥੇ ਗੁਰਦੁਆਰਾ ਸਾਹਿਬ ਸਿਲੀਕਾਨ ਵੈਲੀ ਵਿਚ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਗਈ। ਇਸ ਸਬੰਧੀ ਸੰਗਤ ਵਲੋਂ ਸਾਂਝੇ ਤੌਰ 'ਤੇ ਕਰਵਾਏ ਗਏ ਅਖੰਡ ਪਾਠ ਦੇ ਭੋਗ ਉਪਰੰਤ ਵੱਖ ਵੱਖ ਰਾਗੀ ਜਥਿਆਂ-ਬੀਬੀ ਨਵਦੀਪ ਕੌਰ, ਬਲਤੇਜ ਕੌਰ, ਹਰਦੀਪ ਸਿੰਘ ਕੰਚਨ ਜਵੱਦੀ ਕਲਾਂ ਅਤੇ ਭਾਈ ਨਿਰਮਲ ਸਿੰਘ ਸੂਰਾ ਦੇ ਰਾਗੀ ਜਥਿਆਂ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਭਾਈ ਹਰਦੀਪ ਸਿੰਘ ਕੰਚਨ ਅਤੇ ਭਾਈ ਅਮਰਜੀਤ ਸਿੰਘ ਮੁਲਤਾਨੀ ਨੇ ਸੰਤ ਪ੍ਰੇਮ ਸਿੰਘ ਦੇ ਜੀਵਨ ਬਾਰੇ ਸੰਗਤਾਂ ਨੂੰ ਜਾਣੂੰ ਕਰਵਾਇਆ ਅਤੇ ਉਨ੍ਹਾਂ ਦੇ ਉਪਦੇਸ਼ਾਂ ਉਤੇ ਚੱਲਣ ਦੀ ਬੇਨਤੀ ਕੀਤੀ। ਉਨ੍ਹਾਂ ਕਿਹਾ ਕਿ ਸੰਤ ਪ੍ਰੇਮ ਸਿੰਘ ਹਮੇਸ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਣ, ਅੰਮ੍ਰਿਤ ਛਕਣ ਤੇ ਉਚਾ-ਸੁੱਚਾ ਆਚਰਣ ਰੱਖਦਿਆਂ ਨੇਕ ਕਿਰਤ ਕਰਨ ਦੀ ਸਿੱਖਿਆ ਦਿੰਦੇ ਸਨ। ਉਨ੍ਹਾਂ ਅੱਗੇ ਹੋਰ ਕਿਹਾ ਕਿ ਸੰਤ ਪ੍ਰੇਮ ਸਿੰਘ ਨੇ ਆਪਣੇ ਜੀਵਨ ਵਿਚ ਸੰਤ ਬਾਬਾ ਬਿਸ਼ਨ ਸਿੰਘ ਮੁਰਾਲੇਵਾਲਿਆਂ ਵਲੋਂ ਸੰਭਾਲੀ ਜਿੰਮੇਵਾਰੀ ਤੋਂ ਇਲਾਵਾ ਚੀਫ ਖਾਲਸਾ ਦੀਵਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਵਜੋਂ ਸੇਵਾ ਕਰਦਿਆਂ ਅਨੇਕਾਂ ਸਕੂਲ, ਕਾਲਜ ਖੋਲ੍ਹ ਕੇ ਵਿਦਿਆ ਦਾ ਪਸਾਰ ਕੀਤਾ।

ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਬਰਸੀ ਸਮਾਗਮ ਦੇ ਪ੍ਰਬੰਧਕਾਂ ਤਰਲੋਚਨ ਸਿੰਘ (ਸਿੰਘ ਪਲੰਬਿੰਗ ਸਰਵਿਸ) ਅਤੇ ਦਰਸ਼ਨ ਸਿੰਘ ਮੁਲਤਾਨੀ ਨੂੰ ਸਿਰੋਪਾਓ ਬਖਸ਼ਿਸ਼ ਕਰਦਿਆਂ ਸੁਖਦੇਵ ਸਿੰਘ ਘੋਤੜਾ, ਗੁਰਦਿਆਲ ਸਿੰਘ ਘੋਤੜਾ, ਜੋਗਿੰਦਰ ਸਿੰਘ ਘੋਤੜਾ-ਫਰੀਮਾਂਟ, ਮਨਜੀਤ ਸਿੰਘ, ਇੰਦਰਜੀਤ ਸਿੰਘ, ਹਰਦਿਆਲ ਸਿੰਘ ਘੋਤੜਾ, ਭੁਪਿੰਦਰ ਸਿੰਘ, ਹਰਜੀਤ ਸਿੰਘ ਲਵਲੀ, ਹਰਵਿੰਦਰ ਸਿੰਘ, ਗੁਰਿੰਦਰ ਸਿੰਘ, ਮੇਜਰ ਸਿੰਘ, ਕੁਲਦੀਪ ਸਿੰਘ, ਬਲਵਿੰਦਰ ਸਿੰਘ, ਸਤਪਾਲ ਕੌਰ, ਜਸਵੀਰ ਕੌਰ, ਹਰਜੀਤ ਕੌਰ ਅਤੇ ਅਮਰੀਕ ਸਿੰਘ ਫੌਜੀ ਦਾ ਉਚੇਚਾ ਧੰਨਵਾਦ ਕੀਤਾ ਗਿਆ, ਜਿਨ੍ਹਾਂ ਨੇ ਤਿੰਨ ਦਿਨ ਗੁਰੂ ਕੇ ਲੰਗਰਾਂ ਦੀ ਸੇਵਾ ਕੀਤੀ।

ਇਸ ਤੋਂ ਇਲਾਵਾ ਮੁਫਤ ਮੈਡੀਕਲ ਕੈਂਪ ਵੀ ਲਾਇਆ ਗਿਆ ਜਿਸ ਵਿਚ ਉਨ੍ਹਾਂ ਲੋਕਾਂ ਦਾ ਚੈਕਅਪ ਕੀਤਾ ਗਿਆ ਜਿਨ੍ਹਾਂ ਪਾਸ ਇੰਸ਼ੋਰੈਂਸ ਨਹੀਂ ਹੈ। ਪ੍ਰਬੰਧਕਾਂ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਜਿਹੜੇ ਲੋਕ ਇਸ ਮੈਡੀਕਲ ਕੈਂਪ ਦੌਰਾਨ ਚੈਕਅਪ ਤੋਂ ਵਾਂਝੇ ਰਹਿ ਗਏ ਹਨ ਉਹ 13 ਜੁਲਾਈ ਨੂੰ ਸਵੇਰੇ 8 ਤੋਂ ਬਾਅਦ ਦੁਪਹਿਰ 2 ਵਜੇ ਤੱਕ ਚੈਕਅਪ ਕਰਾ ਸਕਦੇ ਹਨ। ਖਾਲਸਾ ਸਕੂਲ ਦੀ ਰਜਿਸਟਰੇਸ਼ਨ ਜਲਦ ਸ਼ੁਰੂ ਹੋਣ ਵਾਲੀ ਹੈ। ਹੋਰ ਜਾਣਕਾਰੀ ਲਈ ਫੋਨ 408-475-0634 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## Matrimonial

### ਵਰ ਦੀ ਲੋੜ

**Suitable Match for Green Card holder, Jat Sikh girl, 28, 5'-3", fair complexion, BSc nursing, innocently divorcee after brief marriage, working as a RN. Divorcees considerable. Send bio-data and photo to E-mail: csahi1949@gmail.com or Call: 209-483-9783** 26 to 30

### ਕੰਨਿਆ ਦੀ ਲੋੜ

Suitable girl wanted for Jatt Sikh, US citizen boy, B Sc, 24, 5'-10". Girl should be 22-24, 5'-5", MBBS /B Tech./Nursing degree/ B. Pharmacy. Send photo & bio-data @ mbrar31@hotmail.com, Cell: 608-695-3475 25 to 28

### ਸਾਥੀ ਦੀ ਭਾਲ

Wanted match for 51 year, 5'-10" divorced U.S. citizen, Sikh boy, Physical Therapist professional, no kids. Contact: 812-265-8238 26 to 29

# ਤਹਿਸੀਲਦਾਰ ਮਾਰ-ਕੁਟਾਈ ਕੇਸ ਸੀ.ਬੀ.ਆਈ. ਹਵਾਲੇ

**ਲੁਧਿਆਣਾ (ਪੰਜਾਬ ਟਾਈਮਜ਼ ਬਿਊਰੋ):** ਤਹਿਸੀਲਦਾਰ ਮੇਜਰ ਬੈਨੀਪਾਲ 'ਤੇ ਹੋਏ ਕਾਤਲਾਨਾ ਹਮਲੇ ਦੇ ਮਾਮਲੇ ਵਿਚ ਉਸ ਸਮੇਂ ਨਵਾਂ ਮੋੜ ਆ ਗਿਆ ਜਦੋਂ ਸੁਪਰੀਮ ਕੋਰਟ ਦੇ ਦੋਹਰੇ ਬੈਂਚ ਵੱਲੋਂ ਸਰਕਾਰ ਨੂੰ ਇਸ ਮਾਮਲੇ ਦੀ ਜਾਂਚ ਸੀ. ਬੀ. ਆਈ. ਤੋਂ ਕਰਵਾਉਣ ਦਾ ਹੁਕਮ ਦਿੱਤਾ ਤੇ ਤਿੰਨ ਮਹੀਨਿਆਂ ਵਿਚ ਜਾਂਚ ਮੁਕੰਮਲ ਕਰਕੇ ਰਿਪੋਰਟ ਦਾਖਲ ਕਰਨ ਦਾ ਫੈਸਲਾ ਵੀ ਸੁਣਾਇਆ।

ਮਿਲੀ ਜਾਣਕਾਰੀ ਮੁਤਾਬਕ 19 ਜੂਨ, 2009 ਵਿਚ ਕੇਂਦਰੀ ਤਹਿਸੀਲ ਵਿਚ ਮੇਜਰ ਗੁਰਜਿੰਦਰ ਸਿੰਘ ਬੈਨੀਪਾਲ 'ਤੇ ਹੋਏ ਕਾਤਲਾਨਾ ਹਮਲੇ ਦੇ ਮਾਮਲੇ ਵਿਚ ਪੁਲਿਸ ਨੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਸਮੇਤ ਕੁਝ ਹੋਰ ਵਿਅਕਤੀਆਂ ਖਿਲਾਫ਼ ਕੇਸ ਦਰਜ ਕੀਤਾ ਸੀ।



ਸ. ਬੈਂਸ ਤੇ ਉਨ੍ਹਾਂ ਦੇ ਸਾਥੀ ਕੌਂਸਲਰ ਕਮਲਜੀਤ ਸਿੰਘ ਕੜਵਲ ਤਕਰੀਬਨ ਨੌਂ ਮਹੀਨੇ ਜੇਲ੍ਹ ਵਿਚ ਰਹੇ ਸਨ ਤੇ ਉਸ ਤੋਂ ਬਾਅਦ ਉਹ ਜ਼ਮਾਨਤ 'ਤੇ ਬਾਹਰ ਆਏ ਸਨ। ਹਾਲਾਂਕਿ ਸਰਕਾਰ ਵੱਲੋਂ ਉਸ ਵੇਲੇ ਇਕ ਜਾਂਚ ਟੀਮ ਗਠਿਤ ਕੀਤੀ ਗਈ ਸੀ ਤੇ ਉਸ ਜਾਂਚ ਟੀਮ ਦੀ ਰਿਪੋਰਟ ਤੋਂ ਬਾਅਦ ਹੀ ਕਾਰਵਾਈ ਕੀਤੀ ਗਈ ਸੀ, ਪਰ ਸ. ਬੈਂਸ ਇਸ ਜਾਂਚ ਟੀਮ ਦੀ ਕਾਰਵਾਈ ਤੋਂ ਅਸੰਤੁਸ਼ਟ ਸੀ, ਜਿਸ ਲਈ ਉਨ੍ਹਾਂ ਨੇ ਇਸ ਮਾਮਲੇ ਵਿਚ ਕੁਝ ਪਹਿਲੂ ਛੱਡਣ ਦਾ ਦੋਸ਼ ਲਗਾ ਕੇ ਸਰਕਾਰ ਨੂੰ ਮੁੜ ਜਾਂਚ ਕਰਨ ਦੀ ਬੇਨਤੀ ਕੀਤੀ ਸੀ, ਜਿਸ 'ਤੇ ਸਰਕਾਰ ਵੱਲੋਂ ਦੂਜੀ ਜਾਂਚ ਟੀਮ ਗਠਿਤ ਕਰ ਦਿੱਤੀ ਸੀ।

ਸ. ਬੈਨੀਪਾਲ ਵੱਲੋਂ ਦੂਜੀ ਜਾਂਚ ਟੀਮ ਦੇ ਇਕ ਅਧਿਕਾਰੀ ਦੇ ਰੀਡਰ 'ਤੇ ਉਸਦੇ ਗਵਾਹਾਂ ਨੂੰ ਡਰਾਉਣ ਧਮਕਾਉਣ ਦਾ ਦੋਸ਼ ਲਗਾ ਕੇ ਮਾਨਯੋਗ ਹਾਈਕੋਰਟ ਵਿਚ ਰਿਟ ਦਾਇਰ ਕਰ ਦਿੱਤੀ ਸੀ ਤੇ ਹਾਈਕੋਰਟ ਨੇ ਦੂਜੀ ਜਾਂਚ ਟੀਮ ਦੀ ਲੋੜ ਨਾ ਹੋਣ ਦਾ ਫੈਸਲਾ ਸੁਣਾ ਦਿੱਤਾ ਸੀ। ਇਸ ਫੈਸਲੇ ਖਿਲਾਫ ਸ. ਬੈਂਸ ਵੱਲੋਂ ਸੁਪਰੀਮ ਕੋਰਟ ਵਿਚ ਰਿੱਟ ਦਾਇਰ ਕਰ ਦਿੱਤੀ ਸੀ, ਜਿਸ 'ਤੇ ਪਿਛਲੇ ਦੋ ਸਾਲ ਤੋਂ ਸੁਣਵਾਈ ਚੱਲ ਰਹੀ ਸੀ।


# ਕੈਨਸਸ ਸਿਟੀ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਤੇ ਡਿਸ਼ ਵਾਸ਼ਰ ਦੀ ਲੋੜ ਹੈ

ਕੈਨਸਸ ਸਿਟੀ, ਮਿਜ਼ੌਰੀ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਡਿਸ਼ ਵਾਸ਼ਰ, ਕਿਚਨ ਹੈਲਪਰ, ਸਹਾਇਕ ਕੱਰੀ ਕੁੱਕ, ਵੇਟਰ ਤੇ ਹੈਲਪਰ ਦੀ ਲੋੜ ਹੈ

ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ

ਫੋਨ: 816-806-6065


# ਸਰੀ ਦੀ ਮੇਅਰ ਲਈ ਚੋਣ ਮੈਦਾਨ ਵਿਚ ਕੁੱਦੀ ਬਰਿੰਦਰ

**ਸਰੀ:** ਸਰੀ ਦੀ ਮੇਅਰ ਬਣਨ ਲਈ ਪੰਜਾਬਣ ਕੌਂਸਲਰ ਬਰਿੰਦਰ ਰਸੋਡੀ ਅਤੇ ਗੋਰੀ ਕੌਂਸਲਰ ਲਿੰਡਾ ਹੈਪਨਰ ਨੇ ਚੋਣ ਲੜਨ ਦਾ ਐਲਾਨ ਕਰ ਕੇ ਤਿਆਰੀਆਂ ਅਰੰਭੀਆਂ ਹੋਈਆਂ ਹਨ। ਉਧਰ, ਡੱਗ ਮਕੱਲਮ ਨੇ ਵੀ ਐਲਾਨ ਕਰ ਦਿੱਤਾ ਹੈ ਕਿ ਉਹ ਵੀ ਅਕਤੂਬਰ ਵਿਚ ਹੋਣ ਵਾਲੀਆਂ ਚੋਣਾਂ ਵਿਚ ਮੇਅਰ ਬਣਨ ਲਈ ਮੈਦਾਨ ਵਿਚ ਕੁੱਦੇਗਾ। ਉਹ ਪਹਿਲਾਂ ਵੀ ਕਈ ਸਾਲ ਮੇਅਰ ਰਹਿ ਚੁੱਕੇ ਹਨ। ਉਨ੍ਹਾਂ ਕਿਹਾ ਕਿ ਉਹ ਸਰੀ ਵਿਚ ਜੁਰਮ ਘਟਾਉਣ ਅਤੇ ਸਰਕਾਰੀ ਖਰਚੇ ਘਟਾਉਣ ਦੇ ਮੁੱਦੇ 'ਤੇ ਚੋਣ ਲੜੇਗਾ।

ਕੁਝ ਹੀ ਦਿਨ ਪਹਿਲਾਂ ਕੌਂਸਲਰ ਲਿੰਡਾ ਹੈਪਨਰ ਵੱਲੋਂ ਸਰੀ ਫਸਟ ਪਾਰਟੀ ਦੀ ਹਮਾਇਤ ਨਾਲ ਚੋਣ ਮੈਦਾਨ ਵਿਚ ਕੁੱਦਣ ਦਾ ਐਲਾਨ ਕੀਤਾ ਗਿਆ ਸੀ। ਉਸ ਨੇ ਵੀ ਜੁਰਮਾਂ ਦੀ ਰੋਕਥਾਮ 'ਤੇ ਹੀ ਜ਼ੋਰ ਦਿੱਤਾ ਹੈ। ਉਂਝ, ਸਾਰਿਆਂ ਤੋਂ ਪਹਿਲਾਂ ਮੇਅਰ ਚੋਣ ਲੜਨ ਦਾ ਐਲਾਨ ਕਰਨ ਵਾਲੀ ਪੰਜਾਬੀ ਕੌਂਸਲਰ ਬਰਿੰਦਰ ਰਸੋਡੀ ਦਾ ਕਹਿਣਾ ਹੈ ਕਿ ਜੁਰਮਾਂ 'ਤੇ ਕਾਬੂ ਪਾਉਣ ਦੇ ਨਾਲ-ਨਾਲ ਸਰੀ ਦੇ ਲੋਕਾਂ ਦੀਆਂ ਹੋਰ ਵੀ ਕਾਫੀ ਸਮੱਸਿਆਵਾਂ ਹਨ, ਜਿਨ੍ਹਾਂ ਵੱਲ ਵਿਸ਼ੇਸ਼ ਧਿਆਨ ਦਿੱਤੇ ਜਾਣ ਦੀ ਲੋੜ ਹੈ।

ਸਰੀ ਵਿਚ ਵੱਡੀ ਗਿਣਤੀ ਪੰਜਾਬੀਆਂ ਦੀ ਹੈ ਜਿਨ੍ਹਾਂ ਦੀਆਂ ਭਾਵਨਾਵਾਂ ਨੂੰ ਵੀ ਸਮਝਣ ਤੇ ਸਮੱਸਿਆਵਾਂ ਹੱਲ ਕੀਤੇ ਜਾਣ ਦੀ ਸਖਤ ਲੋੜ ਹੈ। ਜੇ ਉਹ ਜਿੱਤ ਜਾਂਦੀ ਹੈ ਤਾਂ ਉਹ ਉੱਤਰੀ ਅਮਰੀਕਾ ਵਿਚ ਭਾਰਤੀ ਮੂਲ ਦੀ ਪਹਿਲੀ ਔਰਤ ਮੇਅਰ ਹੋਏਗੀ। ਉਸ ਨੂੰ ਭਰੋਸਾ ਹੈ ਕਿ ਇਹ ਮਾਣ ਦਿਵਾਉਣ ਲਈ ਸਮੁੱਚਾ ਭਾਈਚਾਰਾ ਉਸ ਦਾ ਸਾਥ ਦੇਵੇਗਾ। ਚੇਤੇ ਰਹੇ, 220 ਵਰਗ ਕਿਲੋਮੀਟਰ 'ਚ ਫੈਲੇ ਸ਼ਹਿਰ ਸਰੀ ਦੀ ਸਵਾ 5 ਲੱਖ ਵਸੋਂ ਵਿਚ 47 ਫੀਸਦੀ ਪੰਜਾਬੀਆਂ ਦੀ ਹੈ।


**Punjab Times**
*Ph: 847-359-0746*
*Visit us on the web:*
***punjabtimesusa.com***






LAW OFFICE OF NIRWAN & ASSOCIATES

SACRAMENTO

1104 Corporate Way
Sacramento, CA 95831

CALL US TODAY

Tel: 916-832-3144
Fax: 925-264-5078
www.nirwanlaw.com

- IMMIGRATION LAW
- TAX LAW
- TAX PREPARATION
- BUSINESS INCORPORATION
- BUSINESS LITIGATION





# Security Cameras
## Special promotion for limited time only

**1000 TVL camera for the price of 700 TVL camera**

**Limit 4 for each customer only**

*For more Details, Contact:*

**Balbir S Sidhu-209-495-3905 (Cell)**

**Toll Free (888) 233-4566**

**DVRunlimited Inc.** Fax-(209) 982-9133


## ਪੰਜਾਬ ਵਿਧਾਨ ਸਭਾ ਦਾ ਬਜਟ ਸੈਸ਼ਨ 15 ਤੋਂ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦਾ ਬਜਟ ਸੈਸ਼ਨ 15 ਜੁਲਾਈ ਤੋਂ ਸ਼ੁਰੂ ਹੋਵੇਗਾ। ਪੰਜਾਬ ਦੇ ਗਵਰਨਰ ਸ਼ਿਵਰਾਜ ਪਾਟਿਲ ਵੱਲੋਂ ਅੱਠਵਾਂ ਸੈਸ਼ਨ 15 ਜੁਲਾਈ ਤੋਂ ਬੁਲਾਇਆ ਗਿਆ ਹੈ।

ਜ਼ਿਕਰਯੋਗ ਹੈ ਕਿ ਲੋਕ ਸਭਾ ਚੋਣਾਂ ਕਾਰਨ ਵਿਧਾਨ ਸਭਾ ਵੱਲੋਂ ਫਰਵਰੀ ਵਿਚ ਆਪਣੇ ਪਹਿਲੇ ਸੈਸ਼ਨ ਦੌਰਾਨ 31 ਜੁਲਾਈ ਤੱਕ ਲਈ ਲੇਖਾ ਅਨੁਦਾਨ ਪਾਸ ਕੀਤਾ ਗਿਆ ਸੀ। ਬੁਲਾਰੇ ਨੇ ਕਿਹਾ ਕਿ ਸੈਸ਼ਨ ਦੀ ਕਾਰਜ ਸੂਚੀ ਦਾ ਐਲਾਨ ਬਾਅਦ ਵਿਚ ਕੀਤਾ ਜਾਵੇਗਾ।


# 40 ਟਰੱਕ ਰਿਪੇਅਰ-ਓਕਲਹੋਮਾ

# ਮਕੈਨਿਕਾਂ ਦੀ ਜ਼ਰੂਰਤ ਹੈ

ਕਾਰਾਂ ਅਤੇ ਡੀਜ਼ਲ ਟਰੱਕਾਂ ਬਾਰੇ ਚੰਗੀ ਜਾਣਕਾਰੀ ਰੱਖਣ ਵਾਲੇ ਮਕੈਨਿਕਾਂ ਦੀ ਜ਼ਰੂਰਤ ਹੈ



ਹੋਰ ਜਾਣਕਾਰੀ ਲਈ ਸੰਪਰਕ ਕਰੋ

ਫੋਨ: 832-512-7172

**Punjab Times**
**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਗਰੀਬੀ ਦੇ ਖਾਤਮੇ ਵਾਲੇ ਟੀਚਿਆਂ ਤੋਂ ਪਛੜ ਰਿਹਾ ਹੈ ਭਾਰਤ



**ਸੰਯੁਕਤ ਰਾਸ਼ਟਰ:** ਭਾਰਤ ਹਾਲੇ ਵੀ ਗਰੀਬੀ ਤੇ ਜੱਚਾ-ਬੱਚਾ ਮੌਤਾਂ ਜਿਹੀਆਂ ਅਲਾਮਤਾਂ ਨਾਲ ਜੂਝ ਰਿਹਾ ਹੈ, ਜਦਕਿ ਕਈ ਆਲਮੀ ਟੀਚੇ ਇਸ ਨੇ ਪ੍ਰਾਪਤ ਵੀ ਕਰ ਲਏ ਹਨ। ਦਹਿਸਦੀ ਵਿਕਾਸ ਟੀਚਿਆਂ (ਐਮ.ਡੀ.ਜੀ.) 'ਤੇ ਸੰਯੁਕਤ ਰਾਸ਼ਟਰ ਦੀ ਰਿਪੋਰਟ ਵਿਚ ਸੁਝਾਅ ਦਿੱਤਾ ਗਿਆ ਹੈ ਕਿ 2015 ਦੀ ਮਿਥੀ ਸੀਮਾ ਤੱਕ ਰਹਿੰਦੇ ਟੀਚੇ ਪੂਰੇ ਕਰਨ ਲਈ ਵਧੇਰੇ ਤੇ ਨਿਰੰਤਰ ਯਤਨ ਕਰਨ ਦੀ ਲੋੜ ਹੈ। 'ਦਹਿਸਦੀ ਵਿਕਾਸ ਟੀਚੇ ਰਿਪੋਰਟ 2014' ਇਥੇ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਬਾਨ ਕੀ ਮੂਨ ਨੇ ਜਾਰੀ ਕੀਤੀ ਤੇ ਕਿਹਾ ਕਿ ਬਹੁਤ ਸਾਰੇ ਆਲਮੀ ਐਮ.ਡੀ.ਜੀ. ਟੀਚੇ ਜਿਵੇਂ ਗਰੀਬੀ ਘੱਟ ਕਰਨ, ਪਾਣੀ ਦੇ ਸਾਫ-ਸੁਥਰੇ ਸਾਧਨਾਂ ਤੱਕ ਪਹੁੰਚ ਵਧਾਉਣ, ਝੁੱਗੀਆਂ-ਝੌਂਪੜੀਆਂ ਵਿਚ ਰਹਿੰਦੇ ਲੋਕਾਂ ਦਾ ਜੀਵਨ ਪੱਧਰ ਬਿਹਤਰ ਕਰਨਾ ਤੇ ਪ੍ਰਾਇਮਰੀ ਸਕੂਲਾਂ ਵਿਚ ਲੜਕੇ-ਲੜਕੀਆਂ ਲਈ ਇਕਸਾਰਤਾ ਆਦਿ ਵਿਚ ਚੰਗੀ ਪ੍ਰਾਪਤੀ ਹੋਈ ਹੈ।

ਬਹੁਤ ਸਾਰੇ ਹੋਰ ਟੀਚੇ 2015 ਦੀ ਮਿਆਦ ਤੱਕ ਪੂਰੇ ਕਰ ਲਏ ਜਾਣੇ ਹਨ ਪਰ ਇਸ ਲਈ ਚਾਲੂ ਰੁਝਾਨ ਬਣਾ ਕੇ ਰੱਖਣਾ ਪਏਗਾ। 2000 ਵਿਚ ਸੰਯੁਕਤ ਰਾਸ਼ਟਰ ਦੇ ਸਿਖਰ ਸੰਮੇਲਨ ਵਿਚ ਵਿਸ਼ਵ ਭਰ ਦੇ ਆਗੂ ਜਿਹੜੇ ਅੱਠ ਗਰੀਬੀ ਵਿਰੋਧੀ ਟੀਚਿਆਂ ਲਈ ਸਹਿਮਤ ਹੋਏ ਸਨ, ਉਨ੍ਹਾਂ ਦੀ ਪ੍ਰਾਪਤੀ ਲਈ ਕੀਤੇ ਯਤਨਾਂ ਦਾ ਬਿਲਕੁਲ ਸੱਜਰਾ 'ਆਲਮੀ ਸਕੋਰ-ਕਾਰਡ' ਇਹ ਰਿਪੋਰਟ ਹੈ।

ਰਿਪੋਰਟ ਮੁਤਾਬਕ ਕਈ ਅਲਾਮਤਾਂ ਜਿਵੇਂ ਜੱਚਾ-ਬੱਚਾ ਮੌਤ ਦਰ ਘੱਟ ਕਰਨੀ ਤੇ ਸਾਫ-ਸਫਾਈ ਤੇ ਅਰੋਗਤਾ ਪ੍ਰਬੰਧ ਕਰਨ ਦੇ ਟੀਚੇ 2015 ਤੱਕ ਪੂਰੇ ਹੁੰਦੇ ਨਜ਼ਰ ਨਹੀਂ ਆ ਰਹੇ। ਰਿਪੋਰਟ ਮੁਤਾਬਕ ਪ੍ਰਤੀ ਦਿਨ 1.25 ਡਾਲਰ ਤੋਂ ਘੱਟ ਰਾਸ਼ੀ 'ਤੇ ਗੁਜ਼ਾਰਾ ਕਰਦੀ ਵੱਡੀ ਆਬਾਦੀ ਦੱਖਣੀ ਏਸ਼ੀਆ ਤੇ ਸਬ-ਸਹਾਰਾ ਅਫਰੀਕਾ ਵਿਚ ਹੈ। 2010 ਵਿਚ ਦੁਨੀਆਂ ਭਰ ਦੇ 1.2 ਅਰਬ ਗਰੀਬਾਂ ਵਿਚੋਂ ਇਕ ਤਿਹਾਈ ਭਾਰਤ ਵਿਚ ਵੱਸਦੇ ਸਨ। 2012 ਵਿਚ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਦਰ ਵੀ ਭਾਰਤ ਵਿਚ ਸਭ ਤੋਂ ਵੱਧ ਸੀ। ਭਾਰਤ ਵਿਚ 14 ਲੱਖ ਬੱਚੇ ਪੰਜਵੇਂ ਜਨਮ ਦਿਨ ਤੱਕ ਪੁੱਜਣ ਤੋਂ ਪਹਿਲਾਂ ਹੀ ਮਰ ਜਾਂਦੇ ਸਨ।

ਜੱਚਾ ਮੌਤ ਦਰ ਵੀ ਭਾਰਤ ਵਿਚ 2013 ਵਿਚ ਪ੍ਰਤੀ ਲੱਖ ਪਿੱਛੇ 230 ਸੀ ਜੋ ਵਿਕਸਤ ਮੁਲਕਾਂ ਨਾਲੋਂ 14 ਗੁਣਾ ਵੱਧ ਹੈ। ਭਾਰਤ ਤੇ ਨਾਈਜੀਰੀਆ ਵਿਚ ਸਭ ਤੋਂ ਵੱਧ ਜੱਚਾ ਮੌਤਾਂ ਹੁੰਦੀਆਂ ਹਨ। ਭਾਰਤ ਤੇ ਹੋਰ ਮੁਲਕਾਂ ਵਿਚ ਖੁੱਲ੍ਹੇ ਵਿਚ ਜੰਗਲ-ਪਾਣੀ ਜਾਣ ਵਾਲੇ ਲੋਕਾਂ ਦਾ ਅੰਕੜਾ ਵੀ ਨਿਰਾਸ਼ਾਜਨਕ ਹੈ। ਮਲੇਰੀਆ ਤੇ ਟੀ.ਬੀ. ਵਿਰੁੱਧ ਲੜਾਈ ਵੀ ਰੰਗ ਲਿਆ ਰਹੀ ਹੈ।

ਪੀਣ ਯੋਗ ਪਾਣੀ ਤੇ ਭੁੱਖਮਰੀ ਦੀ ਦਿਸ਼ਾ ਵਿਚ ਵੀ ਭਾਰਤ ਦੇ ਯਤਨ ਫਲਦਾਇਕ ਰਹੇ ਹਨ, ਪਰ ਹਾਲੇ ਸਫਰ ਬਾਕੀ ਹੈ। ਸ੍ਰੀ ਬਾਨ ਕੀ ਮੂਨ ਨੇ ਮੈਂਬਰ ਮੁਲਕਾਂ ਨੂੰ ਸਾਰੇ ਰਹਿੰਦੇ ਟੀਚੇ ਹਾਸਲ ਕਰਨ ਲਈ ਯਤਨ ਤੇਜ਼ ਕਰਨ ਦਾ ਸੱਦਾ ਦਿੱਤਾ ਹੈ।

# ਪੰਜਾਬ ਬਜਟ ਵਿਚ ਸਿਹਤ ਸੇਵਾਵਾਂ ਨੂੰ ਮਿਲੇਗੀ ਤਰਜੀਹ

**ਚੰਡੀਗੜ੍ਹ:** ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਵੱਲੋਂ 16 ਜੁਲਾਈ ਨੂੰ ਪੇਸ਼ ਕੀਤੇ ਜਾਣ ਵਾਲੇ ਪੰਜਾਬ ਦੇ ਬਜਟ ਵਿਚ ਕੋਈ ਨਵਾਂ ਟੈਕਸ ਲਾਉਣ ਦੀ ਤਜਵੀਜ਼ ਨਹੀਂ ਰੱਖੀ ਜਾਵੇਗੀ। ਇਸ ਤੋਂ ਇਲਾਵਾ ਬਜਟ ਦਾ ਇਕ ਵੱਡਾ ਹਿੱਸਾ ਸਿਹਤ, ਸਿੱਖਿਆ, ਦਿਹਾਤੀ ਸੜਕਾਂ ਵਿਚ ਸੁਧਾਰ ਤੇ ਸਿੰਜਾਈ ਪ੍ਰਣਾਲੀ ਦੀ ਮਜ਼ਬੂਤੀ ਲਈ ਰੱਖਿਆ ਜਾਵੇਗਾ।

ਬਜਟ ਦਾ ਆਕਾਰ 61000 ਕਰੋੜ ਰੁਪਏ ਦੇ ਆਸ-ਪਾਸ ਹੋਵੇਗਾ ਜੋ ਪਿਛਲੇ ਸਾਲ ਦੇ ਬਜਟ 56051 ਕਰੋੜ ਰੁਪਏ ਨਾਲੋਂ ਤਕਰੀਬਨ 10 ਫੀਸਦੀ ਜ਼ਿਆਦਾ ਹੋਵੇਗਾ। ਯੋਜਨਾ ਬਜਟ ਦਾ ਆਕਾਰ ਵੀ 2013-14 ਦੇ 16125 ਕਰੋੜ ਰੁਪਏ ਨਾਲੋਂ 12 ਫੀਸਦੀ ਵੱਧ ਭਾਵ 18000 ਕਰੋੜ ਰੁਪਏ ਹੋਵੇਗਾ। ਉਂਜ, ਮਾੜੀ ਖ਼ਬਰ ਇਹ ਹੈ ਕਿ ਪੰਜਾਬ ਵਿੱਤੀ ਪਾਏਦਾਰੀ ਦੇ ਆਪਣੇ ਟੀਚੇ ਦੀ ਪ੍ਰਾਪਤੀ ਕਰਨ ਵਿਚ ਇਕ ਫਿਰ ਨਾਕਾਮ ਹੋ ਗਿਆ ਹੈ। ਸੂਬੇ ਦਾ ਵਿੱਤੀ ਘਾਟਾ 2012-13 ਵਿਚ 9395 ਕਰੋੜ ਰੁਪਏ ਤੋਂ ਵਧ ਕੇ 2013-14 ਦੌਰਾਨ 9500 ਕਰੋੜ ਰੁਪਏ 'ਤੇ ਪੁੱਜ ਗਿਆ। ਵਿੱਤੀ ਪਾਏਦਾਰੀ ਲਈ ਇਹ ਸੂਬੇ ਦੀ ਕੁੱਲ ਘਰੇਲੂ ਪੈਦਾਵਾਰ ਦੇ ਤਿੰਨ ਫੀਸਦੀ ਤੋਂ ਵਧ ਨਹੀਂ ਹੋਣਾ ਚਾਹੀਦਾ।



ਮਾਲੀਆ ਘਾਟਾ 4632 ਕਰੋੜ ਰੁਪਏ ਰਹਿਣ ਦਾ ਅਨੁਮਾਨ ਹੈ ਜਦਕਿ ਸਰਕਾਰ ਨੇ ਚਾਲੂ ਮਾਲੀ ਸਾਲ ਦੌਰਾਨ ਇਹ ਘਾਟਾ ਕੇ 1746 ਕਰੋੜ ਰੁਪਏ 'ਤੇ ਲਿਆਉਣ ਦਾ ਟੀਚਾ ਮਿੱਥਿਆ ਸੀ। ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਦਾ ਕਹਿਣਾ ਹੈ ਕਿ ਪੰਜਾਬ ਵਿਚ ਪਿਛਲੇ ਸੱਤ ਸਾਲਾਂ ਦੌਰਾਨ ਮਾਲੀਆ ਪ੍ਰਾਪਤੀਆਂ ਵਿਚ ਵਾਧਾ ਸਭ ਤੋਂ ਘਟ ਦੇਖਣ ਨੂੰ ਮਿਲਿਆ ਹੈ ਪਰ ਮਾਲੀਆ ਪ੍ਰਾਪਤੀਆਂ ਵਿਚ ਕਮੀ ਦੇ ਬਾਵਜੂਦ ਅਸੀਂ ਮਾਲੀਆ ਘਾਟੇ ਵਿਚ 1000 ਕਰੋੜ ਰੁਪਏ ਦੀ ਕਮੀ ਲਿਆਉਣ ਵਿਚ ਸਫਲ ਰਹੇ ਹਾਂ। 2013-14 ਦੌਰਾਨ ਮਾਲੀਏ ਵਿਚ 17 ਫੀਸਦ ਵਾਧੇ ਦਾ ਟੀਚਾ ਰੱਖਿਆ ਗਿਆ ਸੀ ਪਰ ਇਹ 9 ਫੀਸਦ ਰਿਹਾ ਹੈ।

# ਆਸਟਰੇਲੀਆ ਵਿਚ ਸੰਸਦੀ ਚੋਣ ਲੜੇਗੀ ਪੰਜਾਬ ਦੀ ਜਾਈ

**ਮੈਲਬਰਨ:** ਆਸਟਰੇਲੀਆ ਦੇ ਇਤਿਹਾਸ ਵਿਚ ਪਹਿਲੀ ਵਾਰ ਇਕ ਪੰਜਾਬਣ ਇਸ ਵਾਰ ਸੂਬਾਈ ਚੋਣਾਂ ਲੜੇਗੀ। ਮੁਲਕ ਦੇ ਦੱਖਣੀ ਸੂਬੇ, ਵਿਕਟੋਰੀਆ ਦੀਆਂ ਨਵੰਬਰ ਵਿਚ ਹੋਣ ਵਾਲੀਆਂ ਸੰਸਦੀ ਚੋਣਾਂ ਲਈ ਅਮਿਤਾ ਗਿੱਲ ਨੂੰ ਸੱਤਾਧਾਰੀ ਲਿਬਰਲ ਪਾਰਟੀ ਆਫ ਆਸਟਰੇਲੀਆ ਨੇ ਉਮੀਦਵਾਰ ਐਲਾਨਿਆ ਹੈ। ਪਾਰਟੀ ਦੀ ਪ੍ਰਸ਼ਾਸਕੀ ਕਮੇਟੀ ਵੱਲੋਂ ਅਮਿਤਾ ਗਿੱਲ ਦੀ ਚੋਣ ਕੀਤੀ ਗਈ ਹੈ। ਮੈਲਬਰਨ ਦੇ ਉੱਤਰੀ ਇਲਾਕੇ ਵਿਚ ਪੈਂਦੀ ਬੰਡੂਰਾ ਸੀਟ ਤੋਂ ਗਿੱਲ ਉਮੀਦਵਾਰ ਹੋਵੇਗੀ। ਪੰਜਾਬ ਤੋਂ ਮੋਗਾ ਜ਼ਿਲ੍ਹੇ ਦੇ ਪਿੰਡ ਰਣੀਕੇ ਨਾਲ ਸਬੰਧਤ ਅਮਿਤਾ ਦਾ ਪਿਛੋਕੜ ਸਿੱਖ ਪਰਿਵਾਰ ਨਾਲ ਸਬੰਧਤ ਹੈ। ਉਸ ਦੇ ਪਿਤਾ ਭਾਰਤੀ ਫੌਜ ਵਿਚ ਬ੍ਰਿਗੇਡੀਅਰ ਰਿਟਾਇਰ ਹੋਏ ਸਨ। ਪਰਿਵਾਰ ਸਮੇਤ 2005 ਵਿਚ ਆਸਟਰੇਲੀਆ ਆਉਣ ਮਗਰੋਂ ਉਹ ਹੁਣ ਆਪਣੇ ਪਤੀ ਨਾਲ ਮਿਲ ਕੇ ਇਥੇ ਇਕ ਕਾਲਜ ਚਲਾ ਰਹੀ ਹੈ।



# ਹਰਿਆਣਾ ਸਰਕਾਰ ਦੇ ਕਾਨੂੰਨੀ ਅਧਿਕਾਰ 'ਤੇ ਸਵਾਲ

*(ਸਫਾ ਇਕ ਦੀ ਬਾਕੀ)*

ਕਾਨੂੰਨੀ ਮਾਹਿਰਾਂ ਦੀ ਰਾਏ ਬਿਲਕੁਲ ਹੀ ਵੱਖਰੀ ਹੈ। ਕਾਨੂੰਨਦਾਨਾਂ ਦਾ ਕਹਿਣਾ ਹੈ ਕਿ ਪੰਜਾਬ ਪੁਨਰ ਗਠਨ ਐਕਟ ਦੀ ਧਾਰਾ 72 ਤੇ ਸੰਵਿਧਾਨ ਦੀ ਸਾਂਝੀ ਸੂਚੀ ਮੁਤਾਬਿਕ ਹਰਿਆਣਾ ਸਰਕਾਰ ਵੱਖਰਾ ਹਰਿਆਣਾ ਗੁਰਦੁਆਰਾ ਐਕਟ ਬਣਾਉਣ ਦਾ ਪੂਰਾ ਕਾਨੂੰਨੀ ਹੱਕ ਰੱਖਦੀ ਹੈ। ਵਿਧਾਨ ਸਭਾ ਵਿਚ ਪੇਸ਼ ਬਿੱਲ ਪਾਸ ਹੋਣ ਬਾਅਦ ਸੰਵਿਧਾਨਕ ਪ੍ਰਕਿਰਿਆ ਅਨੁਸਾਰ ਰਾਜਪਾਲ ਕੋਲ ਜਾਵੇਗਾ ਤੇ ਉਨ੍ਹਾਂ ਵੱਲੋਂ ਸਹੀ ਪਾਉਣ ਬਾਅਦ ਕਾਨੂੰਨ ਦਾ ਰੂਪ ਧਾਰ ਲਵੇਗਾ। ਪੰਜਾਬ ਦੇ ਸਾਬਕਾ ਐਡਵੋਕੇਟ ਜਨਰਲ ਰਾਜਿੰਦਰ ਸਿੰਘ ਚੀਮਾ ਦਾ ਕਹਿਣਾ ਹੈ ਕਿ ਪੰਜਾਬ ਦੇ ਬਟਵਾਰੇ ਦੇ ਪਹਿਲੇ ਦਿਨ ਤੋਂ ਹੀ ਕਾਰਪੋਰੇਟ ਸੰਸਥਾਵਾਂ ਭਾਵ ਪੰਜਾਬ ਯੂਨੀਵਰਸਿਟੀ, ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਹਿਲਾਂ ਵਾਂਗ ਹੀ ਆਪਣੇ ਕਾਰਜ ਖੇਤਰ ਵਿਚ ਕਾਰਜਸ਼ੀਲ ਰਹਿਣਗੀਆਂ। ਜਦ ਤੱਕ ਬਦਲਵਾਂ ਕਾਨੂੰਨੀ ਪ੍ਰਬੰਧ ਨਹੀਂ ਹੁੰਦਾ ਤਦ ਤੱਕ ਕੇਂਦਰੀ ਨਿਰਦੇਸ਼ਾਂ ਅਨੁਸਾਰ ਕੰਮ ਚਲਦਾ ਰਹੇਗਾ। ਐਕਟ ਦੀ ਧਾਰਾ 72 ਦੀ ਉਪ ਧਾਰਾ 3 ਵਿਚ ਸਪਸ਼ਟ ਹੈ ਕਿ ਜਦ ਬਦਲਵਾਂ ਕਾਨੂੰਨ ਬਣ ਗਿਆ ਤਾਂ ਪਹਿਲਾ ਪ੍ਰਬੰਧ ਆਪਣੇ ਆਪ ਹੀ ਵਜੂਦ ਖਤਮ ਕਰ ਲਵੇਗਾ।

ਅਜਿਹਾ ਬਿੱਲ ਪੇਸ਼ ਕਰਨ ਲਈ ਜਾਂ ਕਾਨੂੰਨ ਪਾਸ ਕਰਨ ਲਈ ਰਾਸ਼ਟਰਪਤੀ ਦੀ ਪ੍ਰਵਾਨਗੀ ਦੀ ਕੋਈ ਜ਼ਰੂਰਤ ਨਹੀਂ। ਦੇਸ਼ ਦੇ ਉੱਘੇ ਕਾਨੂੰਨੀ ਮਾਹਰ ਤੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਕੁਲਦੀਪ ਸਿੰਘ ਨੇ ਇਹ ਗੱਲ ਦੁਹਰਾਈ ਹੈ ਕਿ ਪੰਜਾਬ ਦੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਪੰਜਾਬ ਅਸੈਂਬਲੀ 1925 ਵਿਚ ਪਹਿਲਾਂ ਹੀ ਕਾਨੂੰਨ ਪਾਸ ਕਰ ਚੁੱਕੀ ਹੈ। 1966 ਵਿਚ ਬਣੇ ਪੰਜਾਬ ਪੁਨਰਗਠਨ ਐਕਟ ਦੀ ਧਾਰਾ 72 ਵਿਚ ਜਦ ਤੱਕ ਬਦਲਵਾਂ ਕਾਨੂੰਨ ਪਾਸ ਨਹੀਂ ਹੋ ਜਾਂਦਾ, ਤਦ ਤੱਕ ਕੇਂਦਰੀ ਸਰਕਾਰ ਦੇ ਨਿਰਦੇਸ਼ਾਂ ਮੁਤਾਬਿਕ ਕੰਮ ਚਲਾਉਣ ਦੀ ਗੱਲ ਕਹੀ ਹੈ। ਫਿਰ ਜਦ ਬਦਲਵਾਂ ਪ੍ਰਬੰਧ ਹੋ ਗਿਆ ਤਾਂ ਪੁਨਰਗਠਨ ਐਕਟ ਆਪਣੇ-ਆਪ ਹੀ ਖਤਮ ਹੋ ਜਾਂਦਾ ਹੈ। ਉਨ੍ਹਾਂ ਉਦਾਹਰਨ ਦਿੱਤੀ ਕਿ ਜਦ ਹਰਿਆਣਾ ਨੇ ਖੇਤੀ ਯੂਨੀਵਰਸਿਟੀ ਹਰਿਆਣਾ ਬਣਾ ਲਈ ਤਾਂ ਪੰਜਾਬ ਖੇਤੀ ਯੂਨੀਵਰਸਿਟੀ ਦਾ ਹਰਿਆਣਾ ਦੇ ਕਾਲਜਾਂ ਤੋਂ ਦਖ਼ਲ ਆਪਣੇ-ਆਪ ਹੀ ਖਤਮ ਹੋ ਗਿਆ।

ਸਾਬਕਾ ਐਡਵੋਕੇਟ ਜਨਰਲ ਗੁਰਦਰਸ਼ਨ ਸਿੰਘ ਗਰੇਵਾਲ ਦਾ ਵੀ ਕਹਿਣਾ ਹੈ ਕਿ ਰਾਜਾਂ ਦੇ ਬਟਵਾਰੇ ਤੋਂ ਬਾਅਦ ਕਿਸੇ ਇਕ ਰਾਜ ਵੱਲੋਂ ਕਾਨੂੰਨ ਪਾਸ ਕਰਨ ਲਈ ਰਾਸ਼ਟਰਪਤੀ ਦੀ ਪ੍ਰਵਾਨਗੀ ਦੀ ਕੋਈ ਜ਼ਰੂਰਤ ਨਹੀਂ ਰਹਿੰਦੀ। ਉਨ੍ਹਾਂ ਮਿਸਾਲ ਦਿੱਤੀ ਕਿ ਪੰਜਾਬ ਖੇਤੀ ਯੂਨੀਵਰਸਿਟੀ ਦਾ ਕਾਰਜ ਖੇਤਰ ਤਿੰਨ ਰਾਜਾਂ ਤੱਕ ਸੀ, ਪਰ ਜਦ ਹਰਿਆਣਾ ਨੇ ਨਵੀਂ ਯੂਨੀਵਰਸਿਟੀ ਦਾ ਕਾਨੂੰਨ ਬਣਾਇਆ ਤਾਂ ਰਾਸ਼ਟਰਪਤੀ ਤੋਂ ਕੋਈ ਮਨਜ਼ੂਰੀ ਨਹੀਂ ਲਈ। ਵਿਧਾਨ ਸਭਾ ਵੱਲੋਂ ਪਾਸ ਕਰਨ 'ਤੇ ਰਾਜਪਾਲ ਦੇ ਸਹੀ ਪੈਣ ਨਾਲ ਇਹ ਕਾਨੂੰਨ ਬਣ ਗਿਆ ਤੇ ਪੰਜਾਬ ਖੇਤੀ ਯੂਨੀਵਰਸਿਟੀ ਹੇਠਲੇ ਹਰਿਆਣਾ ਰਾਜ ਅੰਦਰਲੇ ਸਾਰੇ ਖੇਤੀ ਕਾਲਜ ਉਸ ਯੂਨੀਵਰਸਿਟੀ ਦੇ ਅਧੀਨ ਚਲੇ ਗਏ।

ਪੰਜਾਬ ਦੇ ਸਾਬਕਾ ਮੁੱਖ ਸਕੱਤਰ ਰਮੇਸ਼ਇੰਦਰ ਸਿੰਘ ਦਾ ਕਹਿਣਾ ਹੈ ਕਿ ਦੋਵਾਂ ਰਾਜਾਂ ਨਾਲ ਸਬੰਧਿਤ ਮਾਮਲਾ ਹੋਣ ਕਾਰਨ ਰਾਸ਼ਟਰਪਤੀ ਦੀ ਪ੍ਰਵਾਨਗੀ ਲੈਣੀ ਜ਼ਰੂਰੀ ਹੋਵੇਗੀ। ਉਨ੍ਹਾਂ ਦਾ ਮੰਨਣਾ ਹੈ ਕਿ ਹਰਿਆਣਾ ਵਿਧਾਨ ਸਭਾ ਬਿਲ ਪਾਸ ਕਰਕੇ ਕੇਂਦਰੀ ਗ੍ਰਹਿ ਵਿਭਾਗ ਨੂੰ ਭੇਜੇਗੀ ਅਤੇ ਗ੍ਰਹਿ ਵਿਭਾਗ ਦੀ ਸਿਫਾਰਸ਼ ਉਪਰ ਹੀ ਰਾਸ਼ਟਰਪਤੀ ਹਾਂ ਜਾਂ ਨਾਂਹ ਕਹਿਣਗੇ।

# ਵੱਖਰੀ ਕਮੇਟੀ ਬਾਰੇ ਬਾਦਲਾਂ ਦੀ ਇਕ ਨਾ ਚੱਲੀ

*(ਸਫਾ ਇਕ ਦੀ ਬਾਕੀ)*

ਦਾ ਐਲਾਨ ਹਰਿਆਣਾ ਵਿਚ ਆ ਰਹੀਆਂ ਵਿਧਾਨ ਸਭਾ ਚੋਣਾਂ ਤੋਂ ਡਰਦਿਆਂ ਕੀਤਾ ਜਾ ਰਿਹਾ ਹੈ ਕਿਉਂਕਿ ਲੋਕ ਸਭਾ ਚੋਣਾਂ ਵਿਚ ਦੇਸ਼ ਦੇ ਲੋਕਾਂ ਨੇ ਕਾਂਗਰਸ ਪਾਰਟੀ ਨੂੰ ਨਕਾਰ ਦਿੱਤਾ ਹੈ।

ਅਸਲ ਵਿਚ ਸਿੱਖ ਸਿਆਸਤ ਦੇ ਦੋ ਦਹਾਕਿਆਂ ਤੋਂ ਸ਼ਾਹ-ਅਸਵਾਰ ਬਣ ਕੇ ਵਿਚਰਦੇ ਆ ਰਹੇ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਹਰਿਆਣਾ ਗੁਰਦੁਆਰਾ ਕਮੇਟੀ ਬਣਨ ਨਾਲ ਵੱਡੀ ਵੰਗਾਰ ਮਿਲ ਸਕਦੀ ਹੈ। ਹਰਿਆਣਾ ਕਮੇਟੀ ਬਣਨ ਨਾਲ ਬਾਦਲ ਦਲ ਦੇ ਖਿਲਾਫ ਇਕ ਬਦਲਵਾਂ ਪਲੇਟਫਾਰਮ ਖੜ੍ਹਾ ਹੋਣ ਦੀ ਸੰਭਾਵਨਾ ਬਣ ਗਈ ਹੈ।

ਇਸ ਤੋਂ ਪਹਿਲਾਂ ਦਿੱਲੀ ਵਿਚ ਪਰਮਜੀਤ ਸਿੰਘ ਸਰਨਾ ਧੜਾ, ਬਾਦਲ ਦਲ ਵਿਰੁੱਧ ਬਦਲਵੇਂ ਧੜੇ ਵਜੋਂ ਕੰਮ ਕਰ ਰਿਹਾ ਸੀ ਪਰ 2013 ਦੀਆਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਲਾਮਿਸਾਲ ਜਿੱਤ ਹਾਸਲ ਕਰਕੇ ਬਾਦਲ ਦਲ ਨੇ ਸਿੱਖਾਂ ਦੀ ਇਕੋ-ਇਕ ਸਿਰਮੌਰ ਸਿਆਸੀ ਸੰਸਥਾ ਹੋਣ ਦਾ ਖਿਤਾਬ ਹਾਸਲ ਕਰ ਲਿਆ। ਸਾਲ 2011 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੌਰਾਨ ਹਰਿਆਣਾ ਵਿਚ ਇਕ ਨੂੰ ਛੱਡ ਕੇ ਸਾਰੀਆਂ ਸੀਟਾਂ ਜਿੱਤ ਲੈਣ ਬਾਅਦ ਸ਼੍ਰੋਮਣੀ ਅਕਾਲੀ ਦਲ ਇਸ ਨੂੰ ਵੱਖਰੀ ਕਮੇਟੀ ਵਿਰੁੱਧ ਸਿੱਖ ਸੰਗਤ ਦਾ ਫਤਵਾ ਹੀ ਕਰਾਰ ਦੇਣ ਲੱਗ ਪਿਆ ਸੀ।

ਹਰਿਆਣਾ ਸਰਕਾਰ ਵੱਲੋਂ ਅਕਤੂਬਰ ਵਿਚ ਆ ਰਹੀਆਂ ਵਿਧਾਨ ਸਭਾ ਚੋਣਾਂ ਨੂੰ ਸਾਹਮਣੇ ਰੱਖ ਕੇ ਵੱਖਰੀ ਸਿੱਖ ਗੁਰਦੁਆਰਾ ਕਮੇਟੀ ਬਣਾਉਣ ਦਾ ਅਪਨਾਇਆ ਪੈਂਤੜਾ ਚੋਣਾਂ ਵਿਚ ਕਾਂਗਰਸ ਦੇ ਰਾਸ ਆ ਸਕਦਾ ਹੈ ਪਰ ਅਕਾਲੀ ਦਲ ਬਾਦਲ ਲਈ ਚੁਣੌਤੀਆਂ ਵੀ ਪੇਸ਼ ਕਰ ਸਕਦਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਢਿੱਲੋਂ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਕੈਲੀਫੋਰਨੀਆ ਗਤਕਾ ਦਲ ਵਲੋਂ ਆਜ਼ਾਦੀ ਪਰੇਡ 'ਚ ਸ਼ਮੂਲੀਅਤ

**ਫਰੀਮਾਂਟ (ਬਿਊਰੋ):** ਅਮਰੀਕੀ ਆਜ਼ਾਦੀ ਦਿਹਾੜੇ ਮੌਕੇ ਕੈਲੀਫੋਰਨੀਆ ਗਤਕਾ ਦਲ ਨੇ ਸਥਾਨਕ ਗੁਰਦੁਆਰਾ ਸਾਹਿਬਾਨ, ਪੰਥਕ ਜਥੇਬੰਦੀਆਂ ਤੇ ਸੰਗਤਾਂ ਦੇ ਸਹਿਯੋਗ ਨਾਲ ਕੈਲੀਫੋਰਨੀਆ ਦੇ 5 ਸ਼ਹਿਰਾਂ ਵਿਚ ਅਮਰੀਕੀ ਆਜ਼ਾਦੀ ਪਰੇਡਾਂ ਵਿਚ ਹਿੱਸਾ ਲੈਂਦਿਆਂ ਸਿੱਖ ਪਛਾਣ, ਸਿੱਖ ਮਾਰਸ਼ਲ ਆਰਟ ਤੇ ਸਿੱਖ ਆਜ਼ਾਦੀ, ਖਾਲਿਸਤਾਨ ਬਾਰੇ ਜਾਗਰੂਕਤਾ ਪੈਦਾ ਕੀਤੀ।

ਫਰੀਮਾਂਟ, ਟਰਲਕ, ਮਨਟੀਕਾ, ਸੈਨ ਜੈਸੀਂਟੋ ਤੇ ਸਟਾਕਟਨ ਸ਼ਹਿਰਾਂ ਵਿਚ ਨਿਕਲਦੀਆਂ ਵੱਡੀਆਂ ਪਰੇਡਾਂ ਵਿਚ ਹਿੱਸਾ ਲੈਂਦਿਆਂ ਕੈਲੀਫੋਰਨੀਆ ਗਤਕਾ ਦਲ ਨੇ ਗਤਕੇ ਦੇ ਜੌਹਰ ਵਿਖਾ ਕੇ ਗੋਰਿਆਂ, ਕਾਲਿਆਂ, ਚੀਨਿਆਂ, ਫਿਲਪੀਨਿਆ, ਲਤੀਨੀ ਅਮਰੀਕੀ ਤੇ ਹੋਰ ਭਾਈਚਾਰਿਆਂ ਨੂੰ ਹੈਰਾਨ ਵੀ ਕੀਤਾ ਤੇ ਤਾੜੀਆਂ ਵੀ ਲਈਆਂ। ਸ਼ਹਿਰੀ ਸਰਕਾਰਾਂ ਤੇ ਮੋਹਤਬਰ ਅਫਸਰਾਂ, ਪੁਲਿਸ, ਅੱਗ ਬੁਝਾਊ ਤੇ ਹੋਰ ਸਰਕਾਰੀ ਮਹਿਮਕਮਿਆਂ ਦੇ ਦਰਸ਼ਕਾਂ ਨੂੰ ਸਿੱਖ ਕੌਮ ਦੀ ਪਛਾਣ ਅਤੇ ਸਿੱਖ ਧਰਮ ਦੀ ਹੋਂਦ ਬਾਰੇ ਚਾਨਣਾ ਪਾਇਆ। ਸਿੱਖ ਹੋਂਦ ਲਈ ਜ਼ਰੂਰੀ ਸਿੱਖ ਆਜ਼ਾਦੀ ਖਾਲਿਸਤਾਨ ਬਾਰੇ ਵਿਸਥਾਰ ਨਾਲ ਜਾਣਕਾਰੀ ਵੀ ਮੁਹੱਈਆ ਕਰਵਾਈ ਗਈ। ਇਸ ਤੋਂ ਇਲਾਵਾ ਸਿੱਖ ਹਥਿਆਰਾਂ ਦੀ ਜਾਣਕਾਰੀ ਤੇ ਵਰਤੋਂ ਦੇ ਢੰਗ-ਤਰੀਕਿਆਂ ਬਾਰੇ ਗਤਕੇ ਰਾਹੀਂ ਜਾਣਕਾਰੀ ਵੀ ਦਿੱਤੀ ਗਈ। ਇਸ ਪਰੇਡ ਵਿਚ ਵੱਖ ਵੱਖ ਰੰਗਾਂ ਦੇ ਚੋਲਿਆਂ-ਦਸਤਾਰਾਂ ਨਾਲ ਸਜੇ ਸਿੱਖਾਂ ਦੇ ਜ਼ਰੀਏ ਅਮਰੀਕੀ ਮੂਲ ਦੇ ਲੋਕਾਂ ਨੇ ਸਿੱਖ ਸਭਿਆਚਾਰ ਤੇ ਪਹਿਰਾਵੇ ਬਾਰੇ ਸੂਚਨਾ ਹਾਸਲ ਕੀਤੀ।

ਗਤਕੇ ਦੇ ਜੌਹਰ ਵਿਖਾਉਣ ਦੀ ਸੇਵਾ ਵਿਚ ਸੈਨ ਜੈਸੀਂਟੋ ਦੀ ਪਰੇਡ ਵਿਚ ਰਿਵਰਸਾਈਡ ਦੇ ਜਥੇਦਾਰ ਭਾਈ ਜਤਿੰਦਰਬੀਰ ਸਿੰਘ ਹੁਰਾਂ ਸੰਤ-ਸਿਪਾਹੀ ਦੇ ਮਹਾਨ ਜਜ਼ਬੇ ਨੂੰ ਗਤਕੇ ਰਾਹੀਂ ਪੇਸ਼ ਕੀਤਾ। ਸਟਾਕਟਨ ਵਿਚ ਭਾਈ ਅਜੈ ਸਿੰਘ ਤੇ ਤੇਜਪਾਲ ਸਿੰਘ ਬੈਨੀਵਾਲ ਨੇ ਸਥਾਨਕ ਤੇ ਐਲ ਸਬਰਾਂਟੇ ਗੁਰਦੁਆਰਾ ਸਾਹਿਬ ਦੀਆਂ ਫੌਜਾਂ ਨਾਲ ਗਤਕੇ ਦੇ ਜੌਹਰ ਵਿਖਾਏ। ਮਨਟੀਕਾ ਵਿਚ ਭਾਈ ਜਸਪ੍ਰੀਤ ਸਿੰਘ ਲਵਲਾ ਨੇ ਲੈਥਰੋਪ, ਫਰੈਂਚ ਕੈਂਪ ਤੇ ਮਾਡੈਸਟੋ ਦੀਆਂ ਗਤਕਾ ਫੌਜਾਂ ਨਾਲ ਪ੍ਰਦਰਸ਼ਨ ਕੀਤੇ। ਭਾਈ ਗੁਰਦੀਪ ਸਿੰਘ ਨੇ ਜਲ ਦੀ ਸੇਵਾ ਕੀਤੀ।

ਫਰੀਮਾਂਟ ਵਿਚ ਭਾਈ ਬਲਜੀਤ ਸਿੰਘ ਨੇ ਗੁਰਦੁਆਰਾ ਫਰੀਮਾਂਟ ਦੇ ਸਹਿਯੋਗ ਨਾਲ ਗਤਕੇ ਦਾ ਜ਼ੋਰਦਾਰ ਪ੍ਰਦਰਸ਼ਨ ਕੀਤਾ। ਸਭ ਥਾਂਵਾਂ ਉਤੇ ਜਲ ਦੀ ਸੇਵਾ ਸਿੱਖ ਭਾਈਚਾਰੇ ਵੱਲੋਂ ਕੀਤੀ ਗਈ। ਫਰੀਮਾਂਟ ਵਿਚ ਸਿੱਖ ਮੋਟਰ ਸਾਈਕਲ ਕਲੱਬ ਵਾਲਿਆਂ ਵੀ ਆਜ਼ਾਦੀ ਪਰੇਡ ਵਿਚ ਹਿੱਸਾ ਲਿਆ।





# Golden State Realty

**Sacramento Office: 9912 Kapalua Ln., Elk Grove, CA 95624**

**Tel: 916-612-5773**

*Courtesy of Sales Manager Traci Lill, Meadows at Galt*

| The Poppy ~ Plan 1 | 4 Bedrooms, 2 & half Baths, Two-Car Garage | | | | |
|---|---|---|---|---|---|
| Address | Lot# | Lot Size | Elevation | Options In Home | Price |
| 722 Elk Hills Drive | 22 | 7076 | B | $10,662 | $326,652 |
| 714 Elk Hills Drive | 24 | 6672 | C | $2,750 | $318,740 |

| The Poppy ~ Plan 2 | 4 Bedrooms, 3 Baths, Three-Car Tandem Garage | | | | |
|---|---|---|---|---|---|
| Address | Lot# | Lot Size | Elevation | Options In Home | Price |
| 718 Elk Hills Drive | 23 | 6667 | C | $7,115 | $330,105 |
| 710 Elk Hills Drive | 25 | 6688 | A | $2,200 | Sold |

| The Poppy ~ Plan 3 | 4 Bedrooms, 3 Baths, Three-Car Tandem Garage | | | | |
|---|---|---|---|---|---|
| Address | Lot# | Lot Size | Elevation | Options In Home | Price |
| 938 Fermoy Way | 30 | 7559 | A | $8,300 | $341,290 |
| 942 Fermoy Way | 31 | 7167 | C | $7,300 | $340,290 |

| The Poppy ~ Plan 4 | 6 Bedrooms, 3 & half Baths, Three-Car Garage | | | | |
|---|---|---|---|---|---|
| Address | Lot# | Lot Size | Elevation | Options In Home | Price |
| 950 Fermoy Way | 33 | 7220 | A | $16,980 | $376,970 |
| 926 Fermoy Way | 17 | 6615 | C | $3,725 | $366,715 |
| 934 Fermoy Way | 29 | 6500 | B | $3,475 | $366,465 |



**Sohanpreet (Sam) Chahal**
CA Lic. 01504071
**Realtor/Notary Public**
email:samchahal@hotmail.com

***Call: Sohanpreet 'Sam' Chahal***
**@916-612-5773**
**Serving from Bay Area to Sacramento**

Seller/Builder reserves the right to modify elevations, floor plans, specifications, materials, maps and prices without notice or obligation. All renderings, floor plans and maps are artist conceptions and may not reflect actual depiction. Prices will vary depending upon lot size, exterior elevations and pre-selected optional features. All square footage measurements, elevations, lot sizes, floor plans and room dimensions are approximate. Subject to Prior Sale. This advertisement is for illustration purpose only and not a part of a legal contract. Co-Op policy posted in Sale Office. Homes offered by The Meadows Galt 27, LLC. Built by Beck, Stockton CA. 6.13.14



# Reliable and Experienced Real Estate Professional

**ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ**

**ਗੁਰਬੰਸ ਸਿੰਘ ਗਿੱਲ, ਫੋਨ: 209-815-1869**

*Bay Area *Tracy *Manteca * Lathrop * Weston Ranch
*Stockton *Lodi *Elk Grove *Sacramento *Modesto *Turlock
*Brentwood *Antioch *Oakley *Discovery Bay

**We Specialize in Bankowned, Foreclosure and Short Sale Homes**

**For Sale & Purchase of Residential, Commercial Property and AG-Land**

*ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ*
*ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ*

*ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ*
*ਗੁਰਬੰਸ ਗਿੱਲ, ਫੋਨ: 209-815-1869*



**Gurbans Singh Gill**
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

**Gurbans Gill 209-815-1869**



# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

**ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ**

*ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ*
*ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ*

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

**Kashmir S. Thandi**
**Office: (866) 933-3038**
**Balhar S. Ranu Cell:916-502-7733**
**Yuba City Ph:530-419-5058**
**1816 Main Ave., Secramento CA, 95838**

# ਪੰਜਾਬ ਸਰਕਾਰ ਨੇ ਕੇਂਦਰੀ ਸਕੀਮਾਂ ਦੀ ਮਾਇਆ 'ਤੇ ਮਾਰੀ ਕੁੰਡਲੀ

## ਹੁਣ ਕੇਂਦਰ ਤੋਂ ਅਗਲੀ ਗਰਾਂਟ ਵੀ ਨਹੀਂ ਮਿਲੇਗੀ



**ਚੰਡੀਗੜ੍ਹ:** ਪੰਜਾਬ ਸਰਕਾਰ ਦੀ ਮਾਲੀ ਤੰਗੀ ਦੀ ਮਾਰ ਅਕਸਰ ਗਰੀਬਾਂ ਨੂੰ ਝੱਲਣੀ ਪੈਂਦੀ ਹੈ। ਸੂਬਾ ਸਰਕਾਰ ਨੇ ਕੇਂਦਰ ਵੱਲੋਂ ਸੂਬੇ ਵਿਚਲੇ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਬਜ਼ੁਰਗਾਂ, ਵਿਧਵਾਵਾਂ ਤੇ ਅੰਗਹੀਣਾਂ ਨੂੰ ਦਿੱਤੀਆਂ ਜਾਂਦੀਆਂ ਪੈਨਸ਼ਨਾਂ ਦਾ ਭੁਗਤਾਨ ਇਕ ਸਾਲ ਤੋਂ ਰੋਕ ਰੱਖਿਆ ਹੈ। ਸੂਬਾ ਸਰਕਾਰ ਵੱਲੋਂ ਸਾਲ 2013-14 ਦੌਰਾਨ ਪੈਨਸ਼ਨ ਲਈ ਆਈ ਗਰਾਂਟ ਦਾ ਭੁਗਤਾਨ ਨਾ ਕੀਤੇ ਜਾਣ ਕਾਰਨ ਕੇਂਦਰ ਸਰਕਾਰ ਨੇ ਚਲੰਤ ਮਾਲੀ ਸਾਲ (2014-15) ਦੌਰਾਨ ਦਿੱਤੀ ਜਾਣ ਵਾਲੀ ਗਰਾਂਟ 'ਤੇ ਵੀ ਰੋਕ ਲਗਾ ਦਿੱਤੀ ਹੈ।

ਸੂਤਰਾਂ ਦਾ ਕਹਿਣਾ ਹੈ ਕਿ ਲੰਘੇ ਮਾਲੀ ਵਰ੍ਹੇ ਦੌਰਾਨ ਕੇਂਦਰ ਸਰਕਾਰ ਨੇ ਤਿੰਨਾਂ ਪੈਨਸ਼ਨ ਸਕੀਮਾਂ ਲਈ 64.32 ਕਰੋੜ ਰੁਪਏ ਦੀ ਰਕਮ ਸੂਬਾ ਸਰਕਾਰ ਨੂੰ ਦਿੱਤੀ ਸੀ। ਸੂਬੇ ਦੇ ਸਮਾਜਿਕ ਸੁਰੱਖਿਆ ਵਿਭਾਗ ਨੇ ਪੈਨਸ਼ਨਾਂ ਦੇ ਭੁਗਤਾਨ ਲਈ ਵਿੱਤ ਵਿਭਾਗ ਤੱਕ ਪਹੁੰਚ ਕੀਤੀ ਤਾਂ ਵਿੱਤ ਵਿਭਾਗ ਨੇ 53 ਕਰੋੜ ਰੁਪਏ ਦੀ ਰਕਮ ਜਾਰੀ ਕਰ ਦਿੱਤੀ। ਇਸ ਤੋਂ ਬਾਅਦ ਖ਼ਜ਼ਾਨੇ ਵਿਚੋਂ 20 ਕਰੋੜ ਰੁਪਏ ਦੀ ਰਕਮ ਦਾ ਹੀ ਭੁਗਤਾਨ ਹੋਇਆ। ਇਸੇ ਤਰ੍ਹਾਂ ਕੇਂਦਰ ਸਰਕਾਰ ਨੇ 2013-14 ਦੌਰਾਨ ਹੀ 11.23 ਕਰੋੜ ਰੁਪਏ ਪੈਨਸ਼ਨ ਸਕੀਮਾਂ ਲਈ ਵੱਖਰੇ ਤੌਰ 'ਤੇ ਜਾਰੀ ਕੀਤੇ। ਇਸ ਪੈਸੇ ਨੂੰ ਜਾਰੀ ਕਰਨ ਲਈ ਤਾਂ ਵਿੱਤ ਵਿਭਾਗ ਨੇ ਵੀ ਚੁੱਪ ਧਾਰ ਲਈ। ਇਸ ਤਰ੍ਹਾਂ ਨਾਲ ਲੰਘੇ ਮਾਲੀ ਸਾਲ ਦੌਰਾਨ 64 ਕਰੋੜ 32 ਲੱਖ ਰੁਪਏ ਵਿਚੋਂ 20 ਕਰੋੜ ਰੁਪਏ ਹੀ ਜਾਰੀ ਹੋ ਸਕੇ ਤੇ ਵਿਭਾਗ ਬਿਰਧਾਂ ਨੂੰ ਜੂਨ, ਵਿਧਵਾਵਾਂ ਤੇ ਅੰਗਹੀਣਾਂ ਨੂੰ ਅਗਸਤ ਮਹੀਨੇ ਤੱਕ ਹੀ ਪੈਨਸ਼ਨ ਦੇ ਸਕਿਆ। ਇੰਦਰਾ ਗਾਂਧੀ ਨੈਸ਼ਨਲ ਓਲਡ ਏਜ ਪੈਨਸ਼ਨ ਸਕੀਮ ਤਹਿਤ ਬਿਰਧਾਂ ਨੂੰ 60 ਤੋਂ 79 ਸਾਲ ਦੀ ਉਮਰ ਤੱਕ 200 ਰੁਪਏ ਪ੍ਰਤੀ ਮਹੀਨਾ ਤੇ 80 ਸਾਲ ਦੀ ਉਮਰ ਤੋਂ ਬਾਅਦ 500 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾਂਦੀ ਹੈ।

ਕੇਂਦਰ ਸਰਕਾਰ ਦੇ ਨਿਯਮਾਂ ਮੁਤਾਬਕ ਸੂਬਾ ਸਰਕਾਰਾਂ ਇਕ ਮਾਲੀ ਸਾਲ ਦੌਰਾਨ ਪੈਨਸ਼ਨ ਲਈ ਮਿਲੀ ਗਰਾਂਟ ਦੀ ਜੇਕਰ 50 ਫ਼ੀਸਦੀ ਵਰਤੋਂ ਕਰਕੇ ਸਰਟੀਫਿਕੇਟ ਭੇਜ ਦਿੰਦੀਆਂ ਹਨ ਤਾਂ ਉਹ ਅਗਲੇ ਸਾਲ ਲਈ ਪੈਨਸ਼ਨ ਦੀ ਗਰਾਂਟ ਦੇ ਹੱਕਦਾਰ ਹੋਣਗੇ। ਪੰਜਾਬ ਵਿਚ ਇਨ੍ਹਾਂ ਯੋਜਨਾਵਾਂ ਅਧੀਨ ਗਰਾਂਟ ਦੀ ਵਰਤੋਂ ਮਹਿਜ਼ 30 ਫ਼ੀਸਦੀ ਹੀ ਹੋ ਸਕੀ ਹੈ। ਇਸ ਕਾਰਨ ਵਿਭਾਗ ਨੇ ਗਰਾਂਟ ਦੀ ਵਰਤੋਂ ਦੇ ਸਰਟੀਫਿਕੇਟ ਨਹੀਂ ਦਿੱਤੇ। ਕੇਂਦਰੀ ਸਮਾਜਿਕ ਸੁਰੱਖਿਆ ਮੰਤਰਾਲੇ ਵੱਲੋਂ 'ਇੰਦਰਾ ਗਾਂਧੀ ਨੈਸ਼ਨਲ ਓਲਡ ਏਜ, ਵਿਧਵਾ ਤੇ ਅੰਗਹੀਣਤਾ' ਨਾਮੀ ਪੈਨਸ਼ਨ ਦੀਆਂ ਤਿੰਨ ਸਕੀਮਾਂ ਚਲਾਈਆਂ ਜਾ ਰਹੀਆਂ ਹਨ। ਪੰਜਾਬ ਦੇ ਸਮਾਜਿਕ ਸੁਰੱਖਿਆ ਵਿਭਾਗ ਦੇ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਬੁਢਾਪਾ ਪੈਨਸ਼ਨ ਦਾ ਭੁਗਤਾਨ ਜੂਨ 2013 ਤੱਕ ਦਾ ਹੀ ਕੀਤਾ ਜਾ ਸਕਿਆ ਹੈ। ਇਸੇ ਤਰ੍ਹਾਂ ਪੈਨਸ਼ਨ ਦੀਆਂ ਦੂਜੀਆਂ ਯੋਜਨਾਵਾਂ ਅਧੀਨ ਅਗਸਤ 2013 ਤੱਕ ਹੀ ਅਦਾਇਗੀ ਕੀਤੀ ਗਈ ਹੈ।

ਪੰਜਾਬ ਵਿਚ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਪਰਿਵਾਰਾਂ ਦੇ ਬਿਰਧ ਜੋ ਇਸ ਸਕੀਮ ਤਹਿਤ ਆਉਂਦੇ ਹਨ, ਦੀ ਗਿਣਤੀ 155413 ਹੈ। ਅਜਿਹੇ ਪਰਿਵਾਰਾਂ ਦੀਆਂ ਵਿਧਵਾਵਾਂ ਦੀ ਗਿਣਤੀ 15859 ਤੇ ਅੰਗਹੀਣਾਂ ਦੀ ਗਿਣਤੀ 3926 ਹੈ। ਇਨ੍ਹਾਂ ਦੋਹਾਂ ਵਰਗਾਂ ਨੂੰ ਵੀ 79 ਸਾਲ ਦੀ ਉਮਰ ਤੱਕ 200 ਰੁਪਏ ਪ੍ਰਤੀ ਮਹੀਨਾ ਤੇ 80 ਸਾਲ ਦੀ ਉਮਰ ਤੋਂ ਬਾਅਦ 500 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾਂਦੀ ਹੈ। ਸੂਬਾ ਸਰਕਾਰ ਵੱਲੋਂ 175998 ਲਾਭਪਾਤਰੀਆਂ ਨੂੰ ਪੈਨਸ਼ਨ ਨਾ ਦੇ ਕੇ ਘੋਰ ਗਰੀਬੀ ਵਿਚੋਂ ਲੰਘ ਰਹੇ ਪਰਿਵਾਰਾਂ ਨਾਲ ਧੱਕਾ ਕੀਤਾ ਗਿਆ ਹੈ। ਇਹ ਰਕਮ ਸਿੱਧੀ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿਚ ਜਮਾਂ ਹੋਣੀ ਹੁੰਦੀ ਹੈ।

## ਬਰੂੰਡੀ ਦੇ ਵਿਦਿਆਰਥੀ ਨੇ ਦਮ ਤੋੜਿਆ

**ਪਟਿਆਲਾ:** ਦੋ ਸਾਲ ਪਹਿਲਾਂ ਜਲੰਧਰ ਵਿਚ ਹਮਲੇ ਕਾਰਨ ਗੰਭੀਰ ਜ਼ਖ਼ਮੀ ਹੋਏ ਅਫ਼ਰੀਕੀ ਦੇਸ਼ ਬਰੂੰਡੀ ਦੇ ਨੌਜਵਾਨ ਯਾਨਿਕ ਨਿਹਾਂਗਜ਼ਾ ਦੀ ਮੌਤ ਹੋ ਗਈ। ਯਾਨਿਕ ਜਲੰਧਰ ਵਿਚ ਪੜ੍ਹਾਈ ਕਰ ਰਿਹਾ ਸੀ। ਸਾਲ 2012 ਵਿਚ ਹੋਏ ਹਮਲੇ ਮਗਰੋਂ ਉਸ ਨੂੰ ਇਥੋਂ ਦੇ ਇਕ ਪ੍ਰਾਈਵੇਟ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਸੀ। ਉਸ ਦਾ ਹਸਪਤਾਲ ਵਿਚ ਤਕਰੀਬਨ ਦੋ ਸਾਲ ਇਲਾਜ ਚਲਦਾ ਰਿਹਾ। ਇਲਾਜ ਦਾ ਖਰਚ ਪੰਜਾਬ ਸਰਕਾਰ ਨੇ ਕੀਤਾ। ਪੰਜਾਬ ਸਰਕਾਰ ਨੇ ਉਸ ਦੇ ਪਿਤਾ ਦੀ ਬੇਨਤੀ 'ਤੇ ਦੋ ਹਫ਼ਤੇ ਪਹਿਲਾਂ ਉਸ ਨੂੰ ਵਤਨ ਭੇਜਣ ਦਾ ਪ੍ਰਬੰਧ ਕੀਤਾ ਸੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਉਸ ਦੇ ਪਿਤਾ ਨੂੰ ਭਰੋਸਾ ਦਿਵਾਇਆ ਸੀ ਕਿ ਯਾਨਿਕ ਦੇ ਇਲਾਜ ਦਾ ਸਾਰਾ ਖਰਚ ਸਰਕਾਰ ਕਰੇਗੀ ਪਰ ਉਸ ਦੇ ਇਲਾਜ ਲਈ ਉਸ ਦੇ ਪਿਤਾ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਸੀ। ਦੱਸਣਯੋਗ ਹੈ ਕਿ ਯਾਨਿਕ 'ਤੇ ਜਲੰਧਰ ਦੇ ਇਕ ਠੇਕੇ ਦੇ ਬਾਹਰ 21 ਅਪਰੈਲ 2012 ਨੂੰ ਨੌਂ ਨੌਜਵਾਨਾਂ ਨੇ ਹਮਲਾ ਕੀਤਾ ਸੀ। ਹਮਲੇ ਕਾਰਨ ਉਹ ਗੰਭੀਰ ਜ਼ਖ਼ਮੀ ਹੋ ਗਿਆ ਸੀ।

## ਪਿੰਡ ਪੱਧਰ 'ਤੇ ਅਪਲਾਈ ਕੀਤੇ ਜਾ ਸਕਣਗੇ ਪਾਸਪੋਰਟ




**ਜਲੰਧਰ:** ਪਾਸਪੋਰਟ ਦਫ਼ਤਰ ਵੱਲੋਂ ਹੁਣ ਪਿੰਡਾਂ ਦੇ ਲੋਕਾਂ ਦੀ ਸਹੂਲਤ ਲਈ ਪਿੰਡ ਪੱਧਰ 'ਤੇ ਆਨਲਾਈਨ ਪਾਸਪੋਰਟ ਅਪਲਾਈ ਕਰਨ ਦੀ ਸਹੂਲਤ ਉਪਲਬਧ ਕਰਵਾਈ ਜਾ ਰਹੀ ਹੈ। ਇਹ ਸਹੂਲਤ ਸੂਚਨਾ ਤੇ ਤਕਨੀਕ ਮੰਤਰਾਲੇ ਦੇ ਸਹਿਯੋਗ ਨਾਲ ਵਿਦੇਸ਼ ਮੰਤਰਾਲੇ ਵੱਲੋਂ ਜੁਲਾਈ ਦੇ ਅੱਧ ਤੋਂ ਬਾਅਦ ਸ਼ੁਰੂ ਕੀਤੀ ਜਾ ਰਹੀ ਹੈ, ਜਿਸ ਤਹਿਤ ਮਹਿਕਮੇ ਵੱਲੋਂ ਇਕ ਨੋਡਲ ਏਜੰਸੀ ਕਾਇਮ ਕੀਤੀ ਗਈ ਹੈ, ਜਿਸ ਵੱਲੋਂ ਵੱਖ-ਵੱਖ ਪਿੰਡਾਂ ਵਿਚ 'ਵਿਲੇਜ ਲੈਵਲ ਇੰਟਰਪ੍ਰੀਨਿਉਰ' (ਵੀ.ਐਲ.ਈਜ਼.) ਨੂੰ ਪਾਸਪੋਰਟ ਅਪਲਾਈ ਕਰਨ ਦੇ ਅਖਤਿਆਰ ਦਿੱਤੇ ਗਏ ਹਨ। ਇਸ ਨੋਡਲ ਏਜੰਸੀ ਵੱਲੋਂ ਪਿੰਡਾਂ ਦੇ ਲੋਕਾਂ ਨੂੰ ਇਹ ਸਹੂਲਤ ਦੇਣ ਲਈ ਆਪਣਾ ਬੁਨਿਆਦੀ ਢਾਂਚਾ ਸਥਾਪਤ ਕਰ ਲਿਆ ਗਿਆ ਹੈ ਤੇ ਵੀ.ਐਲ.ਈਜ਼. ਨੂੰ ਫਾਰਮ ਭਰਨ ਆਦਿ 'ਤੇ ਫ਼ੀਸ ਜਮ੍ਹਾਂ ਕਰਵਾਉਣ ਆਦਿ ਬਾਰੇ ਬਾਕਾਇਦਾ ਸਿਖਲਾਈ ਵੀ ਦਿੱਤੀ ਜਾ ਰਹੀ ਹੈ। ਪਹਿਲਾਂ ਲੋਕਾਂ ਨੂੰ ਪਾਸਪੋਰਟ ਅਪਲਾਈ ਕਰਨ ਲਈ ਪਾਸਪੋਰਟ ਸੇਵਾ ਕੇਂਦਰ, ਇੰਟਰਨੈੱਟ ਕੈਫਿਆਂ ਜਾਂ ਫਿਰ ਏਜੰਟਾਂ ਦੇ ਚੱਕਰ ਕੱਟਣੇ ਪੈਂਦੇ ਸਨ ਪਰ ਹੁਣ ਇਸ ਸਹੂਲਤ ਦੇ ਸ਼ੁਰੂ ਹੋਣ ਨਾਲ ਲੋਕ ਆਪੋ-ਆਪਣੇ ਪਿੰਡਾਂ ਵਿਚ ਸਥਿਤ ਗਾਹਕ ਸੇਵਾ ਕੇਂਦਰਾਂ ਤੋਂ ਹੀ ਪਾਸਪੋਰਟ ਅਪਲਾਈ ਕਰ ਸਕਣਗੇ। ਇਥੇ ਦੱਸਣਯੋਗ ਹੈ ਕਿ ਬਿਜਲੀ ਦੇ ਬਿੱਲ, ਡਰਾਈਵਿੰਗ ਲਾਇਸੈਂਸ ਤੇ ਆਧਾਰ ਕਾਰਡ ਆਦਿ ਬਣਾਉਣ ਲਈ ਪਹਿਲਾਂ ਹੀ ਗਾਹਕ ਸੇਵਾ ਕੇਂਦਰ ਕੰਮ ਕਰ ਰਹੇ ਹਨ ਤੇ ਜ਼ਿਆਦਾਤਰ ਅਜਿਹੇ ਕੇਂਦਰਾਂ ਨੂੰ ਪਾਸਪੋਰਟ ਅਪਲਾਈ ਕਰਨ ਦੇ ਅਖਤਿਆਰ ਦਿੱਤੇ ਜਾ ਰਹੇ ਹਨ ਪਰ ਜਿਨ੍ਹਾਂ ਪਿੰਡਾਂ ਵਿਚ ਇਹ ਕੇਂਦਰ ਅਜੇ ਕੰਮ ਨਹੀਂ ਕਰ ਰਹੇ, ਉਥੇ ਬੇਰੁਜ਼ਗਾਰ ਨੌਜਵਾਨਾਂ ਨੂੰ ਵੀ.ਐਲ.ਈਜ਼. ਭਰਤੀ ਕੀਤਾ ਜਾ ਰਿਹਾ ਹੈ। ਇਸ ਬਾਰੇ ਖੇਤਰੀ ਪਾਸਪੋਰਟ ਅਧਿਕਾਰੀ ਹਰਮਨਬੀਰ ਸਿੰਘ ਗਿੱਲ ਦਾ ਕਹਿਣਾ ਹੈ ਕਿ ਇਹ ਸਹੂਲਤ ਸ਼ੁਰੂ ਹੋਣ ਨਾਲ ਲੋਕਾਂ ਨੂੰ ਕਾਫੀ ਫਾਇਦਾ ਹੋਵੇਗਾ ਤੇ ਜਿਥੇ ਉਨ੍ਹਾਂ ਨੂੰ ਏਜੰਟਾਂ ਦੇ ਮੱਕੜਜਾਲ ਤੋਂ ਛੁਟਕਾਰਾ ਮਿਲੇਗਾ ਉਥੇ ਉਨ੍ਹਾਂ ਦਾ ਕੀਮਤੀ ਸਮਾਂ ਵੀ ਬਚੇਗਾ। ਇਸ ਕੰਮ ਲਈ ਲੋਕਾਂ ਨੂੰ ਪਾਸਪੋਰਟ ਫ਼ੀਸ ਤੋਂ ਇਲਾਵਾ ਸਿਰਫ 100 ਰੁਪਏ ਵਾਧੂ ਫੀਸ ਦੇਣੀ ਪਵੇਗੀ ਤੇ ਉਹ ਆਪਣੇ ਪਿੰਡ ਤੋਂ ਹੀ ਪਾਸਪੋਰਟ ਅਪਲਾਈ ਕਰ ਸਕਣਗੇ। ਇਸ ਤੋਂ ਇਲਾਵਾ ਸਪੀਡ ਪੋਸਟ ਸੈਂਟਰਾਂ ਤੇ ਮੁੱਖ ਡਾਕਘਰਾਂ ਵਿਚ ਵੀ ਪਾਸਪੋਰਟ ਅਪਲਾਈ ਕਰਨ ਦੀ ਸਹੂਲਤ ਦਿੱਤੀ ਜਾ ਰਹੀ।

## ਹਾਈਕਮਾਨ ਦੇ ਰਵੱਈਏ ਤੋਂ ਖਫਾ ਨੇ 'ਆਪ' ਦੇ ਆਗੂ




**ਚੰਡੀਗੜ੍ਹ:** ਪੰਜਾਬ ਵਿਚ ਲੋਕ ਸਭਾ ਚੋਣਾਂ ਦੌਰਾਨ ਚਾਰ ਸੀਟਾਂ ਉੱਤੇ ਜਿੱਤ ਦਰਜ ਕਰਕੇ ਤੀਜੀ ਪ੍ਰਭਾਵਸ਼ਾਲੀ ਧਿਰ ਵਜੋਂ ਉੱਭਰੀ ਆਮ ਆਦਮੀ ਪਾਰਟੀ ਦੇ ਜ਼ਿਆਦਾਤਰ ਆਗੂ ਕਿਸੇ ਵੀ ਮਾਮਲੇ ਉਤੇ ਕੋਈ ਸੂਬਾ ਪੱਧਰੀ ਪ੍ਰੋਗਰਾਮ ਉਲੀਕਣ ਦੀ ਥਾਂ ਆਪੋ-ਆਪਣੇ ਹਲਕਿਆਂ ਤੱਕ ਹੀ ਸੀਮਤ ਹੋ ਕੇ ਰਹਿ ਗਏ ਹਨ। ਲੋਕ ਸਭਾ ਚੋਣਾਂ ਵਿਚ ਪਾਰਟੀ ਲਈ ਸਰਗਰਮ ਭੂਮਿਕਾ ਨਿਭਾਉਣ ਵਾਲੇ ਕਈ ਆਗੂ ਸਰਗਰਮ ਹੋਣ ਦੀ ਬਜਾਏ ਆਪਣੇ ਘਰੀਂ ਬੈਠ ਗਏ ਹਨ। ਅਜਿਹੇ ਆਗੂਆਂ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉਤੇ ਪਾਰਟੀ ਦੀ ਕੇਂਦਰੀ ਲੀਡਰਸ਼ਿਪ 'ਤੇ ਸਖ਼ਤ ਨਜ਼ਲਾ ਝਾੜਿਆ।

ਉਨ੍ਹਾਂ ਦਾ ਕਹਿਣਾ ਸੀ ਕਿ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੂੰ ਪੰਜਾਬ ਨੂੰ ਬਾਕੀ ਸੂਬਿਆਂ ਨਾਲ ਜੋੜ ਕੇ ਨਹੀਂ ਵੇਖਣਾ ਚਾਹੀਦਾ। ਪਾਰਟੀ ਨੂੰ ਇਥੇ ਉਮੀਦ ਤੋਂ ਵੱਧ ਸਹਿਯੋਗ ਹਾਸਲ ਹੋਇਆ ਸੀ, ਇਸ ਕਰਕੇ ਪਹਿਲਾਂ ਤਾਂ ਪੁਰਾਣੀਆਂ ਕਮੇਟੀਆਂ ਨੂੰ ਭੰਗ ਕਰਨ ਦੀ ਹੀ ਕੋਈ ਤੁੱਕ ਨਹੀਂ ਬਣਦੀ ਸੀ, ਫਿਰ ਘੱਟੋ-ਘੱਟ ਉਦੋਂ ਤੱਕ ਤਾਂ ਅਜਿਹਾ ਬਿਲਕੁਲ ਨਹੀਂ ਸੀ ਹੋਣਾ ਚਾਹੀਦਾ ਜਦੋਂ ਤੱਕ ਨਵੀਂ ਕਮੇਟੀ ਦਾ ਗਠਨ ਨਹੀਂ ਸੀ ਹੋ ਜਾਂਦਾ। ਇਸ ਤੋਂ ਇਲਾਵਾ ਪਾਰਟੀ ਦੇ ਆਗੂ ਤੇ ਵਾਲੰਟੀਅਰ ਸੂਬੇ ਦੇ ਨਵੇਂ ਐਲਾਨੇ ਜਾਣ ਵਾਲੇ ਜਥੇਬੰਦਕ ਢਾਂਚੇ ਲਈ ਦਿੱਲੀ ਵੱਲ ਅੱਖਾਂ ਲਗਾਈ ਬੈਠੇ ਹਨ। ਪਾਰਟੀ ਦੇ ਪੰਜਾਬ ਮਾਮਲਿਆਂ ਦੇ ਨਿਗਰਾਨ ਮੁਨੀਸ਼ ਸਿਸੋਦੀਆ ਵੱਲੋਂ ਸੂਬੇ ਦੇ ਸਮੁੱਚੇ ਜ਼ਿਲ੍ਹਿਆਂ ਦਾ ਦੌਰਾ ਕਰਕੇ ਪਾਰਟੀ ਦੇ ਆਗੂਆਂ ਤੇ ਵਾਲੰਟੀਅਰਾਂ ਤੋਂ ਸਾਰੀਆਂ ਰਿਪੋਰਟਾਂ ਹਾਸਲ ਕਰਕੇ ਲਿਜਾਣ ਨੂੰ ਦੋ ਹਫ਼ਤੇ ਲੰਘ ਜਾਣ ਦੇ ਬਾਵਜੂਦ ਜਥੇਬੰਦਕ ਢਾਂਚੇ ਦੇ ਐਲਾਨ ਵਿਚ ਹੋ ਰਹੀ ਦੇਰੀ ਕਾਰਨ ਪਾਰਟੀ ਦੇ ਲੀਡਰ ਕਾਫ਼ੀ ਮਾਯੂਸ ਹਨ। ਅਜਿਹੇ ਆਗੂਆਂ ਦਾ ਮੰਨਣਾ ਹੈ ਕਿ ਪਾਰਟੀ ਵਾਲੰਟੀਅਰ ਸਾਰੇ ਵਰਤਾਰੇ ਤੋਂ ਬਹੁਤ ਖ਼ਫ਼ਾ ਹਨ। ਸੂਬੇ ਵਿਚ ਨਸ਼ਿਆਂ, ਮਹਿੰਗਾਈ, ਰੇਲ ਤੇ ਬੱਸ ਕਿਰਾਇਆਂ ਦੇ ਵਾਧੇ, ਰੇਤਾ-ਬਜਰੀ ਦੀਆਂ ਕੀਮਤਾਂ, ਭ੍ਰਿਸ਼ਟਾਚਾਰ, ਪਾਰਟੀ ਵਾਲੰਟੀਅਰਾਂ ਤੇ ਦਲਿਤਾਂ ਉਤੇ ਵਧਦੇ ਹਮਲਿਆਂ ਬਾਰੇ ਆਮ ਆਦਮੀ ਪਾਰਟੀ ਹੁਣ ਤੱਕ ਕੋਈ ਵੀ ਸਾਰਥਕ ਪ੍ਰੋਗਰਾਮ ਨਹੀਂ ਉਲੀਕ ਸਕੀ ਹੈ। ਅਜਿਹੇ ਆਗੂਆਂ ਦਾ ਕਹਿਣਾ ਹੈ ਕਿ ਪਾਰਟੀ ਵਾਲੰਟੀਅਰ ਉਨ੍ਹਾਂ ਉਤੇ ਇਨ੍ਹਾਂ ਸਾਰੇ ਮਾਮਲਿਆਂ ਬਾਰੇ 'ਆਪ' ਵੱਲੋਂ ਉਲੀਕੇ ਜਾਣ ਵਾਲੇ ਸੰਘਰਸ਼ ਬਾਰੇ ਪ੍ਰਸ਼ਨਾਂ ਦੀ ਝੜੀ ਲਾ ਦਿੰਦੇ ਹਨ ਤੇ ਉਨ੍ਹਾਂ ਕੋਲ ਕਹਿਣ ਲਈ ਕੁਝ ਵੀ ਨਾ ਹੋਣ ਕਾਰਨ ਉਹ ਆਪੋ-ਆਪਣੇ ਘਰਾਂ ਵਿਚ ਬੈਠ ਗਏ ਹਨ। ਇਨ੍ਹਾਂ ਆਗੂਆਂ ਦਾ ਕਹਿਣਾ ਹੈ ਕਿ ਕਾਂਗਰਸ ਵਾਂਗ ਹਰ ਫ਼ੈਸਲੇ ਲਈ ਦਿੱਲੀ ਤੋਂ ਮਨਜ਼ੂਰੀ ਮਿਲਣ ਦੀ ਉਡੀਕ ਪਾਰਟੀ ਲਈ ਨੁਕਸਾਨਦੇਹ ਸਾਬਤ ਹੋ ਸਕਦੀ ਹੈ। ਹਾਲਾਂਕਿ ਪਾਰਟੀ ਦੇ ਸੀਨੀਅਰ ਆਗੂਆਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਛੇਤੀ ਹੀ ਬੂਥ ਪੱਧਰ ਉਤੋਂ ਕਮੇਟੀਆਂ ਦਾ ਗਠਨ ਕਰਨ ਦਾ ਕੰਮ ਆਰੰਭ ਹੋ ਜਾਵੇਗਾ। ਜਥੇਬੰਦਕ ਢਾਂਚੇ ਦੇ ਐਲਾਨ ਵਿਚ ਦੇਰੀ ਹੋ ਰਹੀ ਹੈ ਪਰ ਹੁਣ ਛੇਤੀ ਹੀ ਇਕ ਸੂਬਾਈ ਕਮੇਟੀ ਹੋਂਦ ਵਿਚ ਆ ਜਾਵੇਗੀ।

## ਪੂਛ ਨੂੰ 5ਵੀਂ ਲੱਤ ਵਾਂਗ ਵਰਤਦੇ ਨੇ ਕੈਂਗਰੂ

**ਮੈਲਬਰਨ:** ਇਕ ਨਵੀਂ ਪੜਤਾਲ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਕੈਂਗਰੂ ਜਦੋਂ ਘਾਹ ਖਾ ਰਹੇ ਹੁੰਦੇ ਹਨ ਤਾਂ ਚਾਰ ਲੱਤਾਂ ਦੇ ਨਾਲ ਉਨ੍ਹਾਂ ਦੀ ਪੂਛ ਵੀ ਸਹਾਈ ਹੁੰਦੀ ਹੈ। ਖੋਜੀਆਂ ਮੁਤਾਬਕ ਕੰਗਾਰੂਆਂ ਦੀ ਪੂਛ ਖਾਣ ਵੇਲੇ ਚਾਰੇ ਲੱਤਾਂ ਵਾਂਗ ਕੰਮ ਕਰਦੀ ਹੈ। ਉਨ੍ਹਾਂ ਨੂੰ ਸਰਵੇਖਣ ਦੌਰਾਨ ਪਤਾ ਲੱਗਾ ਕਿ ਕੈਂਗਰੂ ਆਪਣੀ ਪੂਛ ਦੀ ਵਰਤੋਂ ਆਪਣੀ ਚਾਲ ਨੂੰ ਤੇਜ਼ ਕਰਨ ਲਈ ਵੀ ਕਰਦੇ ਹਨ। ਉਨ੍ਹਾਂ ਮੁਤਾਬਕ ਮਨੁੱਖ ਜਿਵੇਂ ਇਕ ਲੱਤ ਤੋਂ ਕੰਮ ਲੈਂਦਾ ਹੈ, ਉਸੇ ਤਰ੍ਹਾਂ ਕੰਗਾਰੂ ਆਪਣੀ ਪੂਛ ਦੀ ਵਰਤੋਂ ਕਰਦੇ ਹਨ।

## ਯੂਨਾਈਟਿਡ ਸਿੱਖ ਮੂਵਮੈਂਟ ਨੇ ਖੋਲ੍ਹਿਆ ਬਾਦਲ ਖਿਲਾਫ ਮੋਰਚਾ




**ਚੰਡੀਗੜ੍ਹ:** ਪੰਜਾਬ ਦੀਆਂ ਵੱਖ-ਵੱਖ ਜਥੇਬੰਦੀਆਂ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਸੂਬੇ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਮਨਵਾਉਣ ਲਈ ਅਪਣਾਈ ਜਾ ਰਹੀ ਅਣਦੇਖੀ ਖ਼ਿਲਾਫ਼ ਮੋਰਚਾ ਖੋਲ੍ਹਣ ਦਾ ਐਲਾਨ ਕਰ ਦਿੱਤਾ ਹੈ। ਇਸ ਦੀ ਪਹਿਲੀ ਕੜੀ ਵਜੋਂ ਚਾਰ ਅਗਸਤ ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰੀ ਰਿਹਾਇਸ਼ ਮੂਹਰੇ ਧਰਨਾ ਮਾਰਨ ਦਾ ਫੈਸਲਾ ਲਿਆ ਹੈ। ਯੂਨਾਈਟਿਡ ਸਿੱਖ ਮੂਵਮੈਂਟ ਦੇ ਸੂਬਾਈ ਅਹੁਦੇਦਾਰਾਂ, ਜਿਲ੍ਹਾ ਜਥੇਦਾਰਾਂ ਤੇ ਡੈਲੀਗੇਟਾਂ ਸਮੇਤ ਸਿੱਖ ਬੁੱਧੀਜੀਵੀਆਂ, ਦਲਿਤ ਜਥੇਬੰਦੀਆਂ ਆਦਿ 'ਤੇ ਆਧਾਰਤ ਇਥੇ ਲਾਅ ਭਵਨ ਵਿਖੇ ਹੋਈ ਸੂਬਾਈ ਕਨਵੈਨਸ਼ਨ ਦੌਰਾਨ ਸ. ਬਾਦਲ ਨੂੰ 32 ਸਾਲ ਪਹਿਲਾਂ (ਚਾਰ ਜੁਲਾਈ 1982) ਵੱਧ ਅਧਿਕਾਰਾਂ, ਪੰਜਾਬ ਦੇ ਪਾਣੀਆਂ, ਚੰਡੀਗੜ੍ਹ ਤੇ ਪੰਜਾਬੀ ਬੋਲਦੇ ਖੇਤਰ ਹਾਸਲ ਕਰਨ ਲਈ ਵਿੱਢੇ ਮੋਰਚੇ ਮੁਤਾਬਕ ਹੁਣ 'ਆਪਣੀ ਮੋਦੀ' ਸਰਕਾਰ ਕੋਲੋਂ ਇਹ ਮੰਗਾਂ ਮਨਵਾਉਣ ਦੀ ਚੁਣੌਤੀ ਦਿੱਤੀ ਹੈ।

ਇਸ ਮੌਕੇ ਮਤਾ ਪਾਸ ਕਰਕੇ ਮੁੱਖ ਮੰਤਰੀ ਨੂੰ ਉਨ੍ਹਾਂ (ਬਾਦਲ) ਦੀ ਅਗਵਾਈ ਹੇਠ ਚਾਰ ਅਗਸਤ 1982 ਨੂੰ ਪੰਜਾਬ ਦੀਆਂ ਮੰਗਾਂ ਤੇ ਰਾਜਾਂ ਨੂੰ ਖੁਦਮੁਖਤਿਆਰੀ ਦੇਣ ਲਈ ਲਾਏ 'ਧਰਮ ਯੁੱਧ ਮੋਰਚੇ' ਦੀ ਯਾਦ ਦਿਵਾਉਂਦਿਆਂ ਕਿਹਾ ਕਿ ਅੱਜ ਕੇਂਦਰ ਵਿਚ ਵੀ ਅਕਾਲੀ ਦਲ ਤੇ ਭਾਜਪਾ ਦੀ ਸਾਂਝੀ ਸਰਕਾਰ ਹੈ।

ਸ. ਬਾਦਲ ਅਕਸਰ ਕਹਿੰਦੇ ਹਨ ਕਿ ਉਨ੍ਹਾਂ ਦਾ ਭਾਜਪਾ ਨਾਲ ਨਹੁੰ-ਮਾਸ ਦਾ ਰਿਸ਼ਤਾ ਹੈ, ਜਿਸ ਕਾਰਨ ਹੁਣ ਸ. ਬਾਦਲ ਨੂੰ ਇਹ ਮੰਗਾਂ ਮਨਵਾਉਣ ਲਈ ਅੱਗੇ ਆਉਣਾ ਚਾਹੀਦਾ ਹੈ। ਮੂਵਮੈਂਟ ਨੇ ਦੋਸ਼ ਲਾਇਆ ਕਿ ਸਦੀ ਦਾ ਤੀਜਾ ਹਿੱਸਾ ਬੀਤਣ ਦੇ ਬਾਵਜੂਦ ਸ. ਬਾਦਲ ਕੋਈ ਵੀ ਮੰਗ ਮਨਵਾਉਣ ਵਿਚ ਸਫਲ ਨਹੀਂ ਹੋਏ, ਉਲਟਾ ਪੰਜਾਬ ਨਸ਼ਿਆਂ ਦੀ ਦਲ-ਦਲ ਤੇ ਕਰਜ਼ੇ ਦੀ ਮਾਰ ਹੇਠ ਆ ਚੁੱਕਾ ਹੈ। ਇਸ ਮੌਕੇ ਦੋਸ਼ ਲਾਇਆ ਗਿਆ ਕਿ ਰਵਾਇਤੀ ਅਕਾਲੀ ਲੀਡਰਸ਼ਿਪ ਨੇ ਸਿੱਖਾਂ ਤੇ ਪੰਜਾਬ ਦੇ ਮੁੱਦਿਆਂ ਨੂੰ ਮੁੱਢੋਂ ਵਿਸਾਰ ਕੇ ਪੰਜਾਬ ਨੂੰ ਪਰਿਵਾਰਵਾਦ ਤੇ ਭ੍ਰਿਸ਼ਟਾਚਾਰ ਦੀ ਰਾਜਨੀਤੀ ਤੱਕ ਹੀ ਸੀਮਤ ਕਰ ਦਿੱਤਾ ਹੈ। ਰਵਾਇਤੀ ਅਕਾਲੀ ਤੇ ਕਾਂਗਰਸ ਦੋਵੇਂ ਭ੍ਰਿਸ਼ਟਾਚਾਰ ਤੇ ਪਰਿਵਾਰਵਾਦ ਦੇ ਮੁੱਦੇ ਉਪਰ ਇਕਮੱਤ ਹਨ। ਇਸ ਮੌਕੇ ਮਤਾ ਪਾਸ ਕੀਤਾ ਕਿ ਇਨ੍ਹਾਂ ਦੋਵਾਂ ਪਾਰਟੀਆਂ ਤੋਂ ਪੰਜਾਬ ਨੂੰ ਮੁਕਤ ਕਰਵਾਉਣ ਤੇ ਜਮਹੂਰੀਅਤ ਦੀ ਬਹਾਲੀ ਲਈ ਸੰਘਰਸ਼ ਵਿੱਢਿਆ ਜਾਵੇਗਾ। ਸਿੱਖ ਮੂਵਮੈਂਟ ਦੇ ਪ੍ਰਧਾਨ ਮੋਹਕਮ ਸਿੰਘ ਤੇ ਸਕੱਤਰ ਜਨਰਲ ਗੁਰਦੀਪ ਸਿੰਘ ਬਠਿੰਡਾ ਨੇ ਦੋਸ਼ ਲਾਇਆ ਕਿ ਅਕਾਲੀ ਦਲ ਵੱਲੋਂ ਹਿੰਦੂ ਭਾਈਚਾਰੇ ਨੂੰ ਨਾਲ ਲੈਣ ਦੀ ਆੜ ਹੇਠ ਭੂ-ਮਾਫੀਆ, ਨਸ਼ਾ-ਮਾਫੀਆ ਤੇ ਸ਼ਰਾਬ-ਮਾਫੀਆ ਨੂੰ ਆਪਣਾ ਸਿਆਸੀ ਭਾਈਵਾਲ ਬਣਾ ਲਿਆ ਹੈ।

ਇਕ ਹੋਰ ਮਤੇ ਰਾਹੀਂ ਜੇਲ੍ਹਾਂ ਵਿਚ ਬੰਦ ਸਿੰਘਾਂ ਬਲਵੰਤ ਸਿੰਘ ਰਾਜੋਆਣਾ, ਜਗਤਾਰ ਸਿੰਘ ਹਵਾਰਾ, ਲਾਲ ਸਿੰਘ, ਗੁਰਪ੍ਰੀਤ ਸਿੰਘ, ਮਾਨ ਸਿੰਘ, ਦਇਆ ਸਿੰਘ ਲਾਹੌਰੀਆ, ਨਰਾਇਣ ਸਿੰਘ, ਪਾਲ ਸਿੰਘ ਫਰਾਂਸ ਆਦਿ ਨੂੰ ਰਿਹਾਅ ਕਰਨ ਤੇ ਹਵਾਰੇ ਦਾ ਇਲਾਜ ਕਰਵਾਉਣ ਦੀ ਮੰਗ ਵੀ ਕੀਤੀ।

ਇਸ ਮੌਕੇ ਇਨਸਾਫ ਲਹਿਰ ਦੇ ਕੌਮੀ ਆਗੂ ਡਾਕਟਰ ਕੁਮਾਰ ਰਾਜੀਵ ਜੋਧਪੁਰ ਨੇ ਕਿਹਾ ਕਿ ਅੱਜ ਪੰਜਾਬ ਉਪਰ ਖਤਰਨਾਕ ਕਾਲੇ ਬੱਦਲ ਛਾਏ ਹਨ ਤੇ ਪੰਜਾਬੀਆਂ ਦੀ ਨਵੀਂ ਪੌਦ ਦਿਸ਼ਾਹੀਣ ਹੋ ਚੁੱਕੀ ਹੈ। ਉੱਤਰ ਪ੍ਰਦੇਸ਼, ਜੰਮੂ ਤੇ ਕਸ਼ਮੀਰ ਵਾਂਗ ਪੰਜਾਬ ਸਰਕਾਰ ਪਰਿਵਾਰਵਾਦ ਵਿਚ ਧਸ ਚੁੱਕੀ ਹੈ। ਅੱਜ ਦੇਸ਼ ਦੀ ਪਾਰਲੀਮੈਂਟ ਤੇ ਵਿਧਾਨ ਸਭਾਵਾਂ ਵਿਚ ਸਿਰਫ 515 ਪਰਿਵਾਰ ਕਾਬਜ਼ ਹਨ ਤੇ ਇਸ ਗਲਬੇ ਨੂੰ ਬੰਦੂਕ, ਲਾਠੀ ਜਾਂ ਕਿਰਪਾਨ ਨਹੀਂ ਸਗੋਂ ਲੋਕ ਲਹਿਰ ਹੀ ਉਖੇੜ ਸਕਦੀ ਹੈ।

# ਅਮਰੀਕਾ ਵਿਚ ਸਿੱਖਾਂ ਬਾਰੇ ਭੁਲੇਖੇ ਦੂਰ ਕਰਨ ਲਈ ਟੀ.ਵੀ. ਰਾਹੀਂ ਪ੍ਰਚਾਰ

**ਵਾਸ਼ਿੰਗਟਨ:** ਅਮਰੀਕਾ ਵਿਚ ਪਗੜੀਧਾਰੀ ਸਿੱਖਾਂ ਪ੍ਰਤੀ ਉਥੋਂ ਦੇ ਲੋਕਾਂ ਨੂੰ ਜਾਗਰੂਕ ਕਰਨ ਲਈ ਪ੍ਰਚਾਰ ਮੁਹਿੰਮ ਸ਼ੁਰੂ ਕੀਤੀ ਗਈ ਹੈ। ਸਿੱਖਾਂ 'ਤੇ ਹੁੰਦੇ ਨਸਲੀ ਹਮਲਿਆਂ ਨੂੰ ਰੋਕਣ ਲਈ ਇਹ ਉਪਰਾਲਾ ਕੀਤਾ ਗਿਆ ਹੈ।



ਅਮਰੀਕਾ ਦੇ ਕੇਬਲ ਚੈਨਲ 'ਤੇ 30 ਸਕਿੰਟਾਂ ਦਾ ਇਸ਼ਤਿਹਾਰ ਪ੍ਰਸਾਰਤ ਕੀਤਾ ਜਾ ਰਿਹਾ ਹੈ ਜਿਸ ਵਿਚ ਸਿੱਖ ਅਦਾਕਾਰ ਵਾਰਿਸ ਸਿੰਘ ਆਹਲੂਵਾਲੀਆ ਅਮਰੀਕਾ ਵਿਚ ਵੱਸਦੇ ਹੋਰਨਾਂ ਸਿੱਖਾਂ ਦੀਆਂ ਤਸਵੀਰਾਂ ਨਾਲ ਦੇਸ਼ ਦੀ ਤਰੱਕੀ ਵਿਚ ਪਾਏ ਯੋਗਦਾਨ ਬਾਰੇ ਜਾਣਕਾਰੀ ਦੇ ਰਿਹਾ ਹੈ। ਇਹ ਇਸ਼ਤਿਹਾਰ ਅਮਰੀਕਾ ਦੇ 39 ਸੂਬਿਆਂ ਵਿਚ 27 ਜੁਲਾਈ ਨੂੰ ਦਿਖਾਇਆ ਜਾਏਗਾ। ਪ੍ਰਸਾਰਨ ਕੰਪਨੀ ਕੋਮਕਾਸਟ ਕੇਬਲ ਚੈਨਲਾਂ 'ਤੇ ਪ੍ਰਸਾਰਨ ਲਈ 10 ਲੱਖ ਅਮਰੀਕੀ ਡਾਲਰ ਦਾ ਯੋਗਦਾਨ ਪਾਏਗੀ। ਸਿੱਖ ਅਮਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ ਜਥੇਬੰਦੀ ਵੱਲੋਂ ਇਸ਼ਤਿਹਾਰ ਦੀ ਪਟਕਥਾ ਮੁਹੱਈਆ ਕਰਵਾਈ ਗਈ ਹੈ। ਜਥੇਬੰਦੀ ਦੇ ਕਾਰਜਕਾਰੀ ਨਿਰਦੇਸ਼ਕ ਜਸਜੀਤ ਸਿੰਘ ਨੇ ਕਿਹਾ ਕਿ ਸਿੱਖਾਂ ਨੇ ਪਿਛਲੇ 125 ਸਾਲਾਂ ਦੌਰਾਨ ਅਮਰੀਕਾ ਦੇ ਸਭਿਆਚਾਰ ਵਿਚ ਵੱਡਾ ਯੋਗਦਾਨ ਪਾਇਆ ਹੈ ਤੇ ਪਨਾਮਾ ਨਹਿਰ ਤੇ ਕੈਲੀਫੋਰਨੀਆ ਵਿਚ ਰੇਲ ਪਟੜੀਆਂ ਤੇ ਸੜਕਾਂ ਦੀ ਉਸਾਰੀ ਵਿਚ ਸਹਾਇਤਾ ਕੀਤੀ ਹੈ।

ਸਾਲ 2001 ਵਿਚ ਦਹਿਸ਼ਤੀ ਹਮਲਿਆਂ ਤੋਂ ਬਾਅਦ ਅਮਰੀਕਾ ਦੇ ਸਿੱਖਾਂ 'ਤੇ ਕਈ ਹਮਲੇ ਇਸ ਭੁਲੇਖੇ ਨਾਲ ਕੀਤੇ ਗਏ ਕਿ ਉਹ ਦਾਹੜੀ ਤੇ ਦਸਤਾਰ ਕਾਰਨ ਮੁਸਲਮਾਨ ਜਾਪਦੇ ਸਨ। 2012 ਵਿਚ ਵਿਸਕਾਨਸਿਨ ਗੁਰਦੁਆਰੇ ਵਿਚ ਇਕ ਗੋਰੇ ਨੇ ਹਮਲਾ ਕਰਕੇ ਛੇ ਸਿੱਖਾਂ ਨੂੰ ਹਲਾਕ ਕਰ ਦਿੱਤਾ ਸੀ।

# ਅਨੁਸੂਚਿਤ ਜਾਤਾਂ ਦੇ ਬੱਚਿਆਂ ਨੂੰ ਨਹੀਂ ਮਿਲੇਗੀ ਮੁਫਤ ਵਿੱਦਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਹੁਣ ਸੂਬੇ ਦੇ ਤਕਰੀਬਨ ਢਾਈ ਲੱਖ ਐਸ.ਸੀ. ਬੱਚਿਆਂ ਦੀ ਫੀਸ ਦਾ ਬੋਝ ਨਹੀਂ ਚੁੱਕੇਗੀ। ਸਰਕਾਰੀ ਤੇ ਪ੍ਰਾਈਵੇਟ ਕਾਲਜਾਂ ਵਿਚ ਪੜ੍ਹਦੇ ਇਨ੍ਹਾਂ ਬੱਚਿਆਂ ਨੂੰ ਹੁਣ ਪੱਲਿਓਂ ਸਾਰੀ ਫੀਸ ਤਾਰਨੀ ਪਵੇਗੀ। ਕਾਲਜ ਵਿਚ ਨਵੇਂ ਦਾਖਲ ਹੋਣ ਵਾਲੇ ਵਿਦਿਆਰਥੀਆਂ ਨੂੰ ਵੀ ਇਹ ਝਟਕਾ ਲੱਗੇਗਾ। ਪ੍ਰਾਈਵੇਟ ਕਾਲਜਾਂ ਦੀਆਂ ਫੀਸਾਂ ਤਾਂ ਬਹੁਤ ਜ਼ਿਆਦਾ ਹੁੰਦੀਆਂ ਹਨ ਜਿਸ ਕਰਕੇ ਐਸ.ਸੀ. ਬੱਚਿਆਂ ਨੂੰ ਪੜ੍ਹਾਈ ਦਾ ਭਾਰ ਚੁੱਕਣਾ ਮੁਸ਼ਕਲ ਹੋ ਜਾਵੇਗਾ। ਭਲਾਈ ਵਿਭਾਗ ਪੰਜਾਬ ਨੇ ਸਿੱਖਿਆ ਵਿਭਾਗ ਨੂੰ ਇਸ ਫੈਸਲੇ ਤੋਂ ਜਾਣੂ ਕਰਾ ਦਿੱਤਾ ਹੈ।



ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਰਾਮਗੜ੍ਹੀਆ ਕਾਲਜ ਫਗਵਾੜਾ ਤੇ ਕੁਝ ਹੋਰ ਪ੍ਰਾਈਵੇਟ ਕਾਲਜਾਂ ਦੀ ਪਟੀਸ਼ਨ 'ਤੇ ਫੈਸਲਾ ਦਿੰਦੇ ਹੋਏ ਭਲਾਈ ਵਿਭਾਗ ਪੰਜਾਬ ਦਾ ਉਹ ਪੱਤਰ ਰੱਦ ਕਰ ਦਿੱਤਾ ਹੈ ਜਿਸ ਤਹਿਤ ਕਾਲਜਾਂ ਦੇ ਵਿਦਿਆਰਥੀਆਂ ਦਾ ਫੀਸਾਂ ਦਾ ਭਾਰ ਸਰਕਾਰ ਚੁੱਕਦੀ ਸੀ। ਭਲਾਈ ਵਿਭਾਗ ਵੱਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਦਸਵੀਂ ਤੋਂ ਬਾਅਦ ਕਾਲਜਾਂ ਵਿਚ ਪੜ੍ਹਦੇ ਐਸ.ਸੀ. ਵਿਦਿਆਰਥੀਆਂ ਦੀਆਂ ਫੀਸਾਂ ਦਾ ਭਾਰ ਚੁੱਕਿਆ ਜਾਂਦਾ ਸੀ। ਪ੍ਰਾਈਵੇਟ ਤੇ ਸਰਕਾਰੀ ਕਾਲਜਾਂ ਨੂੰ ਭਲਾਈ ਵਿਭਾਗ ਵੱਲੋਂ ਇਨ੍ਹਾਂ ਵਿਦਿਆਰਥੀਆਂ ਦੇ ਬਦਲੇ ਵਿਚ ਰਿਫੰਡ ਦਿੱਤਾ ਜਾਂਦਾ ਸੀ।

ਪਤਾ ਲੱਗਾ ਹੈ ਕਿ ਸਰਕਾਰ ਵੱਲੋਂ ਪ੍ਰਾਈਵੇਟ ਕਾਲਜਾਂ ਨੂੰ ਸਮੇਂ ਸਿਰ ਰਿਫੰਡ ਨਹੀਂ ਦਿੱਤਾ ਜਾਂਦਾ ਸੀ ਜਿਸ ਕਰਕੇ ਇਹ ਕਾਲਜ ਹਾਈ ਕੋਰਟ ਚਲੇ ਗਏ ਸਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਆਪਣੇ ਅਧੀਨ ਪੈਂਦੇ ਕਾਲਜਾਂ ਨੂੰ ਦੋ ਜੁਲਾਈ ਨੂੰ ਪੱਤਰ ਜਾਰੀ ਕਰਕੇ ਸਾਲ 2014-15 ਦੌਰਾਨ ਐਸ.ਸੀ. ਵਿਦਿਆਰਥੀਆਂ ਤੋਂ ਫੀਸਾਂ ਦੀ ਵਸੂਲੀ ਕਰਨ ਦਾ ਪੱਤਰ ਜਾਰੀ ਕਰ ਦਿੱਤਾ ਹੈ।

ਮਿਲੇ ਵੇਰਵਿਆਂ ਮੁਤਾਬਕ ਪੰਜਾਬ ਸਰਕਾਰ ਵੱਲੋਂ ਐਸ.ਸੀ. ਵਿਦਿਆਰਥੀਆਂ ਲਈ ਇਹ ਸਕਾਲਰਸ਼ਿਪ ਸਕੀਮ 11 ਜੁਲਾਈ 2007 ਤੋਂ ਲਾਗੂ ਕੀਤੀ ਗਈ ਸੀ ਜਿਸ ਤਹਿਤ ਹਰ ਐਸ.ਸੀ. ਵਿਦਿਆਰਥੀ ਦੀ ਨਾ ਮੋੜਨਯੋਗ ਫੀਸ ਸਰਕਾਰ ਭਰਦੀ ਸੀ। ਹਰ ਸਾਲ ਕਾਲਜਾਂ ਦੇ ਇਨ੍ਹਾਂ ਐਸ.ਸੀ. ਵਿਦਿਆਰਥੀਆਂ ਦੇ ਕੇਸ ਹਰ ਕਾਲਜ ਭਲਾਈ ਵਿਭਾਗ ਨੂੰ ਭੇਜਦਾ ਸੀ ਤੇ ਭਲਾਈ ਵਿਭਾਗ ਇਨ੍ਹਾਂ ਬੱਚਿਆਂ ਦੀ ਬਣਦੀ ਫੀਸ ਹਰ ਕਾਲਜ ਨੂੰ ਦੇ ਦਿੰਦਾ ਸੀ। ਸਰਕਾਰੀ ਰਜਿੰਦਰਾ ਕਾਲਜ ਵਿਚ ਤਕਰੀਬਨ ਇਕ ਹਜ਼ਾਰ ਐਸ.ਸੀ. ਵਿਦਿਆਰਥੀ ਪੜ੍ਹਦੇ ਹਨ। ਇਸ ਕਾਲਜ ਦੀ ਬੀ.ਏ. ਭਾਗ ਪਹਿਲਾ ਦੀ ਦਾਖਲਾ ਫੀਸ 8500 ਰੁਪਏ ਹੈ ਜਦੋਂ ਕਿ ਪ੍ਰਾਈਵੇਟ ਕਾਲਜਾਂ ਦੀ ਫੀਸ ਕਿਤੇ ਜ਼ਿਆਦਾ ਹੈ। ਸਾਲ 2013-14 ਦੇ ਸੈਸ਼ਨ ਦੌਰਾਨ ਪੰਜਾਬ ਦੇ ਕਾਲਜਾਂ ਦੇ 2.35 ਲੱਖ ਐਸ.ਸੀ. ਵਿਦਿਆਰਥੀ ਭਲਾਈ ਵਿਭਾਗ ਪੰਜਾਬ ਕੋਲ ਰਜਿਸਟਰਡ ਹੋਏ ਸਨ ਜਿਨ੍ਹਾਂ ਦੀ ਫੀਸ 327 ਕਰੋੜ ਰੁਪਏ ਬਣਦੀ ਸੀ।

# ਫੂਲਕਾ ਵੱਲੋਂ ਟਾਈਟਲਰ ਦੀ ਮੁਆਫੀ ਦੀ ਪੇਸ਼ਕਸ਼ ਰੱਦ

**ਨਵੀਂ ਦਿੱਲੀ:** ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਨੇ ਦਿੱਲੀ ਦੀ ਅਦਾਲਤ ਵਿਚ ਕਿਹਾ ਹੈ ਕਿ ਉਹ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਪੀੜਤਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਸੀਨੀਅਰ ਵਕੀਲ ਐਚ.ਐਸ. ਫੂਲਕਾ ਵੱਲੋਂ ਉਸ ਦੇ ਵਿਰੁੱਧ ਪਾਈ ਫੌਜਦਾਰੀ ਮਾਣਹਾਨੀ ਦੀ ਸ਼ਿਕਾਇਤ 'ਤੇ ਬਿਨਾਂ ਸ਼ਰਤ ਮੁਆਫੀ ਮੰਗਣ ਲਈ ਤਿਆਰ ਹੈ ਤਾਂ ਕਿ ਮਾਮਲਾ ਨਿੱਬੜ ਸਕੇ।

ਸ਼ਿਕਾਇਤਕਰਤਾ ਫੂਲਕਾ ਨੇ ਟਾਈਟਲਰ ਦੀ ਪੇਸ਼ਕਸ਼ ਇਹ ਕਹਿੰਦਿਆਂ ਨਾ ਮਨਜ਼ੂਰ ਕਰ ਦਿੱਤੀ ਕਿ ਇੰਨੇ ਗੰਭੀਰ ਮਸਲੇ ਵਿਚ 'ਇਸ ਸਮਝੌਤੇ' ਨਾਲ ਲੋਕਾਂ ਵਿਚ ਗਲਤ ਸੁਨੇਹਾ ਜਾਏਗਾ ਤੇ ਉਹ ਅਜਿਹਾ ਕਰਨ ਲਈ ਤਿਆਰ ਨਹੀਂ ਹਨ।

ਟਾਈਟਲਰ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਉਸ ਦਾ ਮੁਵੱਕਿਲ ਬਿਨਾਂ ਸ਼ਰਤ ਮੁਆਫੀ ਮੰਗਣ ਲਈ ਤਿਆਰ ਹੈ, ਕਿਉਂਕਿ ਇਸ ਸ਼ਿਕਾਇਤ ਵਿਚ ਕਿਵੇਂ ਵੀ ਜਨਤਕ ਹਿੱਤ ਸ਼ਾਮਲ ਨਹੀਂ ਹਨ ਤੇ ਟਾਈਟਲਰ ਜਨਤਕ ਜੀਵਨ ਵਿਚ ਹੈ। ਇਹ ਮੁੱਦਾ 2004 ਦਾ ਹੈ ਤੇ ਹੁਣ ਦਹਾਕਾ ਇਸ ਨੂੰ ਬੀਤ ਚੁੱਕਿਆ ਹੈ। ਅਦਾਲਤ ਨੇ ਫੂਲਕਾ ਨੂੰ ਪੁੱਛਿਆ ਕਿ ਕੀ ਉਹ ਇਸ ਹੱਲ ਲਈ ਸਹਿਮਤ ਹਨ ਤਾਂ ਉਨ੍ਹਾਂ ਕਿਹਾ ਕਿ ਉਹ ਇਹ ਸਮਝੌਤਾ ਨਹੀਂ ਕਰਨਗੇ। ਜੱਜ ਜੋ ਚਾਹੇ ਫੈਸਲਾ ਕਰ ਸਕਦੇ ਹਨ, ਪਰ ਉਹ ਸਮਝੌਤੇ ਲਈ ਤਿਆਰ ਨਹੀਂ। ਇਸ ਦੇ ਨਾਲ ਹੀ ਮਾਮਲੇ 'ਤੇ ਅਗਲੀ ਸੁਣਵਾਈ ਦੋ ਅਗਸਤ 'ਤੇ ਪਾ ਦਿੱਤੀ। ਜ਼ਿਕਰਯੋਗ ਹੈ ਕਿ ਸੱਤ ਸਤੰਬਰ 2004 ਨੂੰ ਪ੍ਰਸਾਰਿਤ ਹੋਈ ਇੰਟਰਵਿਊ ਵਿਚ ਟਾਈਟਲਰ ਨੇ ਫੂਲਕਾ ਵਿਰੁੱਧ ਝੂਠੇ ਤੇ ਤੌਹੀਨ ਭਰੇ ਦੋਸ਼ ਲਾਏ ਸਨ।

# ਧਰਮੀ ਫੌਜੀਆਂ ਦੀ ਮਾਲੀ ਸਹਾਇਤਾ ਦੁੱਗਣੀ ਕੀਤੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸਾਕਾ ਨੀਲਾ ਤਾਰਾ ਤੋਂ ਬਾਅਦ ਫੌਜ ਵਿਚੋਂ ਭਗੌੜੇ ਹੋਏ ਸਿੱਖ ਫੌਜੀਆਂ ਦੀ ਮਾਲੀ ਸਹਾਇਤਾ ਵਿਚ ਦੁੱਗਣਾ ਵਾਧਾ ਕਰ ਦਿੱਤਾ ਹੈ। ਇਨ੍ਹਾਂ ਫੌਜੀਆਂ ਜਿਨ੍ਹਾਂ ਨੂੰ 'ਧਰਮੀ ਫੌਜੀ' ਆਖਿਆ ਜਾਂਦਾ ਹੈ, ਦੀ ਸਹਾਇਤਾ 3000 ਰੁਪਏ ਮਾਹਵਾਰ ਤੋਂ ਵਧਾ ਕੇ 6000 ਰੁਪਏ ਕਰ ਦਿੱਤੀ ਗਈ ਹੈ ਜਦਕਿ ਫੌਜੀ ਵਿਧਵਾਵਾਂ ਲਈ ਸਹਾਇਤਾ 5000 ਰੁਪਏ ਤੋਂ ਵਧਾ ਕੇ 10000 ਰੁਪਏ ਕੀਤੀ ਗਈ ਹੈ। ਕੁੱਲ 121 ਧਰਮੀ ਫੌਜੀ ਇਸ ਸਹਾਇਤਾ ਦੇ ਲਾਭਪਾਤਰੀ ਹਨ। ਇਸ ਤੋਂ ਇਲਾਵਾ ਧਰਮੀ ਫੌਜੀਆਂ ਦੇ ਪੋਤੇ-ਪੋਤਰੀਆਂ ਪ੍ਰੋਫੈਸ਼ਨਲ ਕਾਲਜਾਂ ਸਮੇਤ ਸਰਕਾਰੀ ਸੰਸਥਾਵਾਂ ਵਿਚ ਮੁਫਤ ਸਿੱਖਿਆ ਲੈ ਸਕਣਗੇ।

1984 ਵਿਚ ਸਾਕਾ ਨੀਲਾ ਤਾਰਾ ਦੀ ਫੌਜੀ ਕਾਰਵਾਈ ਤੋਂ ਬਾਅਦ ਦੇਸ਼ ਵਿਚ ਕਈ ਛਾਉਣੀਆਂ ਵਿਚ ਸਿੱਖ ਫੌਜੀਆਂ ਨੇ ਬਗਾਵਤ ਕਰ ਦਿੱਤੀ ਸੀ। ਬਾਅਦ ਵਿਚ ਇਨ੍ਹਾਂ ਨੂੰ ਕਾਬੂ ਕਰ ਲਿਆ ਗਿਆ ਸੀ ਤੇ ਫੌਜ ਦੇ ਨੇਮਾਂ ਮੁਤਾਬਕ ਕਾਰਵਾਈ ਕੀਤੀ ਗਈ ਸੀ। ਕੁਝ ਰਿਪੋਰਟਾਂ ਮੁਤਾਬਕ ਤਕਰੀਬਨ 3000 ਸਿੱਖ ਫੌਜੀਆਂ ਨੇ ਬੈਰਕਾਂ ਛੱਡ ਦਿੱਤੀਆਂ ਸਨ। ਨੌਵੀਂ ਸਿੱਖ ਬਟਾਲੀਅਨ ਪੂਰੀ ਦੀ ਪੂਰੀ ਭੰਗ ਕਰ ਦਿੱਤੀ ਗਈ ਸੀ। ਇਨ੍ਹਾਂ ਘਟਨਾਵਾਂ ਤੋਂ ਬਾਅਦ ਭਾਰਤੀ ਫੌਜ ਨੇ ਥਲ ਸੈਨਾ ਦੀਆਂ ਮਿਸ਼ਰਤ ਬਟਾਲੀਅਨ ਦਾ ਸੰਕਲਪ ਅਪਣਾਇਆ ਸੀ ਤੇ ਧਰਮ ਅਤੇ ਜਾਤ ਆਧਾਰਤ ਬਟਾਲੀਅਨਾਂ ਵਿਚ ਹੋਰਨਾਂ ਧਰਮਾਂ ਤੇ ਨਸਲਾਂ ਦੇ ਫੌਜੀਆਂ ਦੀ ਸ਼ਮੂਲੀਅਤ ਕੀਤੀ ਸੀ। ਮਿਸਾਲ ਦੇ ਤੌਰ 'ਤੇ ਕਿਸੇ ਸਿੱਖ ਬਟਾਲੀਅਨ ਵਿਚ ਮਦਰਾਸ ਰਜਮੈਂਟ ਦੇ ਦਸਤੇ ਵੀ ਸ਼ਾਮਲ ਕੀਤੇ ਜਾਂਦੇ ਹਨ।

# ਜ਼ਮੀਨ ਘੁਟਾਲਾ ਕੇਸ ਵਿਚ ਕੈਪਟਨ ਨੂੰ ਮਿਲੀ ਨਿੱਜੀ ਪੇਸ਼ੀ ਤੋਂ ਛੋਟ

**ਮੁਹਾਲੀ:** ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਜ਼ਮੀਨ ਘੁਟਾਲੇ ਦੇ ਮਾਮਲੇ ਵਿਚ ਨਾਮਜ਼ਦ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸਥਾਨਕ ਸਰਕਾਰਾਂ ਵਿਭਾਗ ਦੇ ਸਾਬਕਾ ਕੈਬਨਿਟ ਮੰਤਰੀ ਚੌਧਰੀ ਜਗਜੀਤ ਸਿੰਘ ਸਮੇਤ ਹੋਰਨਾਂ ਖ਼ਿਲਾਫ਼ ਦਰਜ ਭ੍ਰਿਸ਼ਟਾਚਾਰ ਮਾਮਲੇ ਦੀ ਅਗਲੀ ਸੁਣਵਾਈ ਜ਼ਿਲ੍ਹਾ ਅਦਾਲਤ ਨੇ ਸੱਤ ਜੁਲਾਈ 'ਤੇ ਅੱਗੇ ਪਾ ਦਿੱਤੀ ਹੈ। ਉਂਜ ਕੇਸ ਦੀ ਸੁਣਵਾਈ ਮੌਕੇ ਸਾਬਕਾ ਕੈਪਟਨ ਅਮਰਿੰਦਰ ਸਿੰਘ ਤੇ ਰੋਹਿਤ ਸ਼ਰਮਾ ਅਦਾਲਤ ਵਿਚ ਪੇਸ਼ ਨਹੀਂ ਹੋਏ ਜਦੋਂਕਿ ਚੌਧਰੀ ਜਗਜੀਤ ਸਿੰਘ ਸਣੇ ਬਾਕੀ ਨਾਮਜ਼ਦ ਮੁਲਜ਼ਮ ਅਦਾਲਤ ਵਿਚ ਪੇਸ਼ ਹੋਏ।



ਇਸੇ ਦੌਰਾਨ ਕੈਪਟਨ ਨੇ ਆਪਣੇ ਵਕੀਲ ਰਾਹੀਂ ਅਦਾਲਤ ਵਿਚ ਅਰਜ਼ੀ ਦਾਇਰ ਕਰਕੇ ਨਿੱਜੀ ਪੇਸ਼ੀ ਤੋਂ ਛੋਟ ਮੰਗੀ। ਅਦਾਲਤ ਨੇ ਉਨ੍ਹਾਂ ਦੀ ਅਰਜ਼ੀ ਮਨਜ਼ੂਰ ਕਰ ਲਈ ਹੈ।







# ਅੱਧਿਓਂ ਵੱਧ ਪੁਲਿਸ ਮੁਲਾਜ਼ਮ ਤੇ ਸਿਆਸੀ ਆਗੂ ਨਸ਼ੱਈ

**ਚੰਡੀਗੜ੍ਹ:** ਪੰਜਾਬ ਵਿਚ ਨਸ਼ਿਆਂ ਖ਼ਿਲਾਫ਼ ਮੁਹਿੰਮ ਚਲਾਉਣ ਵਾਲੇ ਪੁਲਿਸ ਮਹਿਕਮੇ ਵਿਚ ਉਪਰ ਤੋਂ ਲੈ ਕੇ ਥੱਲੇ ਤੱਕ ਤਕਰੀਬਨ 50 ਫ਼ੀਸਦੀ ਮੁਲਾਜ਼ਮ ਨਸ਼ੇੜੀ ਹਨ। ਇੰਨਾ ਹੀ ਨਹੀਂ ਇਸ ਮੁਹਿੰਮ ਨੂੰ ਚਲਾਉਣ ਦਾ ਹੁਕਮ ਦੇਣ ਵਾਲੀ ਸਰਕਾਰ ਦੇ ਸਿਆਸੀ ਆਗੂਆਂ ਵਿਚੋਂ ਵੀ 50 ਫ਼ੀਸਦੀ ਅਜਿਹੇ ਹਨ, ਜੋ ਹੈਰੋਇਨ, ਅਫੀਮ ਤੇ ਸਮੈਕ ਜਿਹੇ ਨਸ਼ੇ ਕਰਦੇ ਹਨ। ਇਹ ਦਾਅਵਾ ਪੰਜਾਬ ਦੇ ਸਾਬਕਾ ਡੀ.ਜੀ.ਪੀ. (ਜੇਲ੍ਹਾਂ) ਸ਼ਸ਼ੀਕਾਂਤ ਨੇ ਕੀਤਾ ਹੈ। ਲੋਕ ਸਭਾ ਚੋਣਾਂ ਤੋਂ ਬਾਅਦ ਕਾਫੀ ਸਮਾਂ ਚੁੱਪ ਰਹੇ ਸ਼ਸ਼ੀਕਾਂਤ ਨੇ ਪੰਜਾਬ ਸਰਕਾਰ ਤੇ ਪੁਲਿਸ ਮੁਲਾਜ਼ਮਾਂ ਦੀ ਨਸ਼ਾ ਤਸਕਰੀ ਵਿਚ ਹਿੱਸੇਦਾਰੀ ਬਾਰੇ ਅਹਿਮ ਖੁਲਾਸੇ ਕੀਤੇ ਹਨ।

ਜ਼ਿਕਰਯੋਗ ਹੈ ਕਿ ਸ਼ਸ਼ੀਕਾਂਤ ਨੇ ਲੋਕ ਸਭਾ ਚੋਣਾਂ ਤੋਂ ਕੁਝ ਦਿਨ ਪਹਿਲਾਂ ਵੀ ਪੰਜਾਬ ਸਰਕਾਰ ਦੇ ਕੁਝ ਮੰਤਰੀਆਂ ਦੀ ਨਸ਼ਾ ਤਸਕਰੀ ਵਿਚ ਸ਼ਮੂਲੀਅਤ ਬਾਰੇ ਖੁਲਾਸੇ ਕੀਤੇ ਸਨ। ਉਨ੍ਹਾਂ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਜੇਕਰ ਕਿਸੇ ਨੂੰ ਉਨ੍ਹਾਂ ਦੀਆਂ ਕਹੀਆਂ ਗੱਲਾਂ 'ਤੇ ਸ਼ੱਕ ਹੋਵੇ ਤਾਂ ਉਹ ਪੁਲਿਸ ਵਾਲਿਆਂ ਤੇ ਨਸ਼ਿਆਂ ਖ਼ਿਲਾਫ਼ ਭਾਸ਼ਣ ਦੇਣ ਵਾਲੇ ਸਿਆਸੀ ਆਗੂਆਂ ਦਾ ਡੋਪ ਟੈਸਟ ਕਰਵਾ ਕੇ ਦੇਖ ਲੈਣ, ਸੱਚਾਈ ਆਪਣੇ ਆਪ ਸਾਹਮਣੇ ਆ ਜਾਵੇਗੀ। ਉਨ੍ਹਾਂ ਨੇ ਸੂਬਾ ਸਰਕਾਰ ਦੀ ਕਾਰਜ ਪ੍ਰਣਾਲੀ 'ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਜੇਕਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 2007 ਵਿਚ ਉਨ੍ਹਾਂ ਵੱਲੋਂ ਦਿੱਤੀ ਗਈ ਫਾਈਲ 'ਤੇ ਐਕਸ਼ਨ ਲਿਆ ਹੁੰਦਾ ਤਾਂ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਅੱਜ ਅਜਿਹੇ ਦਿਨ ਦੇਖਣੇ ਨਾ ਪੈਂਦੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਉਸ ਵੇਲੇ ਆਪਣੇ ਕੁਝ ਮੰਤਰੀਆਂ ਨੂੰ ਇਸ ਧੰਦੇ ਲਈ ਝਾੜਾਂ ਵੀ ਲਾਈਆਂ ਸਨ, ਪਰ ਹੁਣ ਉਹ ਸਾਫ਼ ਮੁੱਕਰ ਰਹੇ ਹਨ ਕਿ ਉਨ੍ਹਾਂ ਨੂੰ ਕੋਈ ਫਾਈਲ ਨਹੀਂ ਮਿਲੀ।ਸਾਬਕਾ ਡੀ.ਜੀ.ਪੀ. ਨੇ ਦਾਅਵਾ ਕੀਤਾ ਕਿ ਮੁੱਖ ਮੰਤਰੀ ਸ੍ਰੀ ਅਕਾਲ ਤਖਤ 'ਤੇ ਜਾ ਕੇ ਸਹੁੰ ਖਾ ਕੇ ਕਹਿਣ ਕਿ ਉਹ ਫਾਈਲ ਉਨ੍ਹਾਂ ਨੇ ਨਹੀਂ ਲਈ। ਉਨ੍ਹਾਂ ਦੋਸ਼ ਲਾਇਆ ਕਿ ਸੂਬੇ ਦੀਆਂ ਜੇਲ੍ਹਾਂ ਵਿਚ ਰੋਜ਼ਾਨਾ 10 ਕਿੱਲੋ ਹੈਰੋਇਨ ਦੀ ਖਪਤ ਹੁੰਦੀ ਰਹੀ ਹੈ ਤੇ ਉਹ ਹੈਰੋਇਨ ਅਕਾਲੀ ਦਲ ਦੇ ਮੰਤਰੀਆਂ ਦੀ ਸਪਲਾਈ ਹੀ ਹੁੰਦੀ ਸੀ, ਜਿਸ ਨੂੰ ਰੋਕਣ 'ਤੇ ਲੁਧਿਆਣਾ ਤੋਂ ਸਾਬਕਾ ਜੇਲ੍ਹ ਮੰਤਰੀ ਨੇ ਉਨ੍ਹਾਂ ਨੂੰ ਬੁਲਾ ਕੇ ਧਮਕਾਇਆ ਵੀ ਸੀ। ਉਨ੍ਹਾਂ ਦਾਅਵਾ ਕੀਤਾ ਕਿ ਹਾਈ ਕੋਰਟ ਵਿਚ ਚੱਲ ਰਹੇ ਨਸ਼ਿਆਂ ਖ਼ਿਲਾਫ਼ ਕੇਸ ਲਈ ਉਹ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਗਵਾਹ ਜ਼ਰੂਰ ਬਣਾਉਣਗੇ। ਲੋਕ ਸਭਾ ਚੋਣਾਂ ਤਾਂ ਸੂਬਾ ਸਰਕਾਰ ਲਈ ਇਕ ਛੋਟਾ ਜਿਹਾ ਨਮੂਨਾ ਸੀ ਕਿਉਂਕਿ 2017 ਵਿਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਸਰਕਾਰ ਨੂੰ ਜਨਤਾ ਅਸਲੀ ਰੋਹ ਦਿਖਾਏਗੀ। ਉਨ੍ਹਾਂ ਕਿਹਾ ਕਿ 2017 ਦੀਆਂ ਚੋਣਾਂ ਵਿਚ ਅਕਾਲੀ ਦਲ ਪੰਜਾਬ ਵਿਚੋਂ ਪੂਰੀ ਤਰ੍ਹਾਂ ਖ਼ਤਮ ਹੋ ਜਾਵੇਗਾ।



*ਇਕ ਸਮਾਗਮ ਦੌਰਾਨ ਨਸ਼ਿਆਂ ਬਾਰੇ ਖੁਲਾਸਾ ਕਰ ਰਹੇ ਸਾਬਕਾ ਡੀ.ਜੀ.ਪੀ. (ਜੇਲ੍ਹਾਂ) ਸ਼ਸ਼ੀਕਾਂਤ।*

## ਨਸ਼ੇੜੀ ਪੁਲਿਸ ਮੁਲਾਜ਼ਮ ਵੀ ਲੈਣ ਲੱਗੇ ਨਸ਼ਾ ਛੁਡਾਊ ਕੇਂਦਰਾਂ ਵਿਚ ਪਨਾਹ

**ਪਟਿਆਲਾ:** ਨਸ਼ੇੜੀ ਪੁਲਿਸ ਮੁਲਾਜ਼ਮ ਵੀ ਨਸ਼ਾ ਛੁਡਾਊ ਕੇਂਦਰਾਂ ਵਿਚ ਪੁੱਜਣ ਲੱਗੇ ਹਨ। ਪਟਿਆਲਾ ਵਿਚ ਕੇਂਦਰ ਸਰਕਾਰ ਦੀ ਗਰਾਂਟ ਨਾਲ ਚੱਲ ਰਹੇ 30 ਬਿਸਤਰਿਆਂ ਦੇ ਸਾਕੇਤ ਹਸਪਤਾਲ ਵਿਚ 15 ਪੁਲਿਸ ਵਾਲੇ ਵੀ ਨਸ਼ਾ ਛੱਡਣ ਲਈ ਆਏ। ਇਕ ਆਈ.ਜੀ. ਰੈਂਕ ਦਾ ਅਫ਼ਸਰ ਇਨ੍ਹਾਂ ਪੁਲਿਸ ਵਾਲਿਆਂ ਨੂੰ ਨਸ਼ਾ ਛੱਡਣ ਲਈ ਲੈ ਕੇ ਆਇਆ ਸੀ ਜੋ ਕਿ ਆਈ.ਆਰ.ਬੀ. ਦੇ ਮੁਲਾਜ਼ਮ ਹਨ। ਇਨ੍ਹਾਂ ਵਿਚ ਬਲਵਿੰਦਰ ਸਿੰਘ (45) ਬਠਿੰਡਾ, ਭਗਵਾਨ ਸਿੰਘ (40) ਫ਼ਰੀਦਕੋਟ ਤੋਂ ਇਲਾਵਾ ਕਈ ਹੋਰ ਸ਼ਹਿਰਾਂ ਦੇ ਪੁਲਿਸ ਮੁਲਾਜ਼ਮ ਸ਼ਾਮਲ ਹਨ। ਸਾਕੇਤ ਹਸਪਤਾਲ ਦੀ ਮੁਖੀ ਪਰਮਿੰਦਰ ਕੌਰ ਮਨਚੰਦਾ ਨੇ ਕਿਹਾ ਕਿ ਉਨ੍ਹਾਂ ਕੋਲ ਤਕਰੀਬਨ 15 ਮੁਲਾਜ਼ਮ ਨਸ਼ਾ ਛੱਡਣ ਲਈ ਆਏ ਹਨ, ਜਿਨ੍ਹਾਂ ਵਿਚੋਂ ਤਿੰਨ ਅਜੇ ਵੀ ਇਲਾਜ ਕਰਵਾ ਰਹੇ ਹਨ ਬਾਕੀ ਨਸ਼ਾ ਛੱਡ ਕੇ ਚਲੇ ਗਏ ਹਨ। ਉਨ੍ਹਾਂ ਕਿਹਾ ਕਿ 18 ਤੋਂ 24 ਸਾਲ ਦੇ ਗਰੁੱਪ ਵਿਚ ਸਮੈਕ ਦਾ ਨਸ਼ਾ ਕਰਨ ਵਾਲੇ ਮਰੀਜ਼ ਉਨ੍ਹਾਂ ਕੋਲ ਆਏ ਹਨ। ਉਨ੍ਹਾਂ ਨੂੰ ਕੇਂਦਰ ਸਰਕਾਰ ਤੋਂ ਸਿਰਫ਼ 14 ਲੱਖ ਰੁਪਏ ਸਾਲਾਨਾ ਗਰਾਂਟ ਮਿਲਦੀ ਹੈ ਪਰ ਪੰਜਾਬ ਸਰਕਾਰ ਵੱਲੋਂ ਅਜੇ ਤੱਕ ਕੋਈ ਗਰਾਂਟ ਨਹੀਂ ਮਿਲੀ।

# ਯੂਰਪੀ ਦੇਸ਼ਾਂ ਤੱਕ ਜੁੜੇ ਨੇ ਨਸ਼ਾ ਤਸਕਰਾਂ ਦੇ ਤਾਰ

**ਪਟਿਆਲਾ:** ਪਟਿਆਲਾ ਪੁਲਿਸ ਵੱਲੋਂ ਅਰਬਾਂ ਰੁਪਏ ਦੇ ਸਿੰਥੈਟਿਕ ਡਰੱਗਜ਼ ਸਮੇਤ ਕਾਬੂ ਕੀਤੇ ਗਏ ਗਰੋਹ ਦੇ ਤਾਰ ਕਈ ਯੂਰਪੀਅਨ ਮੁਲਕਾਂ ਨਾਲ ਜੁੜੇ ਹੋਏ ਹਨ। ਗਰੋਹ ਦੇ ਪੰਜ ਮੈਂਬਰਾਂ ਤੋਂ ਪੁੱਛਗਿੱਛ ਵਿਚ ਖੁਲਾਸਾ ਹੋਇਆ ਹੈ ਕਿ ਉਹ ਬਹੁਤ ਹੀ ਸ਼ਾਤਰਾਨਾ ਢੰਗ ਨਾਲ ਹਿਮਾਚਲ ਪ੍ਰਦੇਸ਼ ਸਥਿਤ ਦਵਾਈਆਂ ਬਣਾਉਣ ਵਾਲੀਆਂ ਫੈਕਟਰੀਆਂ ਵਿਚੋਂ ਸੂਡੋਫੈਡਰਾਈਨ ਤੇ ਹੋਰ ਨਸ਼ੀਲੇ ਪਦਾਰਥ ਹਰਿਆਣਾ ਤੇ ਦਿੱਲੀ ਰਾਹੀਂ ਰੇਲਵੇ ਰੂਟ ਜ਼ਰੀਏ ਚੇਨਈ ਤੱਕ ਲਿਜਾਏ ਜਾਂਦੇ ਸਨ, ਜਿਥੋਂ ਇਨ੍ਹਾਂ ਨੂੰ ਸਮੁੰਦਰੀ ਜਹਾਜ਼ ਰਾਹੀਂ ਮਲੇਸ਼ੀਆ ਤੇ ਹਿਮਾਚਲ ਤੇ ਦਿੱਲੀ ਦੇ ਰਸਤੇ ਬਰਮਾ ਤੱਕ ਲਿਜਾਇਆ ਜਾਂਦਾ ਸੀ।

ਗਰੋਹ ਦੇ ਪ੍ਰਮੁੱਖ ਵਿਅਕਤੀਆਂ 'ਤੇ ਮਲੇਸ਼ੀਆ ਅਧਾਰਤ ਨਸ਼ੇ ਦੇ ਸੌਦਾਗਰਾਂ ਵੱਲੋਂ ਪੂਰੀ ਨਜ਼ਰ ਰੱਖੀ ਜਾਂਦੀ ਸੀ। ਪੈਸੇ ਦੇ ਆਦਾਨ ਪ੍ਰਦਾਨ ਲਈ ਹਵਾਲਾ ਦੀ ਵਰਤੋਂ ਕੀਤੀ ਜਾਂਦੀ ਸੀ ਤੇ ਫੋਨ ਕਾਲ ਉਪਰੰਤ ਪੰਦਰਾਂ ਮਿੰਟ ਵਿਚ ਅਦਾਇਗੀ ਹੋ ਜਾਂਦੀ ਸੀ। ਸਰਬੋਈ ਉਰਫ ਚੈਰੀ ਨੇ ਫਰਜ਼ੀ ਵੋਟਰ ਕਾਰਡ, ਪੈਨ ਕਾਰਡ ਤੇ ਡਰਾਈਵਿੰਗ ਲਾਇਸੰਸ ਬਣਾਇਆ ਹੋਇਆ ਸੀ। ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਹੈ ਕਿ ਉਸਦੀਆਂ ਜੱਗ ਜ਼ਾਹਰ ਸਰਗਰਮੀਆਂ ਵਿਚ 'ਫੂਡ' ਨਾਮੀ ਇਕ ਸੰਸਥਾ ਜ਼ਰੀਏ ਨਵੀਂ ਦਿੱਲੀ ਸਥਿਤ ਬਰਮਾ ਦੇ ਲੋਕਾਂ ਦੇ ਸ਼ਰਨਾਰਥੀ ਕੈਂਪਾਂ ਵਿਚ ਜਨਮ ਲੈਣ ਵਾਲੇ ਬੱਚਿਆਂ ਦਾ ਨਾਂ ਦਰਜ ਕਰਨਾ ਸੀ। ਉਸਦਾ ਪਤੀ ਮਿਜ਼ੋਰਮ ਪੁਲਿਸ ਦੇ ਸੀ.ਆਈ.ਡੀ. ਵਿੰਗ ਦੇ ਇਕ ਸੂਤਰ ਵੱਜੋਂ ਕੰਮ ਕਰਦਾ ਸੀ।

ਪਟਿਆਲਾ ਦੇ ਆਈ.ਜੀ. ਪਰਮਜੀਤ ਸਿੰਘ ਗਿੱਲ ਦਾ ਕਹਿਣਾ ਹੈ ਕਿ ਸਰਬੋਈ ਮਲੇਸ਼ੀਆ ਤੇ ਬਰਮਾ ਸਥਿਤ ਨਸ਼ਾ ਤਸਕਰਾਂ ਵਿਚ ਇਕ ਅਹਿਮ ਕੜੀ ਸੀ। ਮਲੇਸ਼ੀਆ ਅਧਾਰਤ ਨਸ਼ੇ ਦੇ ਵੱਡੇ ਤਸਕਰ, ਇਸ ਗਰੋਹ ਦੀ ਤਸਕਰੀ ਦੀਆਂ ਸਰਗਰਮੀਆਂ 'ਤੇ ਨਿਰੰਤਰ ਨਜ਼ਰ ਰੱਖਦੇ ਸਨ ਤੇ ਅਹਿਮ ਮੈਂਬਰਾਂ ਦੇ ਆਉਣ ਜਾਣ ਦਾ ਪ੍ਰਬੰਧ ਬੇਹੱਦ ਗੁਪਤ ਤਰੀਕੇ ਨਾਲ ਕਰਦੇ ਸਨ।

ਪੰਜਾਬ ਪੁਲਿਸ ਵੱਲੋਂ ਹੁਣ ਤੱਕ ਦੀ ਜਾਂਚ ਦੌਰਾਨ ਸਾਹਮਣੇ ਆਏ ਤੱਥਾਂ ਤੋਂ ਹਿਮਾਚਲ ਪ੍ਰਦੇਸ਼, ਹਰਿਆਣਾ ਤੇ ਦਿੱਲੀ ਸਮੇਤ ਹੋਰਨਾਂ ਪ੍ਰਭਾਵਤ ਸੂਬਿਆਂ ਦੇ ਸੀਨੀਅਰ ਪੁਲਿਸ ਅਧਿਕਾਰੀਆਂ ਨਾਲ ਮੀਟਿੰਗਾਂ ਕੀਤੀਆਂ ਜਾਣਗੀਆਂ। ਇਸ ਤੋਂ ਇਲਾਵਾ ਨਾਰਕੋਟਿਕਸ ਕੰਟਰੋਲ ਬਿਊਰੋ ਦੇ ਖੇਤਰੀ ਦਫ਼ਤਰ ਨੂੰ ਵੀ ਇਨ੍ਹਾਂ ਨਸ਼ਾ ਤਸਕਰੀ ਨੈਟਵਰਕਾਂ ਦੇ ਕੌਮੀ ਤੇ ਕੌਮਾਂਤਰੀ ਪਹਿਲੂਆਂ ਤੋਂ ਜਾਣੂ ਕਰਵਾਇਆ ਜਾ ਰਿਹਾ ਹੈ, ਤਾਂ ਜੋ ਪੰਜਾਬ ਪੁਲਿਸ ਦੀ ਜਾਂਚ ਦੌਰਾਨ ਸਾਹਮਣੇ ਆਈ ਜਾਣਕਾਰੀ ਮੁਤਾਬਕ ਸਾਂਝੇ ਯਤਨ ਕੀਤੇ ਜਾ ਸਕਣ।

# ਬਾਦਲ ਨੇ ਕੇਂਦਰ ਤੋਂ ਮੰਗੀ ਵਿਸ਼ੇਸ਼ ਵਿੱਤੀ ਸਹਾਇਤਾ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਮ ਨਾਲੋਂ ਘੱਟ ਮੀਂਹ ਪੈਣ ਦੀ ਸਮੱਸਿਆ ਕਰਕੇ ਸੂਬੇ ਵਿਚ ਸੋਕੇ ਵਰਗੀ ਹਾਲਤ ਨਾਲ ਨਜਿੱਠਣ ਲਈ 2330 ਕਰੋੜ ਦੀ ਵਿਸ਼ੇਸ਼ ਕੇਂਦਰੀ ਸਹਾਇਤਾ ਮੁਹੱਈਆ ਕਰਵਾਉਣ ਵਾਸਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਨਿੱਜੀ ਦਖਲ ਦੇਣ ਦੀ ਮੰਗ ਕੀਤੀ ਹੈ।

ਮੁੱਖ ਮੰਤਰੀ ਸ. ਬਾਦਲ ਨੇ ਸ੍ਰੀ ਮੋਦੀ ਨੂੰ ਲਿਖਿਆ ਹੈ ਕਿ ਪੰਜਾਬ ਵਿਚ 30 ਜੂਨ 2014 ਤੱਕ ਵੱਖ-ਵੱਖ ਜ਼ਿਲ੍ਹਿਆਂ ਵਿਚ 51 ਫੀਸਦੀ ਤੱਕ ਘੱਟ ਮੀਂਹ ਪਿਆ ਹੈ ਤੇ ਪੰਜਾਬ ਦੇ ਕਿਸਾਨਾਂ ਨੂੰ 2014-15 ਦੀ ਸਾਉਣੀ ਦੀ ਫਸਲ ਬਚਾਉਣ ਲਈ ਡੀਜ਼ਲ ਤੇ ਹੋਰ ਚੀਜ਼ਾਂ 'ਤੇ ਵਾਧੂ ਖਰਚ ਕਰਨਾ ਪੈ ਰਿਹਾ ਹੈ। ਜਿਹੜੇ ਕਿਸਾਨ ਡੀਜ਼ਲ ਵਾਲੇ ਟਿਊਬਵੈੱਲ ਚਲਾਉਂਦੇ ਹਨ, ਉਨ੍ਹਾਂ ਦਾ ਖਰਚ ਕਈ ਗੁਣਾਂ ਵਧ ਗਿਆ ਹੈ। ਕਈਆਂ ਨੂੰ ਆਪਣੇ ਟਿਊਬਵੈੱਲ ਡੂੰਘੇ ਕਰਨੇ ਪੈ ਰਹੇ ਹਨ ਤੇ ਇਨ੍ਹਾਂ ਨੂੰ ਮੋਨੋ ਬਲਾਕ ਪੰਪਾਂ ਦੀ ਥਾਂ ਸਬਮਰਸੀਬਲ ਪੰਪਾਂ ਵਿਚ ਬਦਲਣਾ ਪੈ ਰਿਹਾ ਹੈ। ਹੁਣ ਤਕਰੀਬਨ 85000 ਟਿਊਬਵੈੱਲਾਂ ਨੂੰ ਡੂੰਘੇ ਕਰਨ ਦੀ ਲੋੜ ਹੈ ਜਿਸ 'ਤੇ ਤਕਰੀਬਨ 700 ਕਰੋੜ ਰੁਪਏ ਖਰਚਾ ਆਉਣ ਦੀ ਸੰਭਾਵਨਾ ਹੈ।

ਉਨ੍ਹਾਂ ਦੱਸਿਆ ਹੈ ਕਿ ਰਾਜ ਪਾਵਰ ਕਾਰਪੋਰੇਸ਼ਨ (ਪੀ.ਐਸ.ਪੀ.ਸੀ.ਐਲ.) ਖੇਤੀ ਖੇਤਰ ਨੂੰ ਨਿਰਵਿਘਨ ਮੁਫ਼ਤ ਬਿਜਲੀ ਦੇਣ ਲਈ ਦੂਜੇ ਸੂਬਿਆਂ ਤੋਂ ਬਿਜਲੀ ਖਰੀਦ ਰਿਹਾ ਹੈ, ਜਿਸ ਨਾਲ ਵਾਧੂ 1500 ਕਰੋੜ ਰੁਪਏ ਦਾ ਭਾਰ ਪੈਂਦਾ ਹੈ। ਉਨ੍ਹਾਂ ਸ੍ਰੀ ਮੋਦੀ ਅੱਗੇ ਮੰਗ ਰੱਖੀ ਕਿ ਕੇਂਦਰ ਸਰਕਾਰ ਪੀ.ਐਸ.ਪੀ.ਸੀ.ਐਲ. ਸਮੇਤ ਪੰਜਾਬ ਨੂੰ ਵੱਡੇ ਪੱਧਰ 'ਤੇ ਵਿੱਤੀ ਪੈਕੇਜ ਦੇਵੇ।

ਚੇਤੇ ਰਹੇ ਕਿ ਸ. ਬਾਦਲ ਕਹਿੰਦੇ ਰਹੇ ਹਨ ਕਿ ਪਹਿਲਾਂ ਕੇਂਦਰ ਵਿਚਲੀ ਕਾਂਗਰਸ ਸਰਕਾਰ ਨੇ ਪੰਜਾਬ ਦੀ ਕਦੀ ਨਹੀਂ ਸੁਣੀ। ਜਦੋਂ 'ਆਪਣੀ' ਸਰਕਾਰ ਆਵੇਗੀ ਤਾਂ ਪੰਜਾਬ ਦੇ ਵਾਰੇ-ਨਿਆਰੇ ਹੋ ਜਾਣਗੇ। ਹੁਣ ਉਹ ਪੰਜਾਬ ਲਈ ਵੱਖ-ਵੱਖ ਪ੍ਰੋਜੈਕਟ ਲੈਣ ਲਈ ਹੱਥ-ਪੈਰ ਮਾ ਰਹੇ ਹਨ।

## ਅਮਰੀਕਾ ਦੇ ਆਜ਼ਾਦੀ ਦਿਵਸ ਮੌਕੇ ਚਾਰ ਭਾਰਤੀਆਂ ਦਾ ਸਨਮਾਨ

**ਵਾਸ਼ਿੰਗਟਨ:** ਅਮਰੀਕਾ ਦੇ ਆਜ਼ਾਦੀ ਦਿਵਸ ਮੌਕੇ ਦੇਸ਼ ਦੇ ਵਿਕਾਸ ਵਿਚ ਅਹਿਮ ਯੋਗਦਾਨ ਪਾਉਣ ਬਦਲੇ ਸਨਮਾਨੇ ਵਿਅਕਤੀਆਂ ਵਿਚ ਚਾਰ ਭਾਰਤੀ ਮੂਲ ਦੇ ਨਾਗਰਿਕ ਵੀ ਸ਼ਾਮਲ ਹਨ।

ਵਾਲ ਸਟਰੀਟ ਜਨਰਲ ਦੀ ਰਿਪੋਰਟ ਮੁਤਾਬਕ ਅਮਰੀਕਾ ਦੇ ਆਜ਼ਾਦੀ ਦਿਵਸ ਮੌਕੇ ਮੁੱਖ ਕਾਰਜਕਾਰੀ ਅਧਿਕਾਰੀ ਸਤਿਆ ਨਾਦੇਲਾ, ਕਮੇਡੀਅਨ ਤੇ ਅਦਾਕਾਰ ਆਸਿਫ ਮੰਡਵੀ, ਕਰਨੇਜੀ ਮੇਲੋਨ ਯੂਨੀਵਰਸਿਟੀ ਦੇ ਪ੍ਰਧਾਨ ਸੁਬਰਾ ਸੁਰੇਸ਼ ਤੇ ਯੂਨੀਵਰਸਿਟੀ ਆਫ ਵੈਸਟ ਜੌਰਜੀਆ ਦੇ ਸਾਬਕਾ ਪ੍ਰਧਾਨ ਬੇਹੇਰੂਜ਼ ਸੇਥਾਨਾ ਸ਼ਾਮਲ ਹਨ।

ਹੈਦਰਾਬਾਦ ਦੇ ਜੰਮਪਲ ਨਾਦੇਲਾ ਨੇ ਮਾਈਕਰੋ ਸ਼ਾਫਟ ਦਾ ਮੁਖੀ ਬਣ ਕੇ ਇਕ ਨਵਾਂ ਕੀਰਤੀਮਾਨ ਸਥਾਪਤ ਕੀਤਾ ਹੈ। ਉਸ ਨੇ 1980 ਵਿਚ ਅਮਰੀਕਾ ਆਉਣ ਤੋਂ ਪਹਿਲਾਂ ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਇੰਜੀਨੀਅਰਿੰਗ ਵਿਚ ਪੜ੍ਹਾਈ ਕੀਤੀ ਹੈ। ਮੁੰਬਈ ਦੇ ਪਿਛੋਕੜ ਵਾਲਾ ਮੰਡਵੀ ਪਹਿਲਾਂ ਇੰਗਲੈਂਡ ਗਿਆ ਪਰ ਸੋਲਾਂ ਸਾਲ ਦੀ ਉਮਰ ਵਿਚ ਉਥੋਂ ਅਮਰੀਕਾ ਆ ਗਿਆ। ਉਸ ਨੇ 'ਦਿ ਡੇਅਲੀ ਸ਼ੋਅ' ਵਿਚ ਇਕ ਪੱਤਰਕਾਰ ਦੇ ਰੂਪ ਵਿਚ ਅਦਾਕਾਰੀ ਕਰਕੇ 'ਇਸਲਾਮ' ਮੱਧ ਏਸ਼ੀਆ ਤੇ ਦੱਖਣੀ ਏਸ਼ੀਆ ਦੇ ਮਸਲਿਆਂ ਉਤੇ ਦਿਲਕਸ਼ ਟਿੱਪਣੀਆਂ ਕੀਤੀਆਂ।

ਸੁਰੇਸ਼ ਜੋ ਇਕ ਇੰਜੀਨੀਅਰ ਤੇ ਵਿਗਿਆਨੀ ਹੈ, ਚੇਨਈ ਦਾ ਜੰਮਪਲ ਹੈ। ਉਹ ਅਮਰੀਕਾ ਪੋਸਟ ਗਰੈਜੂਏਟ ਡਿਗਰੀ ਕਰਨ ਗਿਆ ਸੀ ਤੇ ਉਸ ਨੇ ਕਰਨੇਜ਼ੀ ਮੇਲੋਨ ਯੂਨੀਵਰਸਿਟੀ ਦਾ 9ਵਾਂ ਪ੍ਰਧਾਨ ਬਣਨ ਦਾ ਮਾਣ ਹਾਸਲ ਕੀਤਾ ਹੈ। ਸੇਥਨਾ ਜੋ ਭਾਰਤ ਵਿਚ 1948 ਦਾ ਜੰਮਪਲ ਹੈ, ਨੂੰ ਕਿਸੇ ਅਮਰੀਕੀ ਯੂਨੀਵਰਸਿਟੀ ਦਾ ਪਹਿਲਾ ਭਾਰਤੀ ਮੁਖੀ ਬਣਨ ਦਾ ਮਾਣ ਹਾਸਲ ਹੈ।

# ਜੇਲ੍ਹਾਂ 'ਚ ਨਸ਼ੇ ਪਹੁੰਚਾਉਣ ਵਾਲਿਆਂ ਖਿਲਾਫ ਵਿਉਂਤਬੰਦੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਦੀਆਂ ਜੇਲ੍ਹਾਂ ਵਿਚ ਨਸ਼ੇ ਪਹੁੰਚਾਉਣ ਵਾਲਿਆਂ ਦੀ ਪੈੜ ਨੱਪਣ ਲਈ ਨਵੀਂ ਵਿਉਂਤਬੰਦੀ ਸ਼ੁਰੂ ਕਰ ਦਿੱਤੀ ਹੈ। ਸਰਕਾਰ ਵੱਲੋਂ ਨਸ਼ਿਆਂ ਤੇ ਅਪਰਾਧਕ ਨੈਟਵਰਕ ਨੂੰ ਮੁੱਢੋਂ ਉਖੇੜਣ ਲਈ ਅਮਲੇ-ਫੈਲੇ ਵਿਚ ਵਿਆਪਕ ਪੱਧਰ 'ਤੇ ਰੱਦੋਬਦਲ ਕਰਨ ਦੀ ਤਜਵੀਜ਼ ਤਿਆਰ ਕੀਤੀ ਜਾ ਰਹੀ ਹੈ ਜਿਸ ਤਹਿਤ ਵਾਰਡਰ ਤੋਂ ਲੈ ਕੇ ਜੇਲ੍ਹ ਸੁਪਰਡੈਂਟਾਂ ਤੱਕ ਦੀਆਂ ਬਦਲੀਆਂ ਹੋਣ ਦੇ ਅਸਾਰ ਹਨ। ਭਰੋਸੇਯੋਗ ਸੂਤਰਾਂ ਮੁਤਾਬਕ ਸਰਕਾਰ ਵੱਲੋਂ ਜੇਲ੍ਹਾਂ ਵਿਚ ਆਧੁਨਿਕ ਤਕਨੀਕਾਂ ਨਾਲ ਸਖ਼ਤ ਸੁਰੱਖਿਆ ਪ੍ਰਬੰਧ ਕਰਨ ਦੇ ਬਾਵਜੂਦ ਜੇਲ੍ਹਾਂ ਦੀ ਚਾਰ ਦੀਵਾਰੀ ਵਿਚੋਂ ਨਿਰੰਤਰ ਨਸ਼ੇ ਤੇ ਮੋਬਾਈਲ ਫੋਨਾਂ ਦੀ ਵਰਤੋਂ ਹੋਣ ਕਾਰਨ ਇਹ ਕਦਮ ਚੁੱਕਿਆ ਜਾ ਰਿਹਾ ਹੈ।

ਸਰਕਾਰ ਮਹਿਸੂਸ ਕਰ ਰਹੀ ਹੈ ਕਿ ਜੇਲ੍ਹਾਂ ਵਿਚਲੇ ਅਪਰਾਧੀਆਂ ਦੇ ਨੈਟਵਰਕ ਨੂੰ ਤੋੜਨ ਲਈ ਇਕੋ ਜੇਲ੍ਹ ਵਿਚ ਸਾਲਾਂ ਤੋਂ ਗਲਬਾ ਕਾਇਮ ਕਰੀ ਬੈਠੇ ਸਟਾਫ ਦੀ ਰੱਦੋਬਦਲ ਕਰਨੀ ਜ਼ਰੂਰੀ ਹੈ ਕਿਉਂਕਿ ਜੇਲ੍ਹਾਂ ਵਿਚਲੇ ਆਧੁਨਿਕ ਸੁਰੱਖਿਆ ਪ੍ਰਬੰਧਾਂ ਦਾ ਕੰਟਰੋਲ ਸਟਾਫ ਦੇ ਹੱਥ ਹੀ ਹੈ ਤੇ ਅਧਿਕਾਰੀਆਂ/ਮੁਲਾਜ਼ਮਾਂ ਦੀ ਸਕਰੀਨਿੰਗ ਕਰਨ ਤੋਂ ਬਿਨਾਂ ਸੁਧਾਰ ਸੰਭਵ ਨਹੀਂ ਹੈ।

ਸੂਤਰਾਂ ਮੁਤਾਬਕ ਸਰਕਾਰ ਦੇ ਹੱਥ ਅਜਿਹੀ ਜਾਣਕਾਰੀ ਲੱਗੀ ਹੈ ਕਿ ਡਰੱਗ ਮਾਫੀਆ ਇਕ ਸਾਜ਼ਿਸ਼ ਤਹਿਤ ਆਪਣੇ ਕਰਿੰਦਿਆਂ ਨੂੰ ਸੂਬੇ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਸਮੇਂ-ਸਮੇਂ ਛੋਟੇ-ਮੋਟੇ ਮਾਮਲਿਆਂ ਵਿਚ ਭੇਜਣ ਦਾ ਪ੍ਰਬੰਧ ਕਰਦਾ ਹੈ। ਇਹ ਸਾਰੀ ਪ੍ਰਕਿਰਿਆ ਜੇਲ੍ਹ ਪ੍ਰਸ਼ਾਸਨ ਦੀਆਂ ਕੁਝ ਕਾਲੀਆਂ ਭੇਡਾਂ ਦੀ ਮਿਲੀਭੁਗਤ ਨਾਲ ਹੋ ਰਹੀ ਹੈ।

ਇਹ ਕਰਿੰਦੇ ਜੇਲ੍ਹਾਂ ਵਿਚ ਜਾ ਕੇ ਨਸ਼ਿਆਂ ਤੇ ਮੋਬਾਈਲ ਫੋਨਾਂ ਦਾ ਪ੍ਰਬੰਧ ਕਰਵਾ ਕੇ ਆਪਣਾ ਧੰਦਾ ਚਲਾਉਂਦੇ ਹਨ। ਅਜਿਹੇ ਅਨਸਰ ਜੇਲ੍ਹਾਂ ਵਿਚ ਹੀ ਅਪਰਾਧਿਕ ਗੈਂਗ ਬਣਾਉਂਦੇ ਹਨ ਤੇ ਜਿਥੇ ਜੇਲ੍ਹਾਂ ਦੇ ਅੰਦਰ ਆਪਣਾ ਸਿੱਕਾ ਚਲਾਉਂਦੇ ਹਨ, ਉਥੇ ਬਾਹਰ ਆ ਕੇ ਇਨ੍ਹਾਂ ਗੈਗਾਂ ਨੂੰ ਵਿਸ਼ਾਲ ਰੂਪ ਦੇ ਕੇ ਵੱਡੇ ਕਾਰੇ ਕਰਦੇ ਹਨ। ਦੱਸਣਯੋਗ ਹੈ ਕਿ ਪੰਜਾਬ ਦੀਆਂ ਜੇਲ੍ਹਾਂ ਵਿਚ 18 ਹਜ਼ਾਰ ਕੈਦੀ ਰੱਖਣ ਦੀ ਸਮਰੱਥਾ ਹੈ ਪਰ ਇਸ ਵੇਲੇ 28 ਹਜ਼ਾਰ ਤੋਂ ਵੱਧ ਕੈਦੀ ਜੇਲ੍ਹਾਂ ਵਿਚ ਨੂੜੇ ਪਏ ਹਨ।

ਸਰਕਾਰ ਨੂੰ ਅਜਿਹੀ ਸੂਹ ਵੀ ਮਿਲੀ ਹੈ ਕਿ ਕੈਦੀ ਜੇਲ੍ਹਾਂ ਵਿਚ ਕਿਸੇ ਤਰ੍ਹਾਂ ਸਿਮ ਕਾਰਡ ਲਿਜਾਣ ਵਿਚ ਕਾਮਯਾਬ ਹੋ ਜਾਂਦੇ ਹਨ। ਅਜਿਹੇ ਕੈਦੀ ਜੇਲ੍ਹ ਸਟਾਫ ਨਾਲ ਸੌਦੇਬਾਜ਼ੀ ਕਰਕੇ ਵਾਰਡਰਾਂ ਆਦਿ ਦੇ ਮੋਬਾਈਲ ਫੋਨਾਂ ਵਿਚ ਆਪਣੇ ਸਿਮ ਕਾਰਡ ਪਾ ਕੇ ਕਾਲਾਂ ਕਰਦੇ ਹਨ। ਪਿਛਲੇ ਸਮੇਂ ਸਰਕਾਰ ਵੱਲੋਂ ਜੇਲ੍ਹਾਂ ਦੇ ਮੁੱਖ ਪੁਆਇੰਟਾਂ 'ਤੇ ਸੀ.ਸੀ.ਟੀ.ਵੀ. ਕੈਮਰੇ ਲਾ ਕੇ ਮੁੱਖ ਗੇਟਾਂ ਉਪਰ ਤਲਾਸ਼ੀ ਲੈਣ ਦੀ ਜ਼ਿੰਮੇਵਾਰੀ ਪੰਜਾਬ ਪੁਲਿਸ ਦੀ ਲਾਈ ਸੀ। ਇਸ ਦੇ ਬਾਵਜੂਦ ਨਸ਼ਿਆਂ ਤੇ ਮੋਬਾਈਲ ਫੋਨਾਂ ਦੀ ਜੇਲ੍ਹਾਂ ਵਿਚ ਵਰਤੋਂ ਦੀਆਂ ਗੱਲਾਂ ਸਾਹਮਣੇ ਆ ਰਹੀਆਂ ਹਨ। ਹੁਣ ਇਸ ਦੇ ਤੋੜ ਲਈ ਅੱਠ ਸੂਹੀਆ ਕੁੱਤੇ ਵੀ ਖਰੀਦੇ ਗਏ ਹਨ। ਇਸ ਤੋਂ ਇਲਾਵਾ ਜੇਲ੍ਹਾਂ ਵਿਚ ਬੰਦ ਨਸ਼ੇੜੀਆਂ ਦੀ ਗਰੇਡੇਸ਼ਨ ਵੀ ਕੀਤੀ ਜਾ ਰਹੀ ਹੈ ਜਿਸ ਤਹਿਤ ਨਸ਼ੇੜੀਆਂ ਵੱਲੋਂ ਨਸ਼ਾ ਲੈਣ ਦੀ ਮਿਕਦਾਰ ਮੁਤਾਬਕ ਉਨ੍ਹਾਂ ਦੀ ਵੰਡ ਕੀਤੀ ਜਾਵੇਗੀ। ਜਿਸ ਤਹਿਤ ਨਸ਼ੇੜੀਆਂ ਦੀ ਸਕਰੀਨਿੰਗ ਕਰਕੇ ਲੋੜ ਮੁਤਾਬਕ ਉਨ੍ਹਾਂ ਨੂੰ ਜੇਲ੍ਹ ਵਿਚਲੇ ਨਸ਼ਾ ਛੁਡਾਊ ਕੇਂਦਰਾਂ ਵਿਚ ਦਾਖਲ ਕਰਵਾਇਆ ਜਾਵੇਗਾ।

ਪੰਜਾਬ ਸਰਕਾਰ ਨੇ ਮੁਹਾਲੀ, ਫਤਿਹਗੜ੍ਹ ਸਾਹਿਬ ਤੇ ਨਵਾਂ ਸ਼ਹਿਰ ਵਿਚ ਨਵੀਆਂ ਜੇਲ੍ਹਾਂ ਬਣਾਉਣ ਦੀ ਤਜਵੀਜ਼ ਬਣਾਈ ਹੈ। ਇਸ ਸਾਰੀ ਪ੍ਰਕਿਰਿਆ ਦੌਰਾਨ ਸਰਕਾਰ ਖਾਸ ਕਰਕੇ ਜੇਲ੍ਹ ਮੁਲਾਜ਼ਮਾਂ ਦੀ ਅਪਰਾਧੀਆਂ ਨਾਲ ਮਿਲੀਭੁਗਤ ਨੂੰ ਤੋੜਨ ਲਈ ਜਿਥੇ ਸਟਾਫ ਦੀ ਸਕਰੀਨਿੰਗ ਕਰ ਰਹੀ ਹੈ ਉਥੇ ਇਸ ਨੈਟਵਰਕ ਨੂੰ ਤੋੜਨ ਲਈ ਹੇਠਲੇ ਮੁਲਾਜ਼ਮ ਤੋਂ ਲੈ ਕੇ ਉਚ ਅਧਿਕਾਰੀਆਂ ਤੱਕ ਦੇ ਵਿਆਪਕ ਪੱਧਰ ਦੇ ਤਬਾਦਲੇ ਵੀ ਕੀਤੇ ਜਾ ਸਕਦੇ ਹਨ।



# ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦਾ ਸਥਾਪਨਾ ਦਿਵਸ ਮਨਾਇਆ

**ਪਿਟਸਬਰਗ, ਕੈਲੀਫੋਰਨੀਆ (ਬਿਊਰੋ):** ਸਥਾਨਕ ਸ੍ਰੀ ਗੁਰੂ ਰਵਿਦਾਸ ਸਭਾ ਤੇ ਸਮੂਹ ਸੰਗਤਾਂ ਨੇ ਰਲ ਮਿਲ ਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦਾ 29ਵਾਂ ਸਥਾਪਨਾ ਦਿਵਸ ਲੰਘੀ 29 ਜੂਨ ਨੂੰ ਸ਼ਰਧਾ ਨਾਲ ਮਨਾਇਆ। ਇਸ ਸਬੰਧੀ ਅਖੰਡ ਪਾਠ ਦਾ ਭੋਗ ਪਾਇਆ ਗਿਆ ਅਤੇ ਉਪਰੰਤ ਕੀਰਤਨ ਦਰਬਾਰ ਸਜਾਏ ਗਏ। ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਪ੍ਰਕਾਸ਼ ਸਿੰਘ, ਸਾਬਕਾ ਮੁੱਖ ਗ੍ਰੰਥੀ ਭਾਈ ਹਰਜਿੰਦਰ ਸਿੰਘ ਰਸੀਆ ਤੋਂ ਇਲਾਵਾ ਭਾਈ ਬਲਦੇਵ ਸਿੰਘ ਤੇ ਸਾਥੀਆਂ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸਨਿਚਰਵਾਰ ਨੂੰ ਨਿਸ਼ਾਨ ਸਾਹਿਬ ਦੀ ਚੋਲਾ ਬਦਲਣ ਦੀ ਸੇਵਾ ਕੀਤੀ ਗਈ।



ਇਸ ਮੌਕੇ ਬੁਲਾਰਿਆਂ ਨੇ ਗੁਰੂ ਘਰ ਦੀ ਸਥਾਪਨਾ ਪ੍ਰਤੀ ਆਪਣੇ ਵਿਚਾਰ ਰੱਖਦਿਆਂ ਸਮੂਹ ਸੰਗਤਾਂ ਤੇ ਪ੍ਰਬੰਧਕ ਕਮੇਟੀ ਨੂੰ ਵਧਾਈ ਦਿੱਤੀ ਅਤੇ ਗੁਰੂ ਘਰ ਦੇ ਫਾਊਂਡਰ ਮੈਂਬਰਾਂ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਨੇਕ ਯਤਨਾਂ ਲਈ ਧੰਨਵਾਦ ਕੀਤਾ। ਇਸ ਮੌਕੇ ਦੋ ਫਾਊਂਡਰ ਮੈਂਬਰ ਸੋਹਣ ਸਿੰਘ ਦਾਮੜੀਆ (ਸਾਬਕਾ ਚੇਅਰਮੈਨ) ਅਤੇ ਓ ਪੀ ਬਾਲੀ (ਸਾਬਕਾ ਪ੍ਰਧਾਨ) ਮੌਜੂਦ ਸਨ। ਬੀਬੀ ਆਸ਼ਾ ਸ਼ਰਮਾ ਨੇ ਗੁਰੂ ਘਰ ਦੀ ਸਥਾਪਨਾ ਦਿਵਸ ਪ੍ਰਤੀ ਜਾਣਕਾਰੀ ਦਿੰਦਿਆਂ ਗੁਰੂ ਰਵਿਦਾਸ ਦੀ ਉਪਮਾ ਵਿਚ ਸ਼ਬਦ ਪੜ੍ਹੇ। ਓ ਪੀ ਬਾਲੀ, ਪ੍ਰੇਮ ਕੁਮਾਰ ਚੁੰਬਰ, ਸਾਬਕਾ ਸਕੱਤਰ ਬਲਜੀਤ ਸਿੰਘ, ਬੀਬੀ ਜ਼ੀਨਾ ਭਾਟੀਆ ਤੇ ਪ੍ਰਧਾਨ ਸਲਿੰਦਰ ਭਾਟੀਆ ਨੇ ਵੀ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ। ਸਟੇਜ ਦਾ ਸੰਚਾਲਨ ਸਭਾ ਦੇ ਸਕੱਤਰ ਅਭੀਸ਼ੇਕ ਨੇ ਕੀਤਾ।

# ਗੋਲਡਨ ਪੰਜਾਬ ਕਲੱਬ ਵਲੋਂ ਪ੍ਰੋਗਰਾਮ 'ਮੀਆਂ ਨਾਲ ਤੀਆਂ' 3 ਅਗਸਤ ਨੂੰ

**ਨਿਊਵਾਰਕ, ਕੈਲੀਫੋਰਨੀਆ (ਬਿਊਰੋ):** ਗੋਲਡਨ ਪੰਜਾਬ ਕਲੱਬ ਯੂ.ਐਸ.ਏ. (ਨਾਨ ਪ੍ਰਾਫਿਟ) ਵਲੋਂ ਨਿਵੇਕਲਾ ਪ੍ਰੋਗਰਾਮ 'ਮੀਆਂ ਨਾਲ ਤੀਆਂ' 3 ਅਗਸਤ, ਐਤਵਾਰ ਨੂੰ ਬਾਅਦ ਦੁਪਹਿਰ 1:00 ਤੋਂ ਸ਼ਾਮ 6:00 ਵਜੇ ਤੱਕ ਨਿਊਵਾਰਕ ਪਵੀਲੀਅਨ (6430 ਥੌਰਨਟੋਨ ਐਵਨਿਊ, ਨਿਊਵਾਰਕ) ਵਿਖੇ ਕਰਵਾਇਆ ਜਾ ਰਿਹਾ ਹੈ।

ਕਲੱਬ ਦੇ ਪ੍ਰਧਾਨ ਦਰਸ਼ਨ ਸਿੰਘ ਔਜਲਾ ਮੁਤਾਬਕ ਬੇਏਰੀਆ ਵਿਚ ਪਹਿਲੀ ਵਾਰੀ ਇਹ ਨਿਵੇਕਲੀ ਕਿਸਮ ਦੀ ਪੇਸ਼ਕਾਰੀ ਹੋਵੇਗੀ। ਉਨ੍ਹਾਂ ਦੱਸਿਆ ਕਿ ਪੰਜਾਬ ਵਿਚ ਤੀਆਂ ਦੇ ਮਹੀਨੇ ਨਵ-ਵਿਆਹੀਆਂ ਮੁਟਿਆਰਾਂ ਪੇਕੇ ਪਿੰਡ ਵਿਚ ਜਾ ਕੇ ਤੀਆਂ ਦਾ ਤਿਓਹਾਰ ਮਨਾਉਂਦੀਆਂ ਹਨ। ਪਰਦੇਸਣਾਂ ਲਈ ਇਹ ਗੱਲ ਅਸੰਭਵ ਹੈ। ਸਮੇਂ ਦੀ ਲੋੜ ਨੂੰ ਮੁੱਖ ਰੱਖ ਕੇ 'ਮੀਆਂ ਨਾਲ ਤੀਆਂ' ਮਨਾਉਣ ਦਾ ਉਪਰਾਲਾ ਕੀਤਾ ਗਿਆ ਹੈ।

ਸ. ਔਜਲਾ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿਚ ਗਿੱਧਾ, ਭੰਗੜਾ, ਸਕਿੱਟਾਂ ਤੋਂ ਇਲਾਵਾ ਬੇਏਰੀਏ ਦੇ ਸਥਾਨਕ ਗਾਇਕ ਹਾਜ਼ਰੀਨ ਦਾ ਮਨੋਰੰਜਨ ਕਰਨਗੇ। ਲਾਈਵ ਡੀ.ਜੇ. ਵੀ ਹੋਵੇਗਾ। ਖਾਣੇ, ਮਹਿੰਦੀ, ਕੱਪੜੇ ਅਤੇ ਗਹਿਣਿਆਂ ਦੇ ਸਟਾਲ ਲੱਗਣਗੇ। ਪ੍ਰਧਾਨ ਨੇ ਦੱਸਿਆ ਕਿ ਤੀਆਂ ਵਿਚ ਆਪਣੇ ਮੀਆਂ ਨਾਲ ਕੋਈ ਆਈਟਮ ਪੇਸ਼ ਕਰਨ ਦੀਆਂ ਚਾਹਵਾਨ ਮੁਟਿਆਰਾਂ ਲਈ ਮਿਸ਼ਨ ਲਰਨਿੰਗ ਅਕੈਡਮੀ ਵਲੋਂ ਵਿਸ਼ੇਸ਼ ਪ੍ਰਬੰਧ ਹੋਵੇਗਾ। ਟਿਕਟ 5 ਡਾਲਰ ਦੀ ਹੋਵੇਗੀ ਅਤੇ ਦਿਲਕਸ਼ ਇਨਾਮ ਹੋਣਗੇ। ਪ੍ਰੋਗਰਾਮ ਦਾ ਮੰਚ ਸੰਚਾਲਨ ਨੀਲਮ ਸੈਣੀ ਵਲੋਂ ਕੀਤਾ ਜਾਵੇਗਾ।

ਪ੍ਰੋਗਰਾਮ ਨੂੰ ਸਪਾਂਸਰ ਕਰਨ ਲਈ ਜਾਂ ਹੋਰ ਜਾਣਕਾਰੀ ਲਈ ਦਰਸ਼ਨ ਸਿੰਘ ਔਜਲਾ ਫੋਨ: 510-750-6116, ਪ੍ਰੋ. ਬਲਜਿੰਦਰ ਸਿੰਘ ਫੋਨ: 510-304-9310, ਤਾਰਾ ਸਿੰਘ ਸਾਗਰ ਫੋਨ: 510-453-5779 ਜਾਂ ਡਾ. ਬਲਜੀਤ ਜੰਮੂ ਫੋਨ: 510-343-4162 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਵਲੋਂ ਗਦਰੀ ਬਾਬਿਆਂ ਦਾ ਮੇਲਾ 5 ਅਕਤੂਬਰ ਨੂੰ

**ਸੈਕਰਾਮੈਂਟੋ (ਬਿਊਰੋ):** ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ ਵਲੋਂ ਗਦਰੀ ਬਾਬਿਆਂ ਦਾ ਮੇਲਾ 5 ਅਕਤੂਬਰ, ਐਤਵਾਰ ਨੂੰ ਈਸਟ ਸਟਾਕਟਨ ਬੁਲੇਵਾਰਡ, ਸੈਕਰਾਮੈਂਟੋ ਵਿਚ ਮਨਾਉਣ ਦਾ ਫੈਸਲਾ ਲਿਆ ਗਿਆ। ਮੇਲੇ ਵਿਚ ਦੇਸ਼ ਦੀ ਆਜ਼ਾਦੀ ਲਈ ਜਾਨਾਂ ਵਾਰਨ ਵਾਲੇ ਅਤੇ ਕਾਲੇ ਪਾਣੀਆਂ ਦਾ ਕੁੰਭੀ ਨਰਕ ਭੋਗਣ ਵਾਲੇ ਯੋਧਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਵੇਗੀ।

ਆਰਗੇਨਾਈਜੇਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਦੀ ਪ੍ਰਧਾਨਗੀ ਹੇਠ ਜਗਜੀਤ ਸਿੰਘ ਗਿੱਲ ਦੇ ਘਰ ਹੋਈ ਮੀਟਿੰਗ ਵਿਚ ਫੈਸਲਾ ਲਿਆ ਗਿਆ ਕਿ 2014 ਕਾਮਾਗਾਟਾਮਾਰੂ ਸਾਕੇ ਦੀ ਸ਼ਤਾਬਦੀ ਵਰ੍ਹਾ ਹੋਣ ਕਰਕੇ ਇਸ ਵਾਰ ਦਾ ਮੇਲਾ ਸਾਕੇ ਦੇ ਸ਼ਹੀਦਾਂ ਨੂੰ ਸਮਰਪਿਤ ਹੋਵੇਗਾ। ਮੀਟਿੰਗ ਵਿਚ ਮੇਲੇ ਦੀ ਸਫਲਤਾ ਲਈ ਵਿਸਥਾਰ ਵਿਚ ਪ੍ਰੋਗਰਾਮ ਉਲੀਕਿਆ ਗਿਆ ਅਤੇ ਵੱਖ ਵੱਖ ਕਮੇਟੀਆਂ ਦਾ ਗਠਨ ਕੀਤਾ ਗਿਆ। ਮੇਲੇ ਲਈ ਫੰਡ ਇਕੱਤਰ ਕਰਨ ਦੀ ਯੋਜਨਾਬੰਦੀ ਵੀ ਕੀਤੀ ਗਈ।

ਆਰਗੇਨਾਈਜੇਸ਼ਨ ਨੇ ਇਸ ਸਾਲ ਸੋਵੀਨਾਰ ਪ੍ਰਕਾਸ਼ਿਤ ਕਰਨ ਦਾ ਫੈਸਲਾ ਕੀਤਾ ਹੈ ਜਿਸ ਵਿਚ ਕਾਮਾਗਾਟਾਮਾਰੂ ਸਾਕੇ ਦੇ ਸ਼ਹੀਦਾਂ ਅਤੇ ਆਜ਼ਾਦੀ ਲਹਿਰ ਦੇ ਸ਼ਹੀਦਾਂ ਦੀਆਂ ਜੀਵਨੀਆਂ ਅਤੇ ਵਿਦਵਾਨਾਂ ਦੇ ਲੇਖ ਕਲਮਬੰਦ ਕੀਤੇ ਜਾਣਗੇ। ਸੋਵੀਨਾਰ ਵਿਚ ਗਦਰ ਲਹਿਰ ਦੀਆਂ ਗੂੰਜਾਂ ਅਤੇ ਹੋਰ ਦੇਸ਼ ਭਗਤੀ ਦੀਆਂ ਕਵਿਤਾਵਾਂ ਵੀ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ। ਮੀਟਿੰਗ ਵਿਚ ਹੋਰਨਾਂ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਦੀ ਆਸ ਵੀ ਪ੍ਰਗਟਾਈ ਗਈ।

# ਯੂਨਾਈਟਿਡ ਸਿੱਖਸ ਵਲੋਂ 'ਪੰਜਾਬ ਬਚਾਓ' ਮੁਹਿੰਮ ਅਰੰਭ

**ਵਾਸ਼ਿੰਗਟਨ, ਡੀ ਸੀ (ਬਿਊਰੋ):** ਪੰਜਾਬ ਵਿਚ ਨਸ਼ਿਆਂ ਦੀ ਤ੍ਰਾਸਦੀ ਦਾ ਸ਼ਿਕਾਰ ਨੌਜਵਾਨਾਂ ਨੂੰ ਇਸ ਦੇ ਜਾਲ ਵਿਚੋਂ ਕੱਢਣ ਦੇ ਸੁਹਿਰਦ ਯਤਨਾਂ ਵਜੋਂ ਸਿੱਖ ਜਥੇਬੰਦੀ 'ਯੂਨਾਈਟਿਡ ਸਿੱਖਸ' ਨੇ 'ਪੰਜਾਬ ਬਚਾਓ' ਮੁਹਿੰਮ ਅਰੰਭੀ ਹੈ ਅਤੇ ਲੁਧਿਆਣਾ ਜ਼ਿਲੇ ਵਿਚ 26 ਬਿਸਤਰਿਆਂ ਵਾਲਾ ਇਕ ਨਸ਼ਾ ਛੁਡਾਊ ਕੇਂਦਰ ਹਸਪਤਾਲ ਦੇ ਰੂਪ ਵਿਚ ਖੋਲ੍ਹ ਕੇ ਇਸ ਮੁਹਿੰਮ ਦਾ ਆਗਾਜ਼ ਕੀਤਾ ਗਿਆ ਹੈ। ਇਹ ਹਸਪਤਾਲ ਲਾਗਲੇ 15 ਪਿੰਡਾਂ ਨੂੰ ਮਿਆਰੀ ਪੱਧਰ 'ਤੇ ਸਿਹਤ ਸੇਵਾਵਾਂ ਮੁਹੱਈਆ ਕਰਵਾਏਗਾ।

ਸੰਸਥਾ ਵਲੋਂ ਜਾਰੀ ਬਿਆਨ ਅਨੁਸਾਰ ਹਸਪਤਾਲ ਨੂੰ ਵਧੀਆ ਢੰਗ ਨਾਲ ਚਲਾਉਣ ਲਈ ਅਤੇ ਪੰਜਾਬ ਵਿਚ ਹੋਰ ਨਸ਼ਾ ਛੁਡਾਊ ਕੇਂਦਰ ਖੋਲ੍ਹਣ ਲਈ ਫੰਡਰੇਜ਼ਰ ਸਮਾਗਮ ਕੀਤੇ ਜਾ ਰਹੇ ਹਨ। ਇਨ੍ਹਾਂ ਸਮਾਗਮਾਂ ਦੀ ਹਮਾਇਤ ਵਿਚ ਸਿੱਖ ਸੂਫੀ ਗਾਇਕ ਰੱਬੀ ਸ਼ੇਰਗਿੱਲ ਭਾਰਤ ਤੋਂ ਅਮਰੀਕਾ ਆ ਰਹੇ ਹਨ। ਪੰਜਾਬ ਵਿਚ ਫੈਲੇ ਨਸ਼ਿਆਂ ਦੇ ਰੋਗ ਬਾਰੇ ਸਥਾਨਕ ਸਿੱਖਾਂ ਵਿਚ ਜਾਗਰੂਕਤਾ ਪੈਦਾ ਕਰਨ ਅਤੇ ਫੰਡ ਇਕੱਤਰ ਕਰਨ ਲਈ ਸਮਾਗਮ ਕਰਵਾਏ ਜਾਣਗੇ। ਇਨ੍ਹਾਂ ਸਮਾਗਮਾਂ ਵਿਚ ਰੱਬੀ ਸ਼ੇਰਗਿੱਲ ਆਪਣੀ ਸੂਫੀ ਗਾਇਕੀ ਪੇਸ਼ ਕਰੇਗਾ ਅਤੇ ਪੰਜਾਬ ਦੀ ਮੌਜੂਦਾ ਸਥਿਤੀ ਤੋਂ ਜਾਣੂੰ ਕਰਵਾਏਗਾ।

ਗੌਰਤਲਬ ਹੈ ਕਿ ਯੂਨਾਈਟਿਡ ਸਿੱਖਸ ਦੇ 13 ਦੇਸ਼ਾਂ ਵਿਚ ਦਫਤਰ ਹਨ ਤੇ ਲੋੜਵੰਦਾਂ ਦੀ ਮਦਦ ਲਈ ਕੰਮ ਕਰ ਰਹੇ ਹਨ। ਇਸ ਸੰਸਥਾ ਨੇ ਹੁਣ ਪੰਜਾਬ ਵਿਚੋਂ ਨਸ਼ਿਆਂ ਦੇ ਖਾਤਮੇ ਲਈ ਉਪਰਾਲੇ ਵਿੱਢੇ ਹਨ। ਹੋਰ ਜਾਣਕਾਰੀ ਫੋਨ: 917-701-0515 ਅਤੇ 347-268-5185 ਤੋਂ ਲਈ ਜਾ ਸਕਦੀ ਹੈ।

# ਦਿੱਲੀ ਹਾਈਕੋਰਟ ਵੱਲੋਂ ਹਵਾਰਾ ਦੀ ਸਿਹਤ ਬਾਰੇ ਰਿਪੋਰਟ ਤਲਬ

**ਅੰਮ੍ਰਿਤਸਰ:** ਤਿਹਾੜ ਜੇਲ੍ਹ ਵਿਚ ਬੰਦ ਭਾਈ ਜਗਤਾਰ ਸਿੰਘ ਹਵਾਰਾ ਦੀ ਵਿਗੜੀ ਸਿਹਤ ਬਾਰੇ ਦਿੱਲੀ ਹਾਈਕੋਰਟ ਨੇ ਰਿਪੋਰਟ ਤਲਬ ਕਰ ਲਈ ਹੈ। ਇਸ ਬਾਰੇ ਖੰਡ ਕੀਰਤਨੀ ਜਥਾ (ਇੰਟਰਨੈਸ਼ਨਲ) ਵੱਲੋਂ ਹਾਈਕੋਰਟ ਵਿਚ ਅਪੀਲ ਦਾਖਲ ਕੀਤੀ ਗਈ ਸੀ। ਜਥੇ ਦੇ ਮੁਖੀ ਬਲਦੇਵ ਸਿੰਘ ਨੇ ਦੱਸਿਆ ਕਿ ਹਾਈਕੋਰਟ ਨੇ ਦਿੱਲੀ ਪ੍ਰਸ਼ਾਸਨ ਨੂੰ ਨੋਟਿਸ ਜਾਰੀ ਕਰਕੇ ਭਾਈ ਹਵਾਰਾ ਦੀ ਵਿਗੜਦੀ ਹੋਈ ਸਿਹਤ ਦੀ ਰਿਪੋਰਟ ਤਲਬ ਕਰ ਲਈ ਹੈ।

ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਸ. ਕੇ.ਟੀ.ਐਸ. ਤੁਲਸੀ ਵੱਲੋਂ ਦੋ ਜੁਲਾਈ ਨੂੰ ਕੀਤੀ ਬਹਿਸ ਦੇ ਆਧਾਰ 'ਤੇ ਦਿੱਲੀ ਹਾਈਕੋਰਟ ਨੇ ਅਪੀਲ ਨੂੰ ਪ੍ਰਵਾਨ ਕਰਦਿਆਂ ਤੇ ਦਿੱਲੀ ਸਟੇਟ ਨੂੰ ਨੋਟਿਸ ਜਾਰੀ ਕਰਦਿਆਂ ਭਾਈ ਹਵਾਰਾ ਦੀ ਵਿਗੜਦੀ ਹੋਈ ਸਿਹਤ ਦੀ ਰਿਪੋਰਟ ਪੇਸ਼ ਕਰਨ ਲਈ ਹੁਕਮ ਜਾਰੀ ਕੀਤਾ ਹੈ ਤੇ ਨਾਲ ਹੀ ਹੁਣ ਤੱਕ ਤਿਹਾੜ ਜੇਲ੍ਹ ਪ੍ਰਸ਼ਾਸਨ ਵੱਲੋਂ ਕਰਵਾਏ ਗਏ ਇਲਾਜ ਦੀ ਜਾਣਕਾਰੀ ਦੇਣ ਲਈ ਹੁਕਮ ਜਾਰੀ ਕੀਤਾ ਹੈ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available
India Vacation tour package also available.
Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES



Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ
Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)
Cell: (510)-677-9942
Shop: (510)-505-9605
www.princebarbershop.com





FARMERS INSURANCE GROUP Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com
Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।



ਪੰਜਾਬ ਟਾਈਮਜ਼

*ਸਨਿਚਰਵਾਰ, 12 ਜੁਲਾਈ 2014*

## ਸ਼੍ਰੋਮਣੀ ਕਮੇਟੀ ਦੀ ਸਿਆਸਤ ਦੇ ਸਬਕ

ਹਰਿਆਣਾ ਵਿਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਐਲਾਨ ਆਖਰਕਾਰ ਹੋ ਗਿਆ ਹੈ। ਹਰਿਆਣਾ ਦੇ ਸਿੱਖ ਵੱਖਰੀ ਕਮੇਟੀ ਲਈ ਤਕਰੀਬਨ ਇਕ ਦਹਾਕੇ ਤੋਂ ਯਤਨ ਕਰ ਰਹੇ ਸਨ। ਹਰਿਆਣਾ ਵਿਚ ਵੱਖਰੀ ਕਮੇਟੀ ਬਣਨ, ਜਾਂ ਨਾ ਬਣਨ ਬਾਰੇ ਬਹੁਤ ਸਾਰੇ ਵਿਦਵਾਨ ਆਪਣੀ ਰਾਏ ਜ਼ਾਹਿਰ ਕਰ ਚੁੱਕੇ ਹਨ ਅਤੇ ਅਹਿਮ ਸਿੱਖ ਕਾਨੂੰਨਦਾਨਾਂ ਨੇ ਵੀ ਕਾਨੂੰਨੀ ਨੁਕਤਾ-ਨਿਗ੍ਹਾ ਤੋਂ ਆਪਣੀ ਰਾਏ ਪ੍ਰਗਟ ਕੀਤੀ ਹੈ। ਮੌਜੂਦਾ ਹਾਲਾਤ ਦੇ ਮੱਦੇਨਜ਼ਰ ਕਿਸੇ ਵੀ ਸੰਜੀਦਾ ਸ਼ਖਸ ਨੇ ਇਸ ਕਮੇਟੀ ਤੋਂ ਇਨਕਾਰ ਨਹੀਂ ਕੀਤਾ। ਜਿਨ੍ਹਾਂ ਨੇ ਕੁਝ ਕਿੰਤੂ-ਪ੍ਰੰਤੂ ਕੀਤੇ ਵੀ, ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨਾ-ਅਹਿਲੀਅਤ ਅਤੇ ਇਸ ਮੁੱਦੇ ਨੂੰ ਗੰਭੀਰਤਾ ਨਾਲ ਨਾ ਲੈਣ ਦੇ ਕਾਰਨਾਂ ਦੀ ਸਪਸ਼ਟ ਤੌਰ 'ਤੇ ਨਿਸ਼ਾਨਦੇਹੀ ਕੀਤੀ। ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਇਸ ਵੱਖਰੀ ਕਮੇਟੀ ਦਾ ਮੁੱਢ ਤੋਂ ਹੀ ਵਿਰੋਧ ਕਰ ਰਿਹਾ ਹੈ, ਪਰ ਇਸ ਸਬੰਧ ਵਿਚ ਹਰਿਆਣਾ ਦੇ ਸਿੱਖਾਂ ਦੀ ਸ਼ਿਕਾਇਤ ਸੀ ਕਿ ਅੱਜ ਤੱਕ ਕਿਸੇ ਵੀ ਮੰਚ ਤੋਂ ਹਰਿਆਣਾ ਦੇ ਸਿੱਖਾਂ ਦੀਆਂ ਸਮੱਸਿਆਵਾਂ ਦੀ ਉਸ ਢੰਗ ਨਾਲ ਸੁਣਵਾਈ ਨਹੀਂ ਹੋਈ ਜਿਸ ਤਰ੍ਹਾਂ ਉਹ ਚਾਹੁੰਦੇ ਸਨ। ਦੂਜੇ, ਸ਼੍ਰੋਮਣੀ ਕਮੇਟੀ ਉਤੇ ਭਾਰੂ ਪਈ ਸਿਆਸਤ ਨੇ ਮਸਲੇ ਦਾ ਹੋਰ ਹੀ ਰੂਪ-ਰੰਗ ਬਣਾ ਦਿੱਤਾ। ਹੁਣ ਤੱਕ ਦੋਹਾਂ ਮੁੱਖ ਧਿਰਾਂ ਨੇ ਆਪੋ-ਆਪਣੇ ਪੱਖ ਵਿਚ ਬੜੀਆਂ ਦਲੀਲਾਂ ਦਿੱਤੀਆਂ, ਬਾਦਲਾਂ ਦੀ ਅਗਵਾਈ ਵਾਲਾ ਸ਼੍ਰੋਮਣੀ ਅਕਾਲੀ ਦਲ ਤਾਂ ਦਲੀਲਾਂ ਤੋਂ ਵੀ ਕਿਤੇ ਅਗਾਂਹ ਜਾ ਕੇ ਧਮਕੀਆਂ ਤੱਕ ਵੀ ਪਹੁੰਚ ਗਿਆ।

ਕੁਝ ਸਾਲ ਪਹਿਲਾਂ ਅਜਿਹਾ ਹੀ ਮਸਲਾ ਉਸ ਵਕਤ ਉਠ ਖੜ੍ਹਾ ਹੋਇਆ ਸੀ ਜਦੋਂ ਪਾਕਿਸਤਾਨ ਸਰਕਾਰ ਨੇ ਪਾਕਿਸਤਾਨ ਵਿਚਲੇ ਗੁਰਧਾਮਾਂ ਦੇ ਪ੍ਰਬੰਧਾਂ ਲਈ ਵੱਖਰੀ ਕਮੇਟੀ ਦਾ ਐਲਾਨ ਕਰ ਦਿੱਤਾ ਸੀ। ਉਦੋਂ ਸ਼੍ਰੋਮਣੀ ਕਮੇਟੀ ਨੇ ਰੋਸ ਵਜੋਂ ਗੁਰਪੁਰਬਾਂ ਮੌਕੇ ਆਪਣਾ ਜਥਾ ਪਾਕਿਸਤਾਨ ਭੇਜਣ ਤੋਂ ਇਨਕਾਰ ਕਰ ਦਿੱਤਾ ਸੀ। ਉਂਜ ਉਸ ਵੇਲੇ ਪਾਕਿਸਤਾਨ ਸਰਕਾਰ ਨੇ ਵੱਖਰੀ ਕਮੇਟੀ ਦੀ ਕਾਇਮੀ ਲਈ ਜਿਹੜਾ ਮੁੱਖ ਆਧਾਰ ਬਣਾਇਆ ਸੀ, ਉਹ ਇਹੀ ਸੀ ਕਿ ਸ਼੍ਰੋਮਣੀ ਕਮੇਟੀ ਪਾਕਿਸਤਾਨ ਵਿਚਲੇ ਗੁਰਧਾਮਾਂ ਦੀ ਚੜ੍ਹਾਵੇ ਵਾਲੀ ਮਾਇਆ ਉਨ੍ਹਾਂ ਗੁਰਧਾਮਾਂ ਲਈ ਵਰਤਣ ਦੀ ਥਾਂ ਸਮੁੱਚੀ ਮਾਇਆ ਭਾਰਤ ਲੈ ਜਾਂਦੀ ਹੈ। ਹਰਿਆਣਾ ਵਿਚ ਵੀ ਜਦੋਂ ਪਹਿਲਾਂ-ਪਹਿਲ ਵੱਖਰੀ ਕਮੇਟੀ ਦਾ ਮਸਲਾ ਉਠਿਆ ਸੀ ਤਾਂ ਇਹੀ ਨੁਕਤਾ ਇਸ ਅੰਦੋਲਨ ਦਾ ਆਧਾਰ ਬਣਿਆ। ਜ਼ਾਹਿਰ ਹੈ ਕਿ ਇੰਨੇ ਸਾਲਾਂ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕਾਂ ਨੇ ਕੋਈ ਸਬਕ ਨਹੀਂ ਲਿਆ ਅਤੇ ਹੁਣ ਨੌਬਤ ਵੱਖਰੀ ਕਮੇਟੀ ਦੀ ਆਣ ਪਹੁੰਚੀ ਹੈ। ਅਸਲ ਵਿਚ ਪ੍ਰਬੰਧਕਾਂ ਵੱਲੋਂ ਸ਼੍ਰੋਮਣੀ ਕਮੇਟੀ ਦੀ ਵਰਤੋਂ ਸਿਆਸੀ ਅਤੇ ਨਿੱਜੀ ਮੁਫਾਦਾਂ ਲਈ ਇੰਨੇ ਵੱਡੇ ਪੱਧਰ 'ਤੇ ਕੀਤੀ ਜਾਣ ਲੱਗ ਪਈ ਕਿ ਆਖਰਕਾਰ ਸਿੱਖਾਂ ਦੇ ਸਬਰ ਦਾ ਪਿਆਲਾ ਛਲਕ ਗਿਆ। ਵੱਖਰੀ ਕਮੇਟੀ ਦੀ ਕਾਇਮੀ ਰੋਕਣ ਲਈ ਪ੍ਰਬੰਧਕਾਂ ਵੱਲੋਂ ਖੁਦ-ਮੁਖਤਿਆਰੀ ਦਾ ਆਖਰੀ ਹਥਿਆਰ ਵੀ ਵਰਤਿਆ ਗਿਆ, ਪਰ ਗੱਲ ਬਣੀ ਨਹੀਂ। ਹੁਣ ਇਸ ਦੀ ਸਾਰੀ ਟੇਕ ਕੇਂਦਰ ਸਰਕਾਰ ਉਤੇ ਹੈ ਜਿਸ ਵਿਚ ਬਾਦਲਾਂ ਦੀ ਭਾਈਵਾਲੀ ਵੀ ਹੈ।

ਪਿਛਲੇ ਸਾਲਾਂ ਦੌਰਾਨ ਇਹ ਸ਼ਾਇਦ ਪਹਿਲੀ ਵਾਰ ਹੈ ਕਿ ਬਾਦਲਾਂ ਨੂੰ ਅਜਿਹੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ; ਨਹੀਂ ਤਾਂ ਅੱਜ ਤੱਕ ਇਹੀ ਹੁੰਦਾ ਆਇਆ ਹੈ ਕਿ ਜਿਸ ਕਿਸੇ ਨੇ ਵੀ ਬਾਦਲਾਂ ਨੂੰ ਵੰਗਾਰਿਆ, ਉਸ ਨੂੰ ਬਾਦਲਾਂ ਨੇ ਅਜਿਹਾ ਘੇਰਾ ਪਾਇਆ ਕਿ ਅਗਲਾ ਕੁਝ ਹੀ ਸਾਲਾਂ ਵਿਚ ਸਰਗਰਮ ਸਿਆਸਤ ਤੋਂ ਲੋਪ ਹੋ ਗਿਆ। ਇਸ ਸਬੰਧ ਵਿਚ ਕਈ ਲੀਡਰਾਂ ਦੀ ਮਿਸਾਲ ਦਿੱਤੀ ਜਾ ਸਕਦੀ ਹੈ, ਪਰ ਇਸ ਵਾਰ ਮਸਲਾ ਹੋਰ ਬਣ ਗਿਆ ਹੈ। ਬਾਦਲਾਂ ਵੱਲੋਂ ਇਸ ਮੁੱਦੇ ਨੂੰ ਸਿੱਖ ਧਰਮ ਵਿਚ ਦਖਲਅੰਦਾਜ਼ੀ ਦਾ ਮਾਮਲਾ ਬਣਾਉਣ ਦਾ ਵੀ ਪੂਰਾ ਟਿੱਲ ਲਾਇਆ ਗਿਆ, ਪਰ ਕਿਸੇ ਵੀ ਪਾਸਿਉਂ ਉਨ੍ਹਾਂ ਨੂੰ ਕੋਈ ਹਮਾਇਤ ਨਹੀਂ ਮਿਲੀ ਹੈ। ਹੁਣੇ-ਹੁਣੇ ਹੋਈਆਂ ਲੋਕ ਸਭਾ ਚੋਣਾਂ ਵਿਚ ਵੀ ਆਮ ਲੋਕਾਂ ਨੇ ਬਾਦਲਾਂ ਵਿਰੁਧ ਇਸੇ ਤਰ੍ਹਾਂ ਚੁੱਪ-ਚੁਪੀਤੇ ਗੁੱਸਾ ਜ਼ਾਹਿਰ ਕੀਤਾ ਸੀ। ਹੋਰ ਤਾਂ ਹੋਰ ਟਕਸਾਲੀ ਅਕਾਲੀਆਂ ਜੋ ਬਾਦਲਾਂ ਦੀ ਆਪਣੇ ਪਰਿਵਾਰਾਂ ਦੁਆਲੇ ਘੁੰਮਾਈ ਜਾ ਰਹੀ ਸਿਆਸਤ ਤੋਂ ਬਹੁਤ ਔਖੇ ਹਨ, ਨੇ ਵੀ ਮਿਥ ਕੇ ਅਕਾਲੀ ਦਲ ਨੂੰ ਵੋਟਾਂ ਨਹੀਂ ਪਾਈਆਂ। ਇਨ੍ਹਾਂ ਚੋਣਾਂ ਵਿਚ ਤਾਂ ਅਕਾਲੀ ਦਲ ਦੀ ਵੋਟ ਫੀਸਦ ਨੂੰ ਵੀ ਖੋਰਾ ਲੱਗਾ ਹੈ। ਫਿਲਹਾਲ ਇਹ ਤਾਂ ਨਹੀਂ ਕਿਹਾ ਜਾ ਸਕਦਾ ਕਿ ਪੰਜਾਬ ਵਿਚੋਂ ਅਕਾਲੀ ਦਲ ਦਾ ਪ੍ਰਭਾਵ ਘਟ ਰਿਹਾ ਹੈ, ਕਿਉਂਕਿ ਸਿਆਸੀ ਪਿੜ ਵਾਲੀਆਂ ਦੂਜੀਆਂ ਦਾ ਖਾਸਾ ਵੀ ਕੋਈ ਵੱਖਰਾ ਨਹੀਂ, ਪਰ ਇਕ ਗੱਲ ਜ਼ਰੂਰ ਹੈ ਕਿ ਜੇ ਹੁਣ ਵੀ ਨੀਤੀਆਂ ਵਿਚ ਕੋਈ ਤਬਦੀਲੀ ਨਾ ਲਿਆਂਦੀ ਗਈ ਅਤੇ ਇਨ੍ਹਾਂ ਨੀਤੀਆਂ ਵਿਚ ਆਮ ਲੋਕਾਂ ਨੂੰ ਕੇਂਦਰ ਵਿਚ ਨਾ ਰੱਖਿਆ ਗਿਆ ਤਾਂ ਹੁਣ ਦਾਬੇ ਵਾਲੀ ਕੀਤੀ ਜਾ ਰਹੀ ਸਿਆਸਤ ਮਹਿੰਗੀ ਪੈ ਸਕਦੀ ਹੈ। ਆਮ ਲੋਕ ਇਸ ਗੱਲ ਤੋਂ ਵੀ ਔਖੇ ਹਨ ਕਿ ਸਰਕਾਰ ਦੀ ਅਣਗਹਿਲੀ ਕਾਰਨ ਸੂਬੇ ਵਿਚ ਨਸ਼ਿਆਂ ਦੇ ਦਰਿਆ ਵਗ ਰਹੇ ਹਨ। ਉਹ ਤਾਂ ਇਹ ਸਵਾਲ ਵੀ ਕਰ ਰਹੇ ਹਨ ਕਿ ਸ਼੍ਰੋਮਣੀ ਕਮੇਟੀ ਖੁਦ ਨਸ਼ਿਆਂ ਖਿਲਾਫ ਮੋਰਚਾ ਕਿਉਂ ਨਹੀਂ ਲਾਉਂਦੀ? ਕਮੇਟੀ ਕੋਲ ਨਾ ਤਾਂ ਫੰਡਾਂ ਦੀ ਕੋਈ ਕਮੀ ਹੈ ਅਤੇ ਨਾ ਹੀ ਮੁਲਾਜ਼ਮਾਂ ਦੀ ਹੀ ਕੋਈ ਸਮੱਸਿਆ ਹੈ; ਉਨ੍ਹਾਂ ਦੀ ਮੰਗ ਹੈ ਕਿ ਇਸ ਨੂੰ ਹੁਣ ਧਰਮ ਦੇ ਨਾਂ ਹੇਠ ਸਿਆਸੀ ਕੁਸ਼ਤੀ ਕਰਨ ਦੀ ਥਾਂ ਸਮਾਜ ਸੇਵਾ ਦੀ ਮੁਹਿੰਮ ਛੇੜਨੀ ਚਾਹੀਦੀ ਹੈ। ਇਸ ਨਾਲ ਉਹ ਨਵੀਂ ਪੀੜ੍ਹੀ ਵੀ ਧਰਮ ਨਾਲ ਜੁੜਨ ਲਈ ਅਹੁਲੇਗੀ ਹੋ ਪਿਛਲੇ ਸਾਲਾ ਦੌਰਾਨ ਕੁਝ ਕਾਰਨਾਂ ਕਰ ਕੇ ਧਰਮ ਮਰਿਆਦਾ ਤੋਂ ਰਤਾ ਕੁ ਦੂਰ ਹੋ ਗਈ ਹੈ। ਦੂਜੇ ਬੰਨੇ, ਇਹ ਸੰਭਵ ਹੈ ਕਿ ਕੇਂਦਰ ਸਰਕਾਰ ਉਤੇ ਜ਼ੋਰ ਪਾ ਕੇ ਬਾਦਲ ਹਰਿਆਣਾ ਦੀ ਵੱਖਰੀ ਕਮੇਟੀ ਦੀ ਕਾਇਮੀ ਵਿਚ ਅੜਿੱਕਾ ਡਾਹ ਦੇਣ, ਕਿਉਂਕਿ ਕੇਂਦਰ ਵਿਚ ਅੱਜ ਕੱਲ੍ਹ ਬਾਦਲ ਦੀ ਮਰਜ਼ੀ ਵਾਲੀ ਸਰਕਾਰ ਹੈ, ਪਰ ਉਨ੍ਹਾਂ ਨੂੰ ਆਖਰਕਾਰ ਆਵਾਮ ਅੱਗੇ ਜਵਾਬਦੇਹ ਹੋਣਾ ਪਵੇਗਾ। ਉਂਜ ਵੀ ਪ੍ਰਬੰਧਾਂ ਦੀ ਨਾ-ਅਹਿਲੀਅਤ ਕਾਰਨ ਜੋ ਮਸਲੇ ਪੈਦਾ ਹੋਏ ਹਨ, ਉਨ੍ਹਾਂ ਨੂੰ ਸਹੀ ਢੰਗ ਨਾਲ ਨਜਿੱਠੇ ਬਗੈਰ ਅਗਲਾ ਕਦਮ ਨਹੀਂ ਪੁੱਟਿਆ ਜਾ ਸਕਦਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਬੋਹਲ ਦੀ ਰਾਖੀ ਬੱਕਰਾ?*

ਰਹਿਣੀ ਸ਼ਾਂਤੀ ਕਿਸ ਤਰ੍ਹਾਂ ਦੇਸ ਅੰਦਰ, ਹਾਕਮ ਨਾਲ ਨਿਤਾਣਿਆਂ ਖਹੇ ਜਿੱਥੇ।
ਕਾਹਦਾ ਮਾਨਣਾ ਨਿੱਘ ਅਜ਼ਾਦੀਆਂ ਦਾ, ਜਨਤਾ ਵਰ੍ਹਿਆਂ ਤੋਂ ਦੁੱਖੜੇ ਸਹੇ ਜਿੱਥੇ।
ਕਿਉਂ ਨਾ ਨਸ਼ਿਆਂ 'ਚ ਹੋਣ ਗਲਤਾਨ ਬੱਚੇ, ਪੈਰ ਪੈਰ 'ਤੇ ਗਲਤ ਨੇ ਪਹੇ ਜਿੱਥੇ।
ਪੰਜ ਸਾਲ ਦੀ 'ਯੋਜਨਾ' ਕਰੇਗੀ ਕੀ, ਗੱਡੀ 'ਸਿਸਟਮ' ਦੀ ਲੀਹ ਤੋਂ ਲਹੇ ਜਿੱਥੇ।
ਅੱਛੇ ਦਿਨਾਂ ਦੀ ਆਸ ਨਾ ਕਰੇ ਕੋਈ, ਉਲਟੀ ਗੰਗਾ ਪਹੋਏ ਨੂੰ ਵਹੇ ਜਿੱਥੇ।
ਰੋਟੀ ਰੱਜਵੀਂ ਖਾਣੀ ਕੀ ਕਿਰਤੀਆਂ ਨੇ, ਰਾਖੀ ਬੋਹਲ ਦੀ 'ਬੱਕਰਾ' ਬਹੇ ਜਿੱਥੇ!

# ਅਮਰੀਕਾ 'ਚ ਹਿੰਦੂ ਰਾਸ਼ਟਰਵਾਦ

*ਇਕ ਪਾਸੇ ਹਿੰਦੂਤਵੀ ਫਾਸ਼ੀਵਾਦ, ਗ਼ੈਰ-ਹਿੰਦੂ ਮਿਸ਼ਨਰੀਆਂ ਖ਼ਾਸ ਕਰ ਕੇ ਈਸਾਈਆਂ ਦੇ ਕੰਮ ਕਰਨ ਅਤੇ ਪ੍ਰਚਾਰ ਕਰਨ ਉਪਰ ਪਾਬੰਦੀਆਂ ਥੋਪ ਰਿਹਾ ਹੈ; ਦੂਜੇ ਪਾਸੇ ਹਿੰਦੂਤਵੀ ਜਥੇਬੰਦੀਆਂ ਪੂਰੀ ਦੁਨੀਆਂ ਵਿਚ ਬੇਰੋਕ-ਟੋਕ ਆਪਣੇ ਜ਼ਹਿਰੀਲੇ ਪ੍ਰਚਾਰ ਵਿਚ ਜੁਟੀਆਂ ਹਨ। ਪੱਤਰਕਾਰ ਹਰਤੋਸ਼ ਸਿੰਘ ਬਲ ਨੇ 2004 ਵਿਚ ਆਪਣੀ ਕਿਤਾਬ 'ਵਾਟਰਜ਼ ਕਲੋਜ਼ ਓਵਰ ਅਸ, ਏ ਜਰਨੀ ਅਲੌਂਗ ਨਰਮਦਾ' ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਵਲੋਂ ਭਾਰਤ ਵਿਚ ਚਲਾਏ ਜਾ ਰਹੇ 6966 'ਏਕਲ ਸਕੂਲਾਂ' (ਇਕ ਅਧਿਆਪਕ ਵਾਲਾ ਸਕੂਲ) ਰਾਹੀਂ ਹਿੰਦੂ ਬਣਾਉਣ ਦੀ ਹਮਲਾਵਰ ਮੁਹਿੰਮ ਬਾਰੇ ਤੱਥ ਪੇਸ਼ ਕੀਤੇ ਸਨ। ਹੁਣ ਇਨ੍ਹਾਂ ਸਕੂਲਾਂ ਦੀ ਗਿਣਤੀ ਵਧ ਗਈ ਹੈ। 'ਏਕਲ ਫਾਊਂਡੇਸ਼ਨ' ਹੁਣ 54463 ਅਜਿਹੇ ਸਕੂਲ ਚਲਾ ਰਹੀ ਹੈ ਜਿਸ ਲਈ ਜ਼ਿਆਦਾਤਰ ਫੰਡ ਵਿਦੇਸ਼ਾਂ ਤੋਂ ਭਾਰਤ ਪੁੱਜਦਾ ਹੈ। ਇਹ ਫੰਡ ਵਿਸ਼ਵ ਹਿੰਦੂ ਪ੍ਰੀਸ਼ਦ (ਅਮਰੀਕਾ) ਵਲੋਂ 'ਤੁਹਾਡਾ ਰੋਜ਼ ਇਕ ਡਾਲਰ ਦਾ ਦਾਨ 30 ਬੱਚਿਆਂ ਨੂੰ ਪੂਰੇ ਸਾਲ ਲਈ ਸਿਖਿਆ ਮੁਹੱਈਆ ਕਰਾ ਸਕਦਾ ਹੈ' ਦਾ ਹੋਕਾ ਦੇ ਕੇ ਉਗਰਾਹੇ ਜਾ ਰਹੇ ਹਨ। ਇਨ੍ਹਾਂ ਫੰਡਾਂ ਬਾਰੇ ਤਿਆਰ 54 ਸਫਿਆਂ ਦੀ ਰਿਪੋਰਟ 'ਹਿੰਦੂ ਨੈਸ਼ਨਲਿਜ਼ਮ ਇਨ ਦਿ ਯੂਨਾਈਟਡ ਸਟੇਟਸ: ਏ ਰਿਪੋਰਟ ਔਨ ਨੌਨ-ਪਰੌਫਿਟ ਗਰੁੱਪਸ' ਪਹਿਲੀ ਜੁਲਾਈ 2014 ਨੂੰ ਸਾਊਥ ਏਸ਼ੀਆ ਸਿਟੀਜ਼ਨਜ਼ ਵੈੱਬ (sacw.net) ਉਪਰ ਜਾਰੀ ਕੀਤੀ ਗਈ ਹੈ ਜਿਸ ਵਿਚ ਇਸ ਹਮਲਾਵਰ ਹਿੰਦੂਤਵੀ ਮੁਹਿੰਮ ਦਾ ਪਰਦਾਫਾਸ਼ ਕੀਤਾ ਗਿਆ ਹੈ। 'ਪੰਜਾਬ ਟਾਈਮਜ਼' ਲਈ ਇਸ ਰਿਪੋਰਟ ਦੇ ਸਾਰ-ਅੰਸ਼ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ (ਫੋਨ: +91-94634-74342) ਨੇ ਕੀਤਾ ਹੈ। -ਸੰਪਾਦਕ*

ਲੰਘੇ ਤਿੰਨ ਦਹਾਕਿਆਂ ਤੋਂ ਭਾਰਤ ਦੇ ਹਿੰਦੂਕਰਨ (ਭਾਰਤ ਵਿਚ ਹਿੰਦੂਆਂ ਦਾ ਸਿਆਸੀ ਤੇ ਸਮਾਜੀ ਗ਼ਲਬਾ ਬਣਾਉਣ) ਦੀ ਲਹਿਰ ਦੱਖਣੀ ਏਸ਼ੀਆ ਅਤੇ ਵਿਦੇਸ਼ਾਂ ਵਿਚ ਰਹਿ ਰਹੇ ਇਨ੍ਹਾਂ ਭਾਈਚਾਰਿਆਂ ਅੰਦਰ ਪੈਰ ਜਮਾਉਂਦੀ ਆ ਰਹੀ ਹੈ। ਇਸ ਹਿੰਦੂ ਰਾਸ਼ਟਰਵਾਦੀ ਲਹਿਰ ਦੇ ਮੋਹਰਲੀ ਕਤਾਰ ਦੇ ਧੜਿਆਂ ਦੀ ਛਤਰੀ 'ਸੰਘ ਪਰਿਵਾਰ' ਦੀ ਅੰਦਾਜ਼ਨ ਮੈਂਬਰਸ਼ਿਪ ਦਹਿ-ਲੱਖਾਂ ਵਿਚ ਹੈ ਜਿਸ ਦੀ ਬਦੌਲਤ ਸੰਘ ਹਿੰਦੁਸਤਾਨ ਦੀਆਂ ਸਭ ਤੋਂ ਵੱਡੀਆਂ ਸਵੈ-ਸੇਵੀ ਜਥੇਬੰਦੀਆਂ ਵਿੱਚੋਂ ਹੈ। ਸੰਘ ਵਿਚ ਸ਼ਾਮਲ ਵੱਡੀਆਂ ਜਥੇਬੰਦੀਆਂ ਇਹ ਹਨ- ਰਾਸ਼ਟਰੀਯ ਸੋਇਮਸੇਵਕ ਸੰਘ (ਆਰ.ਐੱਸ.ਐੱਸ.), ਵਿਸ਼ਵ ਹਿੰਦੂ ਪ੍ਰੀਸ਼ਦ (ਵੀ.ਐੱਚ.ਪੀ.), ਬਜਰੰਗ ਦਲ, ਅਤੇ ਭਾਰਤੀਯ ਜਨਤਾ ਪਾਰਟੀ (ਬੀ.ਜੇ.ਪੀ.)।

ਹਿੰਦੂ ਰਾਸ਼ਟਰਵਾਦ ਨੇ ਮੁਸਲਮਾਨਾਂ, ਈਸਾਈਆਂ ਅਤੇ ਉਨ੍ਹਾਂ ਸਾਰਿਆਂ ਖ਼ਿਲਾਫ਼ ਵਿਤਕਰੇ, ਉਨ੍ਹਾਂ ਨੂੰ ਸਮਾਜ ਵਿਚੋਂ ਛੇਕਣ ਦੇ ਅਮਲ ਨੂੰ ਤਿੱਖਾ ਕੀਤਾ ਹੈ, ਇਸ ਨੂੰ ਵੰਨ-ਸੁਵੰਨੇ ਰੂਪ ਦਿੱਤੇ ਹਨ, ਅਤੇ ਇਨ੍ਹਾਂ ਦੇ ਖ਼ਿਲਾਫ਼ ਹਿੰਸਾ ਨੂੰ ਲਿੰਗਕ ਅਤੇ ਜਿਸਮਾਨੀ ਸ਼ੋਸ਼ਣ ਵਿਚ ਬਦਲ ਦਿੱਤਾ ਹੈ। ਹਿੰਦੁਸਤਾਨੀ ਸ਼ਹਿਰੀਆਂ ਦੇ ਕੌਮਾਂਤਰੀ ਟ੍ਰਿਬਿਊਨਲਾਂ, ਤੱਥ-ਖੋਜ ਗਰੁੱਪਾਂ, ਕੌਮਾਂਤਰੀ ਮਨੁੱਖੀ ਅਧਿਕਾਰ ਜਥੇਬੰਦੀਆਂ ਅਤੇ ਅਮਰੀਕਾ ਦੀਆਂ ਸਰਕਾਰੀ ਸੰਸਥਾਵਾਂ ਕੋਲ ਇਸ ਦੇ ਦਸਤਾਵੇਜ਼ੀ ਸਬੂਤ ਹਨ।

ਹਿੰਦੁਸਤਾਨ ਵਿਚਲੀਆਂ ਸੰਘ ਨਾਲ ਜੁੜੀਆਂ ਸੰਸਥਾਵਾਂ ਨੂੰ ਇਸ ਦੀਆਂ ਅਮਰੀਕਾ ਵਿਚਲੀਆਂ ਸ਼ਾਖਾਵਾਂ ਤੋਂ ਸਮਾਜੀ ਅਤੇ ਮਾਲੀ ਇਮਦਾਦ ਮਿਲ ਰਹੀ ਹੈ। ਇਹ ਮਗਰਲੀਆਂ ਸੰਸਥਾਵਾਂ ਅਮਰੀਕਾ ਵਿਚ ਜ਼ਿਆਦਾਤਰ ਐਸੀਆਂ ਗ਼ੈਰ-ਮੁਨਾਫ਼ਾ ਮਨੋਰਥ ਨਾਲ ਕੰਮ ਕਰਨ ਵਾਲੀਆਂ ਜਥੇਬੰਦੀਆਂ ਹਨ ਜਿਨ੍ਹਾਂ ਨੂੰ ਟੈਕਸਾਂ ਤੋਂ ਛੋਟ ਮਿਲੀ ਹੋਈ ਹੈ। ਇਹ ਹਨ- ਹਿੰਦੂ ਸੋਇਮਸੇਵਕ ਸੰਘ (ਐੱਚ.ਐੱਸ.ਐੱਸ.), ਵਿਸ਼ਵ ਹਿੰਦੂ ਪ੍ਰੀਸ਼ਦ ਆਫ ਅਮੈਰਿਕਾ (ਵੀ.ਐੱਚ.ਪੀ.ਏ.), ਸੇਵਾ ਇੰਟਰਨੈਸ਼ਨਲ ਯੂ.ਐੱਸ.ਏ., ਏਕਲ ਵਿਦਿਆਲਿਆ ਫਾਊਂਡੇਸ਼ਨ-ਯੂ.ਐੱਸ.ਏ.। ਇਸੇ ਤਰ੍ਹਾਂ ਇਥੇ ਓਵਰਸੀਜ਼ ਫਰੈਂਡਜ਼ ਆਫ ਭਾਰਤੀ ਜਨਤਾ ਪਾਰਟੀ-ਯੂ.ਐੱਸ.ਏ. (ਓ.ਐੱਫ.ਬੀ.ਜੇ.ਪੀ.) ਵੀ ਸਰਗਰਮ ਹੈ, ਹਾਲਾਂਕਿ ਇਸ ਨੂੰ ਟੈਕਸ ਤੋਂ ਛੋਟ ਨਹੀਂ ਮਿਲੀ ਹੋਈ।

**ਯੂਥ ਅਤੇ ਪਰਿਵਾਰ ਪ੍ਰੋਗਰਾਮ**

ਇਹ ਸੰਘ ਨਾਲ ਜੁੜੇ ਨੌਜਵਾਨ ਅਤੇ ਪਰਿਵਾਰ ਪ੍ਰੋਗਰਾਮ ਹਨ ਜੋ ਹਿੰਦੂ ਸੋਇਮਸੇਵਕ ਸੰਘ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਆਫ ਅਮੈਰਿਕਾ ਵਲੋਂ ਕਰਵਾਏ ਜਾਂਦੇ ਹਨ। ਇਨ੍ਹਾਂ ਨੇ ਆਪਣੀਆਂ ਜਮਾਤਾਂ, ਕੈਂਪ, ਸਮਾਗਮ ਅਤੇ ਪ੍ਰਚਾਰ ਸਮੱਗਰੀ ਹਿੰਦੂ ਸੰਸਕ੍ਰਿਤਿਕ ਪਛਾਣ ਉਪਰ ਕੇਂਦਰਤ ਕੀਤੀ ਹੋਈ ਹੈ। ਮਈ 2014 ਤਕ ਅਮਰੀਕਾ ਵਿਚ ਐੱਚ.ਐੱਸ.ਐੱਸ. ਦੀਆਂ 140 ਸ਼ਾਖਾਵਾਂ ਸਨ ਜਿਨ੍ਹਾਂ ਦੀ ਸੂਚੀ ਇਸ ਦੀ ਵੈੱਬਸਾਈਟ ਉਪਰ ਮੌਜੂਦ ਹੈ। 2002 ਅਤੇ 2012 ਦਰਮਿਆਨ ਐੱਚ.ਐੱਸ.ਐੱਸ. ਅਤੇ ਵੀ.ਐੱਚ.ਪੀ. ਨੇ ਆਪਣੇ ਨੌਜਵਾਨ ਅਤੇ ਪਰਿਵਾਰ ਪ੍ਰੋਗਰਾਮਾਂ ਉਪਰ ਕੁਲ-ਮਿਲਾ ਕੇ 25 ਲੱਖ ਤੋਂ ਉਪਰ ਡਾਲਰ ਖ਼ਰਚ ਕੀਤੇ ਹਨ। ਅਜਿਹੇ ਪ੍ਰੋਗਰਾਮਾਂ ਵਲੋਂ ਜੋ ਸਾਹਿਤ ਇਸਤੇਮਾਲ ਕੀਤਾ ਜਾ ਰਿਹਾ ਹੈ, ਉਸ ਵਿਚ ਇਤਿਹਾਸ ਅਤੇ ਸੰਸਕ੍ਰਿਤੀ ਦੀ ਐਸੀ ਵੰਨਗੀ ਨੂੰ ਤਰਜੀਹ ਦਿੱਤੀ ਹੁੰਦੀ ਹੈ ਜਿਸ ਵਿਚ ਹਿੰਦੁਸਤਾਨ ਵਿਚਲੀ ਸੰਘ ਪਰਿਵਾਰ ਦੀ ਲੀਡਰਸ਼ਿਪ ਅਤੇ ਬ੍ਰਾਹਮਣਵਾਦੀ (ਉੱਚ-ਜਾਤੀ) ਕਦਰਾਂ-ਕੀਮਤਾਂ ਦੇ ਗੁਣ ਗਾਏ ਹੁੰਦੇ ਹਨ, ਜਦਕਿ (ਕਥਿਤ) ਨੀਵੀਆਂ ਜਾਤਾਂ ਅਤੇ ਗ਼ੈਰ-ਹਿੰਦੂ ਭਾਈਚਾਰਿਆਂ ਦੇ ਸੰਘਰਸ਼ਾਂ ਤੇ ਉਨ੍ਹਾਂ ਦੀਆਂ ਦੇਣਾਂ ਨੂੰ ਬੱਦੂ ਕੀਤਾ ਗਿਆ ਹੁੰਦਾ ਹੈ।

2009 ਵਿਚ ਸੰਘ ਨਾਲ ਸਬੰਧਤ ਹਿੰਦੂ ਸਟੂਡੈਂਟਸ ਕੌਂਸਲ (ਐੱਚ.ਐੱਸ.ਸੀ.) ਦੇ ਵਿਦਿਆਰਥੀ ਗਰੁੱਪ ਅਮਰੀਕਾ ਅਤੇ ਕੈਨੇਡਾ ਦੀਆਂ 78 ਯੂਨੀਵਰਸਿਟੀਆਂ ਤੇ ਕਾਲਜਾਂ ਦੇ ਕੈਂਪਸ ਵਿਚ ਮੌਜੂਦ ਸਨ। ਇਨ੍ਹਾਂ ਵਿਚ ਡਿਊਕ ਯੂਨੀਵਰਸਿਟੀ, ਇਮੋਰੀ ਯੂਨੀਵਰਸਿਟੀ, ਜੌਹਨਸ ਹਾਪਕਿੰਨਸ ਯੂਨੀਵਰਸਿਟੀ, ਮੈਸਾਚੂਸਟਸ ਇੰਸਟੀਚਿਊਟ ਆਫ ਟੈਕਨਾਲੋਜੀ, ਮੈਕਗਿਲ ਯੂਨੀਵਰਸਿਟੀ, ਨਿਊ ਯਾਰਕ ਯੂਨੀਵਰਸਿਟੀ, ਮੈਡੀਸਨ ਦੀ ਯੂਨੀਵਰਸਿਟੀ ਆਫ ਵਿਸਕਾਨਸਿਨ, ਸਟੈਨਫੋਰਡ ਯੂਨੀਵਰਸਿਟੀ, ਸਾਇਰਾਕਿਊਜ਼ ਯੂਨੀਵਰਸਿਟੀ, ਬਰਕਲੇ, ਇਰਵਾਇਨ ਅਤੇ ਸੈਨ ਡੀਗੋ ਦੀ ਯੂਨੀਵਰਸਿਟੀ ਆਫ ਕੈਲੀਫੋਰਨੀਆ, ਯੂਨੀਵਰਸਿਟੀ ਆਫ ਔਟਵਾ ਅਤੇ ਆਸਟਿਨ ਤੇ ਹਿਊਸਟਨ ਦੀ ਯੂਨੀਵਰਸਿਟੀ ਆਫ ਟੈਕਸਸ ਸ਼ਾਮਲ ਹਨ।

**ਚੈਰੀਟੇਬਲ ਜਥੇਬੰਦੀਆਂ**

2001 ਤੋਂ ਲੈ ਕੇ 2012 ਤਕ, ਸੰਘ ਨਾਲ ਸਬੰਧਤ ਚੈਰੀਟੇਬਲ ਗਰੁੱਪਾਂ (ਇੰਡੀਆ ਡਿਵੈਲਪਮੈਂਟ ਐਂਡ ਰਿਲੀਫ਼ ਫੰਡ, ਏਕਲ ਵਿਦਿਆਲਿਆ ਫਾਊਂਡੇਸ਼ਨ ਆਫ ਅਮੈਰਿਕਾ, ਪਰਮ ਸ਼ਕਤੀ ਪੀਠ, ਸੇਵਾ ਇੰਟਰਨੈਸ਼ਨਲ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਆਫ ਅਮੈਰਿਕਾ) ਨੇ ਆਪਣੀਆਂ ਪ੍ਰੋਗਰਾਮ ਸੇਵਾਵਾਂ ਲਈ ਸਾਢੇ ਪੰਜ ਕਰੋੜ ਡਾਲਰ ਖ਼ਰਚਣੇ ਤੈਅ ਕੀਤੇ। ਇਹ ਫੰਡ ਜ਼ਿਆਦਾਤਰ ਹਿੰਦੁਸਤਾਨ ਵਿਚ ਕੰਮ ਕਰ ਰਹੇ ਗਰੁੱਪਾਂ ਨੂੰ ਭੇਜੇ ਜਾਂਦੇ ਹਨ। ਇਹ ਫੰਡ ਹਾਸਲ ਕਰਨ ਵਾਲੇ ਜ਼ਿਆਦਾਤਰ ਗਰੁੱਪ ਹਿੰਦੁਸਤਾਨ ਵਿਚਲੇ ਸੰਘ ਪਰਿਵਾਰ ਨਾਲ ਸਬੰਧਤ ਹਨ। ਇਸ ਤੋਂ ਬਿਨਾਂ ਹੇਠਲੇ ਪੱਖਾਂ ਦੀ ਹੋਰ ਛਾਣ-ਬੀਣ ਕਰਨਾ ਜ਼ਰੂਰੀ ਹੈ:

ੳ) ਅਮਰੀਕਾ ਤੋਂ ਫੰਡ ਭੇਜਣ ਦੇ ਹੋਰ ਜ਼ਰੀਏ; ਅਮਰੀਕਾ ਵਿਚ ਹਿੰਦੂ ਰਾਸ਼ਟਰਵਾਦ: ਗ਼ੈਰ-ਮੁਨਾਫ਼ਾ ਮਨੋਰਥ ਨਾਲ ਕੰਮ ਕਰਦੇ ਗਰੁੱਪਾਂ ਬਾਰੇ ਰਿਪੋਰਟ। ਅ) ਇਹ ਪੱਖ ਕਿ ਕੀ ਇਹ ਪੈਸਾ ਉਨ੍ਹਾਂ ਮਨੋਰਥਾਂ ਲਈ ਖ਼ਰਚਿਆ ਜਾ ਰਿਹਾ ਹੈ ਜੋ ਮਨੋਰਥ ਇੰਟਰਨਲ ਰੈਵੀਨਿਊ ਸਰਵਿਸ ਨੂੰ ਦੱਸੇ ਗਏ ਸਨ। ੲ) ਫੰਡ ਹਾਸਲ ਕਰਨ ਵਾਲਿਆਂ ਦੇ ਕੰਮ ਦੇ ਅਸਰ ਕੀ ਪੈ ਰਹੇ ਹਨ।

**ਅਕਾਦਮਿਕ ਕੰਮ ਅਤੇ ਇਸ ਨਾਲ ਜੁੜੀਆਂ ਸਾਈਟਾਂ**

ਹਿੰਦੂ ਰਾਸ਼ਟਰਵਾਦੀ ਗਰੁੱਪਾਂ ਨੇ ਅਕਾਦਮਿਕ ਅਤੇ ਸਿਖਿਆ ਸੰਸਥਾਵਾਂ ਵਿਚ ਸਿਲੇਬਸ ਨਾਲ ਸਬੰਧਤ, ਪ੍ਰਸ਼ਾਸਨਿਕ ਅਤੇ ਮਾਲੀ ਖੇਤਰਾਂ ਵਿਚ ਬਹੁਤ ਜ਼ਿਆਦਾ ਘੁਸਪੈਠ ਕਰ ਲਈ ਹੈ; ਖ਼ਾਸ ਕਰ ਕੇ ਇਤਿਹਾਸ, ਧਾਰਮਿਕ ਅਧਿਐਨ, ਹਿੰਦੁਸਤਾਨ ਬਾਰੇ ਪੜ੍ਹਾਈ ਅਤੇ ਹੋਰ ਖੇਤਰਾਂ ਵਿਚ। ਇਨ੍ਹਾਂ ਦੇ ਖ਼ਾਸ ਪ੍ਰੋਜੈਕਟਾਂ ਵਿਚ ਸ਼ੁਮਾਰ ਹਨ ਧਾਰਮਿਕ ਕਾਲਜ (ਹਿੰਦੂ ਯੂਨੀਵਰਸਿਟੀ ਆਫ ਅਮੈਰਿਕਾ) ਕਾਇਮ ਕਰਨਾ ਤੇ ਇਸ ਨੂੰ ਚਲਾਉਣਾ, ਘੱਟੋ-ਘੱਟ ਇਕ ਧਾਰਮਿਕ ਅਧਿਐਨ ਸੰਮੇਲਨ (ਵਰਲਡ ਐਸੋਸੀਏਸ਼ਨ ਫਾਰ ਵੇਦਿਕ ਸਟੱਡੀਜ਼) ਅਤੇ ਇਨਫਿਨੀਟੀ ਫਾਊਂਡੇਸ਼ਨ ਤੇ ਵਿਵੇਕ ਵੈਲਫੇਅਰ ਐਂਡ ਐਜੂਕੇਸ਼ਨਲ ਫਾਊਂਡੇਸ਼ਨ ਵਰਗੀਆਂ ਫੰਡ ਮੁਹੱਈਆ ਕਰਾਉਣ ਵਾਲੀਆਂ ਸੰਸਥਾਵਾਂ ਬਣਾਉਣਾ। 2001 ਤੋਂ ਲੈ ਕੇ 2013 ਤਕ, ਇਨਫਿਨੀਟੀ ਫਾਊਂਡੇਸ਼ਨ ਨੇ ਦੁਨੀਆ ਭਰ 'ਚ ਖੋਜਕਾਰਾਂ, ਅਕਾਦਮਿਕ ਸਭਾਵਾਂ, ਅਤੇ ਅਕਾਦਮਿਕ ਵਿਭਾਗਾਂ ਨੂੰ 19 ਲੱਖ ਡਾਲਰ ਤੋਂ ਵੱਧ ਫੰਡ ਦਿੱਤੇ। ਇਨ੍ਹਾਂ ਵਿਚ ਐਸੋਸੀਏਸ਼ਨ ਫਾਰ ਏਸ਼ੀਅਨ ਸਟੱਡੀਜ਼, ਕੈਲੀਫੋਰਨੀਆ ਇੰਸਟੀਚਿਊਟ ਆਫ ਇੰਟੈਗਰਲ ਸਟੱਡੀਜ਼, ਦਿ ਸੈਂਟਰ ਫਾਰ ਦਿ ਸਟੱਡੀ ਆਫ ਡਿਵੈਲਪਿੰਗ ਸੁਸਾਇਟੀਜ਼, ਕੋਲੰਬੀਆ ਯੂਨੀਵਰਸਿਟੀ, ਹਾਵਰਡ ਯੂਨੀਵਰਸਿਟੀ, ਮੈਲਬਰਨ ਯੂਨੀਵਰਸਿਟੀ, ਨੈਸ਼ਨਲ ਇੰਸਟੀਚਿਊਟ ਆਫ ਐਡਵਾਂਸਡ ਸਟੱਡੀਜ਼, ਰਟਗਰਜ਼ ਯੂਨੀਵਰਸਿਟੀ, ਯੂਨੀਵਰਸਿਟੀ ਆਫ ਹਵਾਈ ਅਤੇ ਆਸਟਿਨ ਦੀ ਯੂਨੀਵਰਸਿਟੀ ਆਫ ਟੈਕਸਸ ਸ਼ਾਮਲ ਹਨ।

**ਹਿੰਦ-ਅਮਰੀਕੀ ਭਾਈਚਾਰਿਆਂ ਵਿਚ ਸੰਘ ਦੀ ਅਗਵਾਈ**

ਲੰਘੇ ਦੋ ਦਹਾਕਿਆਂ ਵਿਚ ਸੰਘ ਨਾਲ ਜੁੜੀਆਂ ਜਥੇਬੰਦੀਆਂ ਹਿੰਦ-ਅਮਰੀਕੀ ਭਾਈਚਾਰਿਆਂ ਵਿਚ ਆਗੂਆਂ ਵਜੋਂ ਉਭਰੀਆਂ ਹਨ। ਇਨ੍ਹਾਂ ਵਲੋਂ ਕੀਤੇ ਵੱਡੇ ਸਮਾਗਮਾਂ ਵਿਚ ਸ਼ੁਮਾਰ ਹਨ:

ੳ) ਮਾਰਚ 2002 ਦੇ ਸ਼ੁਰੂ ਵਿਚ ਓਵਰਸੀਜ਼ ਫਰੈਂਡਜ਼ ਆਫ ਬੀ.ਜੇ.ਪੀ. (ਓ.ਐੱਫ.ਬੀ.ਜੇ.ਪੀ.) ਨੇ ਦੋ ਹੋਰ ਵੱਡੀਆਂ ਹਿੰਦ-ਅਮਰੀਕੀ ਜਥੇਬੰਦੀਆਂ ਨਾਲ ਮਿਲ ਕੇ ਕੈਪੀਟਲ ਹਿਲ ਉਪਰ ਉਦੋਂ ਖਾਣੇ ਦੇ ਜਸ਼ਨੀ ਸਮਾਗਮ ਦੀ ਮੇਜ਼ਬਾਨੀ ਕੀਤੀ ਜਦੋਂ ਭਾਜਪਾ ਦੀ ਹਕੂਮਤ ਵਾਲੇ ਗੁਜਰਾਤ ਵਿਚ ਮੁਸਲਮਾਨਾਂ ਦੀ ਕਤਲੋਗ਼ਾਰਤ ਕੀਤੀ ਗਈ ਸੀ।

ਅ) ਓ.ਐੱਫ.ਬੀ.ਜੇ.ਪੀ. ਦੇ ਮੈਂਬਰ ਅਤੇ ਏਸ਼ੀਅਨ ਅਮੈਰੀਕਨ ਹੋਟਲ ਮਾਲਕਾਂ ਦੀ ਐਸੋਸੀਏਸ਼ਨ (ਏ.ਏ.ਐੱਚ.ਓ.ਏ.) ਉਨ੍ਹਾਂ ਆਗੂਆਂ ਵਿਚ ਸ਼ਾਮਲ ਸਨ ਜਿਨ੍ਹਾਂ ਨੇ 2005 ਵਿਚ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਨੂੰ ਮਾਣਯੋਗ ਮਹਿਮਾਨ ਵਕਤਾ (ਆਨਰਡ ਗੈਸਟ ਸਪੀਕਰ) ਵਜੋਂ ਇਥੇ ਸੱਦਣ ਦੀ ਪੂਰੀ ਵਾਹ ਲਾਈ।

ੲ) 2005-06 ਦੇ ਕੈਲੀਫੋਰਨੀਆ ਪਾਠ-ਪੁਸਤਕ ਰੱਟੇ ਵਿਚ ਵੇਦਿਕ ਫਾਊਂਡੇਸ਼ਨ ਤੇ ਹਿੰਦੂ ਸੋਇਮਸੇਵਕ ਸੰਘ ਦੀ ਸਿਖਿਆ ਸ਼ਾਖਾ ਹਿੰਦੂ ਐਜੂਕੇਸ਼ਨ ਫਾਊਂਡੇਸ਼ਨ ਨੇ ਕੈਲੀਫੋਰਨੀਆ ਦੀਆਂ ਪਾਠ-ਪੁਸਤਕਾਂ ਵਿਚ ਆਪਣੀ ਮਰਜ਼ੀ ਦੇ ਐਸੇ ਵੇਰਵੇ ਘਸੋੜਨ ਦੀ ਪੂਰੀ ਵਾਹ ਲਾਈ ਜਿਨ੍ਹਾਂ ਵਿਚ ਹਿੰਦੂ ਰਾਸ਼ਟਰਵਾਦੀ ਤਰਜੀਹਾਂ ਨੂੰ ਉਭਾਰਿਆ ਗਿਆ ਸੀ ਅਤੇ ਪੁਰਾਤਨ ਭਾਰਤ ਵਿਚ ਪ੍ਰਚਲਤ ਰਹੇ ਲਿੰਗਕ ਅਤੇ ਜਾਤ-ਪਾਤੀ ਦਾਬੇ ਨੂੰ ਛੁਪਾਇਆ ਗਿਆ ਸੀ।

ਸ) ਪਾਠ-ਪੁਸਤਕ ਰੱਟੇ ਦੇ ਸਮੇਂ ਤੋਂ ਹੀ ਹਿੰਦੂ ਅਮੈਰੀਕਨ ਫਾਊਂਡੇਸ਼ਨ ਅਮਰੀਕੀ ਸਿਆਸਤਦਾਨਾਂ ਤਕ ਹਿੰਦੂ ਰਾਸ਼ਟਰਵਾਦੀ ਹਿੱਤਾਂ ਦੀ ਆਵਾਜ਼ ਪਹੁੰਚਾਉਣ ਦਾ ਜ਼ਰੀਆ ਬਣੀ ਹੋਈ ਹੈ।

**ਹੋਰ ਕਦਮ**

ਇਨ੍ਹਾਂ ਪੱਖਾਂ ਨੂੰ ਘੋਖਣ ਲਈ ਹੋਰ ਛਾਣ-ਬੀਣ ਕਰਨੀ ਜ਼ਰੂਰੀ ਹੈ: ੳ) ਅਮਰੀਕਾ ਆਧਾਰਤ ਸੰਘੀ ਗਰੁੱਪਾਂ ਅਤੇ ਇਨ੍ਹਾਂ ਦੇ ਮੈਂਬਰਾਂ ਦੇ ਖ਼ਿਲਾਫ਼ ਦੱਖਣ ਏਸ਼ੀਆ ਵਿਚ ਸੰਘ ਦੀ ਅਗਵਾਈ ਵਾਲੀਆਂ ਹਿੰਸਕ ਕਾਰਵਾਈਆਂ ਬਾਰੇ ਕਿਸ ਤਰ੍ਹਾਂ ਦੀ ਕਾਨੂੰਨੀ ਕਾਰਵਾਈ ਕਰਵਾਈ ਜਾ ਸਕਦੀ ਹੈ; ਅ) ਇਨ੍ਹਾਂ ਵਲੋਂ 501(ਸੀ)(3) ਰੈਗੂਲੇਸ਼ਨਜ਼ ਅਤੇ ਬੰਦਿਸ਼ਾਂ ਦੀਆਂ ਕਿਹੜੀਆਂ-ਕਿਹੜੀਆਂ ਉਲੰਘਣਾਵਾਂ ਕੀਤੀਆਂ ਹੋ ਸਕਦੀਆਂ ਹਨ; ੲ) ਹਿੰਦੂ ਰਾਸ਼ਟਰਵਾਦੀ ਗਰੁੱਪਾਂ ਵਲੋਂ ਕੀਤੀ ਹਿੰਸਾ ਦੀ ਹਮਾਇਤ ਵਿਚ ਅਮਰੀਕਾ ਵਿਚਲੇ ਹੋਰ ਗਰੁੱਪਾਂ ਅਤੇ ਵਿਅਕਤੀਆਂ ਦੀ ਕੀ ਸ਼ਮੂਲੀਅਤ ਰਹੀ ਹੈ।

# ਅਮਰਨਾਥ ਯਾਤਰਾ ਦਾ ਦੂਜਾ ਪਾਸਾ

***ਅਮਰਨਾਥ ਯਾਤਰਾ ਦੀ ਸਿਆਸੀ ਰੰਗਤ ਦਾ ਅੰਦਾਜ਼ਾ ਇੱਥੋਂ ਵੀ ਲਗਾਇਆ ਜਾ ਸਕਦਾ ਹੈ ਕਿ ਜਿਥੇ ਪਹਿਲਾਂ ਕੁਝ ਕੁ ਹਜ਼ਾਰ 'ਸ਼ਰਧਾਲੂ' ਹੀ ਅਮਰਨਾਥ ਗੁਫ਼ਾ ਦੇਖਣ ਲਈ ਜਾਂਦੇ ਸਨ, ਉਥੇ ਹੁਣ ਸ਼ਰਧਾਲੂਆਂ ਦੀ ਗਿਣਤੀ ਹੀ ਨਹੀਂ ਵਧੀ, ਦਿਨਾਂ ਦੀ ਗਿਣਤੀ ਵੀ ਵਧਾ ਦਿੱਤੀ ਗਈ ਹੈ। ਸਾਬਕਾ ਗਵਰਨਰ ਐਸ.ਕੇ. ਸਿਨਹਾ, ਜਿਸ ਨੇ ਸਬੰਧਤ ਬੋਰਡ ਦੇ ਚੇਅਰਮੈਨ ਦੀ ਹੈਸੀਅਤ ਵਿਚ ਇਸ ਯਾਤਰਾ ਨੂੰ ਉਤਸ਼ਾਹਤ ਕਰਨ 'ਚ ਉਚੇਚੀ ਰੁਚੀ ਦਿਖਾਈ, ਦੇ ਯਤਨਾਂ ਨਾਲ ਜੋ ਯਾਤਰਾ ਪਹਿਲਾਂ ਸਿਰਫ਼ ਪੰਦਰਾਂ ਦਿਨ ਲਈ ਹੁੰਦੀ ਸੀ, 2004 'ਚ ਇਸ ਦੀ ਸਮਾਂ-ਸੀਮਾ ਵਧਾ ਕੇ ਦੋ ਮਹੀਨੇ ਕਰ ਦਿੱਤੀ ਗਈ।...ਹਿੰਦੁਸਤਾਨੀ ਸਟੇਟ ਖ਼ਾਸ ਤਰ੍ਹਾਂ ਦੇ 'ਰਾਸ਼ਟਰਵਾਦ' ਨੂੰ ਹੱਲਾਸ਼ੇਰੀ ਦੇਣ ਲਈ ਇਸ ਯਾਤਰਾ ਦਾ ਥੋਕ ਇਸਤੇਮਾਲ ਕਰ ਰਿਹਾ ਹੈ। ਯਾਤਰਾ ਦੇ ਨਾਂ ਹੇਠ ਕਸ਼ਮੀਰ ਦੇ ਅਸਲ ਸਵਾਲ ਨੂੰ ਦਬਾਇਆ ਜਾ ਰਿਹਾ ਹੈ ਅਤੇ ਨਾਲ ਹੀ ਧਾਰਮਿਕ ਟੂਰਿਜ਼ਮ ਦੇ ਬਹਾਨੇ ਕਸ਼ਮੀਰ ਦੀ ਜ਼ਮੀਨ ਤੇ ਪਾਣੀ ਵਰਗੇ ਵਸੀਲਿਆਂ ਨੂੰ ਹਿੰਦੁਸਤਾਨ ਸੱਤਾ ਦੇ ਅਦਾਰਿਆਂ ਦੇ ਕਬਜ਼ੇ 'ਚ ਲੈ ਕੇ ਕਸ਼ਮੀਰ ਉਪਰ ਕਬਜ਼ਾ ਪੱਕਾ ਕੀਤਾ ਜਾ ਰਿਹਾ ਹੈ।***

ਕਸ਼ਮੀਰ ਦੀ ਅਮਰਨਾਥ ਯਾਤਰਾ ਅੱਜ ਤੀਰਥ-ਯਾਤਰਾ ਨਾ ਰਹਿ ਕੇ ਇਕ ਜ਼ਾਹਰਾ ਸਿਆਸੀ ਮੁਹਿੰਮ ਬਣ ਚੁੱਕੀ ਹੈ। ਉਪਰੋਂ ਦੇਖਣ ਨੂੰ ਧਾਰਮਿਕ ਜਾਪਦੇ ਇਸ ਕਾਰਜ ਦੇ ਓਹਲੇ ਕਿਸ ਤਰ੍ਹਾਂ ਦੀਆਂ ਤਾਕਤਾਂ ਸਰਗਰਮ ਹਨ, ਉਨ੍ਹਾਂ ਦੀ ਭੂਮਿਕਾ ਨੂੰ ਗ਼ੌਰ ਨਾਲ ਦੇਖਦਿਆਂ ਸਮਝਿਆ ਜਾ ਸਕਦਾ ਹੈ ਕਿ ਕਸ਼ਮੀਰ ਦੇ ਹਾਲਾਤ ਉਪਰ ਇਹ ਯਾਤਰਾ ਕਿਸ ਰੁਖ਼ ਅਸਰ-ਅੰਦਾਜ਼ ਹੋ ਰਹੀ ਹੈ।

ਅਮਰਨਾਥ ਗੁਫ਼ਾ ਸ੍ਰੀਨਗਰ ਤੋਂ 144 ਕਿਲੋਮੀਟਰ ਦੂਰ ਦੱਖਣੀ ਕਸ਼ਮੀਰ ਵਿਚ ਪਹਿਲਗਾਮ-ਅਨੰਤਨਾਗ ਪਹਾੜੀ ਖੇਤਰ ਵਿਚ 12,756 ਫੁੱਟ ਦੀ ਉਚਾਈ 'ਤੇ ਮੌਜੂਦ ਬਰਫ਼ੀਲੀਆਂ

**ਬੂਟਾ ਸਿੰਘ**
**ਫੋਨ: 91-94634-74342**

ਪਹਾੜੀਆਂ ਵਿਚ ਘਿਰਿਆ ਕੁਦਰਤੀ ਨਜ਼ਾਰਾ ਹੈ। ਇਹ ਗੁਫ਼ਾ ਹੁਨਾਲ ਦੇ ਥੋੜ੍ਹੇ ਜਿਹੇ ਵਕਤ ਨੂੰ ਛੱਡ ਕੇ ਸਾਰਾ ਸਾਲ ਬਰਫ਼ ਹੇਠ ਢਕੀ ਰਹਿੰਦੀ ਹੈ। ਇਨ੍ਹਾਂ ਖ਼ਾਸ ਦਿਨਾਂ 'ਚ ਹੀ ਇਹ ਸ਼ਰਧਾਲੂਆਂ ਲਈ ਖੋਲ੍ਹੀ ਜਾਂਦੀ ਹੈ; ਕਿਉਂਕਿ ਇਸ ਦੀ ਹਿੰਦੂ ਧਾਰਮਿਕ ਵਿਸ਼ਵਾਸ ਵਿਚ ਖ਼ਾਸੀ ਮਾਨਤਾ ਬਣ ਚੁੱਕੀ ਹੈ। ਇਸ ਦੀ ਖ਼ਾਸੀਅਤ ਇਹ ਹੈ ਕਿ ਮਈ-ਜੂਨ ਮਹੀਨਿਆਂ 'ਚ ਪਹਾੜਾਂ ਦੀ ਬਰਫ਼ ਪਿਘਲਣੀ ਸ਼ੁਰੂ ਹੋ ਜਾਂਦੀ ਹੈ। ਇਸ ਕੁਦਰਤੀ ਅਮਲ ਤਹਿਤ ਪਿਘਲ ਰਹੀ ਬਰਫ਼ ਦਾ ਪਾਣੀ ਗੁਫ਼ਾ ਦੀ ਛੱਤ ਵਿਚੋਂ ਰਿਸ-ਰਿਸ ਕੇ 40 ਮੀਟਰ ਉਚਾਈ ਵਾਲੀ ਗੁਫ਼ਾ ਦੇ ਅੰਦਰ ਬਰਫ਼ ਵਾਂਗ ਜੰਮ ਕੇ ਇਕ ਖ਼ਾਸ ਖੜ੍ਹਵੇਂ ਵਜੂਦ ਦੀ ਸ਼ਕਲ ਅਖ਼ਤਿਆਰ ਕਰ ਲੈਂਦਾ ਹੈ। ਹਿੰਦੂ ਮਾਨਤਾ ਮੁਤਾਬਿਕ ਇਹ ਸ਼ਿਵ-ਲਿੰਗ ਹੈ। ਹਿੰਦੂ ਮਿਥਿਹਾਸ ਵਿਚ ਇਹ ਮੰਨਿਆ ਜਾਂਦਾ ਹੈ ਕਿ ਸ਼ਿਵ ਜੀ ਨੇ ਇਸ ਗੁਫ਼ਾ ਵਿਚ ਜਾ ਕੇ ਆਪਣੀ ਪਤਨੀ ਗੌਰਾਂ ਨੂੰ ਮਨੁੱਖ ਦੀ ਰਚਨਾ ਦੇ ਭੇਤ ਤੋਂ ਜਾਣੂ ਕਰਾਇਆ ਸੀ। ਉਨ੍ਹਾਂ ਦਾ ਮੰਨਣਾ ਹੈ ਕਿ ਇਸ ਬਰਫ਼ ਦੇ ਵਜੂਦ ਦਾ ਪਿਘਲਣਾ ਦਰਅਸਲ ਚੰਨ ਦੇ ਪੂਰਾ ਜੋਬਨ 'ਤੇ ਪਹੁੰਚਣ ਦੇ ਚੱਕਰ ਦੌਰਾਨ ਭੋਲੇਨਾਥ ਦੇ 'ਲਿੰਗ' ਦੇ ਫੈਲਣ-ਸੁੰਗੜਨ ਦਾ ਅਮਲ ਹੈ। ਇਸ 'ਅਲੌਕਿਕ' ਨਜ਼ਾਰੇ ਦੀ ਮਹਿਮਾ 'ਚ ਬੇਸ਼ੁਮਾਰ ਮਿੱਥਾਂ ਲੋਕਧਾਰਾ 'ਚ ਪੱਕੇ ਪੈਰ ਜਮਾ ਚੁੱਕੀਆਂ ਹਨ।

ਬਤੌਰ ਸ਼ਿਵ-ਲਿੰਗ ਇਸ ਦੀ ਪੂਜਾ ਕਦੋਂ ਤੋਂ ਸ਼ੁਰੂ ਹੋਈ, ਇਸ ਬਾਰੇ ਕਈ ਮਿੱਥਾਂ ਪ੍ਰਚਲਤ ਹਨ। ਅਠਾਰਵੀਂ ਸਦੀ ਤੋਂ ਪਹਿਲਾਂ ਇਸ ਦੀ ਮਾਨਤਾ ਦੀਆਂ ਕਹਾਣੀਆਂ ਤਾਂ ਬਥੇਰੀਆਂ ਪ੍ਰਚਲਤ ਹਨ ਪਰ ਵਿਗਿਆਨਕ ਤਸਦੀਕ ਕੋਈ ਨਹੀਂ ਹੁੰਦੀ। ਇੰਨਾ ਕੁ ਸਬੂਤ ਹੀ ਹੈ ਕਿ ਅਠਾਰਵੀਂ ਸਦੀ ਵਿਚ ਇਥੇ ਤੁਰੇ ਫਿਰਦਿਆਂ ਇਹ ਇਕ ਪਹਾੜੀ ਗੁੱਜਰ ਚਰਵਾਹੇ ਦੇ ਨਜ਼ਰੀਂ ਪੈ ਗਈ ਜਿੱਥੋਂ ਇਸ ਦੀ ਭੁੱਲ-ਭੁਲਾ ਚੁੱਕੀ ਮਾਨਤਾ ਦੁਬਾਰਾ ਸ਼ੁਰੂ ਹੋ ਗਈ ਜੋ ਅੱਜ ਤਾਈਂ ਇਕ ਰੀਤ ਵਜੋਂ ਚਲੀ ਆ ਰਹੀ ਹੈ। ਇਥੇ ਇਹ ਵੀ ਧਿਆਨ ਰਹੇ ਕਿ ਕੁਝ ਸਾਲ ਪਹਿਲਾਂ ਅਮਰਨਾਥ ਗੁਫ਼ਾ ਤੋਂ 14 ਕਿਲੋਮੀਟਰ ਪਿੱਛੇ ਚੰਦਨਵਾੜੀ ਪਹਾੜੀਆਂ 'ਚ ਇਕ ਚਰਵਾਹੇ ਗ਼ੁਲਾਮ ਕਾਦਿਰ ਦੀ ਨਿਸ਼ਾਨਦੇਹੀ 'ਤੇ ਇਕ ਹੋਰ ਗੁਫ਼ਾ ਦੀ 'ਖੋਜ' ਕਰ ਲਈ ਗਈ। ਸ਼ਿਵ ਜੀ ਬਾਰੇ ਇਕ ਮਸ਼ਹੂਰ 'ਸਕਾਲਰ' ਡਾ. ਬੀ.ਐਨ. ਪੰਡਿਤਾ ਨੇ ਇਸ ਦੀ 'ਤਸਦੀਕ' ਕੀਤੀ, ਤੇ ਉਥੇ ਵੀ ਹਕੂਮਤੀ ਦੇਖ-ਰੇਖ ਹੇਠ ਸ਼ਿਵ ਮੰਦਰ ਤਾਮੀਰ ਕਰ ਦਿੱਤਾ ਗਿਆ। ਕਸ਼ਮੀਰੀ ਅਵਾਮ ਨੂੰ ਖ਼ਦਸ਼ਾ ਹੈ ਕਿ ਇਸ ਯਾਤਰਾ ਦੇ ਬਹਾਨੇ ਕਸ਼ਮੀਰ ਘਾਟੀ ਦੀ ਵਸੋਂ-ਬਣਤਰ ਨੂੰ ਬਦਲਣ ਦੇ ਯਤਨ ਕੀਤੇ ਜਾ ਰਹੇ ਹਨ।

ਸਾਧਾਰਨ ਮਾਨਤਾ ਦੀ ਤੋਰ ਤੁਰ ਰਹੀ 'ਤੀਰਥ-ਯਾਤਰਾ' 1996 ਵਿਚ ਚਾਣਚੱਕ ਉਦੋਂ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣੀ ਜਦੋਂ 1990ਵਿਆਂ 'ਚ ਜੰਮੂ-ਕਸ਼ਮੀਰ ਵਿਚ ਆਜ਼ਾਦੀ ਦੀ ਜੱਦੋਜਹਿਦ ਜ਼ੋਰ ਫੜ ਚੁੱਕੀ ਸੀ ਅਤੇ ਇਥੇ ਹਿੰਦੁਸਤਾਨੀ ਫ਼ੌਜ ਦਾ ਜਲੌਅ ਸਿਖ਼ਰ 'ਤੇ ਸੀ। 1990-95 ਦੌਰਾਨ ਕਸ਼ਮੀਰੀ ਖਾੜਕੂਵਾਦ ਦੇ ਖ਼ਤਰੇ ਦੇ ਮੱਦੇਨਜ਼ਰ ਯਾਤਰਾ ਉਪਰ ਪਾਬੰਦੀ ਸੀ। 1996 'ਚ ਕਸ਼ਮੀਰੀ ਖਾੜਕੂਆਂ ਵਲੋਂ ਇਹ ਯਕੀਨਦਹਾਨੀ ਦਿੱਤੇ ਜਾਣ ਤੋਂ ਪਿੱਛੋਂ ਹਕੂਮਤ ਵਲੋਂ ਯਾਤਰਾ ਮੁੜ ਚਾਲੂ ਕਰ ਦਿੱਤੀ ਗਈ ਕਿ ਜੇ ਪਿਛਲੇ ਸਾਲਾਂ ਤੋਂ ਵੱਧ ਤਾਦਾਦ 'ਚ ਸ਼ਰਧਾਲੂ ਯਾਤਰਾ 'ਤੇ ਨਹੀਂ ਆਉਂਦੇ ਤਾਂ ਉਹ ਇਸ ਵਿਚ ਕੋਈ ਦਖ਼ਲਅੰਦਾਜ਼ੀ ਨਹੀਂ ਕਰਨਗੇ; ਤੇ ਉਨ੍ਹਾਂ ਨੇ ਕੋਈ ਦਖ਼ਲ ਦਿੱਤਾ ਵੀ ਨਹੀਂ। ਉਸੇ ਸਾਲ ਉਥੋਂ ਦੇ ਮੌਸਮ ਦੀ ਤਾਬ ਨਾ ਝੱਲਦਿਆਂ 242 ਯਾਤਰੀ ਜਾਨ ਤੋਂ ਹੱਥ ਧੋ ਬੈਠੇ। ਫਿਰ ਸੰਨ 2 ਅਗਸਤ 2000 ਦੀ ਰਾਤ ਨੂੰ ਯਾਤਰਾ ਉਪਰ ਵੱਖੋ-ਵੱਖਰੇ ਥਾਈਂ ਕੀਤੇ ਗਏ 'ਅੱਤਵਾਦੀ' ਹਮਲਿਆਂ ਵਿਚ ਯਾਤਰੀਆਂ ਅਤੇ ਉਨ੍ਹਾਂ ਨੂੰ ਲਿਜਾ ਰਹੇ ਸਥਾਨਕ ਪਾਂਡੀਆਂ ਸਮੇਤ 89 ਲੋਕ ਮਾਰ ਦਿੱਤੇ ਗਏ। ਇਸ ਵਕਤ ਕੇਂਦਰ ਵਿਚ ਭਾਜਪਾ ਦੀ ਹਕੂਮਤ ਸੀ। ਵਾਜਪਾਈ ਹਕੂਮਤ ਅਨੁਸਾਰ ਇਹ ਲਸ਼ਕਰ-ਏ-ਤੋਇਬਾ ਵਲੋਂ ਕੀਤਾ ਕਤਲੇਆਮ ਸੀ ਪਰ ਇਸ ਬਾਰੇ ਇਕ ਵਿਚਾਰ ਇਹ ਵੀ ਸੀ ਕਿ ਇਹ ਕੇਂਦਰੀ ਹਕੂਮਤ ਦੇ ਇਸ਼ਾਰੇ 'ਤੇ ਸੁਰੱਖਿਆ ਏਜੰਸੀਆਂ ਵਲੋਂ ਇਸ ਯਾਤਰਾ ਨੂੰ ਖ਼ਾਸ ਮੁੱਦਾ ਬਣਾਉਣ ਲਈ ਅੰਜਾਮ ਦਿੱਤੀ ਸਾਜ਼ਿਸ਼ ਸੀ। ਇਸ ਦਾ ਉਦੇਸ਼ ਹਿੰਦੂ ਮੁਸਲਮਾਨ ਦੇ ਪਾੜੇ ਨੂੰ ਵਧਾ ਕੇ ਕਸ਼ਮੀਰ ਦੀ ਤਹਿਰੀਕ ਨੂੰ ਅਲੱਗ-ਥਲੱਗ ਕਰਨਾ ਸੀ। ਛੱਤੀਸਿੰਘਪੁਰਾ ਵਰਗੇ ਕਤਲੇਆਮਾਂ ਦੀ ਜੱਗ ਜ਼ਾਹਰ ਹੋ ਚੁੱਕੀ ਅਸਲੀਅਤ ਦੇ ਮੱਦੇਨਜ਼ਰ ਹਿੰਦੁਸਤਾਨੀ ਸਥਾਪਤੀ ਲਈ ਇਹ ਅਸੰਭਵ ਵੀ ਨਹੀਂ।



ਅਮਰਨਾਥ ਯਾਤਰੀਆਂ ਵੱਲੋਂ ਚੁੱਕਿਆ ਭਾਰਤ ਦਾ ਤਿਰੰਗਾ ਝੰਡਾ।

ਖ਼ੈਰ, ਇਸ ਪਿੱਛੋਂ ਭਾਰੀ ਸੁਰੱਖਿਆ ਇੰਤਜ਼ਾਮਾਂ ਹੇਠ ਅਮਰਨਾਥ ਯਾਤਰਾ ਨੂੰ ਸਿਲਸਿਲੇਵਾਰ ਵਧਾਉਣ-ਚਮਕਾਉਣ ਦਾ ਸਿਲਸਿਲਾ ਚੱਲ ਪਿਆ। ਇਹ ਪੂਰੇ ਧੂਮ-ਧੜੱਕੇ ਵਾਲਾ 'ਕੌਮੀ ਮਿਸ਼ਨ' ਬਣ ਗਿਆ। ਯਾਤਰੀਆਂ ਦੀ ਰਿਹਾਇਸ਼ ਲਈ ਕੈਂਪ, ਖਾਣਾ ਤੇ ਦਵਾਈਆਂ ਅਤੇ ਉਨ੍ਹਾਂ ਨੂੰ ਲਿਜਾਣ ਲਈ ਖੱਚਰਾਂ, ਪਾਂਡੀਆਂ ਸਮੇਤ ਹਰ ਸਹੂਲਤ ਅਤੇ ਸੁਰੱਖਿਆ ਦੇ ਕੁਲ ਇੰਤਜ਼ਾਮ ਕਸ਼ਮੀਰ ਦੀ ਹਕੂਮਤ ਅਤੇ ਸ੍ਰੀ ਅਮਰਨਾਥ ਯਾਤਰਾ ਟਰੱਸਟ ਮਿਲ ਕੇ ਕਰਨ ਲੱਗੇ। ਹਿੰਦੁਸਤਾਨੀ ਅਵਾਮ ਤੋਂ ਭਾਰੀ ਟੈਕਸਾਂ ਦੇ ਰੂਪ 'ਚ ਹੜੱਪਿਆ ਜਾ ਰਿਹਾ ਭਾਰੀ ਧਨ ਇਨ੍ਹਾਂ ਇੰਤਜ਼ਾਮਾਂ ਉਪਰ ਰੋੜ੍ਹਿਆ ਜਾ ਰਿਹਾ ਹੈ। ਇਹ ਯਾਤਰਾ ਹਿੰਦੁਸਤਾਨੀ ਹੁਕਮਰਾਨ ਜਮਾਤਾਂ ਦੀਆਂ ਵਿਸਤਾਰਵਾਦੀ ਗਿਣਤੀਆਂ-ਮਿਣਤੀਆਂ ਅਤੇ ਹਿੰਦੂ ਬਹੁ-ਗਿਣਤੀ ਦੀ ਵੋਟ ਬੈਂਕ ਬਣਾਉਣ ਦੀ ਸੌੜੀ ਸਿਆਸਤ ਦੇ ਪੂਰਾ ਰਾਸ ਆ ਰਹੀ ਹੈ। ਹਕੂਮਤੀ ਪੁਸ਼ਤ-ਪਨਾਹੀ ਅਤੇ ਵਿਉਂਤਬੱਧ ਪ੍ਰਚਾਰ ਯਤਨਾਂ ਨਾਲ ਇਹ ਹੁਣ ਤੀਰਥ-ਯਾਤਰਾ ਨਾ ਰਹਿ ਕੇ ਇਕ ਵੱਡੀ ਰਾਜਸੀ ਮੁਹਿੰਮ ਤੋਂ ਵੀ ਅੱਗੇ ਇਕ 'ਕੌਮੀ ਮਿਸ਼ਨ' ਬਣ ਚੁੱਕੀ ਹੈ।

26 ਮਈ 2008 ਨੂੰ ਇਸ ਯਾਤਰਾ ਵਿਚ ਇਕ ਖ਼ਾਸ ਮੋੜ ਉਦੋਂ ਆਇਆ ਜਦੋਂ ਕਾਂਗਰਸ ਦੀ ਕੇਂਦਰੀ ਹਕੂਮਤ ਅਤੇ ਜੰਮੂ-ਕਸ਼ਮੀਰ 'ਚ ਗ਼ੁਲਾਮ ਨਬੀ ਆਜ਼ਾਦ ਦੀ ਹਕੂਮਤ ਨੇ ਮਿਲ ਕੇ ਕਸ਼ਮੀਰ ਦੇ ਜੰਗਲ ਦੀ ਸੌ ਏਕੜ ਜ਼ਮੀਨ ਸ੍ਰੀ ਅਮਰਨਾਥ ਤੀਰਥ ਅਸਥਾਨ ਬੋਰਡ ਨੂੰ ਇਨ੍ਹਾਂ ਯਾਤਰੀਆਂ ਲਈ ਕੈਂਪ ਅਤੇ ਹੋਰ ਸਹੂਲਤਾਂ ਮੁਹੱਈਆ ਕਰਾਉਣ ਲਈ ਮੁਫ਼ਤ ਦੇਣ ਦਾ ਐਲਾਨ ਕਰ ਦਿੱਤਾ। ਜੰਮੂ-ਕਸ਼ਮੀਰ ਦੇ ਅਵਾਮ ਵਲੋਂ ਇਸ ਦੇ ਖ਼ਿਲਾਫ਼ ਜ਼ੋਰਦਾਰ ਰੋਸ-ਵਿਖਾਵੇ ਕੀਤੇ ਗਏ। ਉਨ੍ਹਾਂ ਦੀ ਦਲੀਲ ਸੀ ਕਿ ਧਾਰਾ-370 ਤਹਿਤ ਕਸ਼ਮੀਰ ਨੂੰ ਵਿਸ਼ੇਸ਼ ਸੰਵਿਧਾਨਕ ਦਰਜਾ ਮਿਲਿਆ ਹੋਇਆ ਹੈ; ਜਿਸ ਮੁਤਾਬਿਕ ਇੱਥੋਂ ਦੀ ਜ਼ਮੀਨ ਕਿਸੇ ਬਾਹਰਲੇ ਨੂੰ ਦੇਣਾ ਇਸ ਧਾਰਾ ਦੀ ਸਰਾਸਰ ਉਲੰਘਣਾ ਹੈ। ਅਵਾਮੀ ਦਬਾਅ ਤਹਿਤ ਹੁਕਮਰਾਨਾਂ ਨੂੰ ਇਹ ਕਦਮ ਵਾਪਸ ਲੈਣਾ ਪਿਆ, ਪਰ ਮਾਮਲਾ ਇਥੇ ਹੀ ਖ਼ਤਮ ਨਹੀਂ ਹੋਇਆ। ਹਿੰਦੂ ਸੰਸਥਾਵਾਂ ਵਲੋਂ ਆਪਣੇ ਸੌੜੇ ਮੁਫ਼ਾਦਾਂ ਤਹਿਤ ਅਤੇ ਸੱਤਾਧਾਰੀਆਂ ਦੇ ਇਸ਼ਾਰੇ 'ਤੇ ਜੰਮੂ ਖੇਤਰ ਦੇ ਹਿੰਦੂ ਧਾਰਮਿਕ ਘੱਟ-ਗਿਣਤੀ ਦੇ ਕੁਝ ਅਨਸਰਾਂ ਨੂੰ ਭੜਕਾ ਕੇ ਉਨ੍ਹਾਂ ਜ਼ਰੀਏ ਇਹ ਜ਼ਮੀਨ ਮੁੜ ਹਾਸਲ ਕਰਨ ਅਤੇ ਸ਼ਰਧਾਲੂਆਂ ਲਈ ਅਮਰਨਾਥ ਗੁਫ਼ਾ ਤਕ ਪੱਕੀ ਸੜਕ ਤੇ ਹੋਰ ਢਾਂਚਾਗਤ ਸਹੂਲਤਾਂ ਪੱਕੇ ਤੌਰ 'ਤੇ ਬਣਾਉਣ ਲਈ ਲਗਾਤਾਰ ਅੰਦੋਲਨ ਚਲਾਇਆ ਜਾਣ ਲੱਗਿਆ। ਤਰ੍ਹਾਂ-ਤਰ੍ਹਾਂ ਦੇ ਹੋਰ ਢੰਗਾਂ ਰਾਹੀਂ ਵੀ ਜੰਮੂ-ਪੁਣਛ ਖੇਤਰ ਵਿਚ ਫਿਰਕੂ ਪਾਲਾਬੰਦੀ ਦੇ ਲਗਾਤਾਰ ਯਤਨ ਹੋ ਰਹੇ ਹਨ।

ਸਿਆਸੀ ਮੁਫ਼ਾਦ ਹੁਕਮਰਾਨਾਂ ਨੂੰ ਕੀ ਕੁਝ ਕਰਨ ਲਈ ਮਜਬੂਰ ਕਰਦੇ ਹਨ, ਪਿਛਲੇ ਸਾਲ ਦੀ ਯਾਤਰਾ ਦੀ ਸੁਰੱਖਿਆ ਨੂੰ ਖ਼ਤਰਾ ਇਸ ਦੀ ਮਿਸਾਲ ਹੈ। ਕੇਂਦਰੀ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੇ ਕਿਹਾ ਕਿ ਉਸ ਦੀਆਂ ਖ਼ੁਫ਼ੀਆ ਏਜੰਸੀਆਂ ਅਨੁਸਾਰ ਯਾਤਰਾ ਉਪਰ ਵੱਡੇ ਹਮਲਿਆਂ ਦਾ ਅੰਦੇਸ਼ਾ ਹੈ। ਲਿਹਾਜ਼ਾ ਵਿਸ਼ੇਸ਼ ਹਿਫ਼ਾਜ਼ਤੀ ਕਦਮ ਚੁੱਕਣੇ ਜ਼ਰੂਰੀ ਹਨ। ਮੁੱਖ ਮੰਤਰੀ ਉਮਰ ਅਬਦੁੱਲਾ ਅਨੁਸਾਰ ਅਜਿਹਾ ਕੋਈ ਖ਼ਤਰਾ ਨਹੀਂ ਸੀ। ਫਿਰ ਵੀ ਹਿੰਦੁਸਤਾਨੀ ਹਕੂਮਤ ਦੇ ਇਸ਼ਾਰੇ 'ਤੇ ਫ਼ੌਜ ਨੇ 'ਓਪਰੇਸ਼ਨ ਸ਼ਿਵ' ਸ਼ੁਰੂ ਕਰ ਦਿੱਤਾ। ਇਸੇ ਤਰ੍ਹਾਂ ਪਿੱਛੇ ਜਿਹੇ ਸੁਪਰੀਮ ਕੋਰਟ ਦੇ ਇਕ ਜੱਜ ਨੇ ਬਿਨਾਂ ਕਿਸੇ ਪਟੀਸ਼ਨ ਦੇ ਯਾਤਰੀਆਂ ਦੀ ਹਿਫ਼ਾਜ਼ਤ ਦਾ ਖ਼ੁਦ ਹੀ ਨੋਟਿਸ ਲੈ ਕੇ ਕੇਂਦਰੀ ਹਕੂਮਤ ਨੂੰ ਪੁਖ਼ਤਾ ਇੰਤਜ਼ਾਮ ਕਰਨ ਦੇ ਆਦੇਸ਼ ਦੇ ਦਿੱਤੇ ਸਨ! ਹਿੰਦੁਸਤਾਨੀ ਰਾਜ ਦੀ ਧਾੜਵੀ ਤੇ ਫਿਰਕੂ ਤਾਸੀਰ ਦਾ ਇਸ ਤੋਂ ਜ਼ਾਹਰਾ ਸਬੂਤ ਕੀ ਹੋ ਸਕਦਾ ਹੈ।

ਇਸ ਯਾਤਰਾ ਦੀ ਸਿਆਸੀ ਰੰਗਤ ਦਾ ਅੰਦਾਜ਼ਾ ਇੱਥੋਂ ਵੀ ਲਗਾਇਆ ਜਾ ਸਕਦਾ ਹੈ ਕਿ ਜਿਥੇ ਪਹਿਲਾਂ ਕੁਝ ਕੁ ਹਜ਼ਾਰ 'ਸ਼ਰਧਾਲੂ' ਹੀ ਅਮਰਨਾਥ ਗੁਫ਼ਾ ਦੇਖਣ ਲਈ ਜਾਂਦੇ ਸਨ, ਉਥੇ ਹੁਣ ਸ਼ਰਧਾਲੂਆਂ ਦੀ ਗਿਣਤੀ ਹੀ ਨਹੀਂ ਵਧੀ, ਦਿਨਾਂ ਦੀ ਗਿਣਤੀ ਵੀ ਵਧਾ ਦਿੱਤੀ ਗਈ ਹੈ। ਇਕ ਸਾਬਕਾ ਗਵਰਨਰ ਐਸ.ਕੇ. ਸਿਨਹਾ, ਜਿਸ ਨੇ ਸਬੰਧਤ ਬੋਰਡ ਦੇ ਚੇਅਰਮੈਨ ਦੀ ਹੈਸੀਅਤ ਵਿਚ ਇਸ ਯਾਤਰਾ ਨੂੰ ਉਤਸ਼ਾਹਤ ਕਰਨ 'ਚ ਉਚੇਚੀ ਰੁਚੀ ਦਿਖਾਈ, ਦੇ ਯਤਨਾਂ ਨਾਲ ਜੋ ਯਾਤਰਾ ਪਹਿਲਾਂ ਸਿਰਫ਼ ਪੰਦਰਾਂ ਦਿਨ ਲਈ ਹੁੰਦੀ ਸੀ, 2004 'ਚ ਇਸ ਦੀ ਸਮਾਂ-ਸੀਮਾ ਵਧਾ ਕੇ ਦੋ ਮਹੀਨੇ ਕਰ ਦਿੱਤੀ ਗਈ। ਚੇਤੇ ਰਹੇ ਕਿ 2008 'ਚ ਹਿੰਦੁਸਤਾਨ ਦੀ ਹਦੂਦ ਵਿਚ ਪੈਂਦੇ ਹਿੰਦੂ ਤੀਰਥ-ਅਸਥਾਨਾਂ 'ਗੰਗੋਤਰੀ' ਅਤੇ 'ਗੋਮੁੱਖ' ਜਾਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਇਸ ਆਧਾਰ 'ਤੇ ਨਿਯਮਤ ਕਰ ਕੇ 150 ਯਾਤਰੀ ਰੋਜ਼ਾਨਾ ਤਕ ਮਹਿਦੂਦ ਕਰ ਦਿੱਤੀ ਗਈ ਸੀ ਤਾਂ ਜੋ ਉਥੋਂ ਦੇ ਕੁਦਰਤੀ ਚੌਗਿਰਦੇ ਦੀ ਸਲਾਮਤੀ ਨੂੰ ਕੋਈ ਖ਼ਤਰਾ ਨਾ ਬਣੇ, ਪਰ ਕਸ਼ਮੀਰ ਵਿਚ ਯਾਤਰੀਆਂ ਦੀ ਗਿਣਤੀ ਉਲਟਾ ਗਿਣ-ਮਿਥ ਕੇ ਵਧਾਈ ਗਈ। ਨਤੀਜਾ ਇਹ ਹੋਇਆ ਕਿ 1989 'ਚ ਯਾਤਰੀਆਂ ਦੀ ਜੋ ਤਾਦਾਦ ਸਿਰਫ਼ 12000 ਸੀ, 2002 ਵਿਚ ਉਨ੍ਹਾਂ ਦੀ ਰਜਿਸਟ੍ਰੇਸ਼ਨ ਨੱਬੇ ਹਜ਼ਾਰ ਹੋ ਗਈ। ਇਸ ਪਿੱਛੋਂ ਤਾਂ ਇਹ ਵਧਦੀ-ਵਧਦੀ 2011 ਵਿਚ 7,50,000 ਅਤੇ 2012 ਵਿਚ ਇਹ ਗਿਣਤੀ ਰਿਕਾਰਡ ਤੋੜ ਤਾਦਾਦ ਨੂੰ ਪਹੁੰਚ ਗਈ। ਭਾਵ 11000 ਤੋਂ ਵੱਧ ਯਾਤਰੀ ਰੋਜ਼ਾਨਾ। ਇਸ ਵਾਰ ਮੋਦੀ ਦੀ ਹਿੰਦੂਤਵੀ ਹਕੂਮਤ ਦੇ ਸੱਤਾਨਸ਼ੀਨ ਹੋਣ ਨਾਲ 'ਕੌਮੀ ਜਜ਼ਬੇ' ਨੂੰ ਜ਼ਰਬਾਂ ਆਉਣ ਨਾਲ ਤਾਦਾਦ ਮੁੜ ਵਧਣ ਦੇ ਆਸਾਰ ਹਨ।

ਸ਼ਰਧਾਲੂਆਂ ਦੇ ਵਧ ਰਹੇ ਹਜੂਮ ਕਾਰਨ ਉਕਤ ਤੋਂ ਇਲਾਵਾ ਹੋਰ ਸਰੋਕਾਰ ਵੀ ਗ਼ੌਰ-ਤਲਬ ਹਨ। ਇਹ ਕੁਦਰਤੀ ਨਜ਼ਾਰਾ ਪੌਣ-ਪਾਣੀ ਦੀ ਇਕ ਖ਼ਾਸ ਬਣਤਰ ਤੇ ਇਕ ਖ਼ਾਸ ਤਾਪਮਾਨ 'ਚ ਹੀ ਮਹਿਫ਼ੂਜ਼ ਰਹਿ ਸਕਦਾ ਹੈ। ਸ਼ਰਧਾਲੂਆਂ ਦੇ ਬੇਲਗਾਮ ਵਾਧੇ ਕਾਰਨ ਉਥੇ ਤਪਸ਼ ਬਣਨੀ ਸ਼ੁਰੂ ਹੋ ਜਾਂਦੀ ਹੈ। ਹਰ ਰੋਜ਼ ਸ਼ਰਧਾਲੂ ਅੰਦਾਜ਼ਨ 600 ਕੁਇੰਟਲ ਕੂੜਾ ਉਥੇ ਸੁੱਟਦੇ ਹਨ। ਲਿਹਾਜ਼ਾ, ਸਿਆਸੀ ਮੁਫ਼ਾਦਾਂ ਤੋਂ ਪ੍ਰੇਰਿਤ ਤੀਰਥ ਯਾਤਰਾ ਦਾ ਬੇਹਿਸਾਬਾ ਫੈਲਾਅ ਉਥੋਂ ਦੇ ਵਾਤਾਵਰਨ ਨੂੰ ਵੱਡੇ ਪੈਮਾਨੇ 'ਤੇ ਪਲੀਤ ਕਰ ਰਿਹਾ ਹੈ ਅਤੇ ਉਥੋਂ ਦੇ ਕੁਦਰਤੀ ਚੌਗਿਰਦੇ ਦਾ ਨਾਸ ਮਾਰ ਰਿਹਾ ਹੈ। ਇਸ ਨਾਲ ਸ਼ਰਧਾਲੂਆਂ ਦੀ ਅੰਨ੍ਹੀ ਸ਼ਰਧਾ ਅਤੇ ਇਸ ਨਾਲ ਜੁੜੀਆਂ ਸੌੜੇ ਮੁਫ਼ਾਦਾਂ ਵਾਲੀਆਂ ਤਾਕਤਾਂ ਦੇ ਆਪਣੇ ਹਿੱਤ ਵੀ ਪ੍ਰਭਾਵਿਤ ਹੋਣੇ ਸ਼ੁਰੂ ਹੋ ਗਏ ਹਨ। ਗੁਫ਼ਾ ਦੇ ਅੰਦਰ ਤਪਸ਼ ਵਧਣ ਨਾਲ ਭੋਲੇਨਾਥ ਦਾ ਬਰਫ਼ ਦਾ ਲਿੰਗ ਕੁਦਰਤੀ ਚੱਕਰ ਤੋਂ ਪਹਿਲਾਂ ਹੀ ਪਿਘਲਣਾ ਸ਼ੁਰੂ ਹੋ ਜਾਂਦਾ ਹੈ। 2007 'ਚ ਉਥੋਂ ਦੇ ਇੰਤਜ਼ਾਮਾਂ ਦੀ ਦੇਖ-ਰੇਖ ਕਰਨ ਵਾਲੇ ਸ੍ਰੀ ਅਮਰਨਾਥ ਤੀਰਥ-ਅਸਥਾਨ ਬੋਰਡ ਲਈ ਉਦੋਂ ਮੁਸੀਬਤ ਖੜ੍ਹੀ ਹੋ ਗਈ ਜਦੋਂ 'ਸ਼ਿਵ ਲਿੰਗ' ਪਹਿਲਾਂ ਹੀ ਪਿਘਲ ਗਿਆ ਅਤੇ ਸ਼ਰਧਾਲੂਆਂ ਦੇ 'ਦਰਸ਼ਨਾਂ' ਲਈ ਬਰਫ਼ ਦਾ ਬਨਾਉਟੀ ਲਿੰਗ ਲਗਾਉਣਾ ਪੈ ਗਿਆ। ਵਾਤਾਵਰਨ ਪ੍ਰੇਮੀਆਂ ਦਾ ਮੱਤ ਹੈ ਕਿ ਲੋਕ 180 ਸਾਲਾਂ ਤੋਂ ਅਮਰਨਾਥ ਦੀ ਯਾਤਰਾ ਕਰਦੇ ਆ ਰਹੇ ਹਨ। ਨਿਯਮਤ ਤੇ ਮਹਿਦੂਦ ਸ਼ਰਧਾਲੂਆਂ ਕਾਰਨ ਅਜਿਹੀ ਮੁਸ਼ਕਲ ਕਦੇ ਨਹੀਂ ਸੀ ਆਈ।

ਦਰਅਸਲ ਹਿੰਦੁਸਤਾਨੀ ਸਟੇਟ ਇਕ ਖ਼ਾਸ ਤਰ੍ਹਾਂ ਦੇ 'ਰਾਸ਼ਟਰਵਾਦ' ਨੂੰ ਹੱਲਾਸ਼ੇਰੀ ਦੇਣ ਲਈ ਅਮਰਨਾਥ ਯਾਤਰਾ ਦਾ ਥੋਕ ਇਸਤੇਮਾਲ ਕਰ ਰਿਹਾ ਹੈ। ਯਾਤਰਾ ਦੇ ਨਾਂ ਹੇਠ ਕਸ਼ਮੀਰ ਦੇ ਅਸਲ ਸਵਾਲ ਨੂੰ ਦਬਾਇਆ ਜਾ ਰਿਹਾ ਹੈ ਅਤੇ ਨਾਲ ਹੀ ਧਾਰਮਿਕ ਟੂਰਿਜ਼ਮ ਦੇ ਬਹਾਨੇ ਕਸ਼ਮੀਰ ਦੀ ਜ਼ਮੀਨ ਤੇ ਪਾਣੀ ਵਰਗੇ ਵਸੀਲਿਆਂ ਨੂੰ ਹਿੰਦੁਸਤਾਨ ਸੱਤਾ ਦੇ ਅਦਾਰਿਆਂ ਦੇ ਕਬਜ਼ੇ 'ਚ ਲੈ ਕੇ ਕਸ਼ਮੀਰ ਉਪਰ ਕਬਜ਼ਾ ਪੱਕਾ ਕੀਤਾ ਜਾ ਰਿਹਾ ਹੈ।

# ਖੇਤੀਬਾੜੀ ਨੀਤੀ 'ਤੇ ਫਿਰ ਹੋਵੇ ਵਿਚਾਰ

25 ਜੂਨ, 2014 ਨੂੰ ਕੇਂਦਰ ਸਰਕਾਰ ਦੀ ਆਰਥਿਕ ਮਾਮਲਿਆਂ ਬਾਰੇ ਕੈਬਨਿਟ ਕਮੇਟੀ ਦੀ ਮੀਟਿੰਗ ਦੌਰਾਨ ਖਰੀਫ਼ ਸਾਲ 2014-15 (ਜੁਲਾਈ-ਜੂਨ) ਦੀਆਂ ਕੁਝ ਖੇਤੀਬਾੜੀ ਜਿਣਸਾਂ ਦੀਆਂ ਕੀਮਤਾਂ ਬਾਰੇ ਫ਼ੈਸਲਾ ਕੀਤਾ ਗਿਆ। ਮੀਟਿੰਗ ਤੋਂ ਬਾਅਦ ਕੇਂਦਰੀ ਕਾਨੂੰਨ ਅਤੇ ਟੈਲੀਕਾਮ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਦੱਸਿਆ

**ਗਿਆਨ ਸਿੰਘ**

ਕਿ ਸਾਉਣੀ ਦੀ ਮੁੱਖ ਜਿਣਸ ਆਮ ਝੋਨੇ ਦੀ ਕੀਮਤ 50 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤੇ ਜਾਣ ਨਾਲ, ਹੁਣ 1360 ਰੁਪਏ ਪ੍ਰਤੀ ਕੁਇੰਟਲ ਹੋ ਗਈ ਹੈ ਅਤੇ ਝੋਨੇ ਦੀ 'ਏ' ਗਰੇਡ ਕਿਸਮ ਦੇ ਭਾਅ ਵਿਚ 55 ਰੁਪਏ ਦਾ ਵਾਧਾ ਕੀਤੇ ਜਾਣ ਨਾਲ ਇਸ ਦੀ ਕੀਮਤ 1400 ਰੁਪਏ ਪ੍ਰਤੀ ਕੁਇੰਟਲ ਹੋ ਗਈ ਹੈ। ਝੋਨੇ ਦੀ ਕੀਮਤ ਵਿਚ ਕੀਤੇ ਗਏ ਵਾਧੇ ਨਾਲ ਮਹਿੰਗਾਈ ਵਧਣ ਦੇ ਖ਼ਦਸ਼ੇ ਬਾਰੇ ਪੁੱਛੇ ਜਾਣ ਉਤੇ ਉਨ੍ਹਾਂ ਨੇ ਕਿਹਾ ਕਿ ਇਸ ਦਾ ਮਹਿੰਗਾਈ ਉਪਰ ਅਸਰ ਨਹੀਂ ਪਵੇਗਾ।

ਖੇਤੀਬਾੜੀ ਕੀਮਤ ਨੀਤੀ ਦੀ ਸ਼ੁਰੂਆਤ ਭਾਵੇਂ ਦੂਜੀ ਸੰਸਾਰ ਜੰਗ ਦੌਰਾਨ ਹੋ ਗਈ ਸੀ, ਪਰ ਇਸ ਨੀਤੀ ਸਬੰਧੀ ਅਹਿਮ ਪੜਾਅ ਵੱਖ-ਵੱਖ ਕਮੇਟੀਆਂ ਦੇ ਸੁਝਾਵਾਂ ਤੋਂ ਬਾਅਦ 1965 ਵਿਚ ਖੇਤੀਬਾੜੀ ਕੀਮਤਾਂ ਕਮਿਸ਼ਨ ਦੀ ਸਥਾਪਨਾ ਨਾਲ ਆਇਆ। ਆਪਣੀ ਸਥਾਪਤੀ ਤੋਂ ਲੈ ਕੇ ਹੁਣ ਤੱਕ ਇਹ ਕਮਿਸ਼ਨ ਖੇਤੀਬਾੜੀ ਖੇਤਰ ਦੀਆਂ ਕੁਝ ਮੁੱਖ ਜਿਣਸਾਂ ਦੀਆਂ ਕੀਮਤਾਂ ਦੀਆਂ ਸਿਫ਼ਾਰਸ਼ਾਂ ਕੇਂਦਰ ਸਰਕਾਰ ਨੂੰ ਕਰ ਰਿਹਾ ਹੈ ਅਤੇ ਕੇਂਦਰ ਸਰਕਾਰ ਅਕਸਰ ਇਨ੍ਹਾਂ ਸਿਫ਼ਾਰਸ਼ਾਂ ਨੂੰ ਥੋੜ੍ਹੇ ਘਾਟੇ-ਵਾਧੇ ਨਾਲ ਮੰਨਦੀ ਆ ਰਹੀ ਹੈ। ਜਦੋਂ ਦੇਸ਼ ਵਿਚ ਅਨਾਜ ਪਦਾਰਥਾਂ ਦੀ ਭਾਰੀ ਥੁੜ ਕਾਰਨ ਕੇਂਦਰ ਸਰਕਾਰ ਨੂੰ ਬਾਹਰਲੇ ਦੇਸ਼ਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਉਦੋਂ 1965 ਤੋਂ 1969 ਤੱਕ ਇਸ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਕਿਸਾਨ-ਪੱਖੀ ਸਨ, ਜਿਸ ਦੇ ਨਤੀਜੇ ਵਜੋਂ ਖੇਤੀਬਾੜੀ ਜਿਣਸਾਂ ਦੀਆਂ ਕੀਮਤਾਂ ਵਿਚ ਵਾਧਾ ਉਦਯੋਗਿਕ ਅਤੇ ਸੇਵਾਵਾਂ ਦੇ ਖੇਤਰਾਂ ਦੇ ਉਤਪਾਦਾਂ ਦੀਆਂ ਕੀਮਤਾਂ ਵਿਚ ਵਾਧੇ ਨਾਲੋਂ ਜ਼ਿਆਦਾ ਸੀ ਅਤੇ ਕਿਸਾਨਾਂ ਨੂੰ ਉਸ ਦਾ ਫ਼ਾਇਦਾ ਵੀ ਹੋਇਆ। 1970 ਤੋਂ ਬਾਅਦ ਖੇਤੀਬਾੜੀ ਕੀਮਤਾਂ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਕਿਸਾਨ-ਵਿਰੋਧੀ ਹੋਣ ਕਾਰਨ ਉਦਯੋਗਿਕ ਅਤੇ ਸੇਵਾਵਾਂ ਦੇ ਖੇਤਰਾਂ ਦੇ ਉਤਪਾਦਾਂ ਦੀਆਂ ਕੀਮਤਾਂ ਵਿਚ ਵਾਧਾ ਖੇਤੀਬਾੜੀ ਜਿਣਸਾਂ ਦੀਆਂ ਕੀਮਤਾਂ ਵਿਚ ਵਾਧੇ ਨਾਲੋਂ ਕਿਤੇ ਜ਼ਿਆਦਾ ਹੋਣ ਕਾਰਨ ਕਿਸਾਨਾਂ ਦੀ ਆਮਦਨ ਲਗਾਤਾਰ ਘਟਣ ਲੱਗੀ, ਜਿਸ ਦਾ ਵੱਖ-ਵੱਖ ਕਿਸਾਨ ਜਥੇਬੰਦੀਆਂ ਅਤੇ ਕੁਝ ਰਾਜਸੀ ਪਾਰਟੀਆਂ ਨੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਇਸ ਵਿਰੋਧ ਤੋਂ ਬਚਣ ਲਈ ਕੇਂਦਰ ਸਰਕਾਰ ਨੇ 23 ਫਰਵਰੀ, 1987 ਨੂੰ ਖੇਤੀਬਾੜੀ ਕੀਮਤਾਂ ਕਮਿਸ਼ਨ ਦਾ ਨਾਮ ਬਦਲ ਕੇ ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ ਰੱਖ ਦਿੱਤਾ ਤਾਂ ਕਿ ਇਹ ਪ੍ਰਭਾਵ ਦਿੱਤਾ ਜਾ ਸਕੇ ਕਿ ਇਹ ਕਮਿਸ਼ਨ ਖੇਤੀਬਾੜੀ ਜਿਣਸਾਂ ਦੀਆਂ ਕੀਮਤਾਂ ਦੀਆਂ ਸਿਫ਼ਾਰਸ਼ਾਂ ਕਰਨ ਮੌਕੇ ਖੇਤੀਬਾੜੀ ਲਾਗਤਾਂ ਨੂੰ ਇਸ ਦਾ ਆਧਾਰ ਬਣਾਉਂਦਾ ਹੈ। ਇਸ ਸਬੰਧ ਵਿਚ ਕੇਂਦਰ ਸਰਕਾਰ ਕਾਮਯਾਬ ਹੋ ਹੀ ਨਹੀਂ ਸਕਦੀ ਸੀ ਕਿਉਂਕਿ ਖੇਤੀਬਾੜੀ ਲਾਗਤਾਂ ਨੂੰ ਕਦੇ ਵੀ ਖੇਤੀਬਾੜੀ ਜਿਣਸਾਂ ਦੀਆਂ ਕੀਮਤਾਂ ਦੀਆਂ ਸਿਫ਼ਾਰਸ਼ਾਂ ਦਾ ਆਧਾਰ ਬਣਾਇਆ ਹੀ ਨਹੀਂ ਗਿਆ।

1970 ਤੋਂ ਅੱਜ ਤੱਕ ਦੇ 45 ਸਾਲਾਂ ਦੌਰਾਨ ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੇ ਆਧਾਰ ਉਪਰ ਕੇਂਦਰ ਸਰਕਾਰ ਵੱਲੋਂ ਖੇਤੀਬਾੜੀ ਜਿਣਸਾਂ ਦੀਆਂ ਕੀਮਤਾਂ ਜਿਸ ਤਰ੍ਹਾਂ ਤੈਅ ਕੀਤੀਆਂ ਜਾਂਦੀਆਂ ਆ ਰਹੀਆਂ ਹਨ, ਉਸ ਦੇ ਨਤੀਜੇ ਵਜੋਂ ਵਪਾਰ ਦੀਆਂ ਸ਼ਰਤਾਂ ਖੇਤੀਬਾੜੀ ਖੇਤਰ ਦੇ ਵਿਰੁੱਧ ਕਰ ਦਿੱਤੀਆਂ ਜਾਣ ਕਾਰਨ ਕਿਸਾਨਾਂ ਦੀ ਆਮਦਨ ਲਗਾਤਾਰ ਘਟਦੀ ਆ ਰਹੀ ਹੈ ਅਤੇ ਖੇਤੀਬਾੜੀ ਨੂੰ ਇਕ ਘਾਟੇ ਵਾਲਾ ਧੰਦਾ ਬਣਾ ਦਿੱਤਾ ਗਿਆ ਹੈ। ਬਹੁਤ ਸਾਰੇ ਤੱਥ ਹਨ ਜਿਨ੍ਹਾਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਸਰਕਾਰ ਵੱਲੋਂ ਤੈਅ ਕੀਤੀਆਂ ਜਾਂਦੀਆਂ ਖੇਤੀਬਾੜੀ ਜਿਣਸਾਂ ਦੀਆਂ ਕੀਮਤਾਂ ਕਿਸਾਨਾਂ ਲਈ ਘਾਟੇ ਵਾਲਾ ਸੌਦਾ ਹਨ, ਪਰ ਇਸ ਪਾਸੇ ਫਿਲਹਾਲ ਧਿਆਨ ਨਹੀਂ ਦਿੱਤਾ ਜਾ ਰਿਹਾ ਜਦਕਿ ਹੁਣ ਇਨ੍ਹਾਂ ਨੂੰ ਤੁਰੰਤ ਬਦਲਣ ਦੀ ਲੋੜ ਹੈ।

# ਸਾਡੇ ਦਿਲਾਂ 'ਚ ਵਸਿਆ ਦਿਲਬਰ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਸਿੱਖ ਇਤਿਹਾਸ ਦੇ ਵੇਰਵਿਆਂ ਦਾ ਭਰ ਵਗਦਾ ਦਰਿਆ ਸੀ ਗਿਆਨੀ ਦਇਆ ਸਿੰਘ ਦਿਲਬਰ। ਕੇਵਲ ਸਿੱਖ ਇਤਿਹਾਸ ਹੀ ਕਿਉਂ, ਸਗੋਂ ਜਦ ਉਹ ਮੰਤਰ-ਮੁਗਧ ਹੋਏ ਬੈਠੇ ਸਰੋਤਿਆਂ ਦੇ ਸਨਮੁਖ ਰਾਏ ਭੋਇੰ ਦੀ ਤਲਵੰਡੀ ਵਿਖੇ ਪ੍ਰਗਟੇ ਗੁਰੂ ਨਾਨਕ ਦੇਵ ਜੀ ਦੀ ਅਕੱਥ-ਕਥਾ ਛੋਂਹਦਾ, ਤਦ ਨਾਲ ਹੀ 'ਪਾਪ ਕੀ ਜੰਞ' ਲੈ ਕੇ ਹਿੰਦ 'ਤੇ ਚੜ੍ਹੇ ਬਾਬਰ ਦੇ ਨਾਨਕੇ ਦਾਦਕੇ ਵੀ ਗਿਣ ਦਿੰਦਾ। ਦਸ ਗੁਰੂ ਸਾਹਿਬਾਨ ਦੇ ਇਤਿਹਾਸਕ ਪ੍ਰਸੰਗ ਸੁਣਾਉਂਦਿਆਂ ਉਹ ਤਤਕਾਲੀ ਮੁਗਲ ਬਾਦਸ਼ਾਹਾਂ ਦੇ ਕੁਰਸੀਨਾਮੇ ਇਉਂ ਫੋਲ ਸੁੱਟਦਾ ਜਿਵੇਂ ਹਰਿਦੁਆਰ ਦੇ ਪ੍ਰੋਹਤ ਆਪਣੇ ਜਜ਼ਮਾਨ ਦੀਆਂ ਕਈ-ਕਈ ਪੀੜ੍ਹੀਆਂ ਦੇ ਵਡਾਰੂਆਂ ਦੇ ਨਾਂ ਇਕੋ ਸਾਹੇ ਬੋਲ ਦਿੰਦੇ ਨੇ। ਮੁਸਲਿਮ ਹਾਕਮਾਂ ਦੇ ਗਜ-ਗਜ ਲੰਮੇ ਨਾਂ ਗਿਆਨੀ ਜੀ ਇਉਂ ਪਾਣੀ ਵਾਂਗ ਬੋਲਦੇ ਜਾਂਦੇ, ਜਿਵੇਂ ਕਿਤੇ ਇਹ ਉਨ੍ਹਾਂ ਦੇ ਸਾਹਮਣੇ ਬਲੈਕ ਬੋਰਡ 'ਤੇ ਲਿਖੇ ਹੋਏ ਹੋਣ।

ਜਦੋਂ ਉਹ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਵਰਣਨ ਕਰ ਰਹੇ ਹੁੰਦੇ ਤਾਂ ਲਾਮਿਸਾਲ ਯਾਦਦਾਸ਼ਤ ਦਾ ਪ੍ਰਗਟਾਵਾ ਕਰਦਿਆਂ, ਉਹ ਇਕੱਲੇ-ਇਕੱਲੇ ਗੁਰੂ ਪੁੱਤਰ ਦੀ ਜਨਮ ਤਰੀਕ ਦੱਸ ਕੇ, ਸ਼ਹਾਦਤ ਸਮੇਂ ਉਨ੍ਹਾਂ ਦੀ ਉਮਰ ਦੇ ਕੁੱਲ ਸਾਲ, ਮਹੀਨੇ ਅਤੇ ਦਿਨਾਂ ਤੱਕ ਦੀ ਗਿਣਤੀ ਵੀ ਦੱਸ ਦਿੰਦੇ। ਅਜਿਹੇ ਵੇਰਵੇ ਦਿੰਦਿਆਂ ਜਦ ਉਹ ਦੇਸੀ ਪ੍ਰਵਿਸ਼ਟੇ ਦੀਆਂ ਤਿੱਥਾਂ ਦੇ ਨਾਲ-ਨਾਲ ਈਸਵੀ ਸੰਨ ਦੇ ਅੰਗਰੇਜ਼ੀ ਮਹੀਨੇ ਵੀ ਠਾਹ-ਠਾਹ ਗਿਣਾਉਂਦੇ, ਤਾਂ ਹੈਰਾਨ ਹੋਏ ਸਰੋਤੇ ਅੱਖਾਂ ਅੱਡ-ਅੱਡ ਕੇ ਇਕ-ਦੂਜੇ ਵੱਲ ਦੇਖਣ ਲਗਦੇ; ਮਾਨੋ ਉਹ ਇਕ-ਦੂਜੇ ਤੋਂ ਪੁੱਛ ਰਹੇ ਹੋਣ ਕਿ ਸਾਹਮਣੇ ਕੋਈ ਇਨਸਾਨ ਬੋਲ ਰਿਹਾ ਹੈ ਕਿ ਟੇਪ ਰਿਕਾਰਡਰ ਚੱਲ ਰਹੀ ਹੈ?

ਕੋਈ ਬਾਤ ਨਈ ਨਹੀਂ ਹੋਤੀ ਐ 'ਹਾਲੀ'
ਨਈ ਬਨਾ ਦੇਤਾ ਹੈ ਅੰਦਾਜ਼ਿ-ਬਿਆਂ ਉਸਕੋ!

ਸ਼ਾਇਰ ਦਾ ਇਹ ਸ਼ਿਅਰ ਦਇਆ ਸਿੰਘ ਦਿਲਬਰ ਦੀ ਵਿਲੱਖਣ ਪ੍ਰਚਾਰ ਸ਼ੈਲੀ 'ਤੇ ਪੂਰਾ-ਪੂਰਾ ਢੁੱਕਦਾ ਸੀ। ਅਨੇਕਾਂ ਵਾਰੀ ਪਹਿਲੋਂ ਸੁਣੇ ਹੋਏ ਇਤਿਹਾਸਕ ਬਿਰਤਾਂਤ ਉਨ੍ਹਾਂ ਦੇ ਮੂੰਹੋਂ ਦੁਬਾਰਾ ਸੁਣਦਿਆਂ ਇੰਜ ਮਹਿਸੂਸ ਹੁੰਦਾ ਸੀ ਕਿ ਜਿਵੇਂ ਇਹ ਪਹਿਲੀ ਵਾਰ ਹੀ ਸੁਣੇ ਹੋਣ।

ਇਸ ਪੱਖੋਂ ਮੈਂ ਖੁਦ ਨੂੰ ਸੁਭਾਗਾ ਸਮਝਦਾ ਹਾਂ ਕਿ ਢਾਡੀ ਰਾਗ, ਰੀਝ ਨਾਲ ਸੁਣਨ ਤੇ ਪਸੰਦ ਕਰਨ ਦੀ ਦਾਤ ਮੈਨੂੰ ਵਿਰਸੇ ਵਿਚ ਹੀ ਮਿਲੀ। ਕੱਟੜ ਸਿੰਘ ਸਭੀਏ ਵਿਚਾਰਾਂ ਦੇ ਧਾਰਨੀ ਮੇਰੇ ਭਾਈਆ ਜੀ ਭਾਵੇਂ ਖੁਦ ਰਾਗੀ ਨਹੀਂ ਸਨ, ਪਰ ਉਹ ਰਾਗੀਆਂ ਪ੍ਰਚਾਰਕਾਂ, ਖਾਸ ਕਰ ਕੇ ਢਾਡੀਆਂ ਦੇ ਬੇਹੱਦ ਕਦਰਦਾਨ ਸਨ। ਇਸੇ ਕਾਰਨ ਉਨ੍ਹਾਂ ਦਾ ਸਾਡੇ ਨਜ਼ਦੀਕ ਪਿੰਡ ਸਲੋਹ ਵਸਦੇ ਗਿਆਨੀ ਦਇਆ ਸਿੰਘ ਦਿਲਬਰ ਸਿੰਘ ਨਾਲ ਗੂੜ੍ਹਾ ਪ੍ਰੇਮ ਪਿਆਰ ਸੀ। ਬੁਲੰਦੀਆਂ 'ਤੇ ਪਹੁੰਚ ਕੇ ਫਿਰ ਭਾਵੇਂ ਗਿਆਨੀ ਦਿਲਬਰ ਲਗਜ਼ਰੀ ਕਾਰਾਂ ਵਿਚ ਸਫਰ ਕਰ ਕੇ ਦੂਰ-ਦੁਰਾਡੇ ਥਾਂਵਾਂ 'ਤੇ ਜਥੇ ਸਮੇਤ ਪ੍ਰਚਾਰ ਕਰਨ ਜਾਂਦੇ ਰਹੇ ਅਤੇ ਹਵਾਈ ਜਹਾਜ਼ਾਂ ਰਾਹੀਂ ਉਨ੍ਹਾਂ ਦੇਸ਼-ਵਿਦੇਸ਼ ਵੀ ਗਾਹਿਆ ਪਰ ਮੈਂ ਖੁਦ ਉਨ੍ਹਾਂ ਨੂੰ ਪੁਰਾਣੇ ਜਿਹੇ ਸਾਈਕਲ ਉਤੇ ਸਲੋਹ ਤੋਂ ਨਵਾਂ ਸ਼ਹਿਰ ਜਾਂਦਿਆਂ ਨੂੰ ਦੇਖਦਾ ਰਿਹਾ ਹਾਂ। ਉਨ੍ਹਾਂ ਦਿਨਾਂ ਵਿਚ ਮੈਂ ਨਵਾਂ ਸ਼ਹਿਰ ਦੇ ਸਲੋਹ ਰੋਡ 'ਤੇ ਵਾਕਿਆ ਦੋਆਬਾ ਸਿੱਖ ਨੈਸ਼ਨਲ ਹਾਈ ਸਕੂਲ 'ਚ ਪੜ੍ਹਦਾ ਹੁੰਦਾ ਸੀ।

ਜਿਵੇਂ ਅਜੋਕੇ ਸਮੇਂ ਦੇ ਨਾਮੀ-ਗਰਾਮੀ ਗਾਇਕ ਕਲਾਕਾਰਾਂ ਦੇ ਸਰੋਤੇ ਆਪਣੇ ਪਸੰਦੀਦਾ ਕਲਾਕਾਰਾਂ ਨੂੰ ਸੁਣਨ ਦੇਖਣ ਵਾਸਤੇ ਲੰਮੇ ਸਮੇਂ ਸਫਰ ਕਰ ਕੇ ਵੱਖ-ਵੱਖ ਸ਼ਹਿਰਾਂ ਥਾਂਵਾਂ ਨੂੰ ਵਹੀਰਾਂ ਘੱਤਦੇ ਨੇ, ਐਨ ਇਸੇ ਤਰ੍ਹਾਂ ਮੇਰੇ ਪਿਤਾ ਜੀ ਨੂੰ ਦਿਲਬਰ ਸਾਹਿਬ ਦੇ ਪ੍ਰੋਗਰਾਮ ਦੀ ਕਿਤਿਉਂ ਭਿਣਕ ਪੈਣ ਦੀ ਦੇਰ ਹੁੰਦੀ, ਉਹ ਉਸੇ ਵੇਲੇ ਤਿਆਰੀਆਂ ਕੱਸਣੀਆਂ ਸ਼ੁਰੂ ਕਰ ਦਿੰਦੇ। ਸਾਨੂੰ ਭਰਾਵਾਂ ਨੂੰ ਆਪਣੇ ਹਰਕੁਲੀਸ ਸਾਈਕਲ ਦੇ ਅੱਗੇ ਪਿੱਛੇ ਬਿਠਾ ਕੇ, ਇਕ-ਦੋ ਹੋਰ ਸਾਥੀਆਂ ਸਮੇਤ ਜਾ ਪਹੁੰਚਦੇ ਸਮਾਗਮ ਵਾਲੀ ਥਾਂ। ਇਸ ਕਾਫਲੇ ਦਾ ਬਾਲ ਸਾਥੀ ਬਣ ਕੇ ਮੈਂ ਨਵਾਂ ਸ਼ਹਿਰ, ਗੜ੍ਹਸ਼ੰਕਰ, ਬੰਗੇ, ਅਲਾਚੌਰ, ਅਕਾਲਗੜ੍ਹ, ਦੌਲਤਪੁਰ, ਬਲਾਚੌਰ, ਮਜਾਰਾ ਨੌ ਅਬਾਦ, ਖਟਕੜਾਂ, ਨੌਰਾ, ਰਾਹੋਂ ਆਦਿਕ ਪਿੰਡਾਂ/ਸ਼ਹਿਰਾਂ ਵਿਚ ਹੋਣ ਵਾਲੇ ਸਮਾਗਮਾਂ ਮੌਕੇ ਦਿਲਬਰ ਸਾਹਿਬ ਨੂੰ ਸੁਣਦਾ ਰਿਹਾ ਹਾਂ। ਇਨ੍ਹਾਂ ਤੋਂ ਇਲਾਵਾ ਸ੍ਰੀ ਅਨੰਦਪੁਰ ਸਾਹਿਬ ਤੋਂ ਸ਼ੁਰੂ ਹੁੰਦੀ ਸਾਲਾਨਾ ਸਭਾ ਅਤੇ ਹੋਰ ਇਤਿਹਾਸਕ ਅਸਥਾਨਾਂ ਦੇ ਜੋੜ ਮੇਲੇ ਇਨ੍ਹਾਂ ਤੋਂ ਵੱਖਰੇ। ਮੈਨੂੰ ਯਾਦ ਹੈ, ਭਾਈਆ ਜੀ ਸ੍ਰੀ ਅਨੰਦਪੁਰ ਸਾਹਿਬ ਦੇ ਹੋਲੇ-ਮਹੱਲੇ ਮੌਕੇ ਸਜੇ ਵੱਖ-ਵੱਖ ਦੀਵਾਨਾਂ ਵਿਚ ਜਾ ਕੇ ਸਟੇਜ ਸਕੱਤਰਾਂ ਨੂੰ ਦਿਲਬਰ ਸਾਹਿਬ ਦੇ ਟਾਈਮ ਬਾਰੇ ਉਚੇਚਾ ਪੁੱਛਦੇ। ਲਾਊਡ ਸਪੀਕਰਾਂ 'ਚ ਵੱਜਦੀ ਢੱਡ ਸਾਰੰਗੀ ਸੁਣ ਕੇ ਉਹ ਥਾਂਏਂ ਪੈਰ ਗੱਡ ਲੈਂਦੇ ਸਨ। ਮੈਨੂੰ ਇਹ ਵੀ ਯਾਦ ਹੈ ਕਿ ਦਿਲਬਰ ਸਾਹਿਬ ਦੋਹਰ ਬਹੁਤ ਘੱਟ ਪਾਇਆ ਕਰਦੇ ਸਨ। ਹਰ ਵਾਰ ਨਵੇਂ ਤੋਂ ਨਵਾਂ ਪ੍ਰਸੰਗ ਹੀ ਪੇਸ਼ ਕਰਦੇ ਸਨ।

ਮੇਰੇ ਪਿਤਾ ਜੀ ਦੇ 'ਦਿਲਬਰ ਪ੍ਰੇਮ' ਦੀਆਂ ਜੇ ਮਿਸਾਲਾਂ ਦੇਣੀਆਂ ਹੋਣ ਤਾਂ ਵੱਖਰਾ ਲੇਖ ਲਿਖਿਆ ਜਾ ਸਕਦਾ ਹੈ। 1967-68 ਵਿਚ ਮੇਰੀਆਂ ਵੱਡੀਆਂ ਭੈਣਾਂ ਦੇ ਅਨੰਦ ਕਾਰਜ ਦਿਲਬਰ ਸਾਹਿਬ ਨੇ ਕਰਵਾਏ। 1979 ਵਿਚ ਮੇਰੇ ਆਪਣੇ ਵਿਆਹ 'ਤੇ ਦਿਲਬਰ ਸਾਹਿਬ ਦਾ ਜਥਾ ਹੀ ਗੱਜਿਆ ਸੀ। ਸਾਡੇ ਆਲੇ-ਦੁਆਲੇ ਦੇ ਅੱਠਾਂ-ਦਸਾਂ ਪਿੰਡਾਂ ਵਿਚ ਮੇਰੇ ਪਿਤਾ ਜੀ ਨੂੰ ਲੋਕ ਗਿਆਨੀ ਜੀ ਕਹਿ ਕੇ ਬੁਲਾਉਂਦੇ ਸਨ। ਇਸ ਇਲਾਕੇ ਦੇ ਸਿੱਖ ਪਰਿਵਾਰਾਂ ਦੇ ਗਮੀ-ਖੁਸ਼ੀ ਮੌਕੇ ਕੋਈ ਰਾਗੀ ਪ੍ਰਚਾਰਕ ਲਿਆਉਣ ਦੀ ਜ਼ਿੰਮੇਵਾਰੀ ਭਾਈਆ ਜੀ ਦੀ ਹੀ ਹੁੰਦੀ ਸੀ, ਤੇ ਉਹ ਹਮੇਸ਼ਾਂ ਗਿਆਨੀ ਦਿਲਬਰ ਨੂੰ ਪਹਿਲ ਦਿੰਦੇ।

ਉਨ੍ਹਾਂ ਦਿਨਾਂ ਵਿਚ ਅੱਜ ਵਾਂਗ ਲੋਕਾਂ ਨੂੰ ਗੰਦ-ਮੰਦ ਸੁਣਨ ਦਾ ਲੱਚ ਨਹੀਂ ਸੀ ਪਿਆ ਅਤੇ ਨਾ ਹੀ ਕਲਾਕਾਰਾਂ ਦੀਆਂ ਅਜੋਕੀਆਂ ਹੇੜ੍ਹਾਂ ਵਾਂਗ ਲੁੱਚੇ-ਲਫੰਗਿਆਂ ਦੀ ਕੋਈ ਸੱਦ-ਪੁੱਛ ਹੀ ਹੁੰਦੀ ਸੀ। ਕਹਿਣ ਦਾ ਭਾਵ, ਵਿਆਹ ਸ਼ਾਦੀਆਂ 'ਤੇ ਦਿਲਬਰ ਸਾਹਿਬ ਦਾ ਜਥਾ ਮੰਗਵਾਉਣਾ 'ਸਟੇਟਸ ਸਿੰਬਲ' ਸਮਝਿਆ ਜਾਂਦਾ ਸੀ ਉਦੋਂ।

ਟੇਪ ਰਿਕਾਰਡਰ ਦਾ ਯੁੱਗ ਆਇਆ ਤਾਂ ਅਸੀਂ ਭਰਾਵਾਂ ਨੇ ਭਾਈਆ ਜੀ ਦੀ ਇੱਛਾ ਪੂਰੀ ਕਰਦਿਆਂ ਗਿਆਨੀ ਦਿਲਬਰ ਦੇ ਜਥੇ ਦੇ ਗਾਏ ਹੋਏ ਵੱਧ ਤੋਂ ਵੱਧ ਪ੍ਰਸੰਗਾਂ ਦੀਆਂ ਕੈਸਟਾਂ ਇਕੱਠੀਆਂ ਕੀਤੀਆਂ। ਇੱਧਰੋਂ ਉਧਰੋਂ ਯਤਨ ਕਰ ਕੇ ਅਸੀਂ ਬੜੀ ਮਿਹਨਤ ਨਾਲ ਲਗਭਗ ਸਮੁੱਚੇ ਸਿੱਖ ਇਤਿਹਾਸ ਦੀ ਰਿਕਾਰਡਿੰਗ (ਦਿਲਬਰ ਜੀ ਦੀ ਜ਼ੁਬਾਨੀ) ਸੰਗ੍ਰਿਹ ਕਰ ਲਈ। ਬੱਸ ਫਿਰ ਸਾਡੇ ਘਰ ਦਾ ਇਹ ਦਸਤੂਰ ਹੀ ਬਣ ਗਿਆ ਕਿ ਸਾਡੇ ਘਰੇ ਆਇਆ ਕੋਈ ਵੀ ਮਹਿਮਾਨ ਲੰਗਰ-ਪਾਣੀ ਅਤੇ ਦਿਲਬਰ ਸੁਣਨ ਤੋਂ ਵਾਂਝਾ ਨਹੀਂ ਸੀ ਜਾ ਸਕਦਾ। ਸ਼ਾਮ ਨੂੰ ਸੁਵਖਤੇ ਹੀ ਰੋਟੀ ਪਾਣੀ ਖਾ ਪੀ ਕੇ ਸਾਰੇ ਜਣੇ ਮੰਜਿਆਂ 'ਤੇ ਬਹਿ ਜਾਂਦੇ। ਭਾਈਆ ਜੀ ਦੀ ਫਰਮਾਇਸ਼ ਮੁਤਾਬਕ ਚੋਣਵੀਂ ਟੇਪ ਲਗਾਈ



*ਗਿਆਨੀ ਦਇਆ ਸਿੰਘ ਦਿਲਬਰ*

ਜਾਂਦੀ। ਪੂਰੀ ਸ਼ਰਧਾ ਤੇ ਇਕਾਗਰਤਾ ਨਾਲ ਪੂਰਾ ਪ੍ਰਸੰਗ ਸੁਣਿਆ ਜਾਂਦਾ। ਇਸ ਦੌਰਾਨ ਹਰ ਇਕ ਨੂੰ ਗੰਭੀਰ ਸਰੋਤਾ ਬਣ ਕੇ ਬੈਠਣਾ ਲਾਜ਼ਮੀ ਹੁੰਦਾ ਸੀ। ਕੋਈ ਨਿਆਣਾ ਵੀ ਚੂੰ-ਚਰਾਂ ਨਹੀਂ ਸੀ ਕਰ ਸਕਦਾ।

ਸਾਡੇ ਘਰ ਵਿਚ ਸਜਣ ਵਾਲੇ ਇਨ੍ਹਾਂ ਰਾਤਰੀ ਦੀਵਾਨਾਂ ਵਿਚ ਹਾਜ਼ਰੀ ਭਰਨ ਵਾਲੇ ਕਿਸੇ ਬਾਹਰੋਂ ਆਏ ਮਹਿਮਾਨ ਬਾਰੇ ਜੇ ਕਿਤੇ ਭਾਈਆ ਜੀ ਨੂੰ ਇਹ ਮਹਿਸੂਸ ਹੋਣਾ ਕਿ ਇਸ ਨੇ ਲੋੜੀਂਦੀ ਤਵੱਜੋ ਨਾਲ ਦਿਲਬਰ ਸਾਹਿਬ ਨੂੰ ਨਹੀਂ ਸੁਣਿਆ। ਤਦ ਅੱਗੇ ਪਿੱਛੇ ਬੁੜ-ਬੁੜ ਕਰਦਿਆਂ ਉਨ੍ਹਾਂ ਆਖਣਾ, "ਬਾਂਦਰ ਕਿਆ ਜਾਣੇ ਅਦਰਕ ਦਾ ਸਵਾਦ।" ਮੇਲੇ-ਮਸ੍ਹਾਵੇ ਤੋਂ ਮੁੜੇ ਭਾਈਆ ਜੀ ਦੇ ਕਿਸੇ ਦੋਸਤ ਨੇ ਜੇ ਕਿਸੇ ਹੋਰ ਰਾਗੀ ਢਾਡੀ ਦੀਆਂ ਸਿਫ਼ਤਾਂ ਕਰਨੀਆਂ, ਤਾਂ ਭਾਈਆ ਜੀ ਨੇ ਉਹਦੀ ਗੱਲ ਨੂੰ ਅਣਗੌਲਿਆਂ ਜਿਹਾ ਕਰ ਕੇ ਕਹਿਣਾ, "ਓ ਆਹੋ ਜੀ, ਪਰ ਦਿਲਬਰ ਦੀ ਰੀਸ ਕੋਈ ਨਹੀਂ ਕਰ ਸਕਦਾ।" ਦਿਲਬਰ ਸਾਹਿਬ ਵੱਲੋਂ ਬੋਲੇ ਗਏ ਵਿਅੰਗ ਟੋਟਕੇ ਸਾਡੇ ਭਾਈਆ ਜੀ ਅਕਸਰ ਹੀ ਯਾਰਾਂ ਬੇਲੀਆਂ ਨੂੰ ਸੁਣਾਉਂਦੇ ਰਹਿੰਦੇ ਸਨ।

ਇਹ ਵੀ ਸਾਡੇ ਪਰਿਵਾਰਕ ਜੀਆਂ ਦੇ ਦਿਲਾਂ 'ਚ ਧਸ ਚੁੱਕੇ ਸਿੱਖ ਇਤਿਹਾਸ ਦੇ ਇਸ ਅਦੁੱਤੀ ਬੁਲਾਰੇ ਪ੍ਰਤੀ ਪਿਆਰ ਸਤਿਕਾਰ ਹੀ ਸਮਝੋ ਕਿ ਜਿਥੇ ਵੀ ਸਾਡੇ ਟੱਬਰ ਦਾ ਕੋਈ ਮੈਂਬਰ ਕਿਤੇ ਦੂਰ-ਦਰਾਜ ਗਿਆ, ਉਹ ਦਿਲਬਰ ਸਾਹਿਬ ਦੀ ਯਾਦ ਨਾਲ ਲੈ ਕੇ ਗਿਆ। ਮੇਰਾ ਛੋਟਾ ਭਰਾ ਜਦੋਂ 1985-86 ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਪੜ੍ਹਨ ਗਿਆ, ਤਦ ਉਥੇ ਸਿੱਖ ਪਰਿਵਾਰਾਂ ਦੇ ਵਿਦਿਆਰਥੀਆਂ ਨੇ ਰਲ-ਮਿਲ ਕੇ ਅਖੰਡ ਪਾਠ ਕਰਵਾਉਣ ਦਾ ਪ੍ਰੋਗਰਾਮ ਬਣਾਇਆ। ਉਨ੍ਹਾਂ ਸਾਰਿਆਂ ਇਹ ਮਤਾ ਪਕਾਇਆ ਕਿ ਭੋਗ ਮੌਕੇ ਚੋਟੀ ਦਾ ਕੀਰਤਨੀਆ, ਚੋਟੀ ਦਾ ਢਾਡੀ ਅਤੇ ਕੋਈ ਕਵੀ ਵੀ ਚੋਟੀ ਦਾ ਹੀ ਬੁਲਾਇਆ ਜਾਵੇ।

ਫਰਵਰੀ ਮਹੀਨੇ ਦੀ ਨਿੱਘੀ-ਨਿੱਘੀ ਧੁੱਪ ਬਸੰਤ ਦੀ ਸੁਹਾਵਣੀ ਰੁੱਤ, ਯੂਨੀਵਰਸਿਟੀ ਦੇ ਗਾਂਧੀ ਭਵਨ ਲਾਗਲੇ ਪਾਰਕ ਵਿਚ ਸ਼ਾਨਦਾਰ ਪੰਡਾਲ ਸਜਾਇਆ ਗਿਆ। ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਸਵੰਤ ਸਿੰਘ ਅਤੇ ਉਘੇ ਸ਼ਾਇਰ ਸਾਬਰ ਹੁਸੈਨ ਸਾਬਰ ਤੋਂ ਬਾਅਦ ਗਿਆਨੀ ਦਇਆ ਸਿੰਘ ਦਿਲਬਰ ਦਾ ਜਥਾ ਸਟੇਜ 'ਤੇ ਆਇਆ। ਸੰਗਤ ਵਿਚ ਬੈਠੇ ਦੇ ਮੇਰੇ ਮਨ 'ਚ ਧੁਕ-ਧੁਕੀ ਜਿਹੀ ਲੱਗ ਗਈ। ਮੈਂ ਸੋਚਣ ਲੱਗਾ ਕਿ ਢਾਡੀ ਰਾਗ ਨੂੰ ਜ਼ਿਆਦਾਤਰ ਪੇਂਡੂ ਲੋਕ ਹੀ ਪਸੰਦ ਕਰਦੇ ਨੇ, ਚੰਡੀਗੜ੍ਹ ਦੇ ਸ਼ਹਿਰ ਜਿਹੀ ਸਟੇਜ 'ਤੇ ਸ਼ਾਇਦ ਗਿਆਨੀ ਦਿਲਬਰ ਆਪਣਾ ਪ੍ਰਭਾਵ ਜਮਾ ਨਹੀਂ ਸਕਣਗੇ ਪਰ ਉਸ ਦਿਨ ਦਿਲਬਰ ਸਾਹਿਬ ਨੇ ਸਾਕਾ ਚਮਕੌਰ ਸਾਹਿਬ ਇਤਨੇ ਜੋਸ਼ੀਲੇ ਅੰਦਾਜ਼ ਨਾਲ ਸੁਣਾਇਆ ਕਿ ਯੂਨੀਵਰਸਿਟੀ ਦੇ ਪ੍ਰੋਫੈਸਰ ਸਾਹਿਬਾਨ ਅਤੇ ਸਮੂਹ ਵਿਦਿਆਰਥੀ ਅਸ਼-ਅਸ਼ ਕਰ ਉਠੇ। ਸਮਾਪਤੀ ਤੋਂ ਬਾਅਦ ਕਈ ਗੈਰ-ਸਿੱਖ ਸਰੋਤੇ ਇਹ ਕਹਿੰਦੇ ਸੁਣੇ ਗਏ, "ਸਾਨੂੰ ਨਹੀਂ ਸੀ ਪਤਾ ਕਿ ਸਿੱਖਾਂ ਵਿਚ ਇਹੋ ਜਿਹੇ ਵਿਦਵਾਨ ਢਾਡੀ ਵੀ ਹੈਗੇ ਨੇ!"

ਯੂਨੀਵਰਸਿਟੀ ਵਿਚ ਹੋਏ ਆਪਣੀ ਕਿਸਮ ਦੇ ਇਸ ਪਹਿਲੇ ਪ੍ਰੋਗਰਾਮ ਨੂੰ ਇੰਨਾ ਪਸੰਦ ਕੀਤਾ ਗਿਆ ਕਿ ਬਾਅਦ ਵਿਚ ਵੀ ਕਈ ਸਾਲ ਇਹ ਪਰੰਪਰਾ ਚਲਦੀ ਰਹੀ। ਗਿਆਨੀ ਦਿਲਬਰ ਦਾ ਜਥਾ ਵੀ ਹਰ ਸਾਲ ਨਵੇਂ ਤੋਂ ਨਵਾਂ ਪ੍ਰਸੰਗ ਲੈ ਕੇ ਹਾਜ਼ਰ ਹੁੰਦਾ ਰਿਹਾ। ਇਥੇ ਹੀ ਇਕ ਵਰ੍ਹੇ ਲੈਕਚਰ ਵਿਚ ਮੱਸੇ ਰੰਘੜ ਦਾ ਪ੍ਰਸੰਗ ਸੁਣਾਉਂਦਿਆਂ ਉਨ੍ਹਾਂ ਵਿਅੰਗਮਈ ਢੰਗ ਨਾਲ ਇੰਦਰਾ ਗਾਂਧੀ ਦਾ ਜ਼ਿਕਰ ਕਰ ਦਿੱਤਾ ਜਿਸ ਕਾਰਨ ਉਨ੍ਹਾਂ ਨੂੰ ਢਾਈ ਸਾਲ ਜੇਲ੍ਹ ਵਿਚ ਗੁਜ਼ਾਰਨੇ ਪਏ, ਪਰ ਜੇਲ੍ਹ ਵੀ ਉਨ੍ਹਾਂ ਨੂੰ ਡਰਾ ਨਾ ਸਕੀ। ਬਾਹਰ ਆ ਕੇ ਉਨ੍ਹਾਂ ਉਸੇ ਜੋਸ਼ੋ-ਖਰੋਸ਼ ਨਾਲ ਪ੍ਰਚਾਰ ਜਾਰੀ ਰੱਖਿਆ।

ਜੂਨ 2004 ਵਿਚ ਮੇਰੇ ਵੱਡੇ ਭਰਾਵਾਂ ਜਿਹੇ ਦੋਸਤ ਸ. ਹਰਦੇਵ ਸਿੰਘ ਕਾਹਮਾ ਨੇ ਨਵਾਂ ਸ਼ਹਿਰ ਵਿਖੇ ਮੇਰੇ ਪਰਿਵਾਰ ਨੂੰ ਵਿਦਾਇਗੀ ਪਾਰਟੀ ਦਿੱਤੀ ਕਿਉਂਕਿ ਸਾਡਾ ਅਮਰੀਕਾ ਦਾ ਵੀਜ਼ਾ ਲੱਗ ਚੁੱਕਾ ਸੀ ਤੇ ਅਸੀਂ ਜਲਦੀ ਹੀ ਪਰਵਾਸੀ ਬਣ ਰਹੇ ਸਾਂ। ਇਲਾਕੇ ਭਰ ਤੋਂ ਇਕੱਠੇ ਹੋਏ ਦੋਸਤਾਂ, ਸ਼ੁਭ-ਚਿੰਤਕਾਂ ਦੇ ਭਰਵੇਂ ਇਕੱਠ ਦੇ ਰੂ-ਬ-ਰੂ ਹੁੰਦਿਆਂ, ਖਰਾਬ ਸਿਹਤ ਦੇ ਬਾਵਜੂਦ ਦਿਲਬਰ ਸਾਹਿਬ ਨੇ ਬੜੀ ਭਾਵਪੂਰਤ ਤਕਰੀਰ ਕੀਤੀ, "...ਸਾਡੇ ਦੇਸ਼ ਦੀਆਂ ਸਵਾਣੀਆਂ ਦਰ ਆਏ ਮੰਗਤਿਆਂ ਨੂੰ ਸੁੱਚੇ ਮੋਤੀਆਂ ਦੇ ਥਾਲ ਭਰ-ਭਰ ਖੈਰ ਪਾਉਂਦੀਆਂ ਰਹੀਆਂ ਨੇ!... ਪਰ ਅੱਜ ਸਾਡੇ ਦੇਸ਼ ਦਾ ਹਰ ਨੌਜਵਾਨ 'ਬਾਹਰ' ਜਾਣ ਨੂੰ ਕਾਹਲਾ ਪਿਆ ਹੋਇਆ ਹੈ। ਪਤਾ ਜੇ ਕਿਉਂ?" ਫਿਰ ਇਸ ਸਵਾਲ ਦੇ ਜਵਾਬ ਵਿਚ ਉਹ ਦਰਿਆ ਦੇ ਪਾਣੀ ਦੀ ਰਵਾਨੀ ਵਾਂਗ ਲਗਾਤਾਰ ਬੋਲਦੇ ਨੇ, "...ਸਾਡੇ ਦੇਸ਼ ਨੂੰ ਮੁਗਲਾਂ ਲੁੱਟਿਆ, ਪਠਾਣਾਂ ਲੁੱਟਿਆ, ਲੋਧੀਆਂ ਲੁੱਟਿਆ, ਤੁਗਲਕਾਂ ਲੁੱਟਿਆ, ਦੁਰਾਨੀਆਂ ਲੁੱਟਿਆ, ਈਰਾਨੀਆਂ ਲੁੱਟਿਆ, ਯੂਨਾਨੀਆਂ ਲੁੱਟਿਆ, ਗੁਲਾਮਾਂ ਲੁੱਟਿਆ, ਅੰਗਰੇਜ਼ਾਂ ਲੁੱਟਿਆ... ਤੇ ਰਹਿੰਦੀ ਕਸਰ ਸਾਡੇ ਆਪਣਿਆਂ ਨੇ ਕੱਢ'ਤੀ। ਸੋਨੇ ਦੀ ਚਿੜੀ ਅਖਵਾਉਂਦਾ ਸਾਡਾ ਦੇਸ਼ ਬਿਚਾਰਾ ਮਿੱਟੀ ਦੀ ਚਿੜੀ ਬਣ ਕੇ ਰਹਿ ਗਿਆ...!"

ਇਸ ਤੋਂ ਬਾਅਦ ਉਨ੍ਹਾਂ ਹਿੰਦੁਸਤਾਨ ਨੂੰ ਲੁੱਟਣ ਆਏ ਸਾਰੇ ਹਮਲਾਵਰਾਂ ਦਾ ਪੂਰੇ ਸੰਨ-ਸਿੱਕੇ ਦੱਸਦਿਆਂ ਵੇਰਵਾ ਦਿੱਤਾ; ਮਸਲਨ ਯੂਨਾਨ ਤੋਂ ਆਇਆ ਸਿਕੰਦਰ, 712 ਈਸਵੀ ਵਿਚ ਮੁਹੰਮਦ ਬਿਨ-ਕਾਸਮ, ਸੰਨ 1000 ਤੋਂ 1026 ਤੱਕ ਸਤਾਰਾਂ ਵਾਰ ਮਹਿਮੂਦ ਗਜ਼ਨਵੀ, 16 ਵਾਰੀ ਮੁਹੰਮਦ ਗੌਰੀ, ਤੈਮੂਰ ਲੰਗ, ਪੰਜ ਵਾਰੀ ਬਾਬਰ, ਨਾਦਰ ਸ਼ਾਹ ਇਰਾਨੀ ਅਤੇ ਅਹਿਮਦ ਸ਼ਾਹ ਅਬਦਾਲੀ ਗਿਆਰਾਂ ਵਾਰ ਦੇਸ਼ ਨੂੰ ਲੁੱਟਣ ਆਇਆ।

ਆਪਣੇ ਇਸ ਵਿਦਾਇਗੀ ਸਮਾਰੋਹ ਦੀ ਰਿਕਾਰਡ ਕੀਤੀ ਹੋਈ ਟੇਪ, ਜਦ ਕਦੇ ਫੁਰਸਤ ਦੇ ਪਲਾਂ 'ਚ ਸੁਣਦਾ ਹਾਂ ਅਤੇ ਗਿਆਨੀ ਦਿਲਬਰ ਦੇ ਇਹ ਬੋਲ ਕੰਨੀਂ ਪੈਂਦੇ ਨੇ, "...ਦੁਪਾਲਪੁਰੀ ਜੀ ਤੁਸੀਂ ਸਾਥੋਂ ਦੂਰ ਜਾ ਰਹੇ ਓ, ਸ਼ੁਭ ਕਾਮਨਾਵਾਂ ਵਜੋਂ ਇਹ ਸ਼ਿਅਰ ਅਰਜ਼ ਕਰਦਾ ਹਾਂ, ਜਾਨੇ ਵਾਲੇ ਜਾਓ, ਕਭੀ ਹਮੇਂ ਯਾਦ ਕਰਨਾ...। ਜਬ ਹਮ ਯਾਦ ਆਏਂ, ਤੋ ਮਿਲਨੇ ਕੀ ਦੁਆ ਕਰਨਾ।"

ਤਦ ਮੇਰੀਆਂ ਅੱਖਾਂ ਨਮ ਹੋ ਜਾਂਦੀਆਂ ਹਨ, ਕਿਉਂਕਿ ਮੇਰਾ ਦਿਲਬਰ ਸਾਹਿਬ ਨਾਲ ਇਹ ਆਖਰੀ ਮੇਲਾ ਹੋ ਨਿਬੜਿਆ। ਢਾਡੀ ਜਗਤ ਦਾ ਇਹ ਧਰੂ ਤਾਰਾ 26 ਜਨਵਰੀ 2005 ਨੂੰ ਆਪਣੇ ਲੱਖਾਂ ਹਜ਼ਾਰਾਂ ਪ੍ਰੇਮੀਆਂ ਨੂੰ ਅਲਵਿਦਾ ਕਹਿ ਗਿਆ।

## ਤਰਲਾ ਮਾਂ ਬੋਲੀ ਪੰਜਾਬੀ ਦਾ

ਆਉ, ਆਉ ਵੇ ਮੇਰੇ ਪੁੱਤਰੋ ਸੀਨੇ ਨਾਲ ਲੱਗੋ,
ਇਸ ਤਰ੍ਹਾਂ ਆਪਣੀ ਮਾਂ ਨੂੰ ਨਾ ਬੇ-ਵਸ ਛੱਡੋ।
ਮੈਂ ਰਾਣੀ ਸਾਂ ਪੰਜ ਆਬ ਦੀ ਹੁਣ ਹੋਈ ਗੋਲੀ,
ਪਛਾਣੋ ਵਿਰਸਾ ਆਪਣਾ ਕਿਉਂ ਜਾਂਦੇ ਓ ਰੋਲੀ।
ਮੈਂ ਸਾਂ ਗੁਰਾਂ ਦੀ ਲਾਡਲੀ ਮੇਰੇ ਵਾਰੇ ਨਿਆਰੇ,
ਵਿਗੜੇ ਮੇਰੇ ਭਾਗ ਚਾ ਉਨ੍ਹਾਂ ਪਲੀਂ ਸਵਾਰੇ।
ਗੁਰੂ ਘਰ ਦੀ ਬਣ ਗਈ ਵੇ ਮੈਂ ਲਾਡਲੀ ਬੋਲੀ,
ਰਮਜ਼ ਇਲਾਹੀ ਭੇਦ ਦੀ ਜਾਂ ਗੁਰਾਂ ਨੇ ਖੋਹਲੀ।
ਸਿਰ 'ਤੇ ਮੁਕਟ ਚਾ ਰਖਿਆ ਪਟਰਾਣੀ ਵਾਲਾ,
ਮੌਲਿਆ ਰੱਬੀ ਨੂਰ ਨਾਲ ਸਭ ਆਲਾ ਦੁਆਲਾ।
ਇਸ ਤੋਂ ਪਹਿਲਾਂ ਫਰੀਦ ਸੀ ਗਲੇ ਲਗਾਇਆ,
ਚਰਪਟ, ਜੋਗੀ, ਨਾਥਾਂ ਮੇਰਾ ਮਾਣ ਵਧਾਇਆ।
ਹੋਰ ਵੀ ਕਈ ਪੁੱਤਰਾਂ ਦਮੋਦਰ ਨਾਲ ਰਲ ਕੇ,
ਲਗਾਇਆ ਮੈਨੂੰ ਗਲ ਨਾਲ ਮੇਰੇ ਹੰਝੂ ਛਲਕੇ।
ਗੁਰੂਆਂ, ਗੁਰੂ ਘਰਾਣਿਆਂ ਮੈਨੂੰ ਲਾਡ ਲਡਾਏ,
ਸਿੱਖਾਂ, ਭਗਤਾਂ, ਸੇਵਕਾਂ ਨੇ ਮੇਰੇ ਸ਼ਗਨ ਮਨਾਏ।
ਸ਼ਾਹ ਹੁਸੈਨ, ਗੁਰਦਾਸ ਭਾਈ ਬਖਸ਼ੀ ਰਵਾਨੀ,
ਵਿਹੜੇ ਖੇਡ ਪੰਜਾਬੀਆਂ ਦੇ ਮੈਂ ਚੜ੍ਹੀ ਜਵਾਨੀ।
ਹਾਸ਼ਮ, ਬੁਲ੍ਹੇ ਸ਼ਾਹ ਨੇ ਬਖਸ਼ੀ ਨਜ਼ਰ ਸਵੱਲੀ,
ਹੋਰ ਵੀ ਸੰਤਾਂ ਸੂਫੀਆਂ ਮੈਨੂੰ ਅਜ਼ਮਤ ਘੱਲੀ।
ਮੁੱਕਬਲ, ਵਾਰਸ, ਪੀਲੂ ਨੇ ਲਏ ਸਦਕੇ ਵਾਰੇ,
ਫਜ਼ਲ, ਅਹਿਮਦ ਮੌਲਵੀ ਕੀਤੇ ਵਾਰੇ ਨਿਆਰੇ।
ਸ਼ੰਤੋਖ, ਗਿਆਨ ਸਿੰਘ, ਭੰਗੂ, ਛਿੱਬਰ ਨੇ ਰਲ ਕੇ,
ਭਰੇ ਭੰਡਾਰੇ ਇਤਹਾਸ ਦੇ ਮੂੰਹੋਂ-ਮੂੰਹੀਂ ਛਲਕੇ।
ਵੀਰ ਸਿੰਘ ਤੋਂ ਸ਼ਿਵ ਤਾਂਈ ਵੀ ਜਾਣੇ ਜ਼ਮਾਨਾ,
ਭਰਿਆ ਸੁੱਚਿਆਂ ਮੋਤੀਆਂ ਸੰਗ ਮੇਰਾ ਖਜ਼ਾਨਾ।
ਭਾਵੇਂ ਮਾਂ ਐਸੇ ਪੁੱਤਾਂ ਦੀ ਨਹੀਂ ਹੁੰਦੀ ਵਿਚਾਰੀ,
ਈਰਖਾ ਵੱਸ ਨਾ ਬਣ ਸਕੀ ਮੈਂ ਰਾਜ ਦੁਲਾਰੀ।
ਇਹਤੋਂ ਵਧ ਕੇ ਹੋਰ ਵੀ ਜੋ ਮੇਰੇ ਨਾਲ ਬੀਤੀ,
ਪਛਾਣ ਮੇਰੀ ਤੋਂ ਮੁੱਕਰੇ ਕਈ ਬਣ ਕੇ ਗੀਦੀ।
ਮੂੰਹ ਮੱਥਾ ਵਿਗਾੜਿਆ ਨਾਲੇ ਮੇਰੀ ਕਾਇਆ,
ਇਹਦੇ ਵਿਚ ਮੇਰੇ ਪੁੱਤਰਾਂ ਵੀ ਹਿੱਸਾ ਪਾਇਆ।
ਹੌਲੀ ਹੌਲੀ ਹੱਕ-ਹਕੂਕ ਮੈਥੋਂ ਗਏ ਖਿਸਕਾਈ,
ਮੇਰੇ ਆਪਣੇ ਸੱਕੇ ਪੁੱਤਰਾਂ ਮੇਰੀ ਕੰਡ ਲੁਆਈ।
ਮੈਂ ਤਖਤੋਂ ਡਿੱਗੀ ਹੋ ਗਈ ਪਟਰਾਣੀਉਂ, ਗੋਲੀ,
ਅੱਜ ਨੁੱਕਰੇ ਲੱਗੀ ਬੈਠੀ ਹਾਂ ਹੋਈ ਕੱਖੋਂ ਹੌਲੀ।
ਮੈਥੋਂ ਮੇਰੇ ਆਪਣੇ ਹੀ ਪੁੱਤਰ ਮੂੰਹ ਜਾਂਦੇ ਵੱਟੀ,
ਹੰਝੂਆਂ ਦੇ ਬੁੱਕ ਰੋਵਾਂ ਪਈ ਬਹਿ ਘੁੱਟੋ ਵੱਟੀ।
ਹੌਲੀ ਹੌਲੀ ਮਰ ਜਾਵਾਂਗੀ ਪਈ ਵਾਣ ਵਿਛੌਣੇ,
ਮੇਰੇ ਭਰੇ ਭੰਡਾਰ ਕਿਸੇ ਨੂੰ ਚੇਤੇ ਨਹੀਂ ਆਉਣੇ।
ਸੱਦਾਂ, ਵਾਰਾਂ, ਢੋਲੇ ਵੇ ਮੇਰੇ ਕਿਸੇ ਨ੍ਹੀਂ ਗਾਉਣੇ,
ਸੁਹਾਗ, ਮਾਹੀਏ, ਘੋੜੀਆਂ ਬਣ ਜਾਣੇ ਪ੍ਰਾਹੁਣੇ।
ਬੋਲੀਆਂ, ਗਿੱਧੇ, ਕਿਕਲੀ ਮਹਿਕ ਨਾ ਵੰਡਣੀ,
ਛਿੰਝਾਂ, ਲੁੱਡੀਆਂ, ਭੰਗੜੇ ਕੋਈ ਝੰਡੀ ਨਾ ਗੱਡਣੀ।
ਨਾ ਪੀਂਘਾਂ, ਤੀਆਂ, ਸੰਧਾਰੇ ਨਾ ਛੋਪੇ ਨਾ ਤ੍ਰਿੰਞਣਾਂ,
ਨਾ ਥਾਲ ਨਾ ਗੁੱਡੀ ਫੂਕਣੀ ਮੀਂਹ ਰੱਬੋਂ ਮੰਗਣਾ।
ਨਾ ਫਿਰ ਕੁਸ਼ਤੀ, ਕੌਡੀਆਂ ਨਾ ਸੌਂਚੀ ਪਾਉਣੀ,
ਨਾ ਫਿਰ ਮੇਲੇ ਲੱਗਣੇ ਕਿਸੇ ਬਾਘੀ ਬੁਲਾਉਣੀ।
ਨਾ ਪੀਰਾਂ, ਫਕੀਰਾਂ ਦੀ ਫਿਰ ਯਾਦ ਮਨਾਉਣੀ,
ਨਾ ਅਲਗੋਜ਼ੇ ਵੱਜਣੇ ਕਿਸੇ ਕਾਟੋ ਖੜਕਾਉਣੀ।
ਵਿਆਹ ਸ਼ਾਦੀ, ਜਨਮ ਦੇ ਗੀਤ ਨ੍ਹੀਂ ਗਾਉਣੇ,
ਰੰਗਲੇ ਚੂੜੇ ਬਾਂਹਾਂ 'ਚ ਨਹੀਂ ਕਿਸੇ ਛਣਕਾਉਣੇ।
ਨਾਹੀਂ ਕਲੀਆਂ ਲਾਉਣੀਆਂ ਨਾ ਝੂੰਮਰ ਪਾਉਣੇ,
ਪਿੱਪਲਾਂ ਬੋਹੜਾਂ ਹੇਠ ਕਿਸੇ ਨ੍ਹੀਂ ਕਿੱਸੇ ਗਾਉਣੇ।
ਨਾ ਅੰਮ੍ਰਿਤ ਵੇਲੇ ਉਠ ਕਿਸੇ ਪਾਉਣੀ ਮਧਾਣੀ,
ਨਾ ਕਿਸੇ ਭਾਗਾਂ ਭਰੀ ਨੇ ਉਠ ਪੜ੍ਹਨੀ ਬਾਣੀ।
ਨਾ ਤੜਕੇ ਉਠ ਹਾਲੀਆਂ ਨੇ ਹਲ ਜਾ ਵਾਹੁਣੇ,
ਨਾ ਬਲਦਾਂ ਗਲ ਟੱਲੀਆਂ ਘੁੰਗਰੂ ਛਣਕਾਉਣੇ।
ਨਾ ਕਿਸੇ ਸੱਜ ਵਿਆਹੀ ਖੇਤ ਲੈ ਭੱਤਾ ਜਾਣਾ,
ਨਾ ਕਿਸੇ ਗ਼ੱਭਰੂ ਬਹਿ ਕੇ ਟਾਹਲੀ ਹੇਠ ਖਾਣਾ।
ਨਾ ਚੂੜੇ ਬੀੜੇ, ਤਿਉਰ, ਬਿਉਰ ਹੀਰਾਂ ਨਾ ਲੈਲਾਂ,
ਨਾ ਕੰਠੇ, ਸ਼ਮਲੇ, ਚਾਦਰਾਂ ਜਿਦਾਂ ਨਾ ਪਹਿਲਾਂ।
ਮਰਨੇ ਪਰਨੇ, ਗ਼ਮੀਆਂ ਦੀ ਸਾਂਝ ਮੁੱਕ ਜਾਣੀ,
ਵਿਹੜਿਉਂ ਤੁਰੀ ਪੰਜਾਬੀਅਤ ਮੁੜ ਨ੍ਹੀਂ ਆਣੀ।
ਮੇਰੇ ਨਾਲ ਹੀ ਸੋਹਣਿਉ ਨੇ ਇਹ ਸਭ ਬਹਾਰਾਂ,
ਫੇਰ ਕਿਤੇ ਨਹੀਂ ਲੱਭਣੀਆਂ ਮੈਂ ਖਲੀ ਪੁਕਾਰਾਂ।
ਵੇ ਮੈਂ ਅੱਖਾਂ ਅੱਗੇ ਬਣਦਾ ਨੜੋਆ ਨਿੱਤ ਵੇਖਾਂ,
ਮੂੰਹ ਮੋੜਿਆ ਮੇਰੇ ਪੁੱਤਰਾਂ ਕੋਸਾਂ ਕਿਉਂ ਲੇਖਾਂ।
ਹੋਸ਼ ਕਰੋ ਮੇਰੇ ਬੱਚਿਉ ਵੇ ਉਠ ਸਮਾਂ ਸੰਭਾਲੋ,
ਮਰਦੀ ਜਾਂਦੀ ਮਾਂ ਤਾਂ ਕਰ ਹੀਲਾ ਬਚਾ ਲਉ।
ਆ ਲੱਗੋ ਮੇਰੇ ਗਲ ਨਾਲ ਮੇਰੀ ਛਾਤੀ ਠਾਰੋ,
ਜਨਮ ਦਾਤੀ ਮਾਂ ਨੂੰ ਰਲ ਪਿਆਰੋ ਸਤਿਕਾਰੋ।
ਆਪਣੇ ਜੰਮੇ-ਜਾਇਆਂ ਨੂੰ ਮੇਰੇ ਨਾਲ ਚਾ ਜੋੜੋ,
ਖੁਲ੍ਹੀਆਂ ਬਾਂਹਾਂ ਮੇਰੀਆਂ ਮੇਰਾ ਦਿਲ ਨਾ ਤੋੜੋ।
ਅਸੀਸਾਂ ਦੇਵਾਂ ਵੇ ਪੁੱਤਰੋ ਰਹੋ ਜੁਗ ਜੁਗ ਜੀਂਦੇ,
ਰਹੋ ਵੇ ਸੋਹਣਿਉ ਬੂਰੀਆਂ ਦੇ ਰੱਜ ਡੋਕੇ ਪੀਂਦੇ।
ਮੇਰੀਆਂ ਜੰਮੀਆਂ ਜਾਈਆਂ ਵੇ ਖੇਡਣ ਹੋਲੀ,
ਰਾਣੀ ਪੰਜ ਦਰਿਆ ਦੀ ਜਾਂਵਾਂ ਸਾਹ ਵਰੋਲੀ।
ਯਾਦ ਰਖੋ ਕੋਈ ਕੌਮ ਨਾ ਉਨਾ ਚਿਰ ਮਰਦੀ,
ਜਿਚਰ ਬੋਲੀ ਉਸ ਦੀ ਰਹੇ ਦਿਲੀਂ ਵਿਚਰਦੀ।
ਜਿਦਨ ਬੋਲੀ ਵਿਸਰੀ ਨਾਂ ਕਿਸੇ ਨਹੀਂ ਲੈਣਾ,
ਹਿੰਦੂ, ਮੁਸਲਿਮ, ਸਿੱਖ ਨੂੰ ਪੰਜਾਬੀ ਨ੍ਹੀਂ ਕਹਿਣਾ।
ਪਾਉਣਗੇ ਲੋਕ ਕਹਾਣੀਆਂ ਕਦੇ ਮੈਂ ਸਾਂ ਜੰਮੀ,
'ਚੰਨ' ਸੂਰਜ, ਤਾਰੇ ਕੋਸਣਗੇ ਉਲਾਦ ਨਿਕੰਮੀ।

*-ਚੰਨ, ਫਲੈਮਿੰਗਟਨ।*
*ਫੋਨ: 908-788-8427*

# ਜੰਮੂ-ਕਸ਼ਮੀਰ ਅਤੇ ਰਾਜਸੀ ਆਗੂਆਂ ਦੀ ਕੌੜ-ਫਿੱਕ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਉਂਜ ਤਾਂ ਭਾਵੇਂ ਭਾਰਤ ਵਿਚ ਉਨੱਤੀ ਰਾਜ ਅਤੇ ਸੱਤ ਸਿੱਧੇ ਕੇਂਦਰੀ ਕੰਟਰੋਲ ਵਾਲੇ ਪ੍ਰਦੇਸ਼ ਹਨ ਤੇ ਹਰ ਕੋਈ ਰਾਜ ਆਪਣੀ ਥਾਂ ਆਪਣੇ ਆਪ ਨੂੰ ਵਿਸ਼ੇਸ਼ ਮੰਨਦਾ ਹੈ ਪਰ ਇਹ ਗੱਲ ਮੰਨਣ ਵਿਚ ਕਿਸੇ ਨੂੰ ਇਨਕਾਰ ਨਹੀਂ ਹੋਣਾ ਚਾਹੀਦਾ ਕਿ ਜੰਮੂ-ਕਸ਼ਮੀਰ ਦੀ ਸਥਿਤੀ ਇਸ ਨੂੰ ਬਾਕੀ ਸਭਨਾਂ ਤੋਂ ਵੱਖਰਾ ਕਰ ਦਿੰਦੀ ਹੈ। ਇਸ ਦੇ ਵਿਸ਼ੇਸ਼ ਹਾਲਾਤ ਹਨ, ਜਿਹੜੇ ਭਾਰਤ ਦੀ ਆਜ਼ਾਦੀ ਮਿਲਣ ਦੇ ਦਿਨਾਂ ਤੋਂ ਹੀ ਹਨ ਤੇ ਸ਼ਾਇਦ ਇਹ ਹਾਲਾਤ ਇੰਜ ਹੀ ਵੱਖਰੇ ਰਹਿਣਗੇ, ਕਿਉਂਕਿ ਕੋਈ ਵੀ ਤਬਦੀਲੀ ਸਾਰਾ ਤਾਣਾ-ਬਾਣਾ ਹਿਲਾ ਸਕਦੀ ਹੈ। ਕੁਝ ਲੋਕਾਂ ਨੂੰ ਇਸ ਰਾਜ ਦੇ ਵਿਸ਼ੇਸ਼ ਦਰਜੇ ਦੀ ਗਾਰੰਟੀ ਕਰਦੀ ਧਾਰਾ ਤਿੰਨ ਸੌ ਸੱਤਰ ਉਤੇ ਇਤਰਾਜ਼ ਹੈ ਤੇ ਉਹ ਇਸ ਨੂੰ ਖਤਮ ਕਰਨ ਦੀ ਮੰਗ ਵੇਲੇ-ਕੁਵੇਲੇ ਚੁੱਕ ਦਿੰਦੇ ਹਨ, ਪਰ ਅੰਤ ਨੂੰ ਹਰ ਵਾਰੀ ਇਹ ਮੰਗ ਛੱਡਣੀ ਪੈ ਜਾਂਦੀ ਹੈ। ਇਸ ਵੇਲੇ ਇਸ ਮੰਗ ਦੀ ਕੋਈ ਚਰਚਾ ਨਹੀਂ ਹੋ ਰਹੀ, ਤੇ ਇਹ ਚੰਗਾ ਹੈ ਕਿ ਇਹ ਚਰਚਾ ਹੁਣ ਨਹੀਂ ਹੋ ਰਹੀ। ਚਰਚਾ ਹੋ ਰਹੀ ਹੈ ਤਾਂ ਇਸ ਗੱਲ ਬਾਰੇ ਕਿ ਕੇਂਦਰ ਵਿਚ ਰਾਜ ਕਰਦੀ ਧਿਰ ਅਤੇ ਜੰਮੂ-ਕਸ਼ਮੀਰ ਵਿਚ ਰਾਜ ਕਰਦੀ ਧਿਰ ਦੇ ਸਬੰਧ ਆਪੋ ਵਿਚ ਚੰਗੇ ਨਹੀਂ ਤੇ ਇਹ ਸਬੰਧ ਕਿਧਰੇ ਉਸ ਰਾਜ ਦੇ ਹਾਲਾਤ ਨੂੰ ਵਿਗਾੜਨ ਤੱਕ ਤਾਂ ਨਹੀਂ ਲੈ ਜਾਣਗੇ?

ਹੁਣੇ 4 ਜੁਲਾਈ ਦੇ ਦਿਨ ਉਸ ਰਾਜ ਵਿਚ ਨਵੀਂ ਮੁਕੰਮਲ ਹੋਈ ਇੱਕ ਰੇਲਵੇ ਲਾਈਨ ਦੇ ਉਦਘਾਟਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਾਣਾ ਸੀ। ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਨਰਿੰਦਰ ਮੋਦੀ ਦੇ ਉਸ ਰਾਜ ਦੇ ਇਸ ਪਹਿਲੇ ਦੌਰੇ ਤੋਂ ਪਹਿਲਾਂ ਉਸ ਰਾਜ ਵਿਚ ਰਾਜਸੀ ਚੋਭਾਂ ਸ਼ੁਰੂ ਹੋ ਗਈਆਂ। ਕੁਝ ਗੱਲਾਂ ਭਾਰਤੀ ਜਨਤਾ ਪਾਰਟੀ ਵਾਲੀ ਧਿਰ ਨੇ ਆਖੀਆਂ ਤੇ ਕੁਝ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਆਖ ਦਿੱਤੀਆਂ। ਇਸ ਨਾਲ ਮਾਹੌਲ ਭਖ ਗਿਆ। ਪ੍ਰਧਾਨ ਮੰਤਰੀ ਦੀ ਉਥੇ ਆਮਦ ਤੇ ਰੇਲ ਲਾਈਨ ਉਤੇ ਪਹਿਲੀ ਗੱਡੀ ਨੂੰ ਝੰਡੀ ਵਿਖਾਉਣ ਵਾਲੇ ਸਮਾਗਮ ਵਿਚ ਵੀ ਇਸ ਦਾ ਪ੍ਰਭਾਵ ਹਰ ਪਾਸੇ ਨੋਟ ਕੀਤਾ ਗਿਆ। ਮੁੱਖ ਮੰਤਰੀ ਉਮਰ ਅਬਦੁੱਲਾ ਨੇ ਆਪਣੇ ਭਾਸ਼ਣ ਵਿਚ ਇਸ ਦੇਸ਼ ਦੇ ਅੱਜ ਦੇ ਪ੍ਰਧਾਨ ਮੰਤਰੀ ਦਾ ਨਾਂ ਲੈਣ ਤੋਂ ਗੁਰੇਜ਼ ਕੀਤਾ, ਪਰ ਇਸ ਤੋਂ ਪਿਛਲੇ ਦੋਵਾਂ ਪ੍ਰਧਾਨ ਮੰਤਰੀਆਂ ਮਨਮੋਹਨ ਸਿੰਘ ਅਤੇ ਅਟਲ ਬਿਹਾਰੀ ਵਾਜਪਾਈ ਦਾ ਨਾਂ ਉਚੇਚ ਨਾਲ ਉਚਾਰ ਦਿੱਤਾ। ਪ੍ਰਧਾਨ ਮੰਤਰੀ ਮੋਦੀ ਸਾਹਿਬ ਨੇ ਵੀ ਬਿਨਾਂ ਪ੍ਰਭਾਵ ਲੁਕਾਏ ਤੋਂ ਮੁੱਖ ਮੰਤਰੀ ਨੂੰ ਏਦਾਂ ਅਣਗੌਲਿਆ ਕਰ ਦਿੱਤਾ, ਜਿਵੇਂ ਉਹ ਉਥੇ ਹੀ ਨਾ ਹੋਵੇ। ਭਾਸ਼ਣ ਕਰਨ ਪਿੱਛੋਂ ਉਠੇ ਪ੍ਰਧਾਨ ਮੰਤਰੀ ਦੇ ਨਾਲ ਦੀ ਕੁਰਸੀ ਉਤੇ ਬੈਠੇ ਮੁੱਖ ਮੰਤਰੀ ਨੇ ਉਠ ਕੇ ਉਨ੍ਹਾਂ ਵੱਲ ਮੂੰਹ ਕੀਤਾ ਤਾਂ ਪ੍ਰਧਾਨ ਮੰਤਰੀ ਨੇ ਉਸ ਵੱਲ ਵੇਖਣ ਦੀ ਥਾਂ ਭੀੜ ਵੱਲ ਹੱਥ ਹਿਲਾਉਣਾ ਸ਼ੁਰੂ ਕਰ ਦਿੱਤਾ ਤੇ ਓਨੀ ਦੇਰ ਤੱਕ ਇੰਜ ਹੀ ਕਰਦੇ ਰਹੇ, ਜਦੋਂ ਤੱਕ ਕੰਨ ਖੁਰਕਦੇ ਹੋਏ ਮੁੱਖ ਮੰਤਰੀ ਸਾਹਿਬ ਹੌਲੀ-ਹੌਲੀ ਖਿਸਕ ਕੇ ਅਫਸਰਾਂ ਦੇ ਓਹਲੇ ਨਾ ਚਲੇ ਗਏ।

ਇਹ ਸਾਰਾ ਕੁਝ ਉਦੋਂ ਵਾਪਰਿਆ, ਜਦੋਂ ਇੱਕ ਦਿਨ ਪਹਿਲਾਂ ਪਾਕਿਸਤਾਨ ਸਰਕਾਰ ਦੇ ਬੁਲਾਰੇ ਵੱਲੋਂ ਇਹ ਬਿਆਨ ਆ ਚੁੱਕਾ ਸੀ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਿਸ ਜੰਮੂ-ਕਸ਼ਮੀਰ ਦਾ ਦੌਰਾ ਕਰਨ ਚੱਲੇ ਹਨ, ਉਹ ਭਾਰਤ ਦਾ ਰਾਜ ਨਹੀਂ, ਇੱਕ ਵਿਵਾਦ ਵਾਲਾ ਸੂਬਾ ਹੈ। ਭਾਰਤ ਦੇ ਕੇਂਦਰ ਤੇ ਰਾਜ ਦੇ ਆਗੂਆਂ ਨੂੰ ਇਸ ਬਿਆਨ ਦੇ ਪਿੱਛੋਂ ਸਾਰੇ ਮੱਤਭੇਦ ਲਾਂਭੇ ਰੱਖ ਕੇ ਜਿਸ ਏਕਤਾ ਦਾ ਸਬੂਤ ਦੇਣਾ ਚਾਹੀਦਾ ਸੀ, ਉਹ ਦਿੱਤਾ ਨਹੀਂ ਜਾ ਸਕਿਆ।

ਜੰਮੂ-ਕਸ਼ਮੀਰ ਬਾਰੇ ਪਾਕਿਸਤਾਨ ਜੋ ਮਰਜ਼ੀ ਕਹੀ ਜਾਵੇ, ਇਹ ਇੱਕ ਹਕੀਕਤ ਹੈ ਕਿ ਇਹ ਸੂਬਾ ਭਾਰਤ ਦਾ ਇੱਕ ਰਾਜ ਹੈ ਤੇ ਅਟੁੱਟ ਅੰਗ ਬਣ ਚੁੱਕਾ ਹੈ। ਸਦੀਆਂ ਦੇ ਇਤਿਹਾਸ ਵਿਚ ਵੀ ਇਹ ਭਾਰਤ ਦਾ ਅੰਗ ਰਿਹਾ ਹੈ। ਇਸ ਦਾ ਸਦੀਆਂ ਦਾ ਸਬੰਧ ਉਸ ਭਾਰਤ ਨਾਲ ਤਾਂ ਜੁੜਦਾ ਹੈ, ਜਿਹੜਾ ਯੂਨਾਨ, ਰੋਮ ਤੇ ਮਿਸਰ ਦੀ ਸੱਭਿਅਤਾ ਤੋਂ ਪੁਰਾਣੀ ਸੱਭਿਅਤਾ ਨੂੰ ਆਪਣੀ ਵਿਰਾਸਤ ਮੰਨ ਕੇ ਮਾਣ ਕਰਦਾ ਹੈ, ਪਰ ਇਸ ਨੂੰ ਉਸ ਪਾਕਿਸਤਾਨ ਦਾ ਅੰਗ ਕਹਿਣਾ ਸਿਰੇ ਤੋਂ ਗਲਤ ਹੈ, ਜਿਹੜਾ ਪਾਕਿਸਤਾਨ ਹਾਲੇ ਸੱਤ ਦਹਾਕੇ ਪਹਿਲਾਂ ਤੱਕ ਆਪ ਹੋਂਦ ਵਿਚ ਨਹੀਂ ਸੀ ਆਇਆ। ਸਾਰੇ ਲੋਕ ਇਹ ਗੱਲ ਜਾਣਦੇ ਹਨ ਕਿ ਜਦੋਂ ਭਾਰਤ ਨੂੰ ਆਜ਼ਾਦੀ ਮਿਲਣ ਲੱਗੀ, ਉਦੋਂ ਬਰਤਾਨਵੀ ਹਾਕਮ ਜਾਣ ਲੱਗੇ ਇਹ ਕੰਡਾ ਬੀਜ ਗਏ ਸਨ ਤੇ ਕੰਡਾ ਸਿਰਫ ਜੰਮੂ-ਕਸ਼ਮੀਰ ਵਿਚ ਨਹੀਂ, ਉਨ੍ਹਾਂ ਕਈ ਥਾਂ ਬੀਜਿਆ ਸੀ। ਜਦੋਂ ਉਨ੍ਹਾਂ ਨੇ ਭਾਰਤ ਦੀਆਂ ਰਿਆਸਤਾਂ ਦੇ ਰਾਜਿਆਂ ਨੂੰ ਇਹ ਹੱਕ ਦੇ ਦਿੱਤਾ ਸੀ ਕਿ ਉਹ ਭਾਰਤ ਜਾਂ ਪਾਕਿਸਤਾਨ ਨਾਲ ਜੁੜਨ ਜਾਂ ਆਜ਼ਾਦ ਰਿਆਸਤ ਬਣ ਜਾਣ ਦਾ ਫੈਸਲਾ ਆਪ ਕਰਨ ਤਾਂ ਕਈ ਰਾਜਿਆਂ ਦੇ ਸਿਰ ਵਿਚ ਇਹ ਕੀੜਾ ਆ ਗਿਆ ਸੀ ਕਿ ਅਸੀਂ ਹੁਣ ਆਜ਼ਾਦ ਦੇਸ਼ ਦੇ ਰਾਜੇ ਬਣ ਸਕਦੇ ਹਾਂ। ਚੁਫੇਰਿਓਂ ਘਿਰੇ ਹੋਏ ਹੈਦਰਾਬਾਦ ਦੇ ਨਿਜ਼ਾਮ ਦਾ ਭਾਰਤ ਨਾਲ ਜੁੜਨ ਤੋਂ ਇਨਕਾਰ ਕਰਨਾ ਅਤੇ ਜੰਮੂ-ਕਸ਼ਮੀਰ ਦੇ ਉਸ ਵਕਤ ਦੇ ਰਾਜੇ ਦਾ ਆਪਣੇ ਆਪ ਨੂੰ ਆਜ਼ਾਦ ਐਲਾਨ ਕਰਨਾ ਵੀ ਇਸੇ ਵਿਚੋਂ ਨਿਕਲਿਆ ਸੀ। ਅਗਲੇ ਦਿਨੀਂ ਜਦੋਂ ਪਾਕਿਸਤਾਨ ਨੇ ਕਬਾਇਲੀ ਲੋਕਾਂ ਦੇ ਭੇਸ ਵਿਚ ਉਥੇ ਫੌਜ ਭੇਜੀ ਤੇ ਜੰਮੂ-ਕਸ਼ਮੀਰ ਉਤੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ, ਉਦੋਂ ਰਾਜੇ ਦੀਆਂ ਚੀਕਾਂ ਨਿਕਲ ਗਈਆਂ ਤੇ ਉਸ ਨੇ ਭਾਰਤ ਨਾਲ ਰਲੇਵੇਂ ਦਾ ਇੱਕ ਬਾਕਾਇਦਾ ਸਮਝੌਤਾ ਕੀਤਾ ਸੀ, ਜੋ ਇੱਕ ਸੰਵਿਧਾਨਕ ਦਸਤਾਵੇਜ਼ ਹੈ।

ਪਾਕਿਸਤਾਨ ਦੀ ਸਰਕਾਰ ਜਿਹੜੀ ਗੱਲ ਨੂੰ ਆਧਾਰ ਬਣਾ ਕੇ ਇਸ ਰਾਜ ਨੂੰ ਵਿਵਾਦ ਦਾ ਵਿਸ਼ਾ ਬਣਾਉਂਦੀ ਹੈ, ਉਹ ਉਸ ਮਾਮਲੇ ਵਿਚ ਯੂ ਐਨ ਓ ਦਾ ਇੱਕ ਮਤਾ ਹੈ, ਜਿਸ ਵਿਚ ਇਸ ਰਾਜ ਦੇ ਲੋਕਾਂ ਦੀ ਰਾਏਸ਼ੁਮਾਰੀ ਕਰਵਾਏ ਜਾਣ ਦੀ ਗੱਲ ਕਹੀ ਗਈ ਹੈ। ਇਸ ਮਤੇ ਨੂੰ ਪਾਕਿਸਤਾਨ ਅਧੂਰੇ ਢੰਗ ਨਾਲ ਪੇਸ਼ ਕਰਦਾ ਹੈ। ਪੂਰੇ ਮਤੇ ਨੂੰ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਇਸ ਵਿਚ ਲੋਕਾਂ ਦੀ ਰਾਏਸ਼ੁਮਾਰੀ ਕਰਾਉਣ ਦੀ ਇੱਕੋ ਇੱਕ ਮੱਦ ਨਹੀਂ, ਉਸ ਦੇ ਨਾਲ ਜੋੜ ਕੇ ਕਈ ਕੁਝ ਹੋਰ ਵੀ ਕਿਹਾ ਗਿਆ ਹੈ। ਉਸ ਮਤੇ ਵਿਚ ਇਹ ਗੱਲ ਵੀ ਦਰਜ ਹੈ ਕਿ ਰਾਏ ਸ਼ੁਮਾਰੀ ਕਰਨ ਤੋਂ ਪਹਿਲਾਂ ਪਾਕਿਸਤਾਨ ਦਾ ਸਾਰਾ ਸਿਵਲ ਅਤੇ ਪੁਲਿਸ ਜਾਂ ਫੌਜੀ ਅਮਲਾ ਇਸ ਰਾਜ ਦੀ ਹੱਦ ਤੋਂ ਬਾਹਰ ਕਰ ਦਿੱਤਾ ਜਾਵੇਗਾ ਤਾਂ ਕਿ ਉਹ ਇਸ ਅਮਲ ਨੂੰ ਪ੍ਰਭਾਵਤ ਨਾ ਕਰ ਸਕਣ। ਦੂਸਰੀ ਗੱਲ ਇਸ ਵਿਚ ਇਹ ਦਰਜ ਮਿਲਦੀ ਹੈ ਕਿ ਜਦੋਂ ਰਾਏਸ਼ੁਮਾਰੀ ਕਰਵਾਈ ਜਾਣੀ ਹੈ, ਭਾਰਤ ਦੇ ਸਿਵਲ ਅਧਿਕਾਰੀ ਇਸ ਕੰਮ ਵਿਚ ਸਹਿਯੋਗ ਕਰਨਗੇ, ਪਰ ਏਦਾਂ ਦੀ ਗੱਲ ਕਿਤੇ ਨਹੀਂ ਲਿਖੀ ਗਈ ਕਿ ਪਾਕਿਸਤਾਨ ਸਰਕਾਰ ਦੇ ਕਿਸੇ ਰਾਜ ਜਾਂ ਕਿਸੇ ਵਿਭਾਗ ਦੇ ਅਧਿਕਾਰੀ ਅਜਿਹੀ ਕੋਈ ਜ਼ਿੰਮੇਵਾਰੀ ਨਿਭਾਉਣਗੇ। ਇਨ੍ਹਾਂ ਦੋਵਾਂ ਗੱਲਾਂ ਲਈ ਪਾਕਿਸਤਾਨ ਕਦੀ ਵੀ ਰਾਜ਼ੀ ਨਹੀਂ ਹੋ ਸਕਦਾ।

ਭਾਰਤ ਸਰਕਾਰ ਵੱਲੋਂ ਜੰਮੂ-ਕਸ਼ਮੀਰ ਵਿਚ ਲੋਕਾਂ ਨੂੰ ਆਪਣੀ ਕਿਸਮਤ ਦਾ ਫੈਸਲਾ ਲੈਣ ਦਾ ਪੂਰਾ ਅਧਿਕਾਰ ਹੈ ਅਤੇ ਇਥੇ ਵਾਰ-ਵਾਰ ਚੋਣਾਂ ਕਰਵਾਈਆਂ ਜਾਂਦੀਆਂ ਹਨ। ਉਥੋਂ ਦੇ ਵਿਗੜੇ ਹੋਏ ਹਾਲਾਤ ਵੇਲੇ ਲਾਇਆ ਗਵਰਨਰੀ ਰਾਜ ਬਹੁਤ ਦੇਰ ਪਹਿਲਾਂ ਖਤਮ ਹੋਣ ਤੋਂ ਬਾਅਦ ਫਿਰ ਲਾਇਆ ਨਹੀਂ ਗਿਆ। ਪਾਕਿਸਤਾਨ ਵਿਚ ਜਦੋਂ ਦੇਸ਼ ਪੱਧਰ ਦੀਆਂ ਚੋਣਾਂ ਹੁੰਦੀਆਂ ਹਨ, ਉਸ ਦੇ ਕਬਜ਼ੇ ਹੇਠਲੇ ਕਸ਼ਮੀਰ ਦੇ ਰਾਜ-ਕਰਤੇ ਵੀ ਨਾਲ ਹੀ ਬਦਲ ਦੇਣ ਦਾ ਰਿਵਾਜ ਪੈ ਚੁੱਕਾ ਹੈ, ਪਰ ਭਾਰਤ ਵਿਚ ਰਾਜ ਮਨਮੋਹਨ ਸਿੰਘ ਦਾ ਹੋਵੇ ਜਾਂ ਨਰਿੰਦਰ ਮੋਦੀ ਆ ਜਾਣ, ਜੰਮੂ-ਕਸ਼ਮੀਰ ਦੇ ਲੋਕਾਂ ਨੇ ਜਿਨ੍ਹਾਂ ਲੀਡਰਾਂ ਨੂੰ ਕਮਾਨ ਸੌਂਪੀ ਹੋਈ ਹੈ, ਉਹੋ ਰਾਜ ਕਰਦੇ ਰਹਿੰਦੇ ਹਨ। ਭਾਰਤ ਵਿਚ ਕਸ਼ਮੀਰ ਦਾ ਕੋਈ ਨਾਗਰਿਕ ਕਿਸੇ ਵੀ ਰਾਜ ਵਿਚ ਚਲਾ ਜਾਵੇ, ਉਹ ਉਥੇ ਜਾ ਕੇ ਆਪਣੀ ਵੋਟ ਬਣਵਾਉਂਦਾ ਤੇ ਪਾਉਂਦਾ ਹੈ, ਫਿਰ ਜੰਮੂ-ਕਸ਼ਮੀਰ ਵਿਚ ਵੋਟਾਂ ਪਾਉਣ ਨਾ ਆਪ ਜਾਂਦਾ ਹੈ ਅਤੇ ਨਾ ਹੀ ਉਸ ਦੇ ਲਈ ਦਿੱਲੀ ਜਾਂ ਕਿਸੇ ਹੋਰ ਥਾਂ ਕੋਈ ਵਿਸ਼ੇਸ਼ ਸੀਟ ਬਣਾ ਕੇ ਚੋਣ ਲੜਨ ਲਈ ਪੇਸ਼ ਕੀਤੀ ਜਾਂਦੀ ਹੈ। ਉਹ ਜਿੱਥੇ ਵੀ ਚਲੇ ਜਾਣ, ਬਰਾਬਰ ਭਾਰਤੀ ਨਾਗਰਿਕ ਹਨ।

ਕਈ ਲੋਕਾਂ ਨੂੰ ਇਹ ਗੱਲ ਹੈਰਾਨੀ ਵਾਲੀ ਲੱਗ ਸਕਦੀ ਹੈ ਕਿ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਦੀ ਚੁਣੀ ਹੋਈ ਦੱਸੀ ਜਾਂਦੀ ਅਸੈਂਬਲੀ ਦੇ ਕੁਝ ਹਲਕੇ ਕਸ਼ਮੀਰ ਤੋਂ ਬਾਹਰ ਇਸਲਾਮਾਬਾਦ, ਕਰਾਚੀ ਤੇ ਹੋਰ ਵੱਡੇ ਸ਼ਹਿਰਾਂ ਦੇ ਬਣਾਏ ਗਏ ਹਨ। ਕਹਿਣ ਨੂੰ ਇਹ ਕਿਹਾ ਜਾਂਦਾ ਹੈ ਕਿ ਜਿਹੜੇ ਲੋਕ ਕਸ਼ਮੀਰ ਦੇ ਮਾੜੇ ਹਾਲਾਤ ਵਿਚ ਉਥੋਂ ਉਠ ਗਏ ਹਨ, ਉਨ੍ਹਾਂ ਨੂੰ ਕਸ਼ਮੀਰ ਦੇ ਚੋਣ ਪ੍ਰਬੰਧ ਵਿਚ ਹਿੱਸਾ ਲੈਣ ਦਾ ਹੱਕ ਦਿੱਤਾ ਹੈ, ਪਰ ਅਮਲ ਵਿਚ ਇਹ ਹੱਕ ਪਾਕਿਸਤਾਨੀ ਸਰਕਾਰਾਂ ਦੇ ਆਪਣੇ ਬੰਦਿਆਂ ਨੂੰ ਉਸ ਰਾਜ ਦੇ ਪ੍ਰਬੰਧ ਉਤੇ ਕਾਬਜ਼ ਰੱਖਣ ਦਾ ਕੁੰਡਾ ਹੈ।

ਅੱਜ ਜਦੋਂ ਇਰਾਕ ਵਿਚ ਅੱਗ ਵਰ੍ਹ ਰਹੀ ਹੈ ਤੇ ਪਾਕਿਸਤਾਨ ਵਿਚ ਵੀ ਹਾਲਾਤ ਸਰਕਾਰ ਦੇ ਹੱਥੋਂ ਨਿਕਲੀ ਜਾ ਰਹੇ ਹਨ, ਉਸ ਸਥਿਤੀ ਨੂੰ ਨੋਟ ਕਰਨ ਦੀ ਲੋੜ ਹੈ। ਇਸ ਹਫਤੇ ਯੂ ਐਨ ਓ ਨੇ ਇਸ ਗੱਲ ਦੀ ਚਿੰਤਾ ਜ਼ਾਹਰ ਕੀਤੀ ਹੈ ਕਿ ਪਾਕਿਸਤਾਨ ਦੇ ਕੁਝ ਖੇਤਰਾਂ ਵਿਚ ਹਾਲਾਤ ਮਾੜੇ ਹੋਣ ਪਿੱਛੋਂ ਉਥੋਂ ਦੇ ਲੋਕ ਅਫਗਾਨਿਸਤਾਨ ਨੂੰ ਸ਼ਰਨਾਰਥੀਆਂ ਦੇ ਰੂਪ ਵਿਚ ਤੁਰੇ ਜਾਂਦੇ ਹਨ। ਚਿੰਤਾ ਦੇ ਨਾਲ ਇਹ ਗੱਲ ਹੈਰਾਨੀ ਵਾਲੀ ਵੀ ਹੈ ਕਿ ਪੈਂਤੀ ਸਾਲ ਪਹਿਲਾਂ ਤਾਂ ਲੋਕਾਂ ਦੇ ਕਾਫਲੇ ਅਫਗਾਨਿਸਤਾਨ ਤੋਂ ਪਾਕਿਸਤਾਨ ਨੂੰ ਜਾਂਦੇ ਹੁੰਦੇ ਸਨ, ਹੁਣ ਪਾਕਿਸਤਾਨੀ ਲੋਕਾਂ ਦੇ ਕਾਫਲੇ ਉਸ ਮੁਲਕ ਵੱਲ ਚੱਲ ਪਏ ਹਨ। ਇਹ ਕਾਫਲੇ ਕੱਲ੍ਹ ਨੂੰ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਤੋਂ ਭਾਰਤ ਵੱਲ ਵੀ ਆਉਣ ਦੀ ਸੰਭਾਵਨਾ ਰੱਦ ਨਹੀਂ ਕੀਤੀ ਜਾ ਸਕਦੀ। ਜਦੋਂ ਆਉਣਗੇ ਤਾਂ ਸਿਰਫ ਕਾਫਲੇ ਨਹੀਂ ਆਉਣਗੇ, ਹਾਫਿਜ਼ ਸਈਦ ਵਾਲੀ ਧਾੜ ਵੀ ਆਵੇਗੀ। ਭਾਰਤ ਦੇ ਕੇਂਦਰੀ ਅਤੇ ਸੂਬਾਈ ਹਾਕਮਾਂ ਨੂੰ ਉਸ ਬਾਰੇ ਅਗਾਊਂ ਸੋਚਣਾ ਪਵੇਗਾ।

ਅਸੀਂ ਪਿਛਲੇ ਕੁਝ ਸਾਲਾਂ ਤੋਂ ਕੇਂਦਰ ਅਤੇ ਰਾਜਾਂ ਦੇ ਰਾਜ ਕਰਤਿਆਂ ਵਿਚਾਲੇ ਸਬੰਧਾਂ ਵਿਚ ਕੁੜੱਤਣ ਦੇ ਕਈ ਦੌਰ ਵੇਖੇ ਹਨ, ਜਿਨ੍ਹਾਂ ਦੇ ਸਾਹਮਣੇ ਆਉਣ ਪਿੱਛੋਂ ਹਰ ਵਾਰੀ ਕਿਹਾ ਜਾਂਦਾ ਹੈ ਕਿ ਇਹ ਤਾਂ ਹੱਦ ਹੀ ਹੋ ਗਈ ਹੈ, ਪਰ ਕੁਝ ਚਿਰ ਪਿੱਛੋਂ ਉਸ ਹੱਦ ਤੋਂ ਅੱਗੇ ਦਾ ਨਜ਼ਾਰਾ ਵੀ ਪੇਸ਼ ਹੋ ਜਾਂਦਾ ਹੈ। ਬੰਗਲਾ ਦੇਸ਼ ਦੀ ਜੰਗ ਵੇਲੇ ਇੰਦਰਾ ਗਾਂਧੀ ਨੂੰ ਜਿਵੇਂ ਦੁਰਗਾ ਕਹਿ ਕੇ ਵਾਜਪਾਈ ਨੇ ਸਾਰੇ ਦੇਸ਼ ਦੇ ਇੱਕ ਹੋਣ ਦਾ ਝੰਡਾ ਉਚਾ ਕੀਤਾ ਸੀ, ਕਾਰਗਿਲ ਦੀ ਜੰਗ ਦੇ ਸਮੇਂ ਸੋਨੀਆ ਗਾਂਧੀ ਨੇ ਵਾਜਪਾਈ ਨੂੰ ਮੁਕੰਮਲ ਹਮਾਇਤ ਦਾ ਯਕੀਨ ਦਿਵਾਇਆ ਸੀ, ਭਾਰਤੀ ਰਾਜਨੀਤੀ ਨੂੰ ਅੱਜ ਵੀ ਉਸ ਅਮਲ ਦਾ ਚੇਤਾ ਰੱਖ ਕੇ ਚੱਲਣਾ ਚਾਹੀਦਾ ਹੈ। ਇਹ ਤਦੇ ਹੋ ਸਕਦਾ ਹੈ, ਜੇ ਮੱਤਭੇਦ ਰੱਖਦੇ ਹੋਏ ਵੀ ਆਪਸ ਵਿਚ ਗੱਲ ਕਰਨ ਦੀ ਗੁੰਜਾਇਸ਼ ਰੱਖੀ ਜਾ ਸਕੇ। ਸਾਡੀ ਵਿਰਾਸਤ ਇਥੇ ਪਹੁੰਚ ਗਈ ਹੈ ਕਿ ਜਿਸ ਨਾਲ ਰਾਜਸੀ ਪੱਖੋਂ ਕੁਝ ਮੱਤਭੇਦ ਹਨ, ਉਸ ਨਾਲ ਅੱਖ ਮਿਲਾ ਸਕਣ ਦੀ ਗੁੰਜਾਇਸ਼ ਵੀ ਕਈ ਵਾਰੀ ਲੱਭਣੀ ਔਖੀ ਹੋ ਜਾਂਦੀ ਹੈ ਤੇ ਜਦੋਂ ਕੋਈ ਗੱਲ ਕਰਨ ਦੀ ਲੋੜ ਪਵੇ, ਜਿਸ ਨਾਲ ਕਰਨੀ ਹੈ, ਉਸ ਦੀ ਥਾਂ ਕੰਧ ਵੱਲ ਵੇਖ ਕੇ ਕਰਨੀ ਪੈਂਦੀ ਹੈ। ਸੰਕਟ ਦੀ ਦੰਦੀ ਉਤੇ ਖੜਾ ਹੋਇਆ ਇਹ ਦੇਸ਼ ਜਿਸ ਘੱਟੋ-ਘੱਟ ਰਾਜਨੀਤਕ ਸੁਹਿਰਦਤਾ ਦੀ ਮੰਗ ਕਰਦਾ ਹੈ, ਜੰਮੂ-ਕਸ਼ਮੀਰ ਦੇ ਵਿਸ਼ੇਸ਼ ਹਾਲਾਤ ਕਾਰਨ ਇਸ ਮਾਮਲੇ ਵਿਚ ਹੋਰ ਜ਼ਰੂਰੀ ਬਣ ਜਾਂਦੀ ਹੈ। ਇਹ ਮੰਨ ਲੈਣਾ ਪਵੇਗਾ ਕਿ ਨਵੇਂ ਪ੍ਰਧਾਨ ਮੰਤਰੀ ਦੀ ਜੰਮੂ-ਕਸ਼ਮੀਰ ਦੀ ਪਹਿਲੀ ਯਾਤਰਾ ਵੇਲੇ ਜਿਹੜਾ ਸਾਂਝਾ ਸੰਕੇਤ ਦਿੱਤਾ ਜਾ ਸਕਦਾ ਸੀ, ਉਹ ਦੇਣ ਵਿਚ ਭਾਰਤ ਦੀ ਰਾਜਸੀ ਲੀਡਰਸ਼ਿਪ ਇੱਕ ਵਾਰ ਖੁੰਝ ਗਈ ਹੈ। ਜੇ ਇਸ ਮਾਮਲੇ ਵਿਚ ਕੌੜ-ਫਿੱਕ ਨੂੰ ਲਾਂਭੇ ਨਾ ਰੱਖਿਆ ਗਿਆ ਤਾਂ ਇਹ ਵਿਹਾਰ ਇਸ ਦੇਸ਼ ਲਈ ਵੀ ਘਾਟੇਵੰਦਾ ਰਹੇਗਾ, ਅਤੇ ਦੇਸ਼ ਦੇ ਲੀਡਰਾਂ ਲਈ ਵੀ।

*ਇਹ ਮੰਨ ਲੈਣਾ ਪਵੇਗਾ ਕਿ ਨਵੇਂ ਪ੍ਰਧਾਨ ਮੰਤਰੀ ਦੀ ਜੰਮੂ-ਕਸ਼ਮੀਰ ਦੀ ਪਹਿਲੀ ਯਾਤਰਾ ਵੇਲੇ ਜਿਹੜਾ ਸਾਂਝਾ ਸੰਕੇਤ ਦਿੱਤਾ ਜਾ ਸਕਦਾ ਸੀ, ਉਹ ਦੇਣ ਵਿਚ ਭਾਰਤ ਦੀ ਰਾਜਸੀ ਲੀਡਰਸ਼ਿਪ ਇੱਕ ਵਾਰ ਖੁੰਝ ਗਈ ਹੈ। ਜੇ ਇਸ ਮਾਮਲੇ ਵਿਚ ਕੌੜ-ਫਿੱਕ ਨੂੰ ਲਾਂਭੇ ਨਾ ਰੱਖਿਆ ਗਿਆ ਤਾਂ ਇਹ ਵਿਹਾਰ ਇਸ ਦੇਸ਼ ਲਈ ਵੀ ਘਾਟੇਵੰਦਾ ਰਹੇਗਾ, ਅਤੇ ਦੇਸ਼ ਦੇ ਲੀਡਰਾਂ ਲਈ ਵੀ।*



*ਨਰਿੰਦਰ ਮੋਦੀ ਅਤੇ ਉਮਰ ਅਬਦੁੱਲਾ*




10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ
24/7 Customer Service Available
Same rate for lanline and mobile.
ਟੌਲ ਫਰੀ ਨੰਬਰ 1-888-652-6268
732-983-4332/4333

# ਕਾਲਿਆਂ ਵਾਲੇ ਖੂਹ ਦੇ ਇਤਿਹਾਸਕ ਹੋਣ ਬਾਰੇ ਖੜ੍ਹੇ ਹੋਏ ਸ਼ੰਕੇ

**ਚੰਡੀਗੜ੍ਹ:** ਅੰਮ੍ਰਿਤਸਰ ਦੀ ਤਹਿਸੀਲ ਅਜਨਾਲਾ ਵਿਖੇ 'ਕਾਲਿਆਂ ਵਾਲੇ ਖੂਹ' ਵਿਚੋਂ ਮਿਲੀਆਂ ਅਸਥੀਆਂ ਬਾਰੇ ਕਈ ਸਵਾਲ ਖੜੇ ਹੋ ਗਏ ਹਨ। ਕੇਂਦਰੀ ਪੁਰਾਲੇਖ ਵਿਭਾਗ ਨਵੀਂ ਦਿੱਲੀ ਦੇ ਇਤਿਹਾਸਕ ਖ਼ਜ਼ਾਨੇ ਵਿਚੋਂ ਇਸ ਦੀ ਖੋਜ ਕਰਨ ਗਈ ਪੰਜਾਬ ਸਰਕਾਰ ਦੇ ਪੁਰਾਲੇਖ ਵਿਭਾਗ ਦੀ ਟੀਮ ਬੇਰੰਗ ਮੁੜ ਆਈ ਹੈ। ਟੀਮ ਨੇ ਕੁਝ ਦਿਨ ਦਿੱਲੀ ਰਹਿ ਕੇ ਵਿਭਾਗ ਕੋਲ ਮੌਜੂਦ ਬੇਸ਼ੁਮਾਰ ਇਤਿਹਾਸਕ ਰਿਕਾਰਡ ਦੀ ਬਾਰੀਕੀ ਨਾਲ ਛਾਣਬੀਣ ਕੀਤੀ। ਇਸ ਛਾਣਬੀਣ ਦੌਰਾਨ ਟੀਮ ਨੇ 1857 ਤੇ ਉਸ ਸਮੇਂ ਦੇ ਨੇੜੇ-ਤੇੜੇ ਦੇ ਕਈ ਫ਼ਾਰਸੀ ਤੇ ਉਰਦੂ ਅਖਬਾਰ ਵੀ ਛਾਣ ਮਾਰੇ ਤੇ ਕਈ ਪੁਸਤਕਾਂ ਤੇ ਤਤਕਰੇ ਵੀ ਘੋਖੇ।

ਸੂਤਰਾਂ ਮੁਤਾਬਕ ਜਿਨ੍ਹਾਂ ਵਿਅਕਤੀਆਂ ਦੇ ਭਾਰਤੀ ਫੌਜੀ ਹੋਣ ਬਾਰੇ ਤੇ ਅੰਗਰੇਜ਼ਾਂ ਹੱਥੋਂ ਸ਼ਹੀਦ ਹੋਣ ਦੀ ਗੱਲ ਇਤਿਹਾਸਕਾਰਾਂ ਦੇ ਇਕ ਧੜੇ ਵੱਲੋਂ ਕੀਤੀ ਜਾ ਰਹੀ ਹੈ, ਰਿਕਾਰਡ ਵਿਚ ਟੀਮ ਨੂੰ ਉਨ੍ਹਾਂ ਫੌਜੀਆਂ ਬਾਰੇ ਤਾਂ ਦੂਰ ਦੀ ਗੱਲ, ਬਲਕਿ ਅਜਨਾਲਾ ਨਾਲ ਜੁੜੀ ਅਜਿਹੀ ਕਿਸੇ ਘਟਨਾ ਤੱਕ ਦਾ ਜ਼ਿਕਰ ਮਾਤਰ ਵੀ ਨਹੀਂ ਮਿਲਿਆ। ਰਿਕਾਰਡ ਵਿਚ ਅੰਬਾਲਾ, ਲਾਹੌਰ ਤੇ ਹੋਰ ਖੇਤਰਾਂ ਨਾਲ ਜੁੜੇ ਘਟਨਾਕ੍ਰਮਾਂ ਦਾ ਜ਼ਿਕਰ ਤਾਂ ਮਿਲਿਆ ਪਰ ਅੰਮ੍ਰਿਤਸਰ ਨਾਲ ਸਬੰਧਤ ਉਪਰੋਕਤ ਵੇਰਵੇ ਨਹੀਂ ਮਿਲ ਸਕੇ। ਕੁਝ ਇਤਿਹਾਸਕਾਰਾਂ ਵੱਲੋਂ ਅਜਨਾਲਾ ਦੇ ਖੂਹ ਬਾਰੇ



ਜਿਸ ਤਰ੍ਹਾਂ ਦੇ ਦਾਅਵੇ ਕੀਤੇ ਜਾ ਰਹੇ ਹਨ, ਉਸ ਹਿਸਾਬ ਨਾਲ ਤਾਂ ਦਿੱਲੀਓਂ ਇਸ ਮਾਮਲੇ ਬਾਰੇ ਕੋਈ ਥਹੁ-ਪਤਾ ਮਿਲਣਾ ਚਾਹੀਦਾ ਸੀ। ਟੀਮ ਨੇ ਸਰਕਾਰ ਨੂੰ ਦਿੱਤੀ ਆਪਣੀ ਰਿਪੋਰਟ ਵਿਚ ਦੱਸਿਆ ਹੈ ਕਿ ਉਨ੍ਹਾਂ ਨੂੰ ਭਾਰਤੀ ਪੁਰਾਲੇਖ ਵਿਭਾਗ ਦੇ ਰਿਕਾਰਡ ਵਿਚੋਂ ਅਜਨਾਲਾ ਖੂਹ ਬਾਰੇ ਵੇਰਵੇ ਨਹੀਂ ਮਿਲੇ ਹਨ। ਭਾਰਤੀ ਪੁਰਾਲੇਖ ਵਿਭਾਗ ਦੇ ਸਹਾਇਕ ਡਾਇਰੈਕਟਰ ਸ੍ਰੀ ਰਾਜਮਣੀ ਮੁਤਾਬਕ ਵੀ ਟੀਮ ਜੋ ਭਾਲਣ ਆਈ ਸੀ, ਕਾਫੀ ਖੋਜਬੀਣ ਦੇ ਬਾਵਜੂਦ ਉਹ ਵੇਰਵੇ ਉਸ ਨੂੰ ਨਹੀਂ ਮਿਲੇ। ਟੀਮ ਵਿਚ ਪੰਜਾਬ ਪੁਰਾਲੇਖ ਵਿਭਾਗ ਦੇ ਅਧਿਕਾਰੀ ਮੁਹੱਈਊਦੀਨ ਫਾਰੂਖ਼ ਵੀ ਸ਼ਾਮਲ ਸਨ।

ਮਿਲੀ ਜਾਣਕਾਰੀ ਮੁਤਾਬਕ ਲੰਘੇ ਫਰਵਰੀ ਮਹੀਨੇ ਦੌਰਾਨ ਅਜਨਾਲਾ ਦੇ ਖੂਹ ਦੀ ਕੀਤੀ ਖੁਦਾਈ ਦੌਰਾਨ ਉਥੋਂ ਸੈਂਕੜੇ ਵਿਅਕਤੀਆਂ ਦੀਆਂ ਅਸਥੀਆਂ ਤੇ ਹੋਰ ਸਾਮਾਨ ਮਿਲਣ 'ਤੇ ਇਤਿਹਾਸਕਾਰ ਸੁਰਿੰਦਰ ਕੋਛੜ ਨੇ ਜਨਤਕ ਤੌਰ 'ਤੇ ਇਹ ਦਾਅਵਾ ਕੀਤਾ ਸੀ ਕਿ ਇਹ ਅਸਥੀਆਂ ਉਨ੍ਹਾਂ ਸ਼ਹੀਦ ਫੌਜੀਆਂ ਦੀਆਂ ਹਨ, ਜਿਨ੍ਹਾਂ ਨੇ 1857 ਦੇ ਵਿਦਰੋਹ ਦੌਰਾਨ ਬ੍ਰਿਟਿਸ਼ ਫੌਜ ਵਿਚ ਹੁੰਦਿਆਂ ਅੰਗਰੇਜ਼ੀ ਹਕੂਮਤ ਖਿਲਾਫ਼ ਬਗਾਵਤ ਕੀਤੀ ਸੀ, ਜਿਨ੍ਹਾਂ ਨੂੰ ਅੰਗਰੇਜ਼ੀ ਫੌਜ ਨੇ ਇਸ ਖੂਹ ਵਿਚ ਦੱਬ ਦਿੱਤਾ ਸੀ ਪਰ ਪ੍ਰੋਫੈਸਰ ਆਫ਼ ਸਿੱਖਇਜ਼ਮ ਦੀ ਉਪਾਧੀ ਨਾਲ ਸਨਮਾਨਤ ਉਘੇ ਇਤਿਹਾਸਕਾਰ ਡਾ. ਕ੍ਰਿਪਾਲ ਸਿੰਘ ਹਿਸਟੋਰੀਅਨ, ਡਾ. ਗੁਰਦਰਸ਼ਨ ਸਿੰਘ ਢਿੱਲੋਂ, ਇੰਸਟੀਚਿਊਟ ਆਫ਼ ਸਿੱਖ ਸਟੱਡੀਜ਼ ਦੀ ਡਾ. ਬੀਰਇੰਦਰਾ ਕੌਰ ਤੇ ਹੋਰ ਇਤਿਹਾਸਕਾਰਾਂ ਦਾ ਕਹਿਣਾ ਸੀ ਕਿ 'ਕਾਲਿਆਂ ਵਾਲਾ ਖੂਹ' ਵਿਚ 'ਕਾਲਾ' ਸ਼ਬਦ ਉਸ ਵੇਲੇ ਪੂਰਬੀਏ ਫੌਜੀਆਂ ਲਈ ਵਰਤਿਆ ਗਿਆ ਸੀ ਜਿਹੜੇ 1857 ਤੋਂ ਪਹਿਲਾਂ ਬ੍ਰਿਟਿਸ਼ ਫੌਜ ਨਾਲ ਮਿਲ ਕੇ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਖਿਲਾਫ਼ ਲੜਦੇ ਰਹੇ ਸਨ ਤੇ ਉਨ੍ਹਾਂ ਨੇ ਅੰਗਰੇਜ਼ਾਂ ਨਾਲ ਮਿਲ ਕੇ ਸਿੱਖਾਂ ਦਾ ਉਜਾੜਾ ਕੀਤਾ ਸੀ ਤੇ ਸਿੱਖ ਬੀਬੀਆਂ ਦੀ ਇੱਜ਼ਤ ਰੋਲੀ ਸੀ। ਡਾ. ਹਿਸਟੋਰੀਅਨ ਦਾ ਕਹਿਣਾ ਸੀ ਕਿ ਜਿਨ੍ਹਾਂ ਦੀਆਂ ਅਸਥੀਆਂ ਇਸ ਖੂਹ ਵਿਚੋਂ ਮਿਲੀਆਂ ਹਨ, ਇਹ ਲਾਹੌਰ ਵਿਚ ਬ੍ਰਿਟਿਸ਼ ਫੌਜ ਵਿਚ ਸ਼ਾਮਲ ਸਨ, ਪਰ ਚਰਬੀ ਵਾਲੇ ਕਾਰਤੂਸਾਂ ਨੂੰ ਲੈ ਕੇ ਇਹ ਬ੍ਰਿਟਿਸ਼ ਫੌਜ ਤੋਂ ਬਾਗੀ ਹੋ ਗਏ ਸਨ ਤੇ ਇਨ੍ਹਾਂ ਬਾਗੀ ਪੂਰਬੀਆਂ ਦਾ ਆਜ਼ਾਦੀ ਦੀ ਲੜਾਈ ਨਾਲ ਕੋਈ ਸਰੋਕਾਰ ਨਹੀਂ ਸੀ ਤੇ ਨਾ ਹੀ 1857 ਦਾ ਵਿਦਰੋਹ 'ਆਜ਼ਾਦੀ ਦੀ ਪਹਿਲੀ ਲੜਾਈ' ਸੀ। ਖੂਹ ਦੇ ਇਸ ਵਧਦੇ ਵਿਵਾਦ ਨੂੰ ਵੇਖਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸੀਨੀਅਰ ਆਈ.ਏ.ਐਸ. ਅਧਿਕਾਰੀ ਐਸ. ਐਸ. ਚੰਨੀ ਸਮੇਤ ਪੰਜਾਬ ਪੁਰਾਲੇਖ ਵਿਭਾਗ ਨੂੰ ਮਾਮਲੇ ਦੀ ਜਾਂਚ ਪੜਤਾਲ ਕਰਨ ਦੇ ਹੁਕਮ ਦਿੱਤੇ ਸਨ।

## ਪੁਰਾਲੇਖ ਵਿਭਾਗ 'ਤੇ ਗੁੰਮਰਾਹ ਕਰਨ ਦੇ ਦੋਸ਼

ਇਤਿਹਾਸਕਾਰ ਸੁਰਿੰਦਰ ਕੋਛੜ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਦੇ ਪੁਰਾਲੇਖ ਵਿਭਾਗ ਵੱਲੋਂ ਕੇਂਦਰੀ ਪੁਰਾਲੇਖ ਵਿਭਾਗ ਨਵੀਂ ਦਿੱਲੀ ਦੇ ਇਤਿਹਾਸਕ ਖ਼ਜ਼ਾਨੇ ਦੀ ਖੋਜ ਕਰ ਕੇ ਉਸ ਵਿਚੋਂ 1857 ਦੇ ਅਜਨਾਲੇ ਦੇ ਖ਼ੂਨੀ ਸਾਕੇ ਬਾਰੇ ਕੋਈ ਜਾਣਕਾਰੀ ਪ੍ਰਾਪਤ ਨਾ ਕਰ ਸਕਣਾ, ਪੰਜਾਬ ਪੁਰਾਲੇਖ਼ ਵਿਭਾਗ ਦੀ ਇਤਿਹਾਸ ਬਾਰੇ ਗਿਆਨ ਦੀ ਕਮੀ ਦਾ ਨਤੀਜਾ ਹੈ।

ਉਨ੍ਹਾਂ ਕਿਹਾ ਕਿ ਉਪਰੋਕਤ ਵਿਭਾਗ ਜਿਨ੍ਹਾਂ ਦਸਤਾਵੇਜ਼ਾਂ ਦੀ ਬਾਰੀਕੀ ਨਾਲ ਛਾਣਬੀਣ ਕਰਨ ਹਿੱਤ ਕਈ ਦਿਨਾਂ ਤੱਕ ਸਰਕਾਰੀ ਖਰਚੇ ਦੀ ਦੁਰਵਰਤੋਂ ਕਰ ਕੇ ਦਿੱਲੀ ਖੱਜਲ-ਖ਼ੁਆਰ ਹੁੰਦਾ ਰਿਹਾ ਹੈ, ਉਸ ਬਾਰੇ ਤਕਰੀਬਨ ਇਕ ਦਰਜਨ ਤੋਂ ਵਧੇਰੇ ਪ੍ਰਮਾਣਿਕ ਦਸਤਾਵੇਜ਼ ਉਹ ਚਾਰ ਮਹੀਨੇ ਪਹਿਲਾਂ ਸੌਂਪ ਚੁੱਕੇ ਹਨ। ਸ੍ਰੀ ਕੋਛੜ ਨੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਉਪਰੋਕਤ ਵਿਭਾਗ ਨੇ ਜਿਨ੍ਹਾਂ ਨਿੱਜੀ ਸਵਾਰਥਾਂ ਕਰ ਕੇ ਇਹ ਗੁੰਮਰਾਹ ਕਰਨ ਵਾਲਾ ਬਿਆਨ ਜਾਰੀ ਕੀਤਾ ਹੈ, ਇਸ ਲਈ ਇਸ ਬਾਰੇ ਜਾਂਚ ਕਰਵਾਈ ਜਾਵੇ।

# ਦੋ ਸਾਲਾਂ ਵਿਚ ਨਸ਼ਾ ਮੁਕਤ ਹੋ ਜਾਵੇਗਾ ਪੰਜਾਬ: ਬਾਦਲ

**ਜਲੰਧਰ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦਾਅਵਾ ਕੀਤਾ ਹੈ ਕਿ ਪੰਜਾਬ ਸਰਕਾਰ ਨਸ਼ੇ ਦੇ ਖਾਤਮੇ ਲਈ ਪੂਰੀ ਤਰ੍ਹਾਂ ਦ੍ਰਿੜ੍ਹ ਹੈ ਤੇ ਆਉਂਦੇ ਦੋ ਸਾਲਾਂ ਵਿਚ ਪੰਜਾਬ ਨਸ਼ਾ ਮੁਕਤ ਸੂਬਾ ਬਣ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿਚ 80 ਫੀਸਦੀ ਤੱਕ ਨਸ਼ੇ ਦੀ ਤਸਕਰੀ 'ਤੇ ਕਾਬੂ ਪਾਇਆ ਜਾ ਚੁੱਕਾ ਹੈ ਤੇ ਪੂਰੀ ਤਰ੍ਹਾਂ ਕਾਬੂ ਪਾਉਣ ਲਈ ਵਿਸ਼ੇਸ਼ ਅਧਿਕਾਰੀਆਂ ਨੂੰ ਨਿਯੁਕਤ ਕੀਤਾ ਗਿਆ ਹੈ। ਇਸ ਸਮੇਂ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਸਥਿਤ ਨਸ਼ਾ ਛੁਡਾਊ ਕੇਂਦਰਾਂ ਵਿਚ ਤਕਰੀਬਨ 600 ਮਰੀਜ਼ ਦਾਖਲ ਹਨ ਤੇ ਇਸ ਤੋਂ ਇਲਾਵਾ ਬਾਕੀ ਮਰੀਜ਼ ਓ.ਪੀ.ਡੀ. ਤੋਂ ਵੀ ਦਵਾਈ ਲੈ ਰਹੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕੇਂਦਰ ਦੇ ਸਹਿਯੋਗ ਨਾਲ ਹਰ ਜ਼ਿਲ੍ਹੇ ਵਿਚ ਚਾਰ ਕਰੋੜ ਰੁਪਏ ਖ਼ਰਚ ਕਰਕੇ



ਵਿਸ਼ੇਸ਼ ਇਮਾਰਤਾਂ ਬਣਾਈਆਂ ਜਾ ਰਹੀਆਂ ਹਨ, ਜਿਨ੍ਹਾਂ ਵਿਚ ਆਉਣ ਵਾਲੇ ਨਸ਼ੇ ਦੇ ਆਦੀ ਮਰੀਜ਼ਾਂ ਦਾ ਨਸ਼ਾ ਛੁਡਾਉਣ ਤੋਂ ਇਲਾਵਾ ਉਨ੍ਹਾਂ ਦੇ ਦਿਮਾਗੀ ਵਿਕਾਸ ਲਈ ਸਕੀਮਾਂ ਨੂੰ ਅਮਲੀਜਾਮਾ ਪਹਿਨਾਇਆ ਜਾ ਰਿਹਾ ਹੈ ਤੇ ਇਹ ਇਮਾਰਤਾਂ ਅਗਲੇ ਤਿੰਨ ਮਹੀਨਿਆਂ ਵਿਚ ਬਣ ਜਾਣਗੀਆਂ। ਉਨ੍ਹਾਂ ਕਿਹਾ ਕਿ ਨਸ਼ੇ ਦੀ ਤਸਕਰੀ ਵਿਚ ਸ਼ਾਮਲ ਕਿਸੇ ਵੀ ਨੇਤਾ, ਅਧਿਕਾਰੀ ਜਾਂ ਵਿਸ਼ੇਸ਼ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਤੇ ਉਸ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਵੱਲੋਂ ਨਸ਼ਾ ਛੁਡਾਉ ਕੇਂਦਰਾਂ ਵਿਚ ਇਲਾਜ ਲਈ ਦਾਖਲ ਨੌਜਵਾਨਾਂ ਨੂੰ ਖੁਦ ਮਿਲ ਕੇ ਉਨ੍ਹਾਂ ਨੂੰ ਮੁੱਖ ਧਾਰਾ ਵਿਚ ਲਿਆਉਣ ਦੇ ਯਤਨ ਕੀਤੇ ਜਾ ਰਹੇ ਹਨ।

# ਸ਼੍ਰੋਮਣੀ ਕਮੇਟੀ ਨੇ ਮੱਧ ਪ੍ਰਦੇਸ਼ ਸਰਕਾਰ ਕੋਲ ਪ੍ਰਗਟਾਇਆ ਰੋਸ

**ਅੰਮ੍ਰਿਤਸਰ:** ਇੰਦੌਰ ਵਿਖੇ ਦੇਵੀ ਅਹੀਲਿਆ ਯੂਨੀਵਰਸਿਟੀ ਵਿਚ ਰਾਸ਼ਟਰਪਤੀ ਪ੍ਰਣਬ ਮੁਖਰਜੀ ਦੀ ਸ਼ਮੂਲੀਅਤ ਵਾਲੇ ਕਾਨਵੋਕੇਸ਼ਨ ਸਮਾਗਮ ਦੌਰਾਨ ਅੰਮ੍ਰਿਤਧਾਰੀ ਸਿੱਖ ਪ੍ਰੋਫੈਸਰ ਡਾ. ਮਨਮਿੰਦਰ ਸਿੰਘ ਸਲੂਜਾ ਨੂੰ ਸ੍ਰੀ ਸਾਹਿਬ ਪਹਿਨ ਕੇ ਅੰਦਰ ਨਾ ਜਾਣ ਦੇਣ ਦੀ ਸ਼੍ਰੋਮਣੀ ਕਮੇਟੀ ਨੇ ਸਖਤ ਨਿਖੇਧੀ ਕੀਤੀ ਹੈ।

ਵਧੀਕ ਸਕੱਤਰ ਸ਼੍ਰੋਮਣੀ ਕਮੇਟੀ ਦਿਲਜੀਤ ਸਿੰਘ ਬੇਦੀ ਨੇ ਕਿਹਾ ਕਿ ਯੂਨੀਵਰਸਿਟੀ ਦੇ ਕਾਨਵੋਕੇਸ਼ਨ ਸਮਾਗਮ ਸਮੇਂ ਸੁਰੱਖਿਆ ਅਮਲੇ ਵੱਲੋਂ ਅੰਮ੍ਰਿਤਧਾਰੀ ਸਿੱਖ ਡਾਕਟਰ ਮਨਮਿੰਦਰ ਸਿੰਘ ਸਲੂਜਾ ਨੂੰ ਇਸ ਕਰਕੇ ਅੰਦਰ ਜਾਣੋ ਰੋਕ ਦਿੱਤਾ ਗਿਆ ਕਿ ਉਸ ਨੇ ਸ੍ਰੀ ਸਾਹਿਬ ਪਾਈ ਹੈ। ਸੁਰੱਖਿਆ ਅਮਲੇ ਵੱਲੋਂ ਕੀਤੀ ਇਸ ਕਾਰਵਾਈ ਨਾਲ ਸਿੱਖ ਕੌਮ ਵਿਚ ਭਾਰੀ ਰੋਸ ਹੈ। ਉਨ੍ਹਾਂ ਕਿਹਾ ਕਿ ਉਸੇ ਯੂਨੀਵਰਸਿਟੀ ਦੇ ਪ੍ਰੋਫੈਸਰ ਨੂੰ ਸੁਰੱਖਿਆ ਅਮਲੇ ਵੱਲੋਂ ਰੋਕਣਾ ਹੋਰ ਵੀ ਮੰਦਭਾਗਾ ਹੈ ਕਿਉਂਕਿ ਕਨਵੋਕੇਸ਼ਨ ਸਮਾਗਮ ਵਿਚ ਸ਼ਿਰਕਤ ਕਰਨ ਲਈ ਸ. ਸਲੂਜਾ ਕੋਲ ਬਕਾਇਦਾ ਦਾਖਲਾ ਪਾਸ ਵੀ ਸੀ।

ਉਨ੍ਹਾਂ ਮੱਧ ਪ੍ਰਦੇਸ਼ ਸਰਕਾਰ ਤੋਂ ਮੰਗ ਕੀਤੀ ਕਿ ਇਸ ਦੀ ਉੱਚ ਪੱਧਰੀ ਜਾਂਚ ਕੀਤੀ ਜਾਵੇ ਤੇ ਅੰਮ੍ਰਿਤਧਾਰੀ ਪ੍ਰੋਫੈਸਰ ਨੂੰ ਰੋਕਣ ਵਾਲੇ ਅਧਿਕਾਰੀਆਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।

# ਤਖਤ ਸ੍ਰੀ ਹਜ਼ੂਰ ਸਾਹਿਬ ਬੋਰਡ ਦਾ ਵਿਵਾਦ ਬਰਕਰਾਰ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਲ ਇੰਡੀਆ ਗੁਰਦੁਆਰਾ ਐਕਟ ਲਾਗੂ ਕਰਵਾਉਣ ਦੀਆਂ ਕੋਸ਼ਿਸ਼ਾਂ ਦਾ ਵਿਰੋਧ ਕਰ ਰਹੇ ਦੱਖਣ ਭਾਰਤੀ ਸਿੱਖਾਂ ਦੀ ਪ੍ਰਮੁੱਖ ਧਾਰਮਿਕ ਸੰਸਥਾ ਗੁਰਦੁਆਰਾ ਤਖ਼ਤ ਸੱਚਖੰਡ ਬੋਰਡ ਨਾਂਦੇੜ ਦੇ ਕਾਨੂੰਨ 1956 ਵਿਚ ਸੋਧ ਨੂੰ ਲੈ ਕੇ ਸਾਬਕਾ ਜੱਜ ਸ. ਜਗਮੋਹਨ ਸਿੰਘ ਭਾਟੀਆ ਦੀ ਅਗਵਾਈ ਵਿਚ ਹੋਈ ਬੈਠਕ ਦੌਰਾਨ ਬਹੁਤਾਤ ਮੈਂਬਰਾਂ ਵੱਲੋਂ ਸ਼੍ਰੋਮਣੀ ਕਮੇਟੀ ਤੇ ਚੀਫ਼ ਖ਼ਾਲਸਾ ਦੀਵਾਨ ਦੇ ਨਿਯੁਕਤ ਮੈਂਬਰਾਂ ਦੀ ਗਿਣਤੀ ਘਟਾ ਕੇ ਸਥਾਨਕ ਸਿੱਖਾਂ ਨੂੰ ਨੁਮਾਇੰਦਗੀ ਦੇਣ ਦੀ ਮੰਗ ਉਠਾਈ ਗਈ।

ਮਿਲੀ ਜਾਣਕਾਰੀ ਮੁਤਾਬਕ ਮਹਾਰਾਸ਼ਟਰ ਸਰਕਾਰ ਤਖ਼ਤ ਸੱਚਖੰਡ ਬੋਰਡ ਦੇ ਮੌਜੂਦਾ ਕਾਨੂੰਨ ਵਿਚ ਸੋਧ ਲਈ ਪਿਛਲੇ ਤਿੰਨ ਮਹੀਨੇ ਤੋਂ ਕਾਰਵਾਈ ਕਰ ਰਹੀ ਹੈ, ਜਿਸ ਤਹਿਤ ਨਾਂਦੇੜ ਡਿਪਟੀ ਕਮਿਸ਼ਨਰ ਦਫ਼ਤਰ ਦੇ ਯੋਜਨਾ ਭਵਨ ਵਿਖੇ ਗੁਰਦੁਆਰਾ ਬੋਰਡ ਐਕਟ ਸੋਧ ਸੰਮਤੀ ਦੀ ਰੱਖੀ ਗਈ ਬੈਠਕ ਵਿਚ ਵੱਡੀ ਗਿਣਤੀ ਸਿੱਖ ਸਮਾਜ ਦੇ ਮੈਂਬਰਾਂ ਨੇ ਹਿੱਸਾ ਲਿਆ। ਬੋਰਡ ਦੇ ਪ੍ਰਸ਼ਾਸਕੀ ਚੇਅਰਮੈਨ ਵਿਜੇ ਸਤਬੀਰ ਸਿੰਘ ਦੀ ਗੈਰ ਹਾਜ਼ਰੀ ਵਿਚ ਤਕਰੀਬਨ ਢਾਈ ਘੰਟੇ ਚੱਲੀ ਇਸ ਬੈਠਕ ਦੌਰਾਨ ਕਈ ਵਿਸ਼ਿਆਂ 'ਤੇ ਚਰਚਾ ਹੋਈ। ਬੈਠਕ ਜਿਸ ਦੀ ਅਗਵਾਈ ਜਸਟਿਸ ਭਾਟੀਆ ਕਰ ਰਹੇ ਸਨ, ਵਿਚ ਚਰਚਾ ਦੌਰਾਨ ਬਹੁਤਾਤ ਬੁਲਾਰਿਆਂ ਨੇ ਗੁਰਦੁਆਰਾ ਤਖ਼ਤ ਸੱਚਖੰਡ ਬੋਰਡ ਸੰਮਤੀ ਵਿਚ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ, ਚੀਫ਼ ਖ਼ਾਲਸਾ ਦੀਵਾਨ ਤੇ ਮੱਧ ਪ੍ਰਦੇਸ਼ ਤੋਂ ਨੁਮਾਇੰਦਾ ਮੈਂਬਰਾਂ ਦੀ ਗਿਣਤੀ 'ਤੇ ਇਤਰਾਜ ਪ੍ਰਗਟਾਉਂਦਿਆਂ ਸਥਾਨਕ ਸਿੱਖਾਂ ਦੀ ਗਿਣਤੀ ਵਧਾਉਣ ਬਾਰੇ ਮੰਗ ਕੀਤੀ ਗਈ। ਕੁਝ ਮੈਂਬਰਾਂ ਨੇ ਸੰਮਤੀ ਨੁਮਾਇੰਦਿਆਂ ਦੀ ਗਿਣਤੀ 17 ਤੋਂ ਵਧਾ ਕੇ 21 ਕਰਨ ਦਾ ਸੁਝਾਅ ਦਿੱਤਾ। ਇਸ ਦੌਰਾਨ ਉਨ੍ਹਾਂ ਨਵੀਂ ਚੋਣ ਲਈ ਨਾਂਦੇੜ ਜ਼ਿਲ੍ਹੇ ਤੱਕ ਹੀ ਚੋਣ ਖੇਤਰ ਸੀਮਤ ਕਰਨ ਦੀ ਵੀ ਮੰਗ ਚੁੱਕੀ।

ਮੀਟਿੰਗ ਦੌਰਾਨ ਨਾਂਦੇੜ ਦੀ ਸਿੱਖ ਸੰਸਥਾ ਹਜ਼ੂਰੀ ਖ਼ਾਲਸਾ ਦੀਵਾਨ ਨੂੰ ਰੱਦ ਕਰਨ ਦੀ ਵੀ ਮੰਗ ਕੀਤੀ ਗਈ, ਜਿਸ ਵੱਲੋਂ ਪੈਦਾ ਕੀਤੇ ਵਿਵਾਦ ਕਾਰਨ ਪਿਛਲੇ 14 ਸਾਲਾਂ ਤੋਂ ਗੁਰਦੁਆਰਾ ਪ੍ਰਬੰਧਕੀ ਬੋਰਡ ਤੇ ਚੁਣੇ ਹੋਏ ਨੁਮਾਇੰਦੇ ਦੀ ਥਾਂ ਨਾਮਜ਼ਦ ਕੀਤੇ ਹੋਏ ਪ੍ਰਸ਼ਾਸਕੀ ਨੁਮਾਇੰਦੇ ਨੂੰ ਨਿਯੁਕਤ ਕੀਤਾ ਗਿਆ ਹੈ। ਇਸ ਬਾਰੇ ਜਦੋਂ ਹਜ਼ੂਰੀ ਖ਼ਾਲਸਾ ਦੀਵਾਨ ਦੇ ਨੁਮਾਇੰਦਿਆਂ ਨੇ ਸਪਸ਼ਟੀਕਰਨ ਦੇਣ ਦਾ ਯਤਨ ਕੀਤਾ ਤਾਂ ਮੀਟਿੰਗ ਵਿਚ ਹਾਜ਼ਰ ਸਿੱਖ ਨੌਜਵਾਨਾਂ ਨੇ ਨਾਅਰੇ ਲਾਉਣੇ ਸ਼ੁਰੂ ਕੀਤੇ, ਜਿਸ ਕਾਰਨ ਰੌਲਾ-ਰੱਪਾ ਪੈ ਗਿਆ ਤੇ ਸਾਬਕਾ ਜਸਟਿਸ ਜਗਮੋਹਨ ਸਿੰਘ ਭਾਟੀਆ ਨੇ ਮੀਟਿੰਗ ਨੂੰ ਵਿਚਾਲੇ ਹੀ ਬੰਦ ਕਰ ਦਿੱਤਾ।

## ਅਕਾਲ ਤਖ਼ਤ 'ਤੇ ਹਿੰਸਾ ਬਾਰੇ ਰਿਪੋਰਟ ਜਥੇਦਾਰ ਨੂੰ ਮਿਲੀ

**ਅੰਮ੍ਰਿਤਸਰ:** ਅਕਾਲ ਤਖ਼ਤ ਵਿਖੇ ਛੇ ਜੂਨ ਨੂੰ ਸਾਕਾ ਨੀਲਾ ਤਾਰਾ ਦੀ ਬਰਸੀ ਮੌਕੇ ਵਾਪਰੀ ਹਿੰਸਕ ਘਟਨਾ ਦੀ ਜਾਂਚ ਬਾਰੇ ਰਿਪੋਰਟ ਜਥੇਦਾਰ ਗਿਆਨੀ ਗੁਰਬਚਨ ਸਿੰਘ ਕੋਲ ਪੁੱਜ ਗਈ ਹੈ। ਉਹ ਇਸ ਰਿਪੋਰਟ ਦੇ ਆਧਾਰ 'ਤੇ ਛੇਤੀ ਹੀ ਆਪਣਾ ਫ਼ੈਸਲਾ ਦੇਣਗੇ। ਜਥੇਦਾਰ ਨੇ ਕਿਹਾ ਕਿ ਉਹ ਆਪਣਾ ਫ਼ੈਸਲਾ ਹਰਿਮੰਦਰ ਸਾਹਿਬ ਦੇ ਮੈਨੇਜਰ ਨੂੰ ਭੇਜ ਦੇਣਗੇ, ਜਿਸ ਦੇ ਆਧਾਰ 'ਤੇ ਉਹ ਅਗਲੀ ਕਾਰਵਾਈ ਕਰਨਗੇ। ਉਨ੍ਹਾਂ ਦੱਸਿਆ ਕਿ ਇਸ ਘਟਨਾ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤੇ ਗਏ 22 ਸਿੱਖ ਨੌਜਵਾਨਾਂ ਵੱਲੋਂ ਪਸ਼ਚਾਤਾਪ ਕਰਦਿਆਂ ਮੁਆਫ਼ੀਨਾਮਾ ਭੇਜਿਆ ਗਿਆ ਹੈ। ਇਨ੍ਹਾਂ ਨੌਜਵਾਨਾਂ ਨੇ ਅਪੀਲ ਕੀਤੀ ਹੈ ਕਿ ਉਹ ਅਕਾਲ ਤਖ਼ਤ ਨੂੰ ਸਮਰਪਤ ਹਨ ਤੇ ਆਪਣੀ ਗਲਤੀ ਲਈ ਅਕਾਲ ਤਖ਼ਤ ਤੋਂ ਜੋ ਵੀ ਧਾਰਮਿਕ ਸਜ਼ਾ ਲਾਈ ਜਾਵੇਗੀ, ਉਹ ਉਸ ਨੂੰ ਖਿੜੇ ਮੱਥੇ ਪ੍ਰਵਾਨ ਕਰਨਗੇ।

# ਗੁਰਦੁਆਰਿਆਂ ਵਿਚ ਪਾਣੀ ਦੀ ਮੁੜ ਵਰਤੋਂ ਬਾਰੇ ਯੋਜਨਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਿਆਂ ਵਿਚ ਵਿਆਰਥ ਜਾਂਦੇ ਲੱਖਾਂ ਲਿਟਰ ਪਾਣੀ ਦੀ ਸੁੱਚਜੀ ਵਰਤੋਂ ਲਈ ਇਸ ਨੂੰ ਮੁੜ ਜ਼ਮੀਨ ਹੇਠ ਭੇਜਣ ਦੀ ਯੋਜਨਾ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਗੁਰਦੁਆਰਿਆਂ ਦੇ ਪਾਣੀ ਦੀ ਸੁਚੱਜੀ ਵਰਤੋਂ ਕਰਨ ਬਾਰੇ ਇਹ ਯੋਜਨਾ ਇਥੋਂ ਦੇ ਇਕ ਸ਼ਰਧਾਲੂ ਜੀ.ਐਸ. ਬੇਦੀ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਭੇਜੀ ਗਈ ਹੈ, ਜਿਸ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਵਿਚਾਰ ਕਰਨ ਦੀ ਗੱਲ ਆਖੀ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਪਹਿਲਾਂ ਹੀ ਵਾਟਰ ਟਰੀਟਮੈਂਟ ਪਲਾਂਟ ਲਾਇਆ ਹੋਇਆ ਹੈ, ਜਿਸ ਰਾਹੀਂ ਪਾਣੀ ਦੀ ਮੁੜ ਵਰਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਸ੍ਰੀ ਬੇਦੀ ਵੱਲੋਂ ਭੇਜੀ ਗਈ ਇਹ ਯੋਜਨਾ ਇਕ ਚੰਗੀ ਯੋਜਨਾ ਹੈ ਤੇ ਉਹ ਮਾਹਿਰਾਂ ਨੂੰ ਹਦਾਇਤ ਕਰਨਗੇ ਕਿ ਇਸ ਯੋਜਨਾ ਦਾ ਅਧਿਐਨ ਕਰਨ ਤੇ ਮਗਰੋਂ ਇਸ ਨੂੰ ਲਾਗੂ ਕਰਨ ਬਾਰੇ ਵਿਚਾਰ ਕੀਤਾ ਜਾਵੇ।

ਸ਼ਹਿਰ ਵਾਸੀ ਜੀ.ਐਸ. ਬੇਦੀ ਨੇ ਦੱਸਿਆ ਕਿ ਗੁਰਦੁਆਰਿਆਂ ਵਿਚ ਲੰਗਰ ਘਰ ਤੇ ਚਰਨ ਧੋਣ ਵਾਲੀ ਥਾਂ 'ਤੇ ਲਗਾਤਾਰ ਪਾਣੀ ਦੀ ਵਰਤੋਂ ਹੁੰਦੀ ਹੈ ਤੇ ਇਹ ਪਾਣੀ ਮੁੜ ਵਰਤੋਂ ਨਾ ਹੋਣ ਕਾਰਨ ਨਾਲੀਆਂ ਵਿਚ ਜਾ ਰਿਹਾ ਹੈ ਜਦੋਂਕਿ ਇਸ ਦੀ ਮੁੜ ਵਰਤੋਂ ਕਰਕੇ ਇਸ ਨੂੰ ਜ਼ਮੀਨ ਹੇਠ ਭੇਜਿਆ ਜਾ ਸਕਦਾ ਹੈ, ਜਿਸ ਨਾਲ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਨੂੰ ਹੋਰ ਘਟਣ ਤੋਂ ਰੋਕਿਆ ਜਾ ਸਕਦਾ ਹੈ। ਉਸ ਨੇ ਆਪਣੀ ਯੋਜਨਾ ਵਿਚ ਦੱਸਿਆ ਹੈ ਕਿ ਹਰ ਇਕ ਗੁਰਦੁਆਰੇ ਵਿਚ ਵਰਤੇ ਜਾਂਦੇ ਅਜਿਹੇ ਪਾਣੀ ਨੂੰ ਤਕਨੀਕੀ ਢੰਗ ਨਾਲ ਜੇਕਰ ਜ਼ਮੀਨ ਹੇਠ ਪੁੱਜਦਾ ਕਰਨ ਦਾ ਪ੍ਰਬੰਧ ਕਰ ਦਿੱਤਾ ਜਾਵੇ ਤਾਂ ਇਸ ਨਾਲ ਰੋਜ਼ ਵਿਅਰਥ ਜਾਂਦਾ ਲੱਖਾਂ ਲੀਟਰ ਪਾਣੀ ਜ਼ਮੀਨ ਹੇਠ ਪੁੱਜ ਸਕਦਾ ਹੈ। ਉਸ ਨੇ ਇਸ ਬਾਰੇ ਕੀਤੇ ਆਪਣੇ ਅਧਿਐਨ ਵਿਚ ਦੱਸਿਆ ਕਿ ਗੁਰਦੁਆਰਿਆਂ ਦੇ ਬਾਹਰ ਪੈਰ ਧੋ ਕੇ ਅੰਦਰ ਜਾਣ ਲਈ ਵਿਸ਼ੇਸ਼ ਸਥਾਨ ਬਣੇ ਹੋਏ ਹਨ, ਜਿਥੇ ਲਗਾਤਾਰ ਟੂਟੀ ਚੱਲਦੀ ਰਹਿੰਦੀ ਹੈ। ਅੱਧੇ ਇੰਚ ਦੀ ਟੂਟੀ ਵਿਚੋਂ ਇਕ ਮਿੰਟ ਵਿਚ 12 ਲੀਟਰ ਪਾਣੀ ਆਉਂਦਾ ਹੈ, ਜਿਸ ਤੋਂ ਭਾਵ ਹੈ ਕਿ ਜੇਕਰ ਇਹ ਟੂਟੀ ਦਿਨ ਵਿਚ 20 ਘੰਟੇ ਚੱਲੇ ਤਾਂ 14440 ਲੀਟਰ ਪਾਣੀ ਬਾਹਰ ਆਉਂਦਾ ਹੈ। ਇਸੇ ਤਰ੍ਹਾਂ ਇਕ ਸਾਲ ਵਿਚ 52.56 ਲੱਖ ਲੀਟਰ ਪਾਣੀ



ਦੀ ਵਰਤੋਂ ਕੀਤੀ ਜਾ ਰਹੀ ਹੈ। ਇਹ ਅਨੁਮਾਨ ਸਿਰਫ਼ ਇਕ ਗੁਰਦੁਆਰੇ ਦਾ ਹੈ ਜਦੋਂ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਸੈਂਕੜੇ ਗੁਰਦੁਆਰੇ ਹਨ। ਇਨ੍ਹਾਂ ਗੁਰਦੁਆਰਿਆਂ ਵਿਚ ਲੰਗਰ ਹਾਲ ਵਿਚ ਵਰਤੇ ਹੋਏ ਪਾਣੀ ਦੀ ਵੀ ਮੁੜ ਵਰਤੋਂ ਨਹੀਂ ਹੋ ਰਹੀ ਹੈ। ਇਸੇ ਤਰ੍ਹਾਂ ਗੁਰਦੁਆਰਿਆਂ ਵਿਚ ਬਾਰਸ਼ ਸਮੇਂ ਇਕੱਠੇ ਹੋਣ ਵਾਲੇ ਪਾਣੀ ਨੂੰ ਵੀ ਇਸੇ ਢੰਗ ਤਰੀਕੇ ਨਾਲ ਜ਼ਮੀਨ ਹੇਠ ਭੇਜ ਬਚਾਇਆ ਜਾ ਸਕਦਾ ਹੈ। ਜੇਕਰ ਸ਼੍ਰੋਮਣੀ ਕਮੇਟੀ ਇਸ ਬਾਰੇ ਕੋਈ ਉਪਰਾਲਾ ਕਰਦੀ ਹੈ ਤਾਂ ਇਹ ਉਪਰਾਲਾ ਇਕ ਚਾਨਣ ਮੁਨਾਰੇ ਵਜੋਂ ਹੋਵੇਗਾ, ਜਿਸ ਨੂੰ ਦੇਖ ਕੇ ਹੋਰਨਾਂ ਗੁਰਦੁਆਰਿਆਂ ਜਾਂ ਹੋਰਨਾਂ ਪ੍ਰਬੰਧਕ ਕਮੇਟੀਆਂ ਨੂੰ ਵੀ ਪ੍ਰੇਰਿਤ ਕਰਕੇ ਪਾਣੀ ਨੂੰ ਵਿਅਰਥ ਜਾਣ ਤੋਂ ਰੋਕਿਆ ਜਾ ਸਕਦਾ ਹੈ। ਇਸ ਵੇਲੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ 500 ਤੋਂ ਵੱਧ ਗੁਰਦੁਆਰੇ ਹਨ, ਜਿਨ੍ਹਾਂ ਵਿਚ ਸੈਕਸ਼ਨ 85 ਹੇਠ ਤਕਰੀਬਨ 80 ਗੁਰਦੁਆਰੇ ਤੇ ਸੈਕਸ਼ਨ 87 ਹੇਠ 400 ਤੋਂ ਵੱਧ ਗੁਰਦੁਆਰੇ ਆਉਂਦੇ ਹਨ। ਇਹ ਗੁਰਦੁਆਰੇ ਪੰਜਾਬ, ਹਰਿਆਣਾ, ਹਿਮਾਚਲ ਤੇ ਚੰਡੀਗੜ੍ਹ ਇਲਾਕੇ ਵਿਚ ਹਨ। ਜੇਕਰ ਇਨ੍ਹਾਂ ਬੇਹਤਰ ਪ੍ਰਬੰਧਾਂ ਵਿਚ ਵਿਅਰਥ ਜਾਂਦੇ ਪਾਣੀ ਨੂੰ ਬਚਾਉਣ ਲਈ ਯੋਜਨਾ ਨੂੰ ਸ਼ਾਮਲ ਕਰ ਲਿਆ ਜਾਵੇ ਤਾਂ ਇਹ ਵੀ ਇਕ ਵਧੀਆ ਉਪਰਾਲਾ ਹੋਵੇਗਾ।



# King Ways Travel Service

Fly India /Nepal/Bangladesh /
$ 899.00 + Taxes Round Trip
We have the best fares for Europe
LONDON/MUNICH/GLASSGOW/
ROME/ATHENS/MADRID/PARIS
$299.00 O/W + Plus Taxes
Group Fare / Group Tours specials

| | |
|---|---|
| DELHI | HYDRABAD |
| MUMBAI | LAHORE |
| AHMADBAD | KHATMUNDU |
| AMRITSAR | BANGKOK |
| CHANANI | SINGAPORE |

$899.00 Plus Taxes

kingwaystravel@outlook.com
Call Toll Free: 1-888-300-9579
Customer Service: 1-914-600-7224

HD IP
# Security Solution
ULTRA High Resolution
Gas stations, Liquor Store, Hotel/Motels, Homes
or
Any Kind Of Business

-Cash Register Interface.
-Fully Trained Tech.Staff.
-16 Year Satisfied Custmer.






2 Year Warranty

Vista CCTV TECHNOLOGY

Call Mr. Sukhpal
1-661-586-5080

# ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ

Punjab Truck Wash & Repair 2301 Simpson Street, Kingsburg, CA 93631

ਫਰੀਵੇ ਦੇ ਬਹੁਤ ਨਜ਼ਦੀਕ- 99 ਨਾਰਥ ਤੋਂ ਐਗਜ਼ਿਟ 112, 99 ਸਾਊਥ ਤੋਂ ਐਗਜ਼ਿਟ 114




*ਨਵੇਂ ਪੁਰਾਣੇ ਟਾਇਰ *ਬਰੇਕ
*ਆਇਲ ਚੇਂਜ *ਰੀਅਰਐਂਡ
*ਸਸਪੈਂਸ਼ਨ *ਇੰਸ਼ਪੈਕਸ਼ਨ
*ਕਲੱਚ *ਵੈਲਡਿੰਗ

Oil Change Special $179.99
Labour $55 per hour
All major and minor repairs.

ਤਸੱਲੀਬਖਸ਼ ਕੰਮ
ਵਾਜਬ ਰੇਟ

*Free Parking*






ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ
ਫੋਨ: 559-897-2323, ਸੈਲ: 209-923-1110

# ਵਿਪਸਾਅ ਵਲੋਂ ਨੀਲਮ ਸੈਣੀ ਦੀ ਕਾਵਿ ਯਾਤਰਾ 'ਤੇ ਗੋਸ਼ਟੀ



**ਫਰੀਮਾਂਟ (ਬਿਊਰੋ):** ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਵਿਪਸਾਅ) ਵਲੋਂ ਨੀਲਮ ਸੈਣੀ ਨਾਲ ਇਕ ਰੂਬਰੂ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਨੀਲਮ ਸੈਣੀ ਨੇ ਆਪਣੇ ਸਾਹਿਤਕ ਜੀਵਨ ਦੇ ਵੇਰਵਿਆਂ ਦਾ ਸਿਲਸਲੇਵਾਰ ਪ੍ਰਗਟਾਵਾ ਕੀਤਾ ਅਤੇ ਉਸ ਤੋਂ ਬਾਅਦ ਆਪਣੀਆਂ ਚੋਣਵੀਆਂ ਕਵਿਤਾਵਾਂ ਦਾ ਪਾਠ ਕੀਤਾ।

ਇਸ ਮੌਕੇ ਨੀਲਮ ਸੈਣੀ ਨੇ ਕਿਹਾ ਕਿ ਉਸ ਦੇ ਮਾਂ ਬਾਪ ਨੇ ਬਚਪਨ ਤੋਂ ਹੀ ਉਸ ਨੂੰ ਸਾਹਿਤ ਵਲ ਪ੍ਰੇਰਿਆ ਅਤੇ ਉਹ ਸਕੂਲ ਟਾਈਮ ਤੋਂ ਹੀ ਬਾਲ ਸਭਾਵਾਂ ਤੇ ਕਾਵਿ-ਫੁਲਵਾੜੀਆਂ ਦਾ ਹਿੱਸਾ ਬਣੀ ਰਹੀ। ਕਾਲਜ ਪੜ੍ਹਦਿਆਂ ਹੀ ਪੰਜਾਬੀ ਵਿਭਾਗ ਦੇ ਪ੍ਰੋਫੈਸਰਾਂ ਨੇ ਉਸ ਦੀ ਪ੍ਰਤਿਭਾ ਨੂੰ ਪਹਿਚਾਣਿਆ ਅਤੇ ਉਸ ਨੇ ਅੰਤਰ ਕਾਲਜ ਵਾਦ-ਵਿਵਾਦ ਭਾਸ਼ਣ ਪ੍ਰਤੀਯੋਗਤਾ ਤੇ ਕਾਵਿ ਮੁਕਾਬਲਿਆਂ ਵਿਚ ਅਨੇਕਾਂ ਸਨਮਾਨ ਪ੍ਰਾਪਤ ਕੀਤੇ। ਅਮਰੀਕਾ ਆਉਣ ਉਪਰੰਤ ਇਥੇ ਦੀਆਂ ਸਾਹਿਤ ਸਭਾਵਾਂ ਤੇ ਅਕੈਡਮੀ ਦੇ ਸੰਪਰਕ ਵਿਚ ਆਉਣ ਨਾਲ ਉਸ ਦੀ ਸਾਹਿਤਕ ਯਾਤਰਾ ਨਿਰੰਤਰ ਜਾਰੀ ਰਹੀ। ਉਸ ਦੀਆਂ ਹੁਣ ਤਕ ਤਿੰਨ ਨਿਰੋਲ ਕਾਵਿ-ਪੁਸਤਕਾਂ ਪ੍ਰਕਾਸ਼ਤ ਹੋ ਚੁਕੀਆਂ ਹਨ।

ਵਿਪਸਾਅ ਦੇ ਮੈਂਬਰਾਂ ਵੱਲੋਂ ਉਸ ਨੂੰ ਜੀਵਨ ਤੇ ਕਵਿਤਾ ਬਾਰੇ ਕਈ ਸਾਰਥਕ ਸਵਾਲ ਕੀਤੇ ਗਏ, ਜਿਨ੍ਹਾਂ ਦੇ ਉਸ ਨੇ ਤਸੱਲੀਬਖਸ਼ ਜਵਾਬ ਦਿੱਤੇ। ਅਕੈਡਮੀ ਦੇ ਜਨਰਲ ਸਕੱਤਰ ਸ਼ਾਇਰ ਕੁਲਵਿੰਦਰ ਨੇ ਬਹਿਸ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਨੀਲਮ ਸੈਣੀ ਦੀ ਕਵਿਤਾ ਵਿਚ ਵਿਸ਼ਿਆਂ ਦੀ ਵੰਨ-ਸਵੰਨਤਾ ਹੈ, ਉਹ ਇਨ੍ਹਾਂ ਵਿਸ਼ਿਆਂ ਨੂੰ ਕਵਿਤਾ ਦੀ ਅੰਤਰ ਸੁਹਜ ਆਤਮਿਕਤਾ ਉਪਰ ਮਿਹਨਤ ਕਰਕੇ ਹੋਰ ਵੀ ਖੂਬਸੂਰਤ ਬਣਾਉਣ ਦੇ ਯਤਨਸ਼ੀਲ ਹੈ।

ਅਕੈਡਮੀ ਦੇ ਚੇਅਰਮੈਨ ਸੁਖਵਿੰਦਰ ਕੰਬੋਜ ਨੇ ਕਿਹਾ ਕਿ ਨੀਲਮ ਸੈਣੀ ਦੀ ਕਵਿਤਾ ਨਿਰੰਤਰ ਵਿਕਾਸ ਵਿਚ ਹੈ। ਇਸ ਨੇ ਅਮਰੀਕੀ ਜੀਵਨ ਨੂੰ ਖੂਬਸੂਰਤੀ ਨਾਲ ਚਿਤਰਿਆ ਹੈ, ਇਹ ਹੀ ਇਸ ਦਾ ਖਾਸ ਵਾਧਾ ਹੈ। ਰੇਸ਼ਮ ਸਿੱਧੂ ਨੇ ਵੀ ਸੁਖਵਿੰਦਰ ਕੰਬੋਜ ਨਾਲ ਸਹਿਮਤ ਹੁੰਦਿਆਂ ਕਿਹਾ ਕਿ ਨੀਲਮ ਸੈਣੀ ਦੀ ਕਵਿਤਾ ਪਹਿਲਾਂ ਨਾਲੋਂ ਵਿਕਾਸ ਵਿਚ ਹੈ। ਸੁਰਿੰਦਰ ਸੀਰਤ ਨੇ ਉਸ ਨੂੰ ਉਸਾਰੂ ਸੁਝਾਅ ਦਿੱਤੇ ਅਤੇ ਕਿਹਾ ਕਿ ਉਸ ਦੀ ਕਵਿਤਾ ਬਾਰਾਂ ਮਾਂਹ ਹਰ ਪੱਖੋਂ ਪ੍ਰਭਾਵਿਤ ਕਰਦੀ ਹੈ। ਮੇਜਰ ਭੁਪਿੰਦਰ ਸਿੰਘ ਦਲੇਰ ਨੇ ਕਿਹਾ ਕਿ ਪਤਾ ਨਹੀਂ ਕਿਉਂ ਨੀਲਮ ਸੈਣੀ ਦੀਆਂ ਕਵਿਤਾਵਾਂ ਵਿਚ ਰੁਮਾਂਟਿਕ ਕਵਿਤਾ ਦੀ ਘਾਟ ਨਜ਼ਰ ਆਉਂਦੀ ਹੈ? ਤਾਰਾ ਸਾਗਰ ਨੇ ਕਿਹਾ ਕਿ ਨੀਲਮ ਸੈਣੀ ਬਹੁਤ ਹੀ ਸੂਝਵਾਨ ਕਵਿਤਰੀ ਹੈ।

ਇਸ ਮੌਕੇ ਸ਼ਾਇਰ ਜਸਪਾਲ ਸੂਸ ਨੇ ਕਿਹਾ ਕਿ ਨੀਲਮ ਸੈਣੀ ਨੂੰ ਆਪਣਾ ਕਾਵਿ ਮਾਡਲ ਉਸਾਰਨਾ ਚਾਹੀਦਾ ਹੈ ਕਿ ਜਿਸ ਵਿਚੋਂ ਉਸ ਦੀ ਸ਼ੈਲੀ ਦੀ ਵੱਖਰੀ ਪਹਿਚਾਣ ਹੋਵੇ। ਕਮਲਦੇਵ ਪਾਲ ਨੇ ਨੀਲਮ ਸੈਣੀ ਦੀਆਂ ਕਵਿਤਾਵਾਂ ਵਿਚ ਔਰਤ ਦੀਆਂ ਸਮੱਸਿਆਵਾਂ ਬਾਰੇ ਗੱਲ ਕੀਤੀ। ਗੁਲਸ਼ਨ ਦਿਆਲ ਨੇ ਨੀਲਮ ਸੈਣੀ ਨੂੰ ਉਸ ਦੀ ਕਾਵਿਕ ਪ੍ਰਤਿਭਾ 'ਤੇ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਉਸ ਨੇ ਕਵਿਤਾ ਵਿਚ ਨਾਰੀ ਚਿੰਤਨ ਨੂੰ ਆਪਣੀਆਂ ਰਚਨਾਵਾਂ ਦਾ ਆਧਾਰ ਬਣਾਇਆ ਹੈ। ਮਾਸਟਰ ਕੁੰਦਨ ਲਾਲ, ਹਰਿਭਜਨ ਢਿੱਲੋਂ ਅਤੇ ਹੋਰਨਾਂ ਬੁਲਾਰਿਆਂ ਨੇ ਵੀ ਨੀਲਮ ਸੈਣੀ ਦੀਆਂ ਕਵਿਤਾਵਾਂ ਬਾਰੇ ਚਾਨਣਾ ਪਾਇਆ।

ਉਪਰੰਤ ਇਕ ਛੋਟਾ ਜਿਹਾ ਕਵੀ ਦਰਬਾਰ ਵੀ ਕੀਤਾ ਗਿਆ ਜਿਸ ਵਿਚ ਕਵੀਜਨਾਂ ਨੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ। ਪ੍ਰੋਗਰਾਮ ਦੇ ਅੰਤ ਵਿਚ ਪ੍ਰਸਿੱਧ ਗਾਇਕ ਸੁਖਦੇਵ ਸਾਹਿਲ ਨੇ ਨੀਲਮ ਸੈਣੀ ਦੇ ਗੀਤ ਦਾ ਭਾਵਪੂਰਤ ਗਾਇਨ ਕਰਕੇ ਸਰੋਤਿਆਂ ਤੋਂ ਵਾਹ ਵਾਹ ਖੱਟੀ। ਅਕੈਡਮੀ ਦੀ ਅਗਲੀ ਮੀਟਿੰਗ ਵਿਚ ਪ੍ਰਸਿਧ ਸ਼ਾਇਰ ਸੁਰਿੰਦਰ ਸੀਰਤ ਦਾ ਨਵਾਂ ਕਾਵਿ ਸੰਗ੍ਰਿਹ 'ਅਰੂਪੇ ਅੱਖਰਾਂ ਦਾ ਅਕਸ' ਲੋਕ ਅਰਪਣ ਕੀਤਾ ਜਾਵੇਗਾ।



ਫਰਿਜ਼ਨੋ: ਸਥਾਨਕ ਬੰਬੇ ਬਿਜਨਸ ਪਾਰਕ ਵਿਚ ਇਥੋਂ ਦੀਆਂ ਮੁਟਿਆਰਾਂ ਵੱਲੋਂ ਤੀਆਂ ਦੇ ਤਿਉਹਾਰ ਨੂੰ ਮੁਖ ਰੱਖ ਕੇ 'ਰੌਣਕਾਂ ਫਰਿਜ਼ਨੋ ਦੀਆਂ' ਨਾਂ ਥੱਲੇ ਗਿੱਧੇ ਦੇ ਪ੍ਰੋਗਰਾਮ ਦੌਰਾਨ ਖੂਬ ਰੌਣਕਾਂ ਲੱਗੀਆਂ। ਕਰੀਬ ਚਾਰ ਘੰਟੇ ਚੱਲੇ ਇਸ ਰੰਗਾਰੰਗ ਪ੍ਰੋਗਰਾਮ ਵਿਚ ਮੁਟਿਆਰਾਂ ਅਤੇ ਬੀਬੀਆਂ ਨੇ ਖੂਬ ਗਿੱਧਾ ਪਾਇਆ। ਪ੍ਰੋਗਰਾਮ ਦੀ ਖਾਸੀਅਤ ਇਹ ਰਹੀ ਕਿ ਇਸ ਵਿਚ ਛੋਟੀਆਂ ਛੋਟੀਆਂ ਬੱਚੀਆਂ ਤੋਂ ਲੈ ਕੇ ਬਜ਼ੁਰਗ ਬੀਬੀਆਂ ਨੇ ਵੀ ਹਾਜ਼ਰੀ ਭਰੀ। ਇਸ ਪ੍ਰੋਗਰਾਮ ਲਈ ਢਿੱਲੋਂ ਅਤੇ ਸਹੋਤਾ ਪਰਿਵਾਰਾਂ ਨੇ ਭਰਵੀਂ ਮਿਹਨਤ ਕੀਤੀ।

# ਜੀ ਐਚ ਜੀ ਅਕਾਦਮੀ ਵੱਲੋਂ ਛੇਵੇਂ ਸਭਿਆਚਾਰਕ ਕੈਂਪ ਦੀਆਂ ਤਿਆਰੀਆਂ ਮੁਕੰਮਲ



**ਫਰਿਜ਼ਨੋ (ਬਿਊਰੋ):** ਸਥਾਨਕ ਗੈਰ-ਮੁਨਾਫਾ ਸੰਸਥਾ ਜੀ ਐਚ ਜੀ ਅਕਾਦਮੀ ਵੱਲੋਂ ਛੇਵੇਂ ਸੱਭਿਆਚਾਰਕ ਕੈਂਪ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਹ ਕੈਂਪ 11 ਜੁਲਾਈ ਨੂੰ ਇਥੋਂ ਦੇ ਪੰਜਾਬੀ ਸਕੂਲ (4827 ਨਾਰਥ ਪਾਰਕਵੇਅ ਡਰਾਈਵ, ਫਰਿਜ਼ਨੋ) ਵਿਚ 5 ਵਜੇ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਵਿਚ ਅਰਦਾਸ ਕਰਨ ਉਪਰੰਤ ਸ਼ੁਰੂ ਹੋ ਜਾਵੇਗਾ।

ਪ੍ਰਬੰਧਕਾਂ ਅਨੁਸਾਰ ਜਿਨ੍ਹਾਂ ਮਾਪਿਆਂ ਨੇ ਇਸ ਕੈਂਪ ਲਈ ਹਾਲੇ ਤੀਕ ਆਪਣੇ ਬੱਚਿਆਂ ਦੇ ਦਾਖਲਾ ਫਾਰਮ ਨਹੀਂ ਭਰੇ, ਉਹ 11 ਜੁਲਾਈ ਨੂੰ ਸਮੇਂ ਸਿਰ ਪਹੁੰਚ ਕੇ ਦਾਖਲਾ ਫਾਰਮ ਭਰਕੇ ਇਸ ਕੈਂਪ ਦਾ ਹਿੱਸਾ ਬਣ ਸਕਦੇ ਹਨ। ਦਾਖਲੇ ਸਬੰਧੀ ਜਾਣਕਾਰੀ ਸੁਖਦੇਵ ਸਿੰਘ ਚੀਮਾ (559-300-0711) ਜਾਂ ਬਸੰਤ ਸਿੰਘ ਧਾਲੀਵਾਲ (559-367-6638) ਤੋਂ ਲਈ ਜਾ ਸਕਦੀ ਹੈ। ਕੈਂਪ ਵਿਚ ਹਿੱਸਾ ਲੈਣ ਵਾਲੇ ਸਿਖਿਆਰਥੀ ਆਪਣੀ ਕਲਾ ਦੇ ਜੌਹਰ 26 ਜੁਲਾਈ ਨੂੰ ਰੋਇਡਿੰਗ ਪਾਰਕ ਵਿਖੇ ਹੋਣ ਵਾਲੇ ਅੰਤਰ-ਰਾਸਟਰੀ ਯੁਵਕ ਮੇਲੇ ਵਿਚ ਦਿਖਾਉਣਗੇ। ਮੇਲੇ ਦੀ ਵਿਸ਼ੇਸ਼ ਖਿੱਚ 'ਬੈਸਟ ਪੰਜਾਬਣ' ਅਤੇ 'ਧੀ ਆਫ ਜੀ ਐਚ ਜੀ ਅਕਾਦਮੀ 2014' ਮੁਕਾਬਲਾ ਹੋਵੇਗਾ। ਇਸ ਬਾਰੇ ਜਾਣਕਾਰੀ ਗਿੱਧਾ ਕੋਚ ਤਰਨਜੀਤ ਕੌਰ ਕਲੇਰ (559-271-9097) ਤੋਂ ਲਈ ਜਾ ਸਕਦੀ ਹੈ। ਅੰਤਰ-ਰਾਸ਼ਟਰੀ ਜੂਨੀਅਰ ਭੰਗੜਾ ਮੁਕਾਬਲਾ ਵੀ ਹੋਵੇਗਾ ਜਿਸ ਵਿਚ ਕੈਨੇਡਾ ਅਤੇ ਅਮਰੀਕਾ ਦੀਆਂ ਚੋਟੀ ਦੀਆਂ 12 ਟੀਮਾਂ ਹਿੱਸਾ ਲੈਣਗੀਆਂ। ਇਸ ਸਬੰਧੀ ਜਾਣਕਾਰੀ ਸੁੱਖਪ੍ਰੀਤ ਧਾਲੀਵਾਲ (559-321-4591) ਤੋਂ ਲਈ ਸਕਦੀ ਹੈ।

ਇਸ ਕੈਂਪ ਅਤੇ ਅੰਤਰ-ਰਾਸਟਰੀ ਯੁਵਕ ਮੇਲੇ ਦੀ ਕੋਈ ਦਾਖਲਾ ਫੀਸ ਨਹੀਂ ਹੈ ਅਤੇ ਨਾ ਹੀ ਕਿਸੇ ਕਮਰਸ਼ੀਅਲ ਕਲਾਕਾਰ ਨੂੰ ਜਗ੍ਹਾ ਦਿੱਤੀ ਜਾਂਦੀ ਹੈ। ਕੈਂਪ ਦੌਰਾਨ ਗੁਰੂ ਦਾ ਲੰਗਰ ਅਤੁੱਟ ਵਰਤੇਗਾ।

ਹੋਰ ਜਾਣਕਾਰੀ ਲਈ ਗੁਰਦੀਪ ਸ਼ੇਰਗਿੱਲ (559-349-1481) ਜਾਂ ਪਰਮਜੀਤ ਸਿੰਘ ਧਾਲੀਵਾਲ (559-351-9465) ਨਾਲ ਸੰਪਰਕ ਕੀਤਾ ਜਾ ਸਕਾ ਹੈ।

# ਗੁਰੂ ਅਰਜਨ ਦੇਵ ਜੀ ਦੇ ਵਿਆਹ ਪੁਰਬ ਮੌਕੇ ਸਮਾਗਮ

**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਵਿਚ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੇ ਵਿਆਹ ਪੁਰਬ ਸਬੰਧੀ ਸਮਾਗਮ ਕੀਤਾ ਗਿਆ। ਇਹ ਸਮਾਗਮ ਪਿੰਡ ਬਿਲਗਾ ਦੀ ਸੰਗਤ ਵਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਇਸ ਮੌਕੇ ਕਥਾ, ਕੀਰਤਨ ਤੇ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ।



ਭਾਈ ਸਰਬਜੀਤ ਸਿੰਘ, ਭਾਈ ਸੇਵਾ ਸਿੰਘ, ਭਾਈ ਕਮਲਜੀਤ ਸਿੰਘ ਬਿਲਗਾ ਤੇ ਭਾਈ ਪਵਿੱਤਰ ਸਿੰਘ ਬਿਲਗਾ ਦੇ ਢਾਡੀ ਜਥੇ ਨੇ ਦੋ ਦਿਨ ਢਾਡੀ ਵਾਰਾਂ ਦੇ ਪ੍ਰਸੰਗ ਸੰਗਤਾਂ ਨੂੰ ਸੁਣਾਏ। ਜਥੇ ਨੇ ਛੇਵੇਂ ਪਾਤਸ਼ਾਹ ਗੁਰੂ ਹਰਿ ਗੋਬਿੰਦ ਸਾਹਿਬ ਦੇ ਪ੍ਰਕਾਸ਼ ਉਤਸਵ ਤੇ ਗੁਰੂ ਅਰਜਨ ਦੇਵ ਜੀ ਦੇ ਗੁਰਗੱਦੀ ਦਿਵਸ ਵਾਲੇ ਪ੍ਰਸੰਗ ਸੁਣਾ ਕੇ ਸੰਗਤਾਂ ਨੂੰ ਸਿੱਖ ਇਤਿਹਾਸ ਨਾਲ ਜੋੜਿਆ। ਗੁਰੂ ਕਾ ਲੰਗਰ ਅਤੁੱਟ ਵਰਤਿਆ।

Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



We Accept Personal Injury (PI) Cases

Medicare & Most Private Insurances Accepted



Contact: Dr. Baljit Jammu
Doctor of Chiropractic
Ph: 510-940-8236
1090 La Playa Dr., Hayward CA 94545

To Advertise with Punjab Times Call: 847-359-0746

M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont



ਸ਼ਹੀਦ ਭਗਤ ਸਿੰਘ ਨਗਰ ਦੇ ਜ਼ੋਨਲ ਆਰਗੇਨਾਈਜ਼ਰ ਅਤੇ ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ ਦੇ ਵੈਲਫੇਅਰ ਪ੍ਰੋਜੈਕਟ ਡਾਇਰੈਕਟਰ ਸ. ਗੁਰਚਰਨ ਸਿੰਘ ਬਸਿਆਲਾ ਜੋ ਇਕ ਮਹੀਨੇ ਲਈ ਨਿਜੀ ਫੇਰੀ 'ਤੇ ਅਮਰੀਕਾ (ਨਿਊ ਜਰਸੀ) ਆਏ ਹੋਏ ਹਨ। ਸ. ਬਸਿਆਲਾ ਨਾਲ ਸੰਪਰਕ ਫੋਨ: 732-910-5379 ਰਾਹੀਂ ਕੀਤਾ ਜਾ ਸਕਦਾ ਹੈ।

(ਵੇਰਵਾ-ਦੁਪਾਲਪੁਰ)

## ਜਾਰਜੀਆ ਦੇ ਸਾਬਕਾ ਰਾਸ਼ਟਰਪਤੀ ਸ਼ੇਵਰਦਨਾਦਜ਼ੇ ਦਾ ਦੇਹਾਂਤ



**ਤਬਿਲਿਸੀ:** ਸੋਵੀਅਤ ਯੂਨੀਅਨ ਦੇ ਵਿਦੇਸ਼ ਮੰਤਰੀ ਰਹੇ ਤੇ ਮਗਰੋਂ ਜਾਰਜੀਆ ਦੇ ਰਾਸ਼ਟਰਪਤੀ ਬਣੇ ਐਡੂਅਰਡ ਸ਼ੇਵਰਦਨਾਦਜ਼ੇ ਦਾ 86 ਸਾਲ ਦੀ ਉਮਰੇ ਦੇਹਾਂਤ ਹੋ ਗਿਆ। ਉਨ੍ਹਾਂ ਦੀ ਤਰਜਮਾਨ ਮਰੀਨਾ ਦਾਵੀਤਾਸ਼ਵਿਲੀ ਨੇ ਦੱਸਿਆ ਕਿ ਸ਼ੇਵਰਦਨਾਦਜ਼ੇ ਪਿਛਲੇ ਲੰਮੇ ਸਮੇਂ ਤੋਂ ਬਿਮਾਰ ਸਨ।

ਸੋਵੀਅਤ ਯੁੱਗ ਵਿਚ ਉਹ ਮਿਖ਼ਾਇਲ ਗੋਰਬਾਚੋਵ ਦੀਆਂ ਉਦਾਰ ਨੀਤੀਆਂ ਦਾ ਸਫ਼ੀਰੀ ਚਿਹਰਾ ਸਨ।




Harmit Toor
Professional Real Estate Services
For a Real Estate Broker with an in-depth knowledge of both the area and market, contact Harmit Toor!
925.202.7027 hdtoor@gmail.com
WWW.MissionPeakBrokers.Com
Broker Associate
BRE Lic. #01462579
NMLS #358820
For Buying/Selling Home, Business & Loans
550 Credit Scores FHA Purchase Loans Available
Serving Bay Area and Central Valley Over 10 Years

Mountain Mike Pizza
For Sale
In San Jose, CA 95123
35 years est. business owner want to move. Serious Buyer Only.
ਸੈਨ ਹੋਜ਼ੇ, ਕੈਲੀਫੋਰਨੀਆ ਵਿਚ 35 ਸਾਲਾਂ ਤੋਂ ਚੱਲਦਾ ਮਾਊਨਟੇਨ ਮਾਈਕ ਪੀਜ਼ਾ ਵਿਕਾਊ ਹੈ
ਗੰਭੀਰ ਚਾਹਵਾਨ ਹੀ ਸੰਪਰਕ ਕਰਨ
Call: 408-242-5071

City Travel & Tour
We are the cheapest in the travel industry guaranteed for you travel.
From All Major destination of USA to most destination of India
$ 799.00 RT + Taxes
$500.00+taxes One way to any where in India
Please call us for the special group fares for weddings and and student group trip We also offer senior citizen discount and student discount for three or more tickets



England, Germany, Spain, Norway, Italy, Canada, France,
$299.00 plus TX based on RT purchase
Infant fly free
travelforce@outlook.com
Toll Free: 1-888-264-5068

The Anu Attorney Immigration Law Firm
Law offices of Anu Peshawaria
*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist
ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ
ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody
INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India
Weekends & Evening Appointments Available



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400

# ਖੱਦਰ ਤੋਂ ਰੇਸ਼ਮ ਰੇਸ਼ਮਾ




ਕਲਾ ਪਰਿਕਰਮਾ

ਬਲਵੰਤ ਗਾਰਗੀ



ਰੇਸ਼ਮਾ ਦਾ ਜਦੋਂ ਪਹਿਲਾ ਰਿਕਾਰਡ 'ਹਾਏ ਓ ਰੱਬਾ, ਨਹੀਓਂ ਲੱਗਦਾ ਦਿਲ ਮੇਰਾ' 1969 ਵਿਚ ਲੰਡਨ ਰਾਹੀਂ ਹਿੰਦੁਸਤਾਨ ਆਇਆ ਤਾਂ ਸਾਰੇ ਅੱਗ ਲੱਗ ਗਈ। ਇਹੋ ਜਿਹੀ ਆਵਾਜ਼ ਜਿਸ ਵਿਚ ਜੰਗਲੀ ਕਬੀਲੇ ਦਾ ਹੁਸਨ ਤੇ ਦਿਲ ਨੂੰ ਧੂਹ ਪਾਉਣ ਵਾਲੀ ਹੂਕ ਸੀ, ਕਦੇ ਨਹੀਂ ਸੀ ਸੁਣੀ ਕਿਸੇ ਨੇ। ਇਸ ਵਿਚ ਪੰਜਾਬ ਦੀ ਰੂਹ ਗੂੰਜਦੀ ਸੀ। ਜੇ ਕੋਈ ਰੇਸ਼ਮਾ ਦੇ ਗੀਤ ਨੂੰ ਸੁਣਦਾ, ਦਿਲ ਫੜ ਕੇ ਬੈਠ ਜਾਂਦਾ। ਉਨ੍ਹੀਂ ਦਿਨੀਂ ਸ਼ਿਵ ਕੁਮਾਰ ਬਟਾਲਵੀ ਨੇ ਮੈਨੂੰ ਪੁੱਛਿਆ, "ਤੂੰ ਸੁਣਿਐ ਰੇਸ਼ਮਾ ਦਾ ਗੀਤ?... ਨੱਸ ਗਈ ਸੱਪਣੀ, ਰੋਵੇ ਸਪੇਰਾ... ਹਾਏ ਓ ਰੱਬਾ, ਨਹੀਓਂ ਲਗਦਾ ਦਿਲ ਮੇਰਾ।" ਸ਼ਿਵ ਨੇ ਇਹ ਗੀਤ ਆਪਣੀ ਆਵਾਜ਼ ਵਿਚ ਸੁਣਾਇਆ।

ਰੇਸ਼ਮਾ (1947-3 ਨਵੰਬਰ 2013) ਝੱਟ ਪਟ ਹੀ ਅਚੰਭੇ ਭਰੀ ਕਥਾ ਬਣ ਗਈ। ਉਸ ਦੇ ਰਿਕਾਰਡ ਦੇ ਟੇਪ ਬਣੇ ਤੇ ਲੋਕਾਂ ਨੇ ਅੱਗਿਉਂ ਇਸ ਟੇਪ ਦੀ ਨਕਲ, ਤੇ ਟੇਪ-ਦਰ-ਟੇਪ ਦੀ ਨਕਲ ਕਰ ਕੇ ਲੱਖਾਂ ਘਰਾਂ ਵਿਚ ਰੇਸ਼ਮਾ ਦਾ ਗੀਤ ਪਹੁੰਚ ਗਿਆ। ਆਵਾਜ਼ ਵਿਚ ਇਤਨੀ ਸ਼ਕਤੀ ਤੇ ਸੋਜ਼ ਕਿ ਅਸਲ ਗੀਤ ਦੀਆਂ ਨਕਲਾਂ ਵਿਚ ਵੀ ਜਾਦੂ ਭਰੀ ਕਸ਼ਿਸ਼ ਨਹੀਂ ਸੀ ਟੁੱਟੀ।

ਇਕ ਵਾਰ ਰੇਸ਼ਮਾ ਅਚਾਨਕ ਹੀ ਕਰਾਚੀ ਤੋਂ ਬੰਬਈ (ਹੁਣ ਮੁੰਬਈ) ਆਈ। ਦਲੀਪ ਕੁਮਾਰ ਨੂੰ ਪਤਾ ਲੱਗਾ ਤਾਂ ਉਹ ਕਾਰ ਲੈ ਕੇ ਉਸ ਦੇ ਨਿੱਕੇ ਹੋਟਲ ਵਿਚ ਉਸ ਨੂੰ ਮਿਲਣ ਗਿਆ ਤੇ ਆਖਣ ਲੱਗਾ, "ਰੇਸ਼ਮਾ, ਮੈਂ ਤਾਂ ਤੇਰਾ ਫ਼ੈਨ ਹਾਂ।" ਦਲੀਪ ਕੁਮਾਰ ਨੇ ਰੇਸ਼ਮਾ ਅਤੇ ਉਸ ਦੇ ਦੋ ਰਿਸ਼ਤੇਦਾਰਾਂ ਦਾ ਫ਼ਾਈਵ ਸਟਾਰ ਹੋਟਲ 'ਸੀ ਰਾਕ' ਵਿਚ ਠਹਿਰਨ ਦਾ ਇੰਤਜ਼ਾਮ ਕਰ ਦਿੱਤਾ। ਉਸ ਦੇ ਸਾਰੇ ਖ਼ਰਚ ਵਰਚ ਦਾ ਜ਼ਿੰਮਾ ਲਿਆ। ਰਾਤ ਨੂੰ ਉਸ ਨੇ ਪਾਲੀ ਹਿਲ ਉਤੇ ਆਪਣੇ ਬੰਗਲੇ ਵਿਚ ਰੇਸ਼ਮਾ ਲਈ ਪਾਰਟੀ ਦਿੱਤੀ ਜਿਸ ਵਿਚ ਬਹੁਤ ਸਾਰੇ ਫ਼ਿਲਮ ਸਟਾਰ ਤੇ ਮਿਊਜ਼ਿਕ ਡਾਇਰੈਕਟਰ ਸਨ। ਸਾਇਰਾ ਬਾਨੋ ਵੱਡਾ ਥਾਲ ਲਈ ਲੋਕਾਂ ਨੂੰ ਮਿਸ਼ਰੀ ਵੰਡ ਰਹੀ ਸੀ। ਸਾਇਰਾ ਬਾਨੋ ਦੀ ਮਾਂ ਨਸੀਮ ਬਾਨੋ ਇਸ ਪਾਰਟੀ ਵਿਚ ਰੇਸ਼ਮਾ ਨੂੰ ਸੁਣਨ ਲਈ ਉਤਾਵਲੀ ਬੈਠੀ ਸੀ। ਨਸੀਮ ਬਾਨੋ ਦੀ ਮਾਂ ਸ਼ਮਸ਼ਾਦ ਬਾਈ ਜੋ 1930-32 ਵਿਚ ਮਸ਼ਹੂਰ ਗਾਉਣ ਵਾਲੀ ਸੀ ਤੇ ਸ਼ਮੀਆਂ ਦੇ ਨਾਂ ਨਾਲ ਮਸ਼ਹੂਰ ਸੀ, ਸੋਟੀ ਟੇਕਦੀ ਹੋਈ ਬੁੱਢੀ ਨਾਨੀ ਦੇ ਰੂਪ ਵਿਚ ਰੇਸ਼ਮਾ ਦੀ ਆਵਾਜ਼ ਸੁਣਨ ਨੂੰ ਬੈਠੀ ਸੀ।

ਰੇਸ਼ਮਾ ਗਾ ਰਹੀ ਸੀ ਤੇ ਫ਼ਿਲਮੀ ਜਗਤ ਦੇ ਸੁਪਰ ਸਟਾਰ ਵਾਰ-ਵਾਰ ਵਾਹ-ਵਾਹ ਕਰਦੇ ਉਸ ਦੇ ਸਦਕੇ ਜਾ ਰਹੇ ਸਨ। ਇਸ ਤੋਂ ਪਿਛੋਂ ਅਮਜਦ ਖਾਂ ਨੇ ਬਹੁਤ ਵੱਡੀ ਪਾਰਟੀ ਰੇਸ਼ਮਾ ਵਾਸਤੇ ਕੀਤੀ। ਉਸ ਪਿਛੋਂ ਰਾਜ ਕਪੂਰ ਨੇ ਆਪਣੀ ਮਸ਼ਹੂਰ ਕਾਟੇਜ ਵਿਚ ਦਾਅਵਤ ਦਿੱਤੀ ਜਿਸ ਵਿਚ ਸਾਰਾ ਕਪੂਰ ਖ਼ਾਨਦਾਨ ਤੇ ਹੋਰ ਫ਼ਿਲਮੀ ਸਿਤਾਰੇ ਮੌਜੂਦ ਸਨ। ਰੇਸ਼ਮਾ ਇਨ੍ਹਾਂ ਸੁਪਰ ਸਟਾਰਜ਼ ਦੀ ਸਟਾਰ ਸੀ।... ਰਾਤ ਦੇ ਤਿੰਨ ਵਜੇ ਤੱਕ ਰੇਸ਼ਮਾ ਗਾਉਂਦੀ ਰਹੀ। ਰਾਜ ਕਪੂਰ ਵਾਰ-ਵਾਰ ਆਪਣੇ ਸੀਨੇ ਉਤੇ ਮੁੱਕੇ ਮਾਰ ਰਿਹਾ ਸੀ ਤੇ ਆਖ ਰਿਹਾ ਸੀ, "ਹਾਏ ਓ ਰੱਬਾ! ਕੁਰਬਾਨ ਜਾਵਾਂ... ਹਾਏ ਓ ਰੱਬਾ!" ਉਸ ਦੀਆਂ ਅੱਖਾਂ ਵਿਚ ਖ਼ੁਸ਼ੀ ਤੇ ਦਰਦ ਦੇ ਹੰਝੂ ਸਨ। ਕੀ ਇਹੋ ਜਿਹੀ ਆਵਾਜ਼ ਸਚਮੁਚ ਜ਼ਿੰਦਾ ਸੀ? ਕੀ ਕੋਈ ਰੇਸ਼ਮਾ ਵਾਕਿਆ ਹੀ ਮੌਜੂਦ ਸੀ? ਕੀ ਇਹ ਹਕੀਕਤ ਸੀ? ਮੈਂ ਸਾਰੀਆਂ ਗੱਲਾਂ ਸੋਚਦਾ ਰਿਹਾ ਸਾਂ।

#

ਰੇਸ਼ਮਾ ਦੀ ਕਹਾਣੀ ਤਾਂ ਹੁਣ ਸਭ ਨੂੰ ਪਤਾ



ਹੀ ਹੈ। ਉਸ ਦੇ ਵੱਡੇ-ਵਡੇਰੇ ਰਾਜਸਥਾਨ ਦੇ ਰਹਿਣ ਵਾਲੇ ਸਨ। ਇਕ ਵਾਰ ਉਨ੍ਹਾਂ ਦਾ ਕਾਫ਼ਲਾ ਪਿਸ਼ਾਵਰ ਉਤਰਿਆ ਤਾਂ ਉਥੇ ਹੀ ਰੇਸ਼ਮਾ ਪੈਦਾ ਹੋਈ। ਦੇਸ਼ ਦੀ ਵੰਡ ਵੇਲੇ ਉਸ ਦੀ ਉਮਰ ਦੋ ਸਾਲ ਦੀ ਸੀ। ਉਹ ਖ਼ੇਮਿਆਂ ਤੇ ਕਾਫ਼ਲਿਆਂ ਵਿਚ ਜਵਾਨ ਹੋਈ। ਉਹ ਇੱਕੀ ਸਾਲ ਦੀ ਸੀ ਜਦੋਂ ਉਸ ਨੇ ਆਪਣੇ ਭਰਾ ਦੀ ਮੰਨਤ ਮੰਨੀ। ਉਨ੍ਹਾਂ ਦਾ ਕਾਫ਼ਲਾ ਹੈਦਰਾਬਾਦ ਸਿੰਧ ਗਿਆ ਤੇ ਉਹ ਪਿੰਡ ਸੇਵਨ ਵਿਚ ਸ਼ਾਹ ਕਲੰਦਰ ਦੇ ਮਜ਼ਾਰ ਉਤੇ ਗਈ। ਉਥੇ ਉਸ ਨੇ ਕੱਵਾਲੀ ਗਾਈ। ਕੱਵਾਲੀ ਦੇ ਬੋਲ ਤੇ ਧੁਨ ਉਸ ਨੇ ਖ਼ੁਦ ਹੀ ਘੜੀ ਸੀ ਤੇ ਇਹ ਸੀ: ਦਮਾ ਦਮ ਮਸਤ ਕਲੰਦਰ। ਇਸ ਮੌਕੇ ਉੱਤੇ ਸ਼ਰਧਾਲੂਆਂ ਵਿਚ ਪਾਕਿਸਤਾਨ ਰੇਡੀਓ ਦੇ ਡਾਇਰੈਕਟਰ ਸਲੀਮ ਗਿਲਾਨੀ ਵੀ ਮੌਜੂਦ ਸਨ। ਸਲੀਮ ਗਿਲਾਨੀ ਇਹ ਆਵਾਜ਼ ਸੁਣ ਕੇ ਹੈਰਾਨ ਰਹਿ ਗਿਆ ਤੇ ਉਸ ਨੇ ਆਖਿਆ, "ਤੂੰ ਬਹੁਤ ਸੁਹਣਾ ਗਾਉਂਦੀ ਹੈਂ। ਤੇਰਾ ਨਾਂ ਕੀ ਐ ਕੁੜੀਏ?" ਰੇਸ਼ਮਾ ਨੇ ਆਪਣਾ ਨਾਂ ਦੱਸਿਆ ਤਾਂ ਸਲੀਮ ਗਿਲਾਨੀ ਨੇ ਪੁੱਛਿਆ, "ਰੇਡੀਓ ਉੱਤੇ ਗਾਵੇਂਗੀ?" ਗਿਲਾਨੀ ਨੇ ਆਪਣਾ ਕਾਰਡ ਤੇ ਪਤਾ ਦਿੱਤਾ ਤੇ ਆਖਿਆ ਕਿ ਉਹ ਕਰਾਚੀ ਰੇਡੀਓ ਉੱਤੇ ਗਾਵੇ।... ਇਸ ਪਿਛੋਂ ਉਨ੍ਹਾਂ ਦਾ ਕਾਫ਼ਲਾ ਤੁਰ ਗਿਆ।

ਦੋ ਸਾਲਾਂ ਪਿਛੋਂ ਕਾਫ਼ਲਾ ਘੁੰਮਦਾ ਘੁਮਾਉਂਦਾ ਮੁਲਤਾਨ ਆਇਆ। ਰੇਸ਼ਮਾ ਦੇ ਅੱਬਾ, ਤੇ ਮਾਂ ਤੇ ਟੱਬਰ ਦੇ ਲੋਕਾਂ ਨੇ ਸੋਚਿਆ, ਕਰਾਚੀ ਸ਼ਹਿਰ ਬਹੁਤ ਸੁਹਣਾ ਤੇ ਵੱਡਾ ਸੁਣੀਂਦਾ ਹੈ। ਉਥੇ ਚਲੀਏ ਤੇ ਚੱਲ ਕੇ ਸ਼ਹਿਰ ਦੇਖੀਏ।

ਉਹ ਕਰਾਚੀ ਆਏ ਤਾਂ ਰੇਸ਼ਮਾ ਨੇ ਸਲੀਮ ਗਿਲਾਨੀ ਦਾ ਪੁਰਾਣਾ ਕਾਰਡ ਕੱਢ ਕੇ ਰੇਡੀਓ ਦਾ ਪਤਾ ਕੀਤਾ ਤੇ ਪੁੱਛਦੇ-ਪੁਛਾਉਂਦੇ ਇਹ ਲੋਕ ਰੇਡੀਓ ਦੇਖਣ ਆ ਗਏ। ਉਥੇ ਦਰਬਾਨ ਨੇ ਅੰਦਰ ਨਾ ਜਾਣ ਦਿੱਤਾ। ਬਹੁਤ ਮਿੰਨਤਾਂ ਕੀਤੀਆਂ ਤੇ ਆਖਿਆ ਕਿ ਉਸ ਨੂੰ ਸਲੀਮ ਗਿਲਾਨੀ ਨੇ ਬੁਲਾਇਆ ਹੈ। ਇਕ ਕਰਮਚਾਰੀ ਨੇ ਪੁੱਛਿਆ, "ਕਦੋਂ?" ਰੇਸ਼ਮਾ ਨੇ ਆਖਿਆ, "ਦੋ ਸਾਲ ਹੋਏ"। ਉਹ ਕਰਮਚਾਰੀ ਬੋਲਿਆ, "ਬਹੁਤ ਛੇਤੀ ਆ ਗਏ ਤੁਸੀਂ।" ਕੁਝ ਲੋਕ ਹੱਸ ਪਏ। ਆਖ਼ਰ ਰੇਸ਼ਮਾ ਤੇ ਉਸ ਦਾ ਟੱਬਰ ਸਲੀਮ ਗਿਲਾਨੀ ਨੂੰ ਮਿਲਿਆ ਤਾਂ ਉਹ ਰੇਸ਼ਮਾ ਨੂੰ ਦੇਖ ਕੇ ਬਹੁਤ ਖ਼ੁਸ਼ ਹੋਇਆ। ਰੇਸ਼ਮਾ ਨੂੰ ਸਟੂਡੀਓ ਵਿਚ ਲਿਜਾ ਕੇ ਗਾਉਣ ਲਈ ਆਖਿਆ ਤਾਂ ਰੇਸ਼ਮਾ ਬੋਲੀ, "ਮੈਂ ਮਜ਼ਾਰ ਉੱਤੇ ਹੀ ਗਾ ਸਕਦੀ ਹਾਂ ਤੇ ਉਸੇ ਤਰ੍ਹਾਂ ਹੀ ਗਾਵਾਂਗੀ।"

ਰੇਸ਼ਮਾ ਦੇ ਕਈ ਗਾਣੇ ਰੇਡੀਓ ਡਾਇਰੈਕਟਰ ਨੇ ਰਿਕਾਰਡ ਕਰ ਲਏ। ਫ਼ੋਟੋਗਰਾਫਰ ਨੇ ਰੇਸ਼ਮਾ ਦਾ ਫ਼ੋਟੋ ਵੀ ਲਿਆ। ਗਾਣੇ ਬ੍ਰਾਡਕਾਸਟ ਹੋਏ ਤਾਂ ਸਾਰੇ ਪਾਕਿਸਤਾਨ ਵਿਚ ਇਸ ਆਵਾਜ਼ ਦੀ ਸ਼ੁਹਰਤ ਫੈਲ ਗਈ। ਇਸ ਆਵਾਜ਼ ਵਿਚ ਅਜੀਬ ਦਰਦ ਸੀ। ਇਕ ਚੀਸ, ਫ਼ਿਜ਼ਾ ਵਿਚ ਗੂੰਜਦੀ ਟੂਣੇਹਾਰੀ ਕਸ਼ਿਸ਼।

#

ਮੇਰੇ ਨਾਲ ਜੋਰਬਾਗ਼ ਦੇ ਗੈਸਟ ਹਾਊਸ ਵਿਚ ਬੈਠੀ ਗੱਲਾਂ ਕਰਦੀ ਰੇਸ਼ਮਾ ਨੇ ਆਖਿਆ: "ਬਲਵੰਤ ਜੀ, ਮੈਂ ਤਾਂ ਵਣਜਾਰਨ ਸਾਂ। ਖੱਦਰ ਸਾਂ, ਲੋਕਾਂ ਨੇ ਰੇਸ਼ਮ ਬਣਾ ਦਿੱਤਾ।"

ਰੇਸ਼ਮਾ ਦੇ ਗਾਣੇ ਅੰਦਰ ਤਿੰਨ ਮਹਾਨ ਗਾਉਣ ਵਾਲੀਆਂ ਦਾ ਸੁਮੇਲ ਹੈ ਜਿਨ੍ਹਾਂ ਨੂੰ ਮੈਂ ਆਪਣੀ ਜ਼ਿੰਦਗੀ ਵਿਚ ਸੁਣਿਆ: ਜੋਨ ਬਾਇਜ਼ ਜੋ ਕੈਲੀਫੋਰਨੀਆ ਵਿਚ ਜਵਾਨਾਂ ਦੇ ਖੁੱਲ੍ਹੇ ਜਲਸਿਆਂ ਵਿਚ ਜੰਗ ਦੇ ਖ਼ਿਲਾਫ਼ ਗੀਤ ਗਾਉਂਦੀ ਹੈ ਤੇ ਲੋਕਾਂ ਦਾ ਦਿਲ ਮੋਂਹਦੀ ਹੈ। (ਉਸ ਦੀਆਂ ਨਸਾਂ ਵਿਚ ਸਪੇਨ ਦੇ ਟੱਪਰੀਵਾਸਾਂ ਦਾ ਖ਼ੂਨ ਹੈ); ਮਿਸਰ ਦੀ ਮਸ਼ਹੂਰ ਗਾਇਕਾ ਕੁਲਸੂਮ ਜਿਸ ਦੀ ਆਵਾਜ਼ ਵਿਚ ਕੁਰਾਨ ਦੀਆਂ ਆਇਤਾਂ ਲਰਜ਼ਦੀਆਂ ਹਨ; ਰਾਇਆ ਜਿਸ ਨੂੰ ਮੈਂ ਮਾਸਕੋ ਦੇ ਜਿਪਸੀ ਥੀਏਟਰ ਵਿਚ ਨੱਚਦੇ ਤੇ ਗਾਉਂਦੇ ਸੁਣਿਆ ਤੇ ਜਿਸ ਨੇ ਮੇਰੇ ਨਾਟਕ 'ਸੋਹਣੀ ਮਹੀਂਵਾਲ' ਵਿਚ ਸੋਹਣੀ ਦੀ ਸਹੇਲੀ ਰੇਸ਼ਮਾ ਦਾ ਪਾਰਟ ਕੀਤਾ ਸੀ।

## ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 19 ਜੁਲਾਈ 2014 ਹੈ। -ਸੰਪਾਦਕ

### ਕੈਪਸ਼ਨ ਮੁਕਾਬਲਾ-125



ਤਸਵੀਰ: ਰਵਿੰਦਰ ਰਵੀ

*ਗੁਰੂ ਘਰ ਸ਼ਸਤਰ ਮਾਂਜਦਿਆਂ ਅਸੀਂ 'ਸਿਕਲੀਗਰ' ਅਖਵਾਏ।*
*ਕਿਰਤ-ਵਿਰਤ ਕਰ ਧਰਮ ਦੀ ਅਸੀਂ ਸਿੱਖੀ ਸਿਦਕ ਨਿਭਾਏ।*

### ਕੈਪਸ਼ਨ ਮੁਕਾਬਲਾ-123



ਖੁੱਲ੍ਹੇ ਡੁੱਲ੍ਹੇ ਦਿਲ ਨੇ ਸਾਡੇ
ਖੁੱਲ੍ਹੀ ਡੁੱਲ੍ਹੀ ਤਵਾ ਪਰਾਤ।
ਲਾ ਖਲਪਾੜਾਂ ਅੱਗ ਬਾਲੀਏ
ਜਿੱਥੇ ਵੀ ਪੈ ਜਾਵੇ ਰਾਤ।
ਫੁਲਕਿਆਂ ਨਾਲ ਨਾ ਸਰਦਾ ਸਾਡਾ
ਤਵੇ ਮੇਚ ਦੀ ਆਵੇ ਰਾਸ।
*-ਜਗਮੀਤ ਸਿੰਘ ਪੰਧੇਰ, ਕੈਨੇਡਾ*

---

ਰਾਹੀ ਲੰਮੇ ਪੈਂਡਿਆਂ ਦੇ
ਤੁਰਦੇ ਰਾਹੋ ਰਾਹ।
ਜਿਥੇ ਥੱਕ, ਟੁੱਟ, ਹੰਭ ਗਏ
ਓਥੇ ਹੀ ਲੈਣ ਸੁਸਤਾ।
ਭੁੱਖ ਲੱਗੀ ਤੋਂ ਰੋਟੀ-ਟੁੱਕ ਦਾ
ਲੈਂਦੇ ਨੇ ਜੁਗਾੜ ਬਣਾ।
ਏਧਰੋਂ ਓਧਰੋਂ ਚੁੱਕ ਇੱਟਾਂ
ਚੁੱਲ੍ਹਾ ਲੈਣ ਬਣਾ।
ਕਰ ਕੇ ਲੱਕੜਾਂ ਇਕੱਠੀਆਂ
ਲੈਂਦੇ ਅੱਗ ਮਘਾ।
ਤਵਾ ਚੁੱਲ੍ਹੇ ਚਾੜ੍ਹ ਕੇ
ਦਿੱਤੀ ਉਤੇ ਰੋਟੀ ਚੜ੍ਹਾ।
ਸੋਚਣ, ਛੋਟੀ ਦਾ ਕੀ ਲਾਹੁਣਾ
ਵੱਡੀ ਹੀ ਲਈਏ ਪਕਾ।
*-ਹਰਮੀਕ ਵਿੱਕੀ, ਸਟਾਕਟਨ*

---

ਲੱਕੜਾਂ ਦੀ ਅੱਗ ਦੇ ਉਤੇ
ਤਵਾ ਕਿਸੇ ਨੇ ਧਰਿਆ ਜੀ।
ਗੈਸ-ਚੁੱਲ੍ਹੇ ਤੇ ਸਟੋਵ ਬਿਨਾ
ਇਨ੍ਹਾਂ ਦਾ ਵੀ ਸਰਿਆ ਜੀ।
ਖੁੱਲ੍ਹੇ ਵਿਹੜੇ ਤੇ ਅੰਬਰ ਥੱਲੇ
ਉਦਮ ਇਨ੍ਹਾਂ ਨੇ ਕਰਿਆ ਜੀ।
*-ਪਰਸ਼ੋਤਮ ਸਿੰਘ ਯੂਬਾ ਸਿਟੀ*

---

ਚੰਗੇ ਦਿਨਾਂ ਦੀ ਕਰਕੇ ਆਸ
ਮੋਦੀ ਸਾਬ੍ਹ ਨੂੰ ਪਾਈ ਸੀ ਵੋਟ।
ਸੋਚਿਆ ਸੀ ਚੋਣਾਂ ਪਿਛੋਂ
ਕੰਮ ਆ ਜਾਵੇਗਾ ਲੋਟ।
ਜਿਹੜੇ ਲਈ ਫਿਰਦੇ ਸੀ
ਲੋਕਾਂ ਦੀ ਭਲਾਈ ਵਾਲਾ ਰੱਥ।
ਜਿੱਤ ਕੇ ਵੀ ਨਾ ਪਾ ਸਕੇ
ਮਹਿੰਗਾਈ ਨੂੰ ਨੱਥ।
ਗੈਸ ਸਿਲੰਡਰ ਹੋਇਆ ਮਹਿੰਗਾ
ਗੰਢੇ, ਖੰਡ, ਤੇਲ ਚੜ੍ਹੇ ਅਸਮਾਨ।
ਗਰੀਬ ਲਈ ਦੇਸੀ ਚੁੱਲ੍ਹਾ ਠੀਕ
ਰੋਟੀ-ਟੁੱਕ ਕਰਨਾ ਆਸਾਨ।
*-ਗੋਰਾ ਪ੍ਰਜਾਪਤ, ਨਿਊ ਯਾਰਕ*

---

ਕੁੱਲੀ, ਜੁੱਲੀ ਅਤੇ ਗੁੱਲੀ ਦਾ
ਫਿਕਰ ਨਾ ਸਾਨੂੰ ਕੋਈ।
ਵਾਂਗ ਫਕੀਰਾਂ ਨਾ ਪੱਲੇ ਬੰਨ੍ਹੀਏ
ਕੀ ਕਰਨੀ ਅਸੀਂ ਰਸੋਈ।
ਰੁੱਖੀ ਮਿੱਸੀ ਖਾ ਰੱਬ ਦਾ ਸ਼ੁਕਰਾਨਾ
ਹੋਰ ਸਾਨੂੰ ਸ਼ੌਂਕ ਨਾ ਕੋਈ।
ਉਹਦੀ ਰਜ਼ਾ 'ਚ ਰਾਜ਼ੀ ਰਹੀਏ
ਜੱਗ ਦਾ ਪ੍ਰਤਿਪਾਲਕ ਹੈ ਸੋਈ।
*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*

---

ਚਾਤ੍ਰਿਕ ਦੇ ਇਹ 'ਸੁਰਗੀ ਜਿਊੜੇ'
ਪੱਧਰੇ ਰੋਟੀ ਪਕਾ ਲੈਂਦੇ ਨੇ।
ਰੁੱਖੀ-ਸੁੱਕੀ ਖਾ ਪੀ ਕੇ
ਦਾਤੇ ਦਾ ਸ਼ੁਕਰ ਮਨਾ ਲੈਂਦੇ ਨੇ।
*-ਗੁਰਦੇਵ ਸਿੰਘ ਵਿਰਦੀ, ਕੈਨੇਡਾ*

# ਅਮਰੀਕਾ ਨੂੰ ਮੋਦੀ-ਓਬਾਮਾ ਮੀਟਿੰਗ ਤੋਂ ਵੱਡੀਆਂ ਉਮੀਦਾਂ

**ਵਾਸ਼ਿੰਗਟਨ:** ਭਾਰਤ ਦੀ ਨਵੀਂ ਸਰਕਾਰ ਨਾਲ ਮਿਲ ਕੇ ਭਾਰਤ-ਅਮਰੀਕਾ ਸਬੰਧਾਂ ਵਿਚ 'ਨਵਾਂ ਜੋਸ਼ ਭਰਨ' ਲਈ ਅਮਰੀਕਾ ਕਾਫੀ ਉਤਸ਼ਾਹਿਤ ਹੈ ਤੇ ਇਸ ਨੂੰ ਰਾਸ਼ਟਰਪਤੀ ਬਰਾਕ ਓਬਾਮਾ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਹੋਣ ਵਾਲੀ ਮੀਟਿੰਗ ਤੋਂ ਕਾਫੀ ਉਮੀਦਾਂ ਹਨ। ਇਹ ਗੱਲ ਅਮਰੀਕਾ ਦੇ ਉਪ ਕੌਮੀ ਸੁਰੱਖਿਆ ਸਲਾਹਕਾਰ ਬੈੱਨ ਰੋਡਜ਼ ਨੇ ਕਹੀ। ਉਨ੍ਹਾਂ ਕਿਹਾ ਕਿ ਆਗਾਮੀ ਸਮੇਂ ਦੌਰਾਨ ਦੋਵਾਂ ਆਗੂਆਂ ਦੀ ਹੋਣ ਵਾਲੀ ਮੀਟਿੰਗ ਦੌਰਾਨ ਅਰਥਚਾਰਾ ਤੇ ਵਪਾਰ, ਊਰਜਾ ਤੇ ਵਾਤਾਵਰਨ ਤਬਦੀਲੀ, ਅਤਿਵਾਦ ਦਾ ਟਾਕਰਾ, ਖੇਤਰੀ ਸੁਰੱਖਿਆ ਤੇ ਏਸ਼ੀਆ-ਪ੍ਰਸ਼ਾਂਤ ਖਿੱਤਾ ਆਦਿ ਮੁੱਦਿਆਂ ਉਤੇ ਧਿਆਨ ਕੇਂਦਰਿਤ ਕੀਤੇ ਜਾਣ ਦੇ ਆਸਾਰ ਹਨ। ਇਸ ਨਾਲ ਸ੍ਰੀ ਮੋਦੀ ਤੇ ਸ੍ਰੀ ਓਬਾਮਾ ਨੂੰ ਅਗਾਮੀ ਸਾਲਾਂ ਦੌਰਾਨ ਮਿਲ ਕੇ ਕੰਮ ਕਰਨ ਲਈ ਆਪਸੀ ਰਿਸ਼ਤੇ ਬਣਾਉਣ ਦਾ ਮੌਕਾ ਵੀ ਮਿਲੇਗਾ।



ਸ੍ਰੀ ਰੋਡਜ਼ ਨੇ ਕਿਹਾ ਕਿ ਭਾਰਤ-ਅਮਰੀਕਾ ਸਬੰਧਾਂ ਵਿਚ ਨਵਾਂ ਜੋਸ਼ ਭਰੇ ਜਾਣ ਦੀਆਂ ਸੰਭਾਵਨਾਵਾਂ ਤੋਂ ਅਸੀਂ ਬਹੁਤ ਉਤਸ਼ਾਹਿਤ ਹਾਂ। ਮੇਰੇ ਖਿਆਲ ਵਿਚ ਇਕ ਮਜ਼ਬੂਤ ਪ੍ਰਧਾਨ ਮੰਤਰੀ ਦਾ ਹੋਣਾ, ਜੋ ਨਵਾਂ ਵੀ ਹੈ ਤੇ ਕੁਝ ਕਰਨ ਦਾ ਚਾਹਵਾਨ ਵੀ ਹੈ, ਇਸ ਮਾਮਲੇ ਵਿਚ ਕਾਫੀ ਸਹਾਈ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਨਵੀਂ ਦਿੱਲੀ ਵਿਚ ਇਕ ਮਜ਼ਬੂਤ ਸਰਕਾਰ ਬਣਨ ਤੋਂ ਅਮਰੀਕਾ ਕਾਫੀ ਖੁਸ਼ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਹਾਲੇ ਸ੍ਰੀ ਮੋਦੀ ਤੇ ਸ੍ਰੀ ਓਬਾਮਾ ਦੀ ਮੀਟਿੰਗ ਦੀ ਤਰੀਕ ਤੈਅ ਨਹੀਂ ਹੋਈ ਤੇ ਇਹ ਪਤਝੜ ਦੀ ਰੁੱਤ ਵਿਚ ਹੋ ਸਕਦੀ ਹੈ। ਉਹ ਮੋਦੀ ਸਰਕਾਰ ਦੇ ਹੁਣ ਤੱਕ ਦੇ ਕਾਰਜਕਾਲ ਬਾਰੇ ਗੱਲ ਕਰ ਰਹੇ ਸਨ।

# ਪਤੀ ਨੂੰ ਦੱਸੇ ਬਿਨਾਂ ਉਚ ਸਿੱਖਿਆ ਹਾਸਲ ਕਰਨਾ ਜ਼ੁਲਮ: ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪਤੀ ਨੂੰ ਦੱਸੇ ਬਿਨਾਂ ਪਤਨੀ ਵੱਲੋਂ ਉੱਚ ਸਿੱਖਿਆ ਹਾਸਲ ਕਰਨ ਨੂੰ ਮਾਨਸਿਕ ਜ਼ੁਲਮ ਕਰਾਰ ਦਿੱਤਾ ਹੈ ਤੇ ਇਸੇ ਆਧਾਰ 'ਤੇ ਡਾਕਟਰ ਜੋੜੇ ਨੂੰ ਤਲਾਕ ਦੀ ਮਨਜ਼ੂਰੀ ਦੇ ਦਿੱਤੀ। ਅਦਾਲਤ ਨੇ ਇਸ ਤੱਥ ਨੂੰ ਵੀ ਧਿਆਨ ਵਿਚ ਰੱਖਿਆ ਕਿ ਪਤਨੀ ਨੇ ਡਾਕਟਰ ਪਤੀ ਤੇ ਉਸ ਦੇ ਪਰਿਵਾਰ ਖ਼ਿਲਾਫ਼ ਦਾਜ ਮੰਗਣ ਦੇ ਝੂਠੇ ਦੋਸ਼ ਲਾਏ ਤੇ ਨਵਜੰਮੇ ਬੱਚੇ ਦੇ ਨਾਮਕਰਣ ਸਮਾਗਮ ਵਿਚ ਉਨ੍ਹਾਂ ਨੂੰ ਸੱਦਾ ਤੱਕ ਨਹੀਂ ਦਿੱਤਾ ਗਿਆ।



ਜਸਟਿਸ ਐਸ.ਜੇ. ਮੁਖੋਪਾਧਿਆਏ ਤੇ ਦੀਪਕ ਮਿਸ਼ਰਾ ਦੀ ਬੈਂਚ ਮੁਤਾਬਕ ਬੱਚੇ ਨੂੰ ਜਨਮ ਦੇਣ ਤੋਂ ਬਾਅਦ ਸਿੱਧੇ ਮਾਪਿਆਂ ਦੇ ਘਰ ਜਾਣ ਤੇ ਪਤੀ ਦੀ ਅਪੀਲ ਨੂੰ ਮੰਨਣ ਤੋਂ ਇਨਕਾਰ ਕਰਨਾ ਵੀ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਨ ਦੀ ਸ਼੍ਰੇਣੀ ਵਿਚ ਆਉਂਦਾ ਹੈ। ਸੁਪਰੀਮ ਕੋਰਟ ਨੇ ਇਸ ਗੱਲ ਨੂੰ ਵੀ ਧਿਆਨ ਵਿਚ ਰੱਖਿਆ ਕਿ ਪਤਨੀ ਉੱਚ ਸਿੱਖਿਆ ਲਈ ਗੁਲਬਰਗਾ (ਕਰਨਾਟਕ) ਪਹੁੰਚ ਗਈ ਜਦਕਿ ਪਤੀ ਨੂੰ ਇਸ ਬਾਰੇ ਜਾਣਕਾਰੀ ਆਪਣੇ ਇਕ ਜਾਣਕਾਰ ਪ੍ਰੋਫੈਸਰ ਤੋਂ ਮਿਲੀ। ਸੁਪਰੀਮ ਕੋਰਟ ਨੇ ਪਤੀ ਨੂੰ ਹੁਕਮ ਦਿੱਤੇ ਹਨ ਕਿ ਉਹ 16 ਸਾਲ ਦੇ ਮੁੰਡੇ ਦੀ ਪੜ੍ਹਾਈ ਲਈ 25 ਲੱਖ ਰੁਪਏ ਪਤਨੀ ਨੂੰ ਦੇਵੇ। ਬੈਂਚ ਨੇ ਕਿਹਾ ਕਿ ਮਾਂ ਭਾਵੇਂ ਕਮਾਉਂਦੀ ਹੈ ਪਰ ਪਿਤਾ ਨੂੰ ਵੀ ਉਸ ਦੀਆਂ ਜ਼ਿੰਮੇਵਾਰੀਆਂ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਮਾਲਤੀ ਰਵੀ ਤੇ ਬੀ.ਵੀ ਰਵੀ ਦਾ ਨਵੰਬਰ 1994 ਵਿਚ ਵਿਆਹ ਹੋਇਆ ਸੀ ਤੇ 18 ਮਹੀਨਿਆਂ ਪਿੱਛੋਂ ਹੀ ਦੋਹਾਂ ਦੇ ਰਿਸ਼ਤਿਆਂ ਵਿਚ ਟਕਰਾਅ ਪੈਦਾ ਹੋ ਗਿਆ ਸੀ। ਜਣੇਪੇ ਤੋਂ ਬਾਅਦ ਮਾਲਤੀ ਸਿੱਧੇ ਪੇਕੇ ਘਰ ਚਲੀ ਗਈ ਤੇ ਤਿੰਨ ਸਾਲਾਂ ਬਾਅਦ ਉਹ ਪਤੀ ਕੋਲ ਬੰਗਲੌਰ ਆਈ ਪਰ ਦੋ ਮਹੀਨਿਆਂ ਬਾਅਦ ਹੀ ਫਿਰ ਉਹ ਮਾਪਿਆਂ ਕੋਲ ਚਲੀ ਗਈ।

# ਵਿਆਹ ਨਾ ਕਰਨ 'ਤੇ 23 ਮੁਟਿਆਰਾਂ ਵੱਲੋਂ ਮਾਪਿਆਂ ਖਿਲਾਫ ਕੇਸ

**ਰਿਆਧ:** ਸਾਊਦੀ ਅਰਬ ਵਿਚ ਬੀਤੇ ਸਾਲ ਦੌਰਾਨ 23 ਮੁਟਿਆਰਾਂ ਨੇ ਉਨ੍ਹਾਂ ਦਾ ਵਿਆਹ ਨਾ ਕਰਨ ਲਈ ਆਪਣੇ ਮਾਪਿਆਂ ਖ਼ਿਲਾਫ਼ ਕੇਸ ਦਾਇਰ ਕੀਤੇ। ਅਜਿਹੇ 11 ਕੇਸ ਰਿਆਧ ਵਿਚ, ਚਾਰ ਮਦੀਨੇ ਤੇ ਦੋ-ਦੋ ਦੰਮਾਮ, ਮੱਕਾ, ਜੱਦਾਹ ਤੇ ਜਾਜ਼ਾਨ ਵਿਚ ਦਰਜ ਹੋਏ। ਅਰਬੀ ਜ਼ੁਬਾਨ ਵਿਚ ਧੀਆਂ ਦੇ ਵਿਆਹ ਨਾ ਕਰਨ ਦੇ ਮਾਮਲਿਆਂ ਨੂੰ 'ਅਧਲ' ਕਿਹਾ ਜਾਂਦਾ ਹੈ।ਇਹ ਜਾਣਕਾਰੀ ਮੁਲਕ ਦੀ ਮਨੁੱਖੀ ਹੱਕਾਂ ਬਾਰੇ ਕੌਮੀ ਸੁਸਾਇਟੀ (ਐਨ.ਐਸ.ਐਚ.ਆਰ.) ਨੇ ਦਿੱਤੀ ਹੈ।

ਐਨ.ਐਸ.ਐਚ.ਆਰ. ਦੀ ਮੈਂਬਰ ਤੇ ਮਨੁੱਖੀ ਹੱਕਾਂ ਦੀ ਕਾਰਕੁਨ ਸੁਹਾਲੀਆ ਜ਼ਾਇਨ ਅਲ-ਅਲੀਦਾ ਹੰਮਾਦ ਨੇ ਸਰਕਾਰ ਨੂੰ ਜ਼ੋਰ ਦੇ ਕੇ ਕਿਹਾ ਹੈ ਕਿ ਉਹ ਔਰਤਾਂ ਨੂੰ 'ਅਧਲ' ਦੇ ਘਰ ਤੋਂ ਬਚਾਉਣ ਲਈ ਕਾਨੂੰਨ ਬਣਾਵੇ। ਉਨ੍ਹਾਂ ਕਿਹਾ ਕਿ ਅਜਿਹਾ ਕਾਨੂੰਨ ਲਾਗੂ ਕਰਨਾ ਬਹੁਤ ਜ਼ਰੂਰੀ ਹੈ ਜਿਸ ਤਹਿਤ ਔਰਤਾਂ ਨੂੰ ਇਕ ਖ਼ਾਸ ਉਮਰ ਤੋਂ ਬਾਅਦ ਆਪਣੇ ਮਾਪਿਆਂ ਜਾਂ ਸਰਪ੍ਰਸਤਾਂ ਦੀ ਮਨਜ਼ੂਰੀ ਤੋਂ ਬਿਨਾਂ ਵੀ ਵਿਆਹ ਕਰਵਾਉਣ ਦੀ ਖੁੱਲ੍ਹ ਹੋਵੇ।ਉਨ੍ਹਾਂ ਕਿਹਾ ਕਿ ਇਸ ਵੇਲੇ ਔਰਤਾਂ ਇਸ ਮਾਮਲੇ ਵਿਚ ਆਪਣੇ ਮਾਪਿਆਂ ਜਾਂ ਸਰਪ੍ਰਸਤਾਂ ਦੇ ਰਹਿਮ ਉੱਤੇ ਨਿਰਭਰ ਹਨ। ਐਨ.ਐਸ.ਐਚ.ਆਰ. ਨੇ ਹਾਲ ਹੀ ਵਿਚ ਅਜਿਹੇ ਕਈ ਕੇਸਾਂ ਨਾਲ ਸਿੱਝਿਆ ਹੈ, ਜਿਨ੍ਹਾਂ ਵਿਚ ਮਾਪਿਆਂ ਵੱਲੋਂ ਆਪਣੀਆਂ ਧੀਆਂ ਦੇ ਵਿਆਹ ਨਹੀਂ ਸਨ ਕੀਤੇ ਜਾ ਰਹੇ। ਅਜਿਹਾ ਆਮ ਕਰਕੇ ਉਨ੍ਹਾਂ ਦੀ ਕਮਾਈ ਹੜੱਪਣ ਲਈ ਕੀਤਾ ਜਾਂਦਾ ਹੈ। ਬੀਬੀ ਸੁਮਲੀਆ ਨੇ ਕਿਹਾ ਕਿ ਮੁਲਕ ਦੀਆਂ ਵੱਡੀ ਗਿਣਤੀ ਔਰਤਾਂ 'ਅਧਲ' ਦਾ ਸ਼ਿਕਾਰ ਹਨ। ਅਜਿਹੀਆਂ ਔਰਤਾਂ ਇਸ ਕਾਰਨ ਭਾਰੀ ਮਾਨਸਿਕ ਤਣਾਅ ਵਿਚੋਂ ਗੁਜ਼ਰਦੀਆਂ ਤੇ ਡਿਪਰੈਸ਼ਨ ਦਾ ਸ਼ਿਕਾਰ ਹੋ ਜਾਂਦੀਆਂ ਹਨ ਜਾਂ ਉਨ੍ਹਾਂ ਵਿਚ ਖੁਦਕੁਸ਼ੀ ਦੀ ਪਰਵਿਰਤੀ ਭਾਰੂ ਹੋ ਜਾਂਦੀ ਹੈ।

# ਕਲਿੰਟਨ ਜੋੜੀ ਦਾ ਕੋਈ ਜਵਾਬ ਨਹੀਂ

**ਵਾਸ਼ਿੰਗਟਨ:** ਬਿੱਲ ਤੇ ਹਿਲੇਰੀ ਕਲਿੰਟਨ ਨੇ ਪਿਛਲੇ ਦੋ ਦਹਾਕਿਆਂ ਦੌਰਾਨ ਸਿਆਸਤ ਲਈ ਇਕ ਅਰਬ ਡਾਲਰ ਤੋਂ ਵੱਧ ਧਨ ਇਕੱਠਾ ਕਰਨ ਵਿਚ ਮਦਦ ਕੀਤੀ, ਜੋ 2016 ਵਿਚ ਵ੍ਹਾਈਟ ਹਾਊਸ ਵਿਚ ਰਾਸ਼ਟਰਪਤੀ ਵਜੋਂ ਦਾਖਲੇ ਲਈ ਪਰ ਤੋਲ ਰਹੀ ਇਸ ਆਗੂ ਤੇ ਸਾਬਕਾ ਵਿਦੇਸ਼ ਮੰਤਰੀ ਲਈ ਵੱਡਾ ਸਹਾਇਕ ਕਾਰਕ ਹੋ ਸਕਦਾ ਹੈ।



ਵਾਲ ਸਟਰੀਟ ਜਰਨਲ ਦੀ ਰਿਪੋਰਟ ਮੁਤਾਬਕ ਇਸ ਕਮਾਲ ਦੀ ਸਿਆਸੀ ਜੋੜੀ ਨੇ ਮੁਹਿੰਮਾਂ ਚਲਾ ਕੇ, ਮੁੱਲ ਦੇ ਭਾਸ਼ਨ ਦੇ ਕੇ ਤੇ ਸੰਗਠਨਾਂ ਦੇ ਨੈੱਟਵਰਕ ਰਾਹੀਂ ਆਪਣੇ ਸਿਆਸੀ ਤੇ ਨੀਤੀਗਤ ਟੀਚੇ ਅੱਗੇ ਵਧਾਏ ਤੇ ਪੇਸ਼ ਕੀਤੇ। ਇਨ੍ਹਾਂ ਗਹਿਰੇ ਸਬੰਧਾਂ ਨੇ ਹਿਲੇਰੀ ਨੂੰ 2016 ਦੀ ਰਾਸ਼ਟਰਪਤੀ ਦੀ ਚੋਣ ਵਿਚ ਵਿੱਤੀ ਲਾਭ ਵੀ ਦੇਣਾ ਹੈ, ਜੇਕਰ ਉਹ ਚੋਣ ਲੜਦੀ ਹੈ ਤਾਂ ਉਹ ਉਨ੍ਹਾਂ ਸਨਅਤੀਦਾਨੀਆਂ ਨੂੰ ਮੁੜ ਡੈਮੋਕਰੇਟਿਕ ਪਾਰਟੀ ਨਾਲ ਜੋੜ ਸਕਦੀ ਹੈ, ਜੋ ਬਿੱਲ ਕਲਿੰਟਨ ਦੇ ਅਹੁਦਾ ਛੱਡਣ ਮਗਰੋਂ ਲਾਂਭੇ ਹੋ ਗਏ ਸਨ।

ਭਾਵੇਂ ਰਿਪਬਲਿਕਨ ਵੀ ਉਸੇ ਪੱਧਰ 'ਤੇ ਫੰਡ ਇਕੱਠਾ ਕਰ ਸਕਦੇ ਹਨ, ਪਰ ਉਹ ਖਿੱਝਦੇ ਹਨ ਕਿ ਹਿਲੇਰੀ, ਜੋ ਇਸ ਵੇਲੇ ਪਾਰਟੀ ਦੀ ਸਭ ਤੋਂ ਮਿਆਰੀ ਨੇਤਾ ਹੈ, ਉਹ ਰਾਸ਼ਟਰਪਤੀ ਲਈ ਅਗਲੀ ਚੋਣ ਵਿਚ ਜਲਦੀ ਹੀ ਧਨ ਪੱਖੋਂ ਵੀ ਕਾਫੀ ਅਗਾਂਹ ਲੰਘ ਜਾਏਗੀ, ਜੋ 2012 ਵਿਚ ਖਰਚੇ ਦੇ ਅਰਬ ਡਾਲਰਾਂ ਤੋਂ ਕਿਤੇ ਵੱਧ ਰਹਿਣ ਦੇ ਆਸਾਰ ਹਨ। ਲਪਬੀਕਾਰ ਤੇ ਰਿਪਬਲਿਕਨ ਪਾਰਟੀ ਦੇ ਰਾਸ਼ਟਰਪਤੀ ਦੇ ਅਹੁਦੇ ਦੇ ਉਮੀਦਵਾਰਾਂ ਲਈ ਧਨ ਇਕੱਠਾ ਕਰਨ ਵਾਲੇ ਰਿੱਕ ਹੋਲਟ ਨੇ ਦੱਸਿਆ ਕਿ ਕਲਿੰਧਨ ਜੋੜੀ ਦੇਸ਼ ਦੇ ਇਤਿਹਾਸ ਲਈ ਡੈਮੋਕਰੇਟਾਂ ਲਈ ਧਨ ਇਕੱਠਾ ਕਰਨ ਦੇ ਅਪਰੇਸ਼ਨ ਵਿਚ ਬੇਜੋੜ ਕਾਰਜ ਕਰਨ ਵਾਲੀ ਹੈ। ਸਮੁੱਚੇ ਵਿਚ ਕਲਿੰਟਨ ਜੋੜੀ ਨੇ ਸਾਰੇ ਸਰੋਤਾਂ ਤੋਂ 2-3 ਅਰਬ ਡਾਲਰ ਇਕੱਠੇ ਕੀਤੇ ਸਨ, ਜਿਨ੍ਹਾਂ ਵਿਚ ਵਿਅਕਤੀਗਤ, ਕਾਰਪੋਰੇਟ ਤੇ ਵਿਦੇਸ਼ੀ ਸਰਕਾਰਾਂ ਸ਼ਾਮਲ ਸਨ। 1 ਤੋਂ 2 ਬਿਲੀਅਨ ਤੱਕ ਰਕਮ ਸਨਅਤੀ ਸਰੋਤਾਂ ਤੋਂ ਆਈ ਸੀ। ਜਿਥੋਂ ਤੱਕ ਇਸ ਜੋੜੀ ਦੀ ਨਿੱਜੀ ਸੰਪਤੀ ਦਾ ਸੁਆਲ ਹੈ ਤਾਂ ਹਾਲ ਹੀ ਵਿਚ ਹਿਲੇਰੀ ਨੇ ਏ.ਬੀ.ਸੀ. ਟੀਵੀ ਨੂੰ ਦੱਸਿਆ ਸੀ ਕਿ ਉਹ ਵ੍ਹਾਈਟ ਹਾਊਸ ਛੱਡਣ ਵੇਲੇ ਵਿੱਤੀ ਪੱਖੋਂ ਔਖੇ ਹੀ ਨਹੀਂ ਸਨ, ਬਲਕਿ ਕਰਜ਼ਾਈ ਸਨ।

ਉਨ੍ਹਾਂ ਨੂੰ ਚੈਲਸੀਆਂ ਦੀ ਪੜ੍ਹਾਈ ਲਈ ਤੇ ਹੋਰ ਲੋੜਾਂ ਲਈ ਕਈ ਕੁਝ ਗਹਿਣੇ ਰੱਖਣਾ ਪਿਆ ਸੀ। ਯੇਲ ਤੋਂ ਪੜ੍ਹੀ ਵਕੀਲ ਹਿਲੇਰੀ ਦੇ ਪਰਿਵਾਰ ਦੀ 2012 ਦੇ ਅਖੀਰ ਵਿਚ ਸੰਪਤੀ 50 ਲੱਖ ਡਾਲਰ ਤੋਂ ਦੋ ਕਰੋੜ 55 ਲੱਖ ਡਾਲਰ ਦੇ ਦਰਮਿਆਨ ਸੀ।


ੴ ਸਤਿਗੁਰ ਪ੍ਰਸਾਦਿ

ਸਰਬ ਰੋਗ ਕਾ ਅਉਖਦੁ ਨਾਮੁ ਮਿਸ਼ਨ ਚੰਡੀਗੜ੍ਹ

ਰੋਗ ਨਿਵਾਰਨ ਕੈਂਪ



ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥
ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥

ਸਤਿਗੁਰੂ ਪਾਤਸ਼ਾਹ ਜੀ ਦੀ ਮਿਹਰ ਸਦਕਾ ਅਧਿਆਤਮਕ ਮਾਰਗ ਦੀ ਵਡਮੁੱਲੀ ਬਖਸ਼ਿਸ਼ ਪ੍ਰਾਪਤ ਗੁਰਮੁਖ ਸ. ਹਰਦਿਆਲ ਸਿੰਘ ਜੀ (IAS Retd.) ਕੈਂਪਾਂ ਵਿੱਚ ਸੰਗਤਾਂ ਨਾਲ ਨਾਮ/ਬਾਣੀ ਬਾਰੇ ਅਮੁੱਲ ਵੀਚਾਰ ਸ਼ਾਂਝੇ ਕਰਨਗੇ।

ਕੈਂਪਾਂ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਅੰਦਰ ਸੰਗਤੀ ਰੂਪ ਵਿੱਚ ਪਾਠ ਸ੍ਰੀ ਸੁਖਮਨੀ ਸਾਹਿਬ, ਰੋਗ ਨਵ੍ਰਿਤੀ ਸ਼ਬਦ ਜਾਪ ਅਤੇ ਗੁਰਮਤਿ ਵੀਚਾਰਾਂ ਦੇ ਨਾਲ-ਨਾਲ ਰੋਗਾਂ ਦੇ ਮੂਲ ਕਾਰਨਾਂ ਦੀ ਵੀ ਵੀਚਾਰ ਹੁੰਦੀ ਹੈ। 1983 ਤੋਂ ਭਾਰਤ ਅਤੇ 1995 ਤੋਂ ਵਿਦੇਸ਼ਾਂ ਵਿੱਚ ਲਗਦੇ ਕੈਂਪਾਂ ਵਿੱਚ ਹਾਜ਼ਰੀ ਭਰ ਕੇ ਹੁਣ ਤੱਕ ਅਨੇਕਾਂ ਪ੍ਰਾਣੀ ਸਾਧ/ਅਸਾਧ ਰੋਗਾਂ ਤੋਂ ਰਾਹਤ ਪ੍ਰਾਪਤ ਕਰ ਚੁੱਕੇ ਹਨ। ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਕੈਂਪਾਂ ਵਿੱਚ ਹਾਜ਼ਰੀ ਭਰ ਕੇ ਦੁੱਖਾਂ/ਰੋਗਾਂ ਤੋਂ ਰਾਹਤ ਅਤੇ ਨਾਮ/ਗੁਰਬਾਣੀ ਦੀ ਸੋਝੀ ਪ੍ਰਾਪਤ ਕਰਨ ਦੇ ਅਮੁੱਲ ਅਵਸਰ ਦਾ ਲਾਹਾ ਪ੍ਰਾਪਤ ਕਰੋ ਜੀ।

ਨੋਟ : ਮਿਸ਼ਨ ਵੱਲੋਂ ਸੰਗਤਾਂ ਨੂੰ ਬੇਨਤੀ ਹੈ ਕਿ ਦੁਆਈ ਸਬੰਧੀ ਕੋਈ ਵੀ ਫ਼ੈਸਲਾ ਵੀਰ ਭੈਣ ਆਪਣੇ ਡਾਕਟਰ ਦੀ ਸਲਾਹ ਨਾਲ ਹੀ ਕਰਨ

Sanjose Sikh Gurdwara, USA

3636 Murillo Ave Sanjose (California)

| | | |
|---|---|---|
| Friday | July 18, 2014 | 1:00 pm To 6:00 pm |
| Saturday | July 19, 2014 | 2:00 pm To 7:00 pm |
| Sunday | July 20, 2014 | 1:00 pm To 6:00 pm |
| Monday | July 21, 2014 | 1:00 pm To 6:00 pm |

Note : ਸ. ਹਰਦਿਆਲ ਸਿੰਘ ਜੀ ਦੇ ਹੋਰ ਪ੍ਰੋਗਰਾਮ ਅਤੇ ਉਪ੍ਰੋਕਤ ਕੈਂਪਾਂ ਦੀ ਜਾਣਕਾਰੀ ਲਈ ਫ਼ੋਨ

Amrik Singh Bola: 408-313-7221, email : amrik.bola@gmail.com

Gurdwara Sahib Sanjose : 408-274-9373

E-mail: info@gurbanihealing.com - www.GurbaniHealing.com

# ਬੇਲਗਾਮ ਮਹਿੰਗਾਈ ਅੱਗੇ ਅੱਛੇ ਦਿਨਾਂ ਦੀ ਆਸ ਮੱਧਮ ਪਈ

**ਚੰਡੀਗੜ੍ਹ:** 'ਅੱਛੇ ਦਿਨ' ਆਉਣ ਦਾ ਲਾਰਾ ਲਾ ਕੇ ਸੱਤਾ ਵਿਚ ਆਈ ਮੋਦੀ ਸਰਕਾਰ ਲੋਕਾਂ ਨੂੰ ਬੇਲਗਾਮ ਮਹਿੰਗਾਈ ਤੋਂ ਰਾਹਤ ਦੇਣ ਵਿਚ ਅਜੇ ਤੱਕ ਨਾਕਾਮ ਰਹੀ ਹੈ ਜਿਸ ਕਾਰਨ ਸਰਕਾਰ ਨੂੰ ਆਮ ਲੋਕਾਂ ਦੇ ਨਾਲ-ਨਾਲ ਸੰਸਦ ਵਿਚ ਵਿਰੋਧੀ ਧਿਰ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰੇਲ ਕਿਰਾਏ ਤੇ ਮਾਲ ਭਾੜੇ ਵਿਚ ਵਾਧੇ ਤੋਂ ਬਾਅਦ, ਚਾਲੀ ਰੁਪਏ ਕਿਲੋ ਹੋਏ ਪਿਆਜ਼ ਲੋਕਾਂ ਦੀਆਂ ਅੱਖਾਂ ਵਿਚੋਂ ਅੱਥਰੂ ਕੱਢ ਰਹੇ ਹਨ। ਇਹ ਹੰਝੂ ਅਜੇ ਸੁੱਕੇ ਨਹੀਂ ਕਿ ਕੇਂਦਰ ਸਰਕਾਰ ਨੇ ਲੋਕਾਂ ਨੂੰ ਹੋਰ ਝਟਕਾ ਦਿੰਦਿਆਂ ਪੈਟਰੋਲ 1.69 ਰੁਪਏ ਪ੍ਰਤੀ ਲਿਟਰ ਤੇ ਡੀਜ਼ਲ 50 ਪੈਸੇ ਪ੍ਰਤੀ ਲਿਟਰ ਮਹਿੰਗਾ ਕਰ ਦਿੱਤਾ ਹੈ। ਲੋਕਾਂ ਨੂੰ ਇਕ ਹੋਰ ਕੌੜੀ ਗੋਲੀ ਦਿੰਦਿਆਂ ਮੋਦੀ ਸਰਕਾਰ ਨੇ ਘਰੇਲੂ ਗੈਸ ਦੀਆਂ ਕੀਮਤਾਂ ਵਿਚ ਵੀ ਵਾਧਾ ਕਰ ਦਿੱਤਾ ਹੈ।

ਆਲੂਆਂ ਤੇ ਖੰਡ ਦੇ ਭਾਅ ਵੀ ਚੜ੍ਹਨ ਲੱਗ ਪਏ ਹਨ। ਮੋਦੀ ਸਰਕਾਰ ਦਾ ਕਹਿਣਾ ਹੈ ਕਿ ਰੇਲਵੇ ਕਿਰਾਇਆ ਵਧਾਉਣ ਦਾ ਫ਼ੈਸਲਾ ਯੂ.ਪੀ.ਏ. ਸਰਕਾਰ ਕਰ ਗਈ ਸੀ ਪਰ ਕੀ ਮੋਦੀ ਪਿਛਲੀ ਸਰਕਾਰ ਦੇ ਹੋਰ ਫ਼ੈਸਲੇ ਵੀ ਲਾਗੂ ਕਰੇਗੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਜਿੱਤ ਨੂੰ ਤਬਦੀਲੀ ਦਾ ਨਾਂ ਦਿੱਤਾ ਸੀ। ਆਗੂਆਂ ਵਿਚ ਪਰਿਵਰਤਨ ਤਾਂ ਹੋ ਗਿਆ ਪਰ ਅਜੇ ਤੱਕ ਮੋਦੀ ਸਰਕਾਰ ਨੇ ਅਜਿਹਾ ਕੋਈ ਸੰਕੇਤ ਨਹੀਂ ਦਿੱਤਾ ਜਿਸ ਵਿਚ ਨੀਤੀਆਂ ਵਿਚ ਪਰਿਵਰਤਨ ਦਾ ਪਤਾ ਲੱਗ ਸਕੇ। ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਵਿਚ ਵਾਧੇ ਨੂੰ ਤੇਲ ਕੰਪਨੀਆਂ ਨੇ ਇਰਾਕ ਸੰਕਟ ਦੇ ਕਾਰਨ ਅੰਤਰਰਾਸ਼ਟਰੀ ਪੱਧਰ ਉੱਤੇ ਕੱਚੇ ਤੇਲ ਦੀਆਂ ਕੀਮਤਾਂ ਵਿਚ ਵਾਧਾ ਦੱਸਿਆ ਹੈ ਪਰ ਇਹ ਤੱਥਾਂ ਮੁਤਾਬਕ ਠੀਕ ਨਹੀਂ ਹੈ। ਸੂਬਾ ਸਰਕਾਰ ਵੀ ਕੇਂਦਰ ਸਰਕਾਰ ਦੀ ਹਾਂ ਵਿਚ ਹਾਂ ਮਿਲਾ ਰਹੀ



ਹੈ ਜਦਕਿ ਮਹੱਤਵਪੂਰਨ ਵਸਤੂਆਂ ਨੂੰ ਕੰਟਰੋਲ ਮੁਕਤ ਕਰਨ ਦੀ ਨੀਤੀ ਉਤੇ ਮੁੜ ਵਿਚਾਰ ਕਰਨ ਲਈ ਅਜੇ ਤੱਕ ਕੋਈ ਸੰਕੇਤ ਨਹੀਂ ਮਿਲ ਰਹੇ ਹਨ।

ਪਿਆਜ਼ਾਂ ਦੀ ਬਰਾਮਦ ਲਈ ਘੱਟੋ-ਘੱਟ ਕੀਮਤ ਤੈਅ ਕਰਨ ਵਰਗੇ ਕਦਮ ਦੇ ਬਾਵਜੂਦ ਇਸ ਜਿਣਸ ਦੇ ਭਾਅ ਤੇਜ਼ੀ ਨਾਲ ਵਧਣੇ ਜਾਰੀ ਹਨ। ਮੌਨਸੂਨ ਦੀ ਕਮਜ਼ੋਰੀ ਵੀ ਵਪਾਰੀਆਂ ਤੇ ਦੜੇਬਾਜ਼ਾਂ ਲਈ ਕੀਮਤਾਂ ਚੜ੍ਹਾਉਣ ਦਾ ਬਹਾਨਾ ਬਣ ਰਹੀ ਹੈ। ਮਹਾਰਾਸ਼ਟਰ ਦੀ ਸਭ ਤੋਂ ਵੱਡੀ ਪਿਆਜ਼ ਮੰਡੀ ਲਾਸਲਗਾਉਂ ਵਿਚ ਪਿਛਲੇ ਦੋ ਹਫਤਿਆਂ ਵਿਚ ਪਿਆਜ਼ ਦੀਆਂ ਥੋਕ ਕੀਮਤਾਂ 40 ਫੀਸਦੀ ਵਧ ਕੇ 18.50 ਰੁਪਏ ਪ੍ਰਤੀ ਕਿਲੋ ਹੋ ਗਈਆਂ ਹਨ। ਨੈਸ਼ਨਲ ਹੌਰਟੀਕਲਚਰਲ ਰਿਸਰਚ ਐਂਡ ਡਿਵੈਲਪਮੈਂਟ ਫਾਊਂਡੇਸ਼ਨ (ਐਨ.ਐਚ.ਆਰ.ਡੀ.ਐਫ.) ਦੇ ਡਾਇਰੈਕਟਰ ਆਰ.ਪੀ. ਗੁਪਤਾ ਮੁਤਾਬਕ ਸਾਉਣੀ ਦੌਰਾਨ ਮੌਨਸੂਨ ਮਾੜੀ ਰਹਿਣ ਦਾ ਪਹਿਲਾਂ ਹੀ ਪਤਾ ਲੱਗਣ ਕਰਕੇ ਇਹ ਭਾਅ ਚੜ੍ਹੇ ਹਨ। ਨਾਸਿਕ ਦੇ ਲਾਸਲਗਾਉਂ ਦਾ ਸੇਕ ਦਿੱਲੀ ਦੀ ਆਜ਼ਾਦਪੁਰ ਮੰਡੀ ਵਿਚ ਲੱਗ ਰਿਹਾ ਹੈ ਜਿਥੇ ਗੁਣਵੱਤਾ ਦੇ ਆਧਾਰ 'ਤੇ ਪਿਆਜ਼ 15-25 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਵਿਕ ਰਿਹਾ ਹੈ। 18 ਜੂਨ ਨੂੰ ਲਾਸਲਗਾਉਂ ਵਿਚ ਪਿਆਜ਼ 13.25 ਰੁਪਏ ਪ੍ਰਤੀ ਕਿਲੋ ਸੀ, ਜੋ ਹੁਣ 18.50 ਰੁਪਏ ਪ੍ਰਤੀ ਕਿਲੋ ਹੋ ਗਿਆ ਹੈ। 17 ਜੂਨ ਨੂੰ ਸਰਕਾਰ ਨੇ ਵਿਦੇਸ਼ ਪਿਆਜ਼ ਭੇਜਣ ਲਈ ਘੱਟੋ-ਘੱਟ ਬਰਾਮਦ ਕੀਮਤ (ਐਮ.ਈ.ਪੀ.) 300 ਡਾਲਰ ਪ੍ਰਤੀ ਟਨ ਮੁਕੱਰਰ ਕੀਤੀ ਸੀ ਤਾਂ ਕਿ ਇਸ ਦੀ ਵਿਦੇਸ਼ਾਂ ਵਿਚ ਵੇਚ ਤੇ ਚੜ੍ਹ ਰਹੀਆਂ ਕੀਮਤਾਂ ਨੂੰ ਠੱਲ੍ਹ ਪਾ ਕੇ ਰੱਖੀ ਜਾ ਸਕੇ। ਪਿਛਲੇ ਮਹੀਨੇ 30 ਮਈ ਨੂੰ ਪਿਆਜ਼ ਦੀ ਕੀਮਤ 9.75 ਰੁਪਏ ਪ੍ਰਤੀ ਕਿਲੋ ਸੀ ਤੇ ਉਦੋਂ ਤੋਂ ਇਹ ਵਾਧਾ 90 ਫੀਸਦੀ ਬਣਦਾ ਹੈ।

ਰੇਲ ਭਾੜੇ, ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਿਚ ਵਾਧੇ ਦਾ ਅਸਰ ਢੋਆ ਢੁਆਈ ਦੀਆਂ ਕੀਮਤਾਂ ਦੇ ਵਾਧੇ ਉਤੇ ਪੈਣਾ ਸੁਭਾਵਿਕ ਹੈ ਤੇ ਇਸ ਨਾਲ ਹਰ ਚੀਜ਼ ਮਹਿੰਗੀ ਹੋ ਜਾਵੇਗੀ। ਕੇਂਦਰ ਸਰਕਾਰ ਨੇ ਅਪਣੇ ਸਰਵੇਖਣ ਵਿਚ ਮੰਨਿਆ ਹੈ ਕਿ ਦੇਸ਼ ਤੇ 70 ਫ਼ੀਸਦੀ ਤੋਂ ਵੱਧ ਪਰਿਵਾਰ ਰੋਜ਼ੀ ਰੋਟੀ ਕਮਾਉਣ ਦੇ ਯੋਗ ਵੀ ਨਹੀਂ ਹਨ, ਇਸ ਲਈ ਖ਼ੁਰਾਕ ਦੇ ਅਧਿਕਾਰ ਦਾ ਕਾਨੂੰਨ ਬਣਾਉਣਾ ਪਿਆ ਹੈ।

ਹੁਣ ਵਧ ਰਹੀ ਮਹਿੰਗਾਈ ਤਾਂ ਹੋਰ ਕਿੰਨੇ ਹੀ ਲੋਕਾਂ ਨੂੰ ਭੁੱਖਾ ਮਰਨ ਲਈ ਮਜਬੂਰ ਕਰ ਸਕਦੀ ਹੈ। ਵਿੱਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਸੀ ਕਿ ਮਹਿੰਗਾਈ ਦਾ ਵੱਡਾ ਕਾਰਨ ਕਾਲਾ ਬਾਜ਼ਾਰੀ ਹੈ। ਸਰਕਾਰ ਇਸ ਮਾਮਲੇ ਉਤੇ ਸਖ਼ਤੀ ਕਰਨ ਦੇ ਰੌਂਅ ਵਿਚ ਹੈ ਪਰ ਅਜੇ ਤੱਕ ਸਰਕਾਰੀ ਸਖ਼ਤੀ ਦਾ ਕੋਈ ਸਬੂਤ ਸਾਹਮਣੇ ਨਹੀਂ ਆਇਆ ਹੈ। ਇਸ ਲਈ ਰੇਲ ਕਿਰਾਇਆ ਹੋਵੇ ਜਾਂ ਪੈਟਰੋਲ ਦੀਆਂ ਕੀਮਤਾਂ ਵਿਚ ਵਾਧਾ ਕਰਨ ਦੀ ਗੱਲ, ਸਰਕਾਰ ਨੂੰ ਇਨ੍ਹਾਂ ਮੁੱਦਿਆਂ ਉਤੇ ਸੰਸਦ ਵਿਚ ਬਹਿਸ ਕਰਵਾਉਣ ਨੂੰ ਤਰਜੀਹ ਦੇਣੀ ਚਾਹੀਦੀ ਸੀ। ਹੋ ਸਕਦਾ ਹੈ ਕਿ ਦੇਸ਼ ਦੇ ਲੱਖਾਂ ਲੋਕਾਂ ਵੱਲੋਂ ਚੁਣ ਕੇ ਭੇਜੇ ਗਏ ਸੰਸਦ ਮੈਂਬਰ ਬਹਿਸ ਵਿਚ ਭਾਗ ਲੈ ਕੇ ਲੋਕਾਂ ਸਾਹਮਣੇ ਸਹੀ ਤੱਥ ਲਿਆ ਸਕਣ ਪਰ ਸਰਕਾਰ ਨੇ ਇਸ ਲੋਕਤੰਤਰੀ ਤਰੀਕੇ ਨੂੰ ਨਜ਼ਰਅੰਦਾਜ਼ ਕਰ ਦਿੱਤਾ ਹੈ।

ਯੂ.ਪੀ.ਏ. ਸਰਕਾਰ ਵੀ ਦਸ ਸਾਲ ਮਹਿੰਗਾਈ 'ਤੇ ਨੱਥ ਪਾਉਣ ਦੀ ਸਮਾਂ ਸੀਮਾ ਤੈਅ ਕਰਦੀ ਰਹੀ ਪਰ ਸਭ ਕੋਸ਼ਿਸ਼ਾਂ ਅਸਫ਼ਲ ਰਹੀਆਂ। ਵਿੱਤ ਮੰਤਰੀ ਦੇ ਪਹਿਲੇ ਬਜਟ ਉਤੇ ਲੋਕਾਂ ਦੀਆਂ ਨਜ਼ਰਾਂ ਹਨ। ਲੋਕਾਂ ਦੀ ਚੰਗੇ ਦਿਨ ਦੇਖਣ ਦੀ ਉਮੀਦ ਸਿਰਫ ਨਾਅਰਿਆਂ ਨਾਲ ਨਹੀਂ ਸਗੋਂ ਮਹਿੰਗਾਈ ਘੱਟ ਕਰਕੇ, ਰੁਜ਼ਗਾਰ ਦੇ ਵਸੀਲੇ ਪੈਦਾ ਕਰਕੇ ਤੇ ਲੋਕਾਂ ਨੂੰ ਹੋਰ ਸੁਵਿਧਾਵਾਂ ਮਿਲਣ ਨਾਲ ਹੀ ਬਣੀ ਰਹਿ ਸਕਦੀ ਹੈ।

## ਜਮ੍ਹਾਂਖੋਰਾਂ ਨੇ ਵਧਾਈ ਮਹਿੰਗਾਈ: ਜੇਤਲੀ

**ਨਵੀਂ ਦਿੱਲੀ:** ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਿਚ ਆਈ ਹਾਲੀਆ ਜ਼ੋਰਦਾਰ ਤੇਜ਼ੀ ਲਈ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਜਮ੍ਹਾਂਖੋਰਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਜਨਤਾ ਨੂੰ ਘਬਰਾਉਣ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਦੇਸ਼ ਵਿਚ ਖੁਰਾਕੀ ਵਸਤਾਂ ਦੇ ਲੋੜੀਂਦੇ ਭੰਡਾਰ ਮੌਜੂਦ ਹਨ। ਦੱਸਣਯੋਗ ਹੈ ਕਿ ਕੀਮਤਾਂ ਨੂੰ ਹੋਰ ਵਧਣ ਤੋਂ ਰੋਕਣ ਦੀ ਚਾਹਵਾਨ ਸਰਕਾਰ ਨੇ ਸੂਬਿਆਂ ਦੇ ਖੁਰਾਕ ਮੰਤਰੀਆਂ ਦੀ ਮੀਟਿੰਗ ਸੱਦੀ ਸੀ ਤਾਂ ਕਿ ਜਮ੍ਹਾਂਖੋਰਾਂ ਤੇ ਮੁਨਾਫਾਖੋਰਾਂ ਖਿਲਾਫ ਕਾਰਵਾਈ ਦੇ ਕਦਮਾਂ ਬਾਰੇ ਵਿਚਾਰ ਕੀਤਾ ਜਾ ਸਕੇ। ਬੀਤੇ ਦਿਨਾਂ ਦੌਰਾਨ ਸਰਕਾਰ ਨੇ ਪਿਆਜ਼ ਤੇ ਆਲੂਆਂ ਆਦਿ ਦੀ ਉਪਲਬਧਤਾ ਬਣਾਈ ਰੱਖਣ ਲਈ ਇਨ੍ਹਾਂ ਦੀ ਘੱਟੋ-ਘੱਟ ਬਰਾਮਦੀ ਕੀਮਤ ਤੈਅ ਕਰ ਦਿੱਤੀ ਸੀ। ਇਸ ਦੇ ਨਾਲ ਹੀ ਸਰਕਾਰ ਨੇ ਇਨ੍ਹਾਂ ਵਸਤਾਂ ਨੂੰ ਭੰਡਾਰ ਕਰਨ ਦੀ ਹੱਦ ਵੀ ਘਟਾ ਦਿੱਤੀ ਸੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰੀ ਜੇਤਲੀ ਨੇ ਕਿਹਾ ਕਿ "ਇਕ ਗੱਲ ਸਾਫ ਹੋਣੀ ਚਾਹੀਦੀ ਹੈ ਕਿ ਘਬਰਾਉਣ ਦੀ ਲੋੜ ਨਹੀਂ ਹੈ। ਸਾਨੂੰ ਸੂਬਾਈ ਮੰਤਰੀਆਂ ਤੋਂ ਇਹ ਜਾਣਕਾਰੀ ਮਿਲੀ ਹੈ ਕਿ ਦੇਸ਼ ਵਿਚ ਇਨ੍ਹਾਂ ਵਸਤਾਂ ਦਾ ਲੋੜੀਂਦਾ ਭੰਡਾਰ ਮੌਜੂਦ ਹੈ। ਉਨ੍ਹਾਂ ਕਿਹਾ ਕਿ ਜੁਲਾਈ ਵਿਚ ਆਮ ਹੀ ਦਾਲਾਂ ਤੇ ਸਬਜ਼ੀਆਂ ਦੇ ਭਾਅ ਵਧ ਜਾਂਦੇ ਹਨ ਪਰ ਇਸ ਵਾਰ ਵਾਧਾ ਕੁਝ ਜ਼ਿਆਦਾ ਹੋਇਆ ਹੈ।



# ਮੋਦੀ ਵ੍ਹਾਈਟ ਹਾਊਸ ਤੋਂ ਜ਼ਿਆਦਾ ਹਰਮਨ ਪਿਆਰੇ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਵਿੱਟਰ 'ਤੇ ਜੁੜੇ ਲੋਕਾਂ ਦੀ ਗਿਣਤੀ ਦੇ ਮਾਮਲੇ ਵਿਚ ਵ੍ਹਾਈਟ ਹਾਊਸ ਨੂੰ ਪਿੱਛੇ ਛੱਡ ਦਿੱਤਾ ਹੈ। ਇਸ ਦੇ ਨਾਲ ਮੋਦੀ ਮਾਈਕ੍ਰੋਬਲਾਗਿੰਗ ਸਾਈਟ 'ਤੇ ਜੁੜੇ ਲੋਕਾਂ ਦੇ ਮਾਮਲੇ ਵਿਚ ਵਿਸ਼ਵ ਪੱਧਰੀ ਨੇਤਾਵਾਂ ਵਿਚ ਚੌਥੇ ਸਥਾਨ 'ਤੇ ਆ ਗਏ ਹਨ। ਵਿਸ਼ਵ ਨੇਤਾਵਾਂ 'ਤੇ ਸਾਲਾਨਾ ਅਧਿਐਨ ਮੁਤਾਬਕ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਟਵਿੱਟਰ 'ਤੇ ਸਭ ਤੋਂ ਜ਼ਿਆਦਾ ਫਾਲੋ ਕੀਤਾ ਜਾਂਦਾ ਹੈ। ਉਨ੍ਹਾਂ ਦੇ ਬਾਅਦ ਪੋਪ ਫਰਾਂਸਿਸ, ਇੰਡੋਨੇਸ਼ੀਆਈ ਰਾਸ਼ਟਰਪਤੀ ਸੁਸੀਲੋ ਬੈਮਬੈਂਗ ਯੁਧੋਯੋਨੋ, ਮੋਦੀ ਤੇ ਵ੍ਹਾਈਟ ਹਾਊਸ ਦਾ ਨੰਬਰ



ਆਉਂਦਾ ਹੈ। ਅਧਿਐਨ ਵਿਚ ਕਿਹਾ ਗਿਆ ਹੈ ਕਿ ਮਈ 2014 ਵਿਚ ਭਾਰਤ ਦਾ ਨਵਾਂ ਪ੍ਰਧਾਨ ਮੰਤਰੀ ਬਣਨ ਦੇ ਬਾਅਦ ਮੋਦੀ ਦੁਨੀਆ ਭਰ ਦੇ ਨੇਤਾਵਾਂ ਵਿਚ ਟਵਿੱਟਰ 'ਤੇ ਫਾਲੋਅਰਸ ਦੀ ਗਿਣਤੀ ਦੇ ਮਾਮਲੇ ਵਿਚ ਚੌਥੇ ਸਥਾਨ 'ਤੇ ਪਹੁੰਚ ਗਏ ਹਨ। ਟਵਿੱਟਰ 'ਤੇ ਉਨ੍ਹਾਂ ਦੇ ਫਾਲੋਅਰਸ ਦੀ ਗਿਣਤੀ 49,81, 777 ਹੈ ਜਦੋਂਕਿ ਵ੍ਹਾਈਟ ਹਾਊਸ ਦੇ ਫਾਲੋਅਰਸ ਦੀ ਗਿਣਤੀ 49,80,207 ਹੈ। ਮੋਦੀ ਆਪਣੇ ਸੰਦੇਸ਼ਾਂ ਦੇ ਪ੍ਰਸਾਰਨ ਲਈ ਟਵਿੱਟਰ ਨੂੰ ਮਜ਼ਬੂਤ ਮਾਧਿਅਮ ਦੇ ਰੂਪ ਵਿਚ ਵਰਤ ਰਹੇ ਹਨ। ਅਧਿਐਨ ਮੁਤਾਬਕ ਟਵਿੱਟਰ 'ਤੇ ਓਬਾਮਾ ਦੇ ਫਾਲੋਅਰਸ ਦੀ ਗਿਣਤੀ 4.36 ਕਰੋੜ ਹੈ।

# ਲਸ਼ਕਰ ਦੀ ਧਮਕੀ ਪਿੱਛੋਂ ਸਰਗਰਮ ਹੋਈ ਪੰਜਾਬ ਪੁਲਿਸ

**ਬਠਿੰਡਾ:** ਅਤਿਵਾਦੀ ਸੰਗਠਨ ਲਸ਼ਕਰ-ਏ-ਤੋਇਬਾ ਨੇ ਆਉਣ ਵਾਲੇ ਦਿਨਾਂ ਵਿਚ ਬਠਿੰਡਾ ਜੰਕਸ਼ਨ 'ਤੇ ਬੰਬ ਧਮਾਕੇ ਕਰਨ ਦੀ ਧਮਕੀ ਦਿੱਤੀ ਹੈ। ਇਸ ਮਗਰੋਂ ਰੇਲਵੇ ਵਿਭਾਗ ਨੇ ਚੌਕਸੀ ਵਧਾ ਦਿੱਤੀ ਹੈ ਪਰ ਅਜੇ ਵੀ ਰੇਲਵੇ ਜੰਕਸ਼ਨ 'ਤੇ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਨਹੀਂ ਹਨ। ਮਿਲੀ ਜਾਣਕਾਰੀ ਮੁਤਾਬਕ ਅਤਿਵਾਦੀ ਸੰਗਠਨ ਦੇ ਕਰਾਚੀ (ਪਾਕਿਸਤਾਨ) ਵਿਚ ਕਮਾਂਡਰ ਕਰੀਮ ਅੰਸਾਰੀ ਵੱਲੋਂ ਮਿਲੀ ਚਿੱਠੀ ਵਿਚ ਬਠਿੰਡਾ, ਫਿਰੋਜ਼ਪੁਰ, ਫ਼ਾਜ਼ਿਲਕਾ ਤੇ ਅਬੋਹਰ ਸਮੇਤ ਰਾਜਸਥਾਨ ਦੇ ਸ੍ਰੀਗੰਗਾਨਗਰ, ਹਨੂੰਮਾਨਗੜ੍ਹ, ਜੋਧਪੁਰ, ਬੀਕਾਨੇਰ, ਜੈਸਲਮੇਰ ਤੇ ਬਾੜਮੇਰ ਦੇ ਧਾਰਮਿਕ ਸਥਾਨਾਂ ਤੇ ਰੇਲਵੇ ਸਟੇਸ਼ਨਾਂ 'ਤੇ 9 ਤੋਂ 11 ਜੁਲਾਈ ਵਿਚਕਾਰ ਬੰਬ ਧਮਾਕੇ ਕਰਨ ਦੀ ਧਮਕੀ ਦਿੱਤੀ ਗਈ ਹੈ। ਚੇਤੇ ਰਹੇ ਕਿ ਪਹਿਲਾਂ ਖੁਫੀਆ ਏਜੰਸੀਆਂ ਵੱਲੋਂ ਵੀ ਅਜਿਹੀ ਚਿਤਾਵਨੀ ਦਿੱਤੀ ਜਾਂਦੀ ਰਹੀ ਹੈ। ਅਸਲ ਵਿਚ ਪੰਜਾਬ ਉਤੇ ਇਨ੍ਹਾਂ ਜਥੇਬੰਦੀਆਂ ਦੀ ਅੱਖ ਸਦਾ ਹੀ ਰਹੀ ਹੈ। ਪਿੱਛੇ ਜਿਹੇ ਹੋਈਆਂ ਕੁਝ ਗ੍ਰਿਫਤਾਰੀਆਂ ਤੋਂ ਵੀ ਇਹ ਖੁਲਾਸਾ ਹੋਇਆ ਸੀ।

# ਅਫਗਾਨ ਰਾਸ਼ਟਰਪਤੀ ਚੋਣਾਂ ਵਿਚ ਗਨੀ ਜਿੱਤੇ

**ਕਾਬੁਲ:** ਅਫਗਾਨਿਸਤਾਨ ਵਿਚ ਰਾਸ਼ਟਰਪਤੀ ਅਹੁਦੇ ਦੀ ਚੋਣਾਂ ਵਿਚ ਵਿਸ਼ਵ ਬੈਂਕ ਦੇ ਸਾਬਕਾ ਅਰਥ ਸ਼ਾਸਤਰੀ ਅਸ਼ਰਫ ਗਨੀ ਨੇ ਜਿੱਤ ਪ੍ਰਾਪਤ ਕੀਤੀ ਹੈ।

ਚੋਣਾਂ ਦੇ ਮੁੱਢਲੇ ਨਤੀਜਿਆਂ ਮੁਤਾਬਕ ਗਨੀ



ਨੇ ਅਬਦੁੱਲਾ ਅਬਦੁੱਲਾ ਦੀਆਂ 43.5 ਫੀਸਦੀ ਦੇ ਮੁਕਾਬਲੇ 56.4 ਫੀਸਦੀ ਵੋਟਾਂ ਪ੍ਰਾਪਤ ਕੀਤੀਆਂ ਹਨ।

ਅਧਿਕਾਰੀਆਂ ਨੇ ਦੱਸਿਆ ਕਿ 14 ਜੂਨ ਨੂੰ ਪਈਆਂ ਵੋਟਾਂ ਦੌਰਾਨ 1.35 ਕਰੋੜ ਲੋਕਾਂ ਵੱਲੋਂ ਵੋਟ ਪਾਉਣ ਦੀ ਉਮੀਦ ਸਨ ਪਰ 80 ਲੱਖ ਤੋਂ ਵੱਧ ਲੋਕਾਂ ਨੇ ਵੋਟ ਪਾਈ ਤੇ ਇਸ ਦੌਰਾਨ ਦੋਵੇਂ ਧਿਰਾਂ ਵੱਲੋਂ ਇਕ ਦੂਸਰੇ 'ਤੇ ਵੋਟਾਂ ਦੌਰਾਨ ਧੋਖਾਧੜੀ ਦੇ ਵੀ ਦੋਸ਼ ਲਗਾਏ ਗਏ।

# ਮੰਤਰੀਆਂ ਨੂੰ ਹਜ਼ਮ ਨਾ ਹੋਈ ਬਾਦਲ ਦੀ ਨਸੀਹਤ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਅਚਨਚੇਤੀ ਪੰਜਾਬ ਸਿਵਲ ਸਕੱਤਰੇਤ ਸਥਿਤ ਮੰਤਰੀਆਂ ਦੇ ਦਫ਼ਤਰਾਂ ਵਿਖੇ ਮਾਰੇ ਛਾਪੇ ਤੇ ਸਮੇਂ ਸਿਰ ਆਉਣ ਦੀ ਦਿੱਤੀ ਨਸੀਹਤ ਕਈ ਮੰਤਰੀਆਂ ਨੂੰ ਹਜ਼ਮ ਨਹੀਂ ਹੋ ਰਹੀ। ਲੰਮੀਆਂ ਦਫ਼ਤਰੀ ਹਾਜ਼ਰੀਆਂ ਤੋਂ ਛੁਟਕਾਰਾ ਪਾਉਣ ਲਈ ਇਹ ਮੰਤਰੀ ਹੁਣ ਸ. ਬਾਦਲ ਨੂੰ ਫਰਿਆਦ ਕਰਨ ਦੀ ਤਾਕ ਵਿਚ ਹਨ।

ਦੱਸਣਯੋਗ ਹੈ ਕਿ ਮੁੱਖ ਮੰਤਰੀ ਨੇ 17 ਜੂਨ ਨੂੰ ਅਚਨਚੇਤ ਪੰਜਾਬ ਸਕੱਤਰੇਤ ਵਿਖੇ ਛਾਪਾ ਮਾਰ ਕੇ ਅੱਠ ਮੰਤਰੀਆਂ ਆਦੇਸ਼ ਪ੍ਰਤਾਪ ਸਿੰਘ ਕੈਰੋਂ, ਬਿਕਰਮ ਸਿੰਘ ਮਜੀਠੀਆ, ਪਰਮਿੰਦਰ ਸਿੰਘ ਢੀਂਡਸਾ, ਸ਼ਰਨਜੀਤ ਸਿੰਘ ਢਿੱਲੋਂ, ਅਨਿਲ ਜੋਸ਼ੀ, ਸੁਰਜੀਤ ਜਿਆਣੀ, ਚੂਨੀ ਲਾਲ ਭਗਤ ਤੇ ਮਦਨ ਮੋਹਨ ਮਿੱਤਲ ਨੂੰ ਗੈਰ-ਹਾਜ਼ਰ ਪਾਇਆ ਸੀ। ਸ. ਬਾਦਲ ਨੇ ਇਨ੍ਹਾਂ ਗੈਰ-ਹਾਜ਼ਰ ਮੰਤਰੀਆਂ ਬਾਰੇ ਬਕਾਇਦਾ ਪ੍ਰੈਸ ਨੋਟ ਜਾਰੀ ਕਰਵਾ ਕੇ ਉਨ੍ਹਾਂ ਦੇ ਨਾਂ ਜਨਤਕ ਕੀਤੇ ਸਨ। ਸ. ਬਾਦਲ ਨੇ ਹਫ਼ਤੇ ਵਿਚ ਤਿੰਨ ਦਿਨ ਸੋਮਵਾਰ, ਮੰਗਲਵਾਰ ਤੇ ਬੁੱਧਵਾਰ ਮੰਤਰੀਆਂ ਨੂੰ ਆਪਣੇ ਦਫ਼ਤਰਾਂ ਵਿਚ ਹਾਜ਼ਰ ਰਹਿਣ ਦੇ ਹੁਕਮ ਦਿੱਤੇ ਹਨ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਸਾਰੇ ਡਿਪਟੀ ਕਮਿਸ਼ਨਰਾਂ ਤੇ ਐਸ.ਐਸ.ਪੀਜ਼. ਦੇ ਦਫ਼ਤਰਾਂ ਵਿਚ ਫੋਨ ਖੜਕਾ ਕੇ ਉਨ੍ਹਾਂ ਦੀਆਂ ਗੈਰ-ਹਾਜ਼ਰੀਆਂ ਲਾਈਆਂ ਸਨ।

ਮੁੱਖ ਮੰਤਰੀ ਦੀ ਇਸ ਕਾਰਵਾਈ ਬਾਰੇ



ਉਸ ਵੇਲੇ ਕੁਝ ਮੰਤਰੀਆਂ ਨੇ ਅਸਿੱਧੇ ਢੰਗ ਨਾਲ ਸਵੇਰੇ 9 ਵਜੇ ਦਫ਼ਤਰ ਪੁੱਜਣ ਦੇ ਫ਼ੈਸਲੇ ਉਪਰ ਰੋਸ ਪ੍ਰਗਟ ਕਰਦਿਆਂ ਕਿਹਾ ਸੀ ਕਿ ਉਹ ਤਾਂ ਸਵੇਰੇ 7 ਵਜੇ ਤੋਂ ਹੀ ਆਪਣੀ ਰਿਹਾਇਸ਼ ਵਿਖੇ ਹਲਕੇ ਦੇ ਲੋਕਾਂ ਨੂੰ ਮਿਲਣਾ ਸ਼ੁਰੂ ਕਰ ਦਿੰਦੇ ਹਨ। ਹੁਣ ਨਵੇਂ ਹੁਕਮਾਂ ਤਹਿਤ ਉਹ ਲੋਕਾਂ ਨੂੰ ਘਰ ਆਉਣ ਤੋਂ ਵਰਜ ਕੇ ਸਕੱਤਰੇਤ ਪੁੱਜਣ ਲਈ ਕਹਿ ਦੇਣਗੇ। ਕਈ ਮੰਤਰੀਆਂ ਦਾ ਮੰਨਣਾ ਹੈ ਕਿ ਸਵੇਰੇ 9 ਵਜੇ ਦਫ਼ਤਰ ਪੁੱਜਣ ਕਾਰਨ ਆਮ ਲੋਕਾਂ ਨੂੰ ਮਿਲਣ ਵਿਚ ਉਲਟਾ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਹਿਲਾਂ ਸਬੰਧਤ ਹਲਕਿਆਂ ਦੇ ਲੋਕ ਬੇਰੋਕ ਮੰਤਰੀਆਂ ਦੀਆਂ ਸਰਕਾਰੀ ਰਿਹਾਇਸ਼ਾਂ 'ਤੇ ਪੁੱਜ ਜਾਂਦੇ ਸਨ ਪਰ ਹੁਣ ਸਕੱਤਰੇਤ ਦੀਆਂ ਸੁਰੱਖਿਆ ਬੰਦਸ਼ਾਂ ਕਾਰਨ ਉਨ੍ਹਾਂ ਨੂੰ ਐਂਟਰੀ ਪਾਸ ਬਣਾਉਣ ਲਈ ਲੰਮੀਆਂ ਕਤਾਰਾਂ ਵਿਚ ਖੜ੍ਹਨਾ ਪੈਂਦਾ ਹੈ।

ਤਕਰੀਬਨ ਹਰੇਕ ਮੰਤਰੀ ਸ਼ੁੱਕਰਵਾਰ ਸ਼ਾਮ ਆਪੋ-ਆਪਣੇ ਹਲਕਿਆਂ ਵਿਚ ਚਲੇ ਜਾਂਦੇ ਹਨ। ਫਿਰ ਉਹ ਸੋਮਵਾਰ ਨੂੰ ਵਾਪਸ ਚੰਡੀਗੜ੍ਹ ਪਰਤਦੇ ਹਨ। ਸਵੇਰੇ 9 ਵਜੇ ਦਫ਼ਤਰ ਪੁੱਜਣ ਦੀ ਬੰਦਸ਼ ਲਾਉਣ ਕਾਰਨ ਮੰਤਰੀਆਂ ਨੂੰ ਤੜਕੇ ਹੀ ਆਪਣੇ ਹਲਕਿਆਂ ਤੋਂ ਭੱਜਣਾ ਪੈਂਦਾ ਹੈ। ਮੰਤਰੀਆਂ ਵਿਚ ਆਮ ਚਰਚਾ ਹੈ ਕਿ ਸਵੇਰੇ 9 ਵਜੇ ਦਫ਼ਤਰ ਪੁੱਜਣ ਕਾਰਨ ਉਨ੍ਹਾਂ ਨੂੰ ਪਹਿਲਾਂ ਇਕ ਘੰਟਾ ਤਾਂ ਤਕਰੀਬਨ ਵਿਹਲੇ ਹੀ ਬੈਠਣਾ ਪੈਂਦਾ ਹੈ ਕਿਉਂਕਿ ਆਮ ਲੋਕ 10 ਵਜੇ ਤੋਂ ਬਾਅਦ ਹੀ ਮਿਲਣ ਆਉਂਦੇ ਹਨ। ਉਂਜ ਮੰਤਰੀਆਂ ਵੱਲੋਂ ਸਵੇਰੇ 9 ਵਜੇ ਦਫ਼ਤਰ ਪੁੱਜਣ ਕਾਰਨ ਹੁਣ ਲੇਟ ਲਤੀਫ਼ ਅਧਿਕਾਰੀ ਤੇ ਮੁਲਾਜ਼ਮ ਜ਼ਰੂਰ ਸਮੇਂ ਸਿਰ ਦਫ਼ਤਰਾਂ ਵਿਚ ਪੁੱਜਣ ਲੱਗ ਪਏ ਹਨ। ਪਤਾ ਲੱਗਾ ਹੈ ਕਿ ਮੰਤਰੀ ਇਕ ਤਾਂ ਦਫ਼ਤਰ ਪੁੱਜਣ ਦਾ ਸਮਾਂ 10 ਵਜੇ ਕਰਨ ਲਈ ਮੁੱਖ ਮੰਤਰੀ ਨੂੰ ਬੇਨਤੀ ਕਰ ਸਕਦੇ ਹਨ ਤੇ ਦੂਸਰਾ ਸੋਮਵਾਰ ਨੂੰ ਦਫ਼ਤਰ ਬੈਠਣ ਦੀ ਬੰਦਸ਼ ਤੋਂ ਵੀ ਛੁਟਕਾਰਾ ਮੰਗ ਸਕਦੇ ਹਨ। ਖਾਸ ਕਰਕੇ ਪਿਛਲੇ ਦਿਨੀਂ ਨਵੇਂ ਬਣਾਏ ਮੰਤਰੀਆਂ ਸਮੇਤ ਜਿਨ੍ਹਾਂ ਮੰਤਰੀਆਂ ਦੇ ਵਿਭਾਗ ਬਦਲੇ ਹਨ, ਉਹ ਹਫ਼ਤੇ ਵਿਚ ਤਿੰਨ ਦਿਨ ਦਫ਼ਤਰ ਬੈਠਣ ਦੇ ਹੁਕਮਾਂ ਕਾਰਨ ਕਸੂਤੇ ਫਸੇ ਹਨ।

ਉਨ੍ਹਾਂ ਨੂੰ ਆਪਣੇ ਵਿਭਾਗਾਂ ਦੀ ਪੂਰੀ ਜਾਣਕਾਰੀ ਲੈਣ ਲਈ ਫੀਲਡ ਵਿਚਲੇ ਕੰਮਾਂ ਤੇ ਪ੍ਰਾਜੈਕਟਾਂ ਆਦਿ ਦਾ ਦੌਰਾ ਕਰਨ ਦਾ ਸਮਾਂ ਨਹੀਂ ਲੱਗ ਰਿਹਾ। ਉਂਜ ਇਹ ਬੰਦਸ਼ ਕਈ ਵੱਡਿਆਂ ਨੂੰ ਵੀ ਰਾਸ ਨਹੀਂ ਆ ਰਹੀ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਵੀ ਆਪਣੇ ਪਿਤਾ ਤੇ ਮੁੱਖ ਮੰਤਰੀ ਸ. ਬਾਦਲ ਵਾਂਗ ਚੰਡੀਗੜ੍ਹ ਸਥਿਤ ਪਾਰਟੀ ਦਫ਼ਤਰ ਵਿਚ 'ਲੋਕ ਦਰਬਾਰ' ਲਾਉਣ ਦੀ ਮੁਹਿੰਮ ਛੇੜੀ ਹੈ। ਉਨ੍ਹਾਂ ਨੂੰ ਸਮੇਂ ਦੀ ਘਾਟ ਕਾਰਨ ਇਕ ਲੋਕ ਦਰਬਾਰ ਨੂੰ ਅੱਧ-ਵਾਟਿਓਂ ਹੀ ਛੱਡ ਕੇ ਪ੍ਰੈਸ ਕਾਨਫਰੰਸ ਵਿਚ ਸ਼ਾਮਲ ਹੋਣਾ ਪਿਆ ਸੀ ਤੇ ਪਿਛਲਾ ਲੋਕ ਦਰਬਾਰ ਉਨ੍ਹਾਂ ਦੀ ਦਿੱਲੀ ਵਿਖੇ ਮੀਟਿੰਗ ਹੋਣ ਕਾਰਨ ਮੁਲਤਵੀ ਕਰਨਾ ਪਿਆ ਸੀ।

# ਨਕਸਲੀਆਂ ਵੱਲੋਂ ਬੱਚਿਆਂ ਦੀ ਭਰਤੀ ਤੋਂ ਸੰਯੁਕਤ ਰਾਸ਼ਟਰ ਫਿਕਰਮੰਦ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਨੇ ਮਾਓਵਾਦੀਆਂ ਵੱਲੋਂ ਬੱਚਿਆਂ ਨੂੰ ਢਾਲ ਬਣਾ ਕੇ ਵਰਤਣ, ਉਨ੍ਹਾਂ ਦੀ ਭਰਤੀ ਕਰਨ ਜਾਂ ਫਿਰ ਉਨ੍ਹਾਂ 'ਤੇ ਹੋਰ ਤਸ਼ੱਦਦ ਕਰਨ 'ਤੇ ਫਿਕਰ ਜ਼ਾਹਰ ਕੀਤਾ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਵੱਲੋਂ 'ਬੱਚੇ ਤੇ ਹਥਿਆਰਬੰਦ ਸੰਘਰਸ਼' ਉਤੇ ਜਾਰੀ ਸਾਲਾਨਾ ਰਿਪੋਰਟ ਵਿਚ ਕਿਹਾ ਕਿ ਨਕਸਲੀਆਂ ਵੱਲੋਂ ਛੇ ਸਾਲ ਤੱਕ ਦੀ ਉਮਰ ਦੇ ਬੱਚਿਆਂ ਦੀ ਭਰਤੀ ਤੇ ਵਰਤੋਂ 2013 ਵਿਚ ਵੀ ਜਾਰੀ ਸੀ। ਭਾਰਤ 'ਚ ਹਥਿਆਰਬੰਦ ਦਲਾਂ ਨਾਲ ਜੁੜੇ ਬੱਚਿਆਂ ਬਾਰੇ ਅੰਕੜੇ ਭਾਵੇਂ ਸੰਯੁਕਤ ਰਾਸ਼ਟਰ ਕੋਲ ਉਪਲਬਧ ਨਹੀਂ ਪਰ ਇਸ ਦਾ ਕਹਿਣਾ ਹੈ ਕਿ ਆਜ਼ਾਦਾਨਾ ਕਿਆਸਿਆਂ ਤੋਂ ਇਹ ਸੰਕੇਤ ਮਿਲਦੇ ਹਨ ਕਿ ਕੋਈ 2500 ਬੱਚੇ ਨਕਸਲ ਪ੍ਰਭਾਵਿਤ ਖੇਤਰਾਂ 'ਚ ਹਥਿਆਰਬੰਦ ਦਲਾਂ ਨਾਲ ਜੁੜੇ ਹੋਏ ਹਨ।



ਰਿਪੋਰਟ ਵਿਚ ਬਾਲ ਅਪਰਾਧੀਆਂ ਨੂੰ ਜੇਲ੍ਹਾਂ ਵਿਚ ਬਾਲਗਾਂ ਨਾਲ ਰੱਖੇ ਜਾਣ ਤੇ ਹਿੰਸਾ ਪ੍ਰਭਾਵਿਤ ਖੇਤਰਾਂ ਵਿਚ ਸਕੂਲਾਂ ਵਿਚ ਫੌਜ ਤੇ ਸੁਰੱਖਿਆ ਬਲਾਂ ਦੇ ਟਿਕਣ 'ਤੇ ਵੀ ਫਿਕਰ ਪ੍ਰਗਟਾਇਆ ਹੈ। ਰਿਪੋਰਟ ਵਿਚ ਭਾਰਤ ਦੇ ਗ੍ਰਹਿ ਮੰਤਰਾਲੇ ਵੱਲੋਂ ਪੇਸ਼ ਅੰਕੜਿਆਂ ਦੇ ਹਵਾਲੇ ਨਾਲ ਕਿਹਾ ਹੈ ਕਿ ਵਿਸ਼ੇਸ਼ ਬਾਲ ਯੂਨਿਟਾਂ ਜਿਵੇਂ 'ਬਾਲ ਦਸਤਾ' ਤੇ 'ਬਾਲ ਸੰਘਮ' ਨਾਮ ਹੇਠ ਬਿਹਾਰ, ਝਾਰਖੰਡ, ਛਤੀਸਗੜ੍ਹ ਤੇ ਉੜੀਸਾ ਜਿਹੇ ਸੂਬਿਆਂ ਵਿਚ ਛੇ ਤੋਂ 12 ਸਾਲ ਤੱਕ ਦੇ ਲੜਕੀਆਂ-ਲੜਕੇ ਭਰਤੀ ਕੀਤੇ ਜਾ ਰਹੇ ਹਨ। ਉਨ੍ਹਾਂ ਨੂੰ ਪੁਲਿਸ ਜਾਂ ਸੁਰੱਖਿਆ ਬਲਾਂ ਅੱਗੇ ਵੀ ਮਾਨਵੀ ਢਾਲ ਵਜੋਂ ਕੀਤੇ ਜਾਣਾ ਜਾਰੀ ਹੈ। ਰਿਪੋਰਟ ਵਿਚ ਨਕਸਲੀ ਦਲਾਂ ਨਾਲ ਪਿਛਲੇ ਸਮੇਂ ਜੁੜੀਆਂ ਰਹੀਆਂ ਔਰਤਾਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਇਨ੍ਹਾਂ ਕੈਂਪਾਂ ਵਿਚ ਔਰਤਾਂ ਤੇ ਲੜਕੀਆਂ ਨਾਲ ਜਿਣਸੀ ਹਿੰਸਾ ਦਾ ਵੀ ਖਦਸ਼ਾ ਬਣਿਆ ਰਹਿੰਦਾ ਹੈ।

ਸੁਰੱਖਿਆ ਕਾਨੂੰਨਾਂ ਅਧੀਨ ਗ੍ਰਿਫਤਾਰ ਬੱਚੇ ਅਕਸਰ ਬਾਲਗਾਂ ਨਾਲ ਰੱਖੇ ਜਾਂਦੇ ਹਨ ਤੇ ਉਨ੍ਹਾਂ ਵਿਰੁੱਧ ਬਾਲ ਨਿਆਂ ਪ੍ਰਣਾਲੀ ਤਹਿਤ ਕਾਰਵਾਈ ਨਹੀਂ ਕੀਤੀ ਜਾਂਦੀ ਤੇ ਉਹ ਆਪਣੇ ਹੱਕਾਂ ਤੋਂ ਵਾਂਝੇ ਰਹਿ ਜਾਂਦੇ ਹਨ। ਜਾਣਕਾਰੀ ਮੁਤਾਬਕ ਬਾਲਾਂ ਤੋਂ ਜਾਸੂਸੀ ਦਾ ਕੰਮ ਲਿਆ ਜਾਂਦਾ ਹੈ ਤੇ ਉਹ ਸੋਟੀਆਂ ਆਦਿ ਨਾਲ ਲੜਦੇ ਹਨ। ਉਨ੍ਹਾਂ ਨੂੰ ਹਥਿਆਰਾਂ ਦੀ ਸਿਖਲਾਈ ਤੇ ਬੰਬ ਚਲਾਉਣੇ ਸਿਖਾਏ ਜਾ ਰਹੇ ਹਨ। ਨਕਸਲੀਆਂ ਦੇ ਸਕੂਲਾਂ 'ਤੇ ਹਮਲੇ ਕਰਨ ਕਰਕੇ ਉਹ ਪੜ੍ਹਨੋਂ ਵੀ ਵਿਹਲੇ ਹੋ ਰਹੇ ਹਨ। ਰਿਪੋਰਟ ਵਿਚ ਇਹ ਫਿਕਰ ਵੀ ਪ੍ਰਗਟਾਇਆ ਹੈ ਕਿ ਫੌਜ ਸਕੂਲਾਂ ਨੂੰ ਬੈਰਕਾਂ ਤੇ ਬੇਸ ਕੈਂਪਾਂ ਵਜੋਂ ਵਰਤ ਰਹੀ ਹੈ ਜਾਂ ਸਰਕਾਰੀ ਸੁਰੱਖਿਆ ਬਲ ਸਕੂਲਾਂ ਵਿਚ ਠਹਿਰਦੇ ਹਨ। ਬਾਲਾਂ ਤੇ ਹਥਿਆਰਬੰਦ ਸੰਘਰਸ਼ਾਂ ਬਾਰੇ ਸਕੱਤਰ ਜਨਰਲ ਦੀ ਵਿਸ਼ੇਸ਼ ਪ੍ਰਤੀਨਿਧ ਲੀਲਾ ਜ਼ਿਰਾਓਗੀ ਨੇ ਇਰਾਕ, ਸੀਰੀਆ, ਦੱਖਣੀ ਸੁਡਾਨ, ਨਾਇਜੀਰੀਆ ਤੇ ਸੈਂਟਰਲ ਅਫਰੀਕਨ ਰਿਪਬਲਿਕ ਦਾ ਵੀ ਇਸ ਪੱਖੋਂ ਜ਼ਿਕਰ ਕੀਤਾ ਤੇ ਵੱਖ-ਵੱਖ ਮੁਲਕਾਂ ਵਿਚ ਬੱਚਿਆਂ ਦੀ ਹੋ ਰਹੀ ਦੁਰਗਤੀ ਬਾਰੇ ਦੱਸਿਆ।

ਸਾਲਾਨਾ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਤਿਵਾਦੀ ਗਰੁੱਪਾਂ ਸਮੇਤ ਤਾਲਿਬਾਨ ਨੇ ਕੋਈ 97 ਲੜਕੇ ਭਰਤੀ ਕੀਤੇ ਸਨ, ਜਿਨ੍ਹਾਂ ਵਿਚੋਂ ਕਈ ਤਾਂ ਅੱਠ-ਅੱਠ ਸਾਲ ਦੇ ਸਨ ਤੇ ਉਨ੍ਹਾਂ ਨੂੰ ਲੜਨ ਤੇ ਖੁਦਕੁਸ਼ ਹਮਲੇ ਕਰਨ ਲਈ ਵਰਤਿਆ ਜਾਂਦਾ ਹੈ। ਮਈ 2013 ਵਿਚ 15 ਸਾਲਾ ਲੜਕੇ ਨੇ ਇਕ ਸਥਾਨਕ ਅਫਗਾਨ ਕਮਾਂਡਰ ਵਿਰੁੱਧ ਗਜ਼ਨੀ ਸੂਬੇ ਵਿਚ ਹਮਲਾ ਕਰਕੇ ਤਿੰਨ ਏ.ਐਨ.ਪੀ ਅਧਿਕਾਰੀ, ਦੋ ਸਿਵਲੀਅਨ ਮਾਰ ਦਿੱਤੇ ਸਨ ਤੇ 16 ਨੂੰ ਜ਼ਖ਼ਮੀ ਕਰ ਦਿੱਤਾ ਸੀ। ਇਹ ਬੱਚੇ ਬੰਬ ਬਣਾਉਣ ਤੇ ਬਾਰੂਦੀ ਸੁਰੰਗਾਂ ਵਿਛਾਉਣ ਲਈ ਲੜਾਕੂਆਂ ਵਜੋਂ ਤੇ ਸੈਕਸ ਗੁਲਾਮਾਂ ਵਜੋਂ ਵੀ ਵਰਤੇ ਜਾਂਦੇ ਹਨ। ਤਾਲਿਬਾਨ ਨੇ ਇਹ ਦੋਸ਼ ਰੱਦ ਕੀਤੇ ਹਨ। ਰਿਪੋਰਟ ਮੁਤਾਬਕ 790 ਦਰਜ ਘਟਨਾਵਾਂ ਵਿਚ 545 ਬੱਚੇ ਮਾਰੇ ਗਏ ਸਨ ਤੇ 1149 ਜ਼ਖ਼ਮੀ ਹੋ ਗਏ ਸਨ।

# ਪਾਰਟੀਆਂ ਨੇ ਚੋਣ ਫੰਡਾਂ 'ਚ ਵਰਤੀ ਰੱਜ ਕੇ ਕੰਜੂਸੀ

**ਬਠਿੰਡਾ:** ਪੰਜਾਬ ਦੀਆਂ ਰਵਾਇਤੀ ਪਾਰਟੀਆਂ ਨੇ ਇਸ ਵਾਰ ਲੋਕ ਸਭਾ ਚੋਣਾਂ ਵਿਚ ਆਪਣੇ ਉਮੀਦਵਾਰ ਨੂੰ ਚੋਣ ਫੰਡ ਦੇਣ ਵਿਚ ਰੱਜ ਕੇ ਕੰਜੂਸੀ ਵਿਖਾਈ। ਜ਼ਿਆਦਾਤਰ ਉਮੀਦਵਾਰਾਂ ਨੇ ਆਪਣੇ ਦਮ 'ਤੇ ਹੀ ਚੋਣ ਲੜੀ। ਸ਼੍ਰੋਮਣੀ ਅਕਾਲੀ ਦਲ ਨੇ ਇਕੱਲੀ ਹਰਸਿਮਰਤ ਕੌਰ ਬਾਦਲ ਨੂੰ ਪੰਜ ਲੱਖ ਰੁਪਏ ਦਾ ਚੋਣ ਫੰਡ ਦਿੱਤਾ ਜਦੋਂ ਕਿ ਬਾਕੀ ਉਮੀਦਵਾਰਾਂ ਨੂੰ ਕੁਝ ਨਾ ਮਿਲਿਆ। ਇਵੇਂ ਹੀ ਕਾਂਗਰਸ ਨੇ ਸੰਗਰੂਰ ਤੋਂ ਵਿਜੇਇੰਦਰ ਸਿੰਗਲਾ ਨੂੰ 15 ਲੱਖ ਰੁਪਏ ਤੇ ਆਨੰਦਪੁਰ ਸਾਹਿਬ ਤੋਂ ਸ੍ਰੀਮਤੀ ਅੰਬਿਕਾ ਸੋਨੀ ਨੂੰ 50 ਲੱਖ ਰੁਪਏ ਚੋਣ ਫੰਡ ਵਜੋਂ ਦਿੱਤੇ। ਕੈਪਟਨ ਅਮਰਿੰਦਰ ਸਿੰਘ ਤੇ ਪ੍ਰਤਾਪ ਸਿੰਘ ਬਾਜਵਾ ਸਮੇਤ ਬਾਕੀ ਉਮੀਦਵਾਰਾਂ ਦੀ ਪਾਰਟੀ ਨੇ ਬਾਂਹ ਨਹੀਂ ਫੜੀ। ਦੂਜੇ ਪਾਸੇ ਭਾਜਪਾ ਨੇ ਅਰੁਣ ਜੇਤਲੀ ਨੂੰ 30 ਲੱਖ ਤੇ ਵਿਨੋਦ ਖੰਨਾ ਨੂੰ 4.63 ਲੱਖ ਰੁਪਏ ਦਾ ਚੋਣ ਫੰਡ ਦਿੱਤਾ।

## ਕੈਪਟਨ ਸਮੇਤ ਕਈ ਉਮੀਦਵਾਰਾਂ ਨੇ ਲਿਆ ਕਰਜ਼ਾ

ਕੈਪਟਨ ਅਮਰਿੰਦਰ ਸਿੰਘ ਨੇ ਚੋਣ ਮੁਹਿੰਮ ਵਾਸਤੇ ਰਾਣਾ ਗੁਰਜੀਤ ਸਿੰਘ ਤੋਂ 10 ਲੱਖ ਰੁਪਏ ਦਾ ਕਰਜ਼ਾ ਲਿਆ ਜਦੋਂ ਕਿ ਅਤੁਲ ਨੰਦਾ ਤੇ ਸ੍ਰੀਮਤੀ ਰਮੀਜ਼ਾ ਹਕੀਮ ਨੇ ਕੈਪਟਨ ਨੂੰ 15 ਲੱਖ ਰੁਪਏ ਚੋਣ ਫੰਡ ਵਜੋਂ ਦਿੱਤੇ। ਕਾਂਗਰਸ ਦੇ ਉਮੀਦਵਾਰਾਂ ਵਿਚੋਂ ਸਭ ਤੋਂ ਵੱਧ 32.17 ਲੱਖ ਰੁਪਏ ਆਪਣੀ ਜੇਬ੍ਹ ਵਿਚੋਂ ਫਿਰੋਜ਼ਪੁਰ ਤੋਂ ਸੁਨੀਲ ਜਾਖੜ ਨੇ ਖਰਚ ਕੀਤੇ ਹਨ ਜਦੋਂ ਕਿ ਅਕਾਲੀ ਦਲ ਦੇ ਕੁਲਵੰਤ ਸਿੰਘ ਫਤਹਿਗੜ੍ਹ ਸਾਹਿਬ ਨੇ 40 ਲੱਖ ਰੁਪਏ ਜੇਬ੍ਹ ਵਿਚੋਂ ਖਰਚੇ ਹਨ। ਪਟਿਆਲਾ ਤੋਂ ਪ੍ਰਨੀਤ ਕੌਰ ਦਾ 52.45 ਲੱਖ ਰੁਪਏ ਤੇ ਸੰਗਰੂਰ ਤੋਂ ਵਿਜੇਇੰਦਰ ਸਿੰਗਲਾ ਦਾ 23.02 ਲੱਖ ਰੁਪਏ ਖਰਚਾ ਹੋਇਆ। ਅੰਮ੍ਰਿਤਸਰ ਤੋਂ ਕੈਪਟਨ ਅਮਰਿੰਦਰ ਸਿੰਘ ਦਾ ਚੋਣ ਖਰਚ 28.15 ਲੱਖ ਰੁਪਏ ਤੇ ਪ੍ਰਤਾਪ ਸਿੰਘ ਬਾਜਵਾ ਦਾ 29.97 ਲੱਖ ਰੁਪਏ ਚੋਣ ਖਰਚ ਆਇਆ।

ਬਠਿੰਡਾ ਤੋਂ ਉਮੀਦਵਾਰ ਮਨਪ੍ਰੀਤ ਬਾਦਲ ਨੂੰ ਨਾ ਤਾਂ ਕਾਂਗਰਸ ਨੇ ਕੋਈ ਚੋਣ ਫੰਡ ਦਿੱਤਾ ਤੇ ਨਾ ਹੀ ਲੋਕਾਂ ਨੇ। ਉਨ੍ਹਾਂ ਨੇ ਆਪਣੀ ਜੇਬ੍ਹ ਵਿਚੋਂ ਹੀ 13.89 ਲੱਖ ਰੁਪਏ ਚੋਣਾਂ 'ਤੇ ਖਰਚ ਕੀਤੇ। ਆਮ ਆਦਮੀ ਪਾਰਟੀ ਨੇ ਆਪਣੇ ਹਰ ਉਮੀਦਵਾਰ ਨੂੰ ਚੋਣ ਫੰਡ ਦਿੱਤਾ। ਇਵੇਂ ਹੀ ਫਤਹਿਗੜ੍ਹ ਸਾਹਿਬ ਤੋਂ ਅਕਾਲੀ ਉਮੀਦਵਾਰ ਕੁਲਵੰਤ ਸਿੰਘ ਨੂੰ ਪਾਰਟੀ ਤੇ ਲੋਕਾਂ ਤਰਫੋਂ ਕੋਈ ਚੰਦਾ ਨਹੀਂ ਮਿਲਿਆ। ਉਨ੍ਹਾਂ ਨੇ ਆਪਣੀ ਜੇਬ੍ਹ ਵਿਚੋਂ 40.10 ਲੱਖ ਰੁਪਏ ਖਰਚ ਕੀਤੇ। 'ਆਪ' ਦੇ ਭਗਵੰਤ ਮਾਨ ਅਜਿਹੇ ਇਕਲੌਤੇ ਉਮੀਦਵਾਰ ਹਨ, ਜਿਨ੍ਹਾਂ ਨੇ ਚੋਣਾਂ ਵਿਚ ਆਪਣੀ ਜੇਬ੍ਹ ਵਿਚੋਂ ਸਿਰਫ਼ ਇਕ ਹਜ਼ਾਰ ਰੁਪਏ ਖਰਚ ਕੀਤੇ। ਪਾਰਟੀ ਨੇ ਭਗਵੰਤ ਮਾਨ ਨੂੰ 11.74 ਲੱਖ ਰੁਪਏ ਤੇ ਲੋਕਾਂ ਨੇ 8.30 ਲੱਖ ਰੁਪਏ ਦਾ ਚੰਦਾ ਦਿੱਤਾ। ਚੋਣ ਕਮਿਸ਼ਨ ਕੋਲ ਉਮੀਦਵਾਰਾਂ ਨੇ ਖਰਚ ਦੇ ਜਿਹੜੇ ਆਖਰੀ ਵੇਰਵੇ ਜਮ੍ਹਾਂ ਕਰਾਏ ਹਨ, ਉਨ੍ਹਾਂ ਤੋਂ ਸਾਫ ਹੋਇਆ ਹੈ ਕਿ ਪੰਜਾਬ ਵਿਚ ਸਭ ਤੋਂ ਜ਼ਿਆਦਾ ਚੋਣ ਖਰਚ ਗੁਰਦਾਸਪੁਰ ਤੋਂ ਵਿਨੋਦ ਖੰਨਾ ਨੇ 63.95 ਲੱਖ ਰੁਪਏ ਕੀਤਾ ਹੈ। ਅਕਾਲੀ ਦਲ ਦੇ 10 ਉਮੀਦਵਾਰਾਂ ਵਿਚੋਂ ਸਭ ਤੋਂ ਜ਼ਿਆਦਾ ਚੋਣ ਖਰਚ ਆਨੰਦਪੁਰ ਸਾਹਿਬ ਤੋਂ ਪ੍ਰੇਮ ਸਿੰਘ ਚੰਦੂਮਾਜਰਾ ਦਾ 58.69 ਲੱਖ ਰੁਪਏ ਰਿਹਾ ਹੈ ਜਦੋਂ ਕਿ ਹਰਸਿਮਰਤ ਕੌਰ ਬਾਦਲ ਨੇ 52.28 ਲੱਖ ਰੁਪਏ ਚੋਣ ਖਰਚ ਕੀਤਾ। ਕਾਂਗਰਸ ਦੇ ਮਨਪ੍ਰੀਤ ਸਿੰਘ ਬਾਦਲ ਦਾ ਚੋਣ ਖਰਚ 49.29 ਲੱਖ ਰੁਪਏ ਰਿਹਾ। ਕਾਂਗਰਸ ਵਿਚੋਂ ਸਭ ਤੋਂ ਜ਼ਿਆਦਾ ਚੋਣ ਖਰਚ ਆਨੰਦਪੁਰ ਸਾਹਿਬ ਤੋਂ ਅੰਬਿਕਾ ਸੋਨੀ ਦਾ 54.80 ਲੱਖ ਰਿਹਾ ਹੈ।

ਲੋਕਾਂ ਤਰਫ਼ੋਂ ਮਿਲੇ ਚੋਣ ਚੰਦੇ 'ਤੇ ਨਜ਼ਰ ਮਾਰੀਏ ਤਾਂ ਅਕਾਲੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਨੂੰ 154 ਲੋਕਾਂ ਨੇ 32.70 ਲੱਖ ਰੁਪਏ ਫੰਡ ਵਜੋਂ ਦਿੱਤੇ। 154 ਲੋਕਾਂ ਵਿਚ ਸਿਰਫ਼ ਦੋ ਔਰਤਾਂ ਹੀ ਸ਼ਾਮਲ ਹਨ ਜਿਨ੍ਹਾਂ ਵਿਚ ਹਰਪਾਲ ਕੌਰ ਲੰਬੀ ਤੇ ਸਿਮਰਨਜੀਤ ਕੌਰ ਲੰਬੀ ਨੇ ਇਕ-ਇਕ ਲੱਖ ਰੁਪਏ ਚੋਣ ਫੰਡ ਵਜੋਂ ਦਿੱਤੇ। ਖਡੂਰ ਸਾਹਿਬ ਤੋਂ ਅਕਾਲੀ ਉਮੀਦਵਾਰ ਰਣਜੀਤ ਸਿੰਘ ਬ੍ਰਹਮਪੁਰਾ ਨੇ ਚੋਣ ਮੁਹਿੰਮ ਵਾਸਤੇ ਬੀ.ਐਸ. ਭੁੱਲਰ ਨਾਂ ਦੇ ਵਿਅਕਤੀ ਤੋਂ 40 ਲੱਖ ਰੁਪਏ ਦਾ ਕਰਜ਼ਾ ਚੁੱਕਿਆ। ਰਵਨੀਤ ਬਿੱਟੂ ਨੂੰ ਚੋਣ ਮੁਹਿੰਮ ਵਾਸਤੇ 48 ਲੱਖ ਰੁਪਏ ਦਾ ਕਰਜ਼ਾ ਚੁੱਕਣਾ ਪਿਆ। ਬਿੱਟੂ ਨੇ ਆਰ. ਕੇ. ਐਫ. ਪ੍ਰਾਈਵੇਟ ਲਿਮਟਿਡ ਚੰਡੀਗੜ੍ਹ ਤੇ ਮੈਸਰਜ਼ ਮੈਮੋਰੇਬਲ ਮੋਮੈਂਟਸ ਚੰਡੀਗੜ੍ਹ ਤੋਂ ਇਹ ਕਰਜ਼ਾ ਲਿਆ ਹੈ।

ਅਰੁਣ ਜੇਤਲੀ ਨੂੰ ਆਮ ਲੋਕਾਂ ਤਰਫ਼ੋਂ ਕੋਈ ਚੰਦਾ ਨਹੀਂ ਮਿਲਿਆ ਜਦੋਂ ਕਿ ਵਿਨੋਦ ਖੰਨਾ ਨੂੰ 24.15 ਲੱਖ ਰੁਪਏ ਤੇ ਹੁਸ਼ਿਆਰਪੁਰ ਤੋਂ ਵਿਜੇ ਸਾਂਪਲਾ ਨੂੰ ਚਾਰ ਲੱਖ ਰੁਪਏ ਦੇ ਫੰਡ ਆਮ ਲੋਕਾਂ ਨੇ ਦਿੱਤੇ ਹਨ। ਅਰੁਣ ਜੇਤਲੀ ਨੇ ਆਪਣੀ ਜੇਬ੍ਹ ਵਿਚੋਂ ਸਿਰਫ਼ 50 ਹਜ਼ਾਰ ਰੁਪਏ ਖਰਚ ਕੀਤੇ ਹਨ। ਉਨ੍ਹਾਂ ਨੇ ਮੋਦੀ ਰੈਲੀ 'ਤੇ 4.64 ਲੱਖ ਰੁਪਏ ਤੇ ਸੁਖਬੀਰ ਦੀ ਫੇਰੀ ਲਈ ਹੈਲੀਕਾਪਟਰ ਦਾ ਖਰਚ 75 ਹਜ਼ਾਰ ਰੁਪਏ ਦਿਖਾਇਆ ਹੈ। 'ਆਪ' ਦੀ ਗੱਲ ਕਰੀਏ ਤਾਂ ਫਰੀਦਕੋਟ ਤੋਂ ਪ੍ਰੋ. ਸਾਧੂ ਸਿੰਘ ਨੇ 30.76 ਲੱਖ ਰੁਪਏ, ਪਟਿਆਲਾ ਤੋਂ ਡਾ. ਧਰਮਵੀਰ ਗਾਂਧੀ ਨੇ 36.15 ਲੱਖ ਰੁਪਏ, ਸੰਗਰੂਰ ਤੋਂ ਭਗਵੰਤ ਮਾਨ ਨੇ 17.43 ਲੱਖ ਰੁਪਏ ਤੇ ਫਤਹਿਗੜ੍ਹ ਸਾਹਿਬ ਤੋਂ ਹਰਿੰਦਰ ਸਿੰਘ ਖਾਲਸਾ ਨੇ 28.64 ਲੱਖ ਰੁਪਏ ਦਾ ਚੋਣ ਖਰਚ ਕੀਤਾ।

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
GLOBAL
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਬ੍ਰਾਜ਼ੀਲ ਦਾ ਕਾਲਾ ਮੋਤੀ ਪੇਲੇ

ਜਦੋਂ ਫੁੱਟਬਾਲ ਦਾ ਵਰਲਡ ਕੱਪ ਹੁੰਦੈ ਤਾਂ ਮੈਨੂੰ ਬ੍ਰਾਜ਼ੀਲ ਦਾ ਪੇਲੇ ਯਾਦ ਆ ਜਾਂਦੈ। ਉਸ ਨੇ ਪਹਿਲੇ ਦਰਜੇ ਦੇ 1363 ਮੈਚ ਖੇਡੇ ਅਤੇ 1283 ਗੋਲ ਕਰਨ ਦਾ ਰਿਕਾਰਡ ਰੱਖਿਆ। ਉਹ ਵੀਹ ਵਰ੍ਹੇ ਉਚ ਪੱਧਰੀ ਫੁੱਟਬਾਲ ਖੇਡਿਆ ਅਤੇ ਤਿੰਨ ਵਾਰ ਵਰਲਡ ਕੱਪ ਜਿੱਤਿਆ। 92 ਇੰਟਰਨੈਸ਼ਨਲ ਮੈਚਾਂ 'ਚ ਉਸ ਨੇ 77 ਇੰਟਰਨੈਸ਼ਨਲ ਗੋਲ ਕੀਤੇ। ਆਪਣੀ ਖੇਡ ਨਾਲ ਕਰੋੜਾਂ ਡਾਲਰ ਕਮਾਏ ਤੇ ਕਰੋੜਾਂ ਦਰਸ਼ਕਾਂ ਦਾ ਦਿਲ ਪਰਚਾਇਆ। ਮੈਕਸੀਕੋ ਦੇ ਇਕ ਕਲੱਬ ਨੇ ਉਹਦੇ ਮੂਹਰੇ ਖਾਲੀ ਚੈੱਕ ਰੱਖ ਦਿੱਤਾ ਕਿ ਉਹ ਜਿੰਨੀ ਚਾਹੇ ਰਕਮ ਭਰ ਲਵੇ, ਪਰ ਉਸ ਕਲੱਬ ਵੱਲੋਂ ਖੇਡਣਾ ਮੰਨ ਲਵੇ। ਉਹਦੀਆਂ ਖੁੱਥੜ ਬਾਲਾਂ, ਘਸੀਆਂ ਜ਼ੁਰਾਬਾਂ, ਟੁੱਟੇ ਬੂਟ ਤੇ ਖੇਡ ਪੁਸ਼ਾਕ ਦੀਆਂ ਲੀਰਾਂ ਲੋਕਾਂ ਨੇ ਅਨਮੋਲ ਨਿਸ਼ਾਨੀਆਂ ਸਮਝ ਕੇ ਸਾਂਭੀਆਂ। ਬ੍ਰਾਜ਼ੀਲ

**ਪ੍ਰਿੰ. ਸਰਵਣ ਸਿੰਘ, ਕੈਨੇਡਾ**
**ਫੋਨ: 905-799-1661**

ਦਾ ਉਹ 'ਕਾਲਾ ਮੋਤੀ' ਹੈ ਜੀਹਨੂੰ ਕਈ ਖਿਤਾਬਾਂ ਨਾਲ ਸਨਮਾਨਿਆ ਗਿਆ।

ਪੇਲੇ ਦੋ ਪੋਪਾਂ, ਪੰਜ ਸ਼ਹਿਨਸ਼ਾਹਾਂ, ਦਸ ਬਾਦਸ਼ਾਹਾਂ, ਸੱਤਰ ਮੁਲਕਾਂ ਦੇ ਪ੍ਰਧਾਨਾਂ ਤੇ ਚਾਲੀ ਮੁਲਕਾਂ ਦੇ ਪ੍ਰਧਾਨ ਮੰਤਰੀਆਂ ਨੂੰ ਮਿਲਿਆ। ਸ਼ਾਹ ਇਰਾਨ ਉਹਨੂੰ ਹਵਾਈ ਅੱਡੇ 'ਤੇ ਤਿੰਨ ਘੰਟੇ ਉਡੀਕਦਾ ਰਿਹਾ। ਲਾਲ ਚੀਨ ਦੇ ਸਰਹੱਦੀ ਰਾਖੇ ਚੌਕੀਆਂ ਸੁੰਨੀਆਂ ਛੱਡ ਕੇ ਹਾਂਗਕਾਂਗ ਉਹਦੇ ਦਰਸ਼ਨਾਂ ਨੂੰ ਗਏ। ਨਾਇਜੀਰੀਆ ਵਿਚ ਉਹਦੀ ਖੇਡ ਵੇਖਣ ਲਈ ਦੋ ਦਿਨ ਲੜਾਈ ਬੰਦ ਰਹੀ। ਬ੍ਰਾਜ਼ੀਲ ਵਿਚ ਉਹ ਫਿਲਮੀ ਤੇ ਟੀ.ਵੀ. ਕਲਾਕਾਰ ਅਤੇ ਕਵੀ ਤੇ ਸੰਗੀਤਕਾਰ ਵਜੋਂ ਵੀ ਜਾਣਿਆਂ ਜਾਂਦੈ। ਉਹਦੇ ਆਟੋਗਰਾਫ ਲੈਣ ਲਈ ਸਭ ਥਾਂਈਂ ਭੀੜਾਂ ਜੁੜਦੀਆਂ ਰਹੀਆਂ। ਵੱਖ ਵੱਖ ਭਾਸ਼ਾਵਾਂ ਦੇ ਨੱਬੇ ਗੀਤਾਂ ਵਿਚ ਪੇਲੇ ਦਾ ਨਾਂ ਗਾਇਆ ਗਿਐ।

ਆਪਣੇ ਸਮੇਂ ਦਾ ਉਹ ਸਭ ਤੋਂ ਵੱਧ ਪੈਸੇ ਕਮਾਉਣ ਵਾਲਾ ਖਿਡਾਰੀ ਸੀ। ਫਿਰ ਵੀ ਇਕ ਵੇਲੇ ਉਹਦਾ ਦਿਵਾਲਾ ਨਿਕਲ ਚੱਲਿਆ ਸੀ। ਉਹਨੇ ਮੁਖਤਿਆਰਨਾਮਾ ਅਜਿਹੇ ਬੰਦੇ ਨੂੰ ਦੇ ਛੱਡਿਆ ਜੀਹਨੇ ਉਹਦੇ ਸਿਰ ਏਨਾ ਕਰਜ਼ਾ ਚੜ੍ਹਾ ਦਿੱਤਾ ਕਿ ਉਹ ਕਈ ਵਰ੍ਹੇ ਲਾਹੁੰਦਾ ਰਿਹਾ। ਪਹਿਲਾਂ ਉਹ ਅੱਧਪੜ੍ਹ ਸੀ ਪਰ ਪ੍ਰਸਿੱਧੀ ਹਾਸਲ ਕਰਨ ਪਿੱਛੋਂ ਯੂਨੀਵਰਸਿਟੀ ਦੀ ਡਿਗਰੀ ਪਾਸ ਕਰ ਲਈ। ਉਸ ਨੇ ਦੇਸ਼ ਵਿਦੇਸ਼ ਜਾਂਦਿਆਂ ਕਈ ਬੋਲੀਆਂ ਸਿੱਖੀਆਂ। ਉਸ ਦੀ ਮਾਤ ਭਾਸ਼ਾ ਪੁਰਤਗੇਜ਼ੀ ਹੈ ਪਰ ਉਹ ਸਪੈਨਿਸ਼ ਤੇ ਅੰਗਰੇਜ਼ੀ ਵੀ ਬੋਲ ਲੈਂਦੈ। ਉਹਨੂੰ ਫਰਾਂਸੀਸੀ ਤੇ ਇਤਾਲਵੀ ਭਾਸ਼ਾਵਾਂ ਵੀ ਡੰਗ ਸਾਰਨ ਜੋਗੀਆਂ ਆਉਂਦੀਆਂ।

ਪੇਲੇ ਦਾ ਜਨਮ ਇਕ ਗਰੀਬ ਫੁੱਟਬਾਲ ਖਿਡਾਰੀ ਦੇ ਘਰ 23 ਅਕਤੂਬਰ 1940 ਨੂੰ ਹੋਇਆ। ਕਹਿੰਦੇ ਨੇ ਕਿ ਬ੍ਰਾਜ਼ੀਲੀ ਬੱਚਾ ਖੜ੍ਹਨਾ ਪਿੱਛੋਂ ਸਿਖਦੈ ਪਰ ਕਿੱਕ ਲਾਉਣੀ ਪਹਿਲਾਂ। ਪੇਲੇ ਦੇ ਪਿਤਾ ਨੇ ਉਹਦੀਆਂ ਲੱਤਾਂ ਤੇ ਪੱਟ ਟੋਹ ਕੇ ਆਪਣੀ ਪਤਨੀ ਨੂੰ ਕਿਹਾ, "ਲੱਤਾਂ ਤਾਂ ਵਾਹਵਾ ਨੇ, ਫੁੱਟਬਾਲ ਦਾ ਤਕੜਾ ਖਿਡਾਰੀ ਬਣ ਸਕਦੈ।" ਪਤਨੀ ਬੋਲੀ, "ਇਹਨੂੰ ਫੁੱਟਬਾਲ ਖਿਡਾਰੀ ਬਣਨ ਦਾ ਸਰਾਪ ਨਾ ਦੇਹ। ਫੁੱਟਬਾਲ ਖੇਡ ਕੇ ਤੂੰ ਕੀ ਲੱਲ੍ਹਰ ਲਾਇਐ? ਮੇਰਾ ਪੁੱਤ ਤਾਂ ਡਾਕਟਰ ਬਣੂੰ।"

ਬ੍ਰਾਜ਼ੀਲ ਦੀ ਰੀਤ ਅਨੁਸਾਰ ਪੇਲੇ ਦਾ ਨਾਂ ਰੱਖਿਆ ਗਿਆ-ਐਡਸਨ ਅਰੇਂਟਸ ਡੋ ਨਾਸੀਮੈਂਟੋ। ਪੇਲੇ ਤਾਂ ਉਸ ਨੂੰ ਨੌਂ ਸਾਲ ਦੀ ਉਮਰ ਵਿਚ ਕਿਹਾ ਜਾਣ ਲੱਗਾ ਜਦੋਂ ਉਹ ਪੈਰਾਂ ਨਾਲ ਹਰੇਕ ਚੀਜ਼ ਰੋੜ੍ਹਦਾ ਫਿਰਦਾ ਸੀ। ਪੁਤਰਗੇਜ਼ੀ 'ਚ ਪੇਲੇ ਦਾ ਅਰਥ ਹੈ ਪੈਰ। ਨਿੱਕਾ ਹੁੰਦਾ ਉਹ ਲੀਰਾਂ ਦੀ ਖਿੱਦੋ ਤੇ ਟੁੱਟੇ ਡੱਬਿਆਂ ਨੂੰ ਕਿੱਕਾਂ ਮਾਰਦਾ। ਇਕ ਵਾਰ ਉਹਦੀ ਕਿੱਕ ਨਾਲ ਗਲੀ ਦਾ ਬਲਬ ਟੁੱਟ ਗਿਆ ਜਿਸ ਦੀ ਉਸ ਨੂੰ ਕਰੜੀ ਸਜ਼ਾ ਮਿਲੀ। ਗਰੀਬੀ ਜੁ ਹੋਈ!

ਪੇਲੇ ਨੂੰ ਸੋਲ੍ਹਵਾਂ ਸਾਲ ਚੜ੍ਹਿਆ ਤਾਂ ਸੈਂਟੋਸ ਕਲੱਬ ਨੇ ਉਹਨੂੰ ਆਪਣੀ ਟੀਮ ਦਾ ਮੈਂਬਰ ਬਣਾ ਲਿਆ। ਉਸ ਨੂੰ ਵਧੀਆ ਖੁਰਾਕ ਮਿਲਣ ਲੱਗੀ ਤੇ ਉਹਦੇ ਕੋਲ ਪੈਸੇ ਵੀ ਆਉਣ ਲੱਗੇ। ਉਸ ਨੇ ਮਾਂ ਨਾਲ ਵਾਇਦਾ ਕੀਤਾ ਕਿ ਕਲੱਬ ਤੋਂ ਮਿਲਣ ਵਾਲੇ ਪੈਸਿਆਂ ਨਾਲ ਪਹਿਲਾਂ ਉਹ ਮਾਪਿਆਂ ਨੂੰ ਘਰ ਖਰੀਦ ਕੇ ਦੇਵੇਗਾ। ਮਾਂ ਨੂੰ ਫਿਰ ਵੀ ਯਕੀਨ ਨਹੀਂ ਸੀ ਕਿ ਪੁੱਤ ਫੁੱਟਬਾਲ ਦੇ ਸਿਰੋਂ ਰੋਟੀ ਕਿਵੇਂ ਕਮਾਏਗਾ?

ਸੈਂਟੋਸ ਕਲੱਬ ਵਿਚ ਵੀਹ ਮਹੀਨੇ ਖੇਡਣ ਪਿੱਛੋਂ ਉਹ ਫੁੱਟਬਾਲ ਦੇ ਵਰਲਡ ਕੱਪ ਲਈ ਬ੍ਰਾਜ਼ੀਲ ਦੀ ਟੀਮ ਵਿਚ ਚੁਣਿਆ ਗਿਆ। ਜਦੋਂ ਰੇਡੀਓ ਨੇ ਉਹਦਾ ਨਾਂ ਬੋਲਿਆ ਤਾਂ ਉਹ ਖੁਸ਼ੀ 'ਚ ਝੂੰਮਦਿਆਂ ਮਾਂ ਨੂੰ ਕਹਿਣ ਲੱਗਾ, "ਮਾਂ! ਤੂੰ ਸੁਣਿਆਂ, ਰੇਡੀਓ ਨੇ ਕੀ ਬੋਲਿਆ? ਮੈਂ ਬ੍ਰਾਜ਼ੀਲ ਅੱਲੋਂ ਖੇਡਾਂਗਾ, ਤੂੰ ਦੇਖਦੀ ਰਹੀਂ...ਮੈਂ ਖੇਡਾਂਗਾ...।" ਤੇ ਉਹ ਉਰਲੀਆਂ ਪਰਲੀਆਂ ਮਾਰਨ ਲੱਗਾ। ਮਾਂ ਨੇ ਉਹਦਾ ਮੱਥਾ ਟੋਹ ਕੇ ਪੁੱਛਿਆ, "ਤੂੰ ਰਾਜ਼ੀ ਤਾਂ ਹੈਂ? ਤੈਨੂੰ ਤਾਪ ਤਾਂ ਨ੍ਹੀਂ ਚੜ੍ਹਿਆ?" ਮਾਂ ਨੂੰ ਉਹਦੇ ਊਟ ਪਟਾਂਗ ਬੋਲਣ ਤੋਂ ਫਿਕਰ ਹੋ ਗਿਆ, ਕਿਤੇ ਉਹਦਾ ਦਿਮਾਗ ਈ ਨਾ ਹਿੱਲ ਗਿਆ ਹੋਵੇ!

ਅਠਾਰਵੇਂ ਸਾਲ ਦੀ ਪਠੀਰ ਉਮਰੇ ਉਹ ਸਵੀਡਨ ਵਿਚ 1958 ਦਾ ਵਰਲਡ ਕੱਪ ਖੇਡਣ ਗਿਆ। ਕੱਪ ਜਿੱਤਣ ਉਤੇ ਸਵੀਡਨ ਦੀਆਂ ਨੀਲੀਆਂ ਅੱਖਾਂ ਵਾਲੀਆਂ ਗੋਰੀਆਂ ਮੁਟਿਆਰਾਂ ਉਹਨੂੰ ਵਧਾਈ ਦੇਣ ਤੇ ਆਟੋਗਰਾਫ ਲੈਣ ਆਈਆਂ। ਪੇਲੇ ਦੇ ਕਾਲੇ ਸ਼ਾਹ ਰੰਗ 'ਤੇ ਉਨ੍ਹਾਂ ਨੇ ਗੋਰੀਆਂ ਗੁਲਾਬੀ ਉਂਗਲਾਂ ਘਸਾ ਕੇ ਵੇਖੀਆਂ ਪਈ ਇਹ ਪਾਲਿਸ਼ ਕੀਤਾ ਰੰਗ ਤਾਂ ਨਹੀਂ? ਪੇਲੇ ਦੇ ਸਾਥੀਆਂ ਨੇ ਸੁਆਦ ਲੈਂਦਿਆਂ ਕਿਹਾ, "ਇਹ ਰੰਗ ਅਸਲੀ ਆ। ਨਾ ਇਹ ਮੀਂਹ 'ਚ ਲਹਿੰਦਾ, ਨਾ ਈ ਨ੍ਹਾਉਣ ਨਾਲ। ਤੁਸੀਂ ਬੇਸ਼ੱਕ ਇਹਨੂੰ ਜੱਫੀ 'ਚ ਲੈ ਲਵੋ, ਰੰਗ ਨਹੀਂ ਲੱਗੇਗਾ, ਕੋਈ ਸ਼ੱਕ ਨਹੀਂ ਕਰੇਗਾ।"

ਵਰਲਡ ਕੱਪ ਜਿੱਤ ਕੇ ਪੇਲੇ ਹੋਰੀਂ ਵਤਨ ਪਰਤੇ ਤਾਂ ਉਨ੍ਹਾਂ ਦਾ ਸ਼ਾਹੀ ਸਵਾਗਤ ਹੋਇਆ। ਸੈਂਟੋਸ ਵਿਚ ਇਕ ਦਿਨ ਉਹ ਕੁੜੀਆਂ ਦਾ ਬਾਸਕਟਬਾਲ ਮੈਚ ਵੇਖਣ ਚਲਾ ਗਿਆ। ਬੈਂਚ 'ਤੇ ਬੈਠੀ ਇਕ ਕੁੜੀ ਨੇ ਉਹਦਾ ਧਿਆਨ ਖਿੱਚ ਲਿਆ। ਉਹ ਲਗਾਤਾਰ ਪੇਲੇ ਵੱਲ ਵੇਖ ਰਹੀ ਸੀ। ਪੇਲੇ ਨੇ ਸਮਝਿਆ, ਉਹ ਸੋਹਣੀ ਕੁੜੀ ਉਹਦੇ ਪਿੱਛੇ ਬੈਠੇ ਕਿਸੇ ਸੋਹਣੇ ਵੱਲ ਵੇਖ ਰਹੀ ਹੋਵੇਗੀ; ਪਰ ਪੇਲੇ ਦੇ ਪਿੱਛੇ ਤਾਂ ਕੋਈ ਵੀ ਨਹੀਂ ਸੀ ਬੈਠਾ। ਮੈਚ ਪਿੱਛੋਂ ਉਹ ਪੇਲੇ ਕੋਲ ਆਈ। ਦੋਹਾਂ ਦੀਆਂ ਅੱਖਾਂ ਨੇ ਪਿਆਰ ਦਾ ਸੁਨੇਹਾ ਦਿੱਤਾ। ਕੁੜੀ ਦਾ ਨਾਂ ਰੋਜ਼ਮੇਰੀ ਸੀ, ਰੰਗ ਗੋਰਾ ਨਿਛੋਹ। ਜਦ ਪਿਆਰ ਹੁੰਦੈ ਤਾਂ ਰੰਗ, ਨਸਲ ਤੇ ਵੱਡਾ ਛੋਟਾ ਨਹੀਂ ਵੇਖਦਾ।

1962 ਦੇ ਵਰਲਡ ਕੱਪ ਲਈ ਪੇਲੇ ਫਿਰ ਬ੍ਰਾਜ਼ੀਲ ਦੀ ਟੀਮ 'ਚ ਚੁਣਿਆ ਗਿਆ। ਬ੍ਰਾਜ਼ੀਲ ਫਿਰ ਕੱਪ ਜਿੱਤਿਆ ਜਿਸ ਵਿਚ ਪੇਲੇ ਦਾ ਵਿਸ਼ੇਸ਼ ਯੋਗਦਾਨ ਸੀ। 1965 ਵਿਚ ਉਸ ਨੇ ਰੋਜ਼ਮਰੀ ਨਾਲ ਵਿਆਹ ਕਰਾ ਲਿਆ ਤੇ ਹਨੀਮੂਨ ਮਨਾਉਂਦਿਆਂ ਯੂਰਪ ਦਾ ਸੈਰ ਸਪਾਟਾ ਕੀਤਾ। ਮੀਡੀਆਕਾਰ ਉਸ ਨਾਲ ਥਾਂਓਂ-ਥਾਂਈਂ ਇੰਟਰਵਿਊ



ਕਰਦੇ ਰਹੇ। ਉਹਦੀ ਨਿਮਰਤਾ, ਸਾਦਗੀ ਤੇ ਮਿਲਣਸਾਰੀ ਤੋਂ ਪ੍ਰਭਾਵਿਤ ਹੁੰਦੇ ਰਹੇ।

1966 ਦਾ ਵਰਲਡ ਕੱਪ ਖੇਡਣ ਲਈ ਉਹ ਤੀਜੀ ਵਾਰ ਬ੍ਰਾਜ਼ੀਲ ਦੀ ਟੀਮ ਦਾ ਮੈਂਬਰ ਬਣਿਆ। ਜ਼ਖਮੀ ਹੋਣ ਕਾਰਨ ਇਕ ਮੈਚ ਵਿਚ ਉਸ ਨੂੰ ਖਿਡਾਇਆ ਨਾ ਜਾ ਸਕਿਆ ਤੇ ਉਹੀ ਮੈਚ ਬ੍ਰਾਜ਼ੀਲ ਦੀ ਟੀਮ ਹਾਰੀ। ਪੇਲੇ ਨੂੰ ਇਸ ਹਾਰ ਦਾ ਬੜਾ ਦੁੱਖ ਹੋਇਆ, ਪਰ ਉਹਨੇ ਹਿੰਮਤ ਨਾ ਹਾਰੀ ਤੇ ਇਸ ਹਾਰ ਦਾ ਬਦਲਾ ਪੇਲੇ ਹੋਰਾਂ ਨੇ 1970 ਦਾ ਵਰਲਡ ਕੱਪ ਜਿੱਤ ਕੇ ਲਿਆ। ਫਾਈਨਲ ਮੈਚ ਬ੍ਰਾਜ਼ੀਲ ਤੇ ਇਟਲੀ ਵਿਚਕਾਰ ਸੀ। ਦੋਵੇਂ ਦੇਸ਼ ਦੋ ਦੋ ਵਾਰ ਵਿਸ਼ਵ ਕੱਪ ਜਿੱਤ ਚੁੱਕੇ ਸਨ। ਜਿਹੜਾ ਦੇਸ਼ ਤੀਜੀ ਵਾਰ ਜਿੱਤਦਾ ਜੂਲਸ ਰਿਮਟ ਟਰਾਫੀ ਪੱਕੇ ਤੌਰ 'ਤੇ ਉਹਦੀ ਹੋ ਜਾਣੀ ਸੀ।

ਮੈਕਸੀਕੋ 'ਚ ਹੋ ਰਿਹਾ ਉਹ ਫਾਈਨਲ ਮੈਚ ਇਕ ਲੱਖ ਤੋਂ ਵੱਧ ਦਰਸ਼ਕ ਸਟੇਡੀਅਮ ਵਿਚ ਤੇ ਕਰੋੜਾਂ ਲੋਕ ਟੀ. ਵੀ. ਤੋਂ ਵੇਖ ਰਹੇ ਸਨ। ਉਸ ਮੈਚ ਵਿਚ ਬ੍ਰਾਜ਼ੀਲ ਨੇ ਇਟਲੀ ਨੂੰ ਹਰਾ ਕੇ ਫੀਫਾ ਟਰਾਫੀ ਹਮੇਸ਼ਾਂ ਲਈ ਆਪਣੇ ਕਬਜ਼ੇ 'ਚ ਕਰ ਲਈ। ਮੈਚ ਮੁੱਕਣ ਸਾਰ ਦਰਸ਼ਕ ਪੇਲੇ ਵੱਲ ਉਮ੍ਹਲੇ। ਮੌਕੇ ਦੀ ਨਜ਼ਾਕਤ ਵੇਖਦਿਆਂ ਪੇਲੇ ਨੇ ਆਪਣੀ ਜਰਸੀ ਲਾਹ ਕੇ ਉਨ੍ਹਾਂ ਵੱਲ ਸੁੱਟ ਦਿੱਤੀ ਜੋ ਲੀਰ ਲੀਰ ਉਨ੍ਹਾਂ ਦੇ ਹਿੱਸੇ ਆਈ। ਨੰਗ ਧੜੰਗੇ ਪੇਲੇ ਨੇ ਸ਼ੁਕਰ ਕੀਤਾ ਕਿ ਮੈਕਸੀਕੋ ਦੇ ਫੁੱਟਬਾਲ ਪ੍ਰੇਮੀਆਂ ਕੋਲੋਂ ਉਹਦਾ ਕੱਛਾ ਬਚ ਗਿਆ!

ਚੌਦਾਂ ਸਾਲ ਬ੍ਰਾਜ਼ੀਲ ਦੀ ਵਰਦੀ ਪਾਉਣ ਪਿੱਛੋਂ ਉਸ ਨੇ ਬ੍ਰਾਜ਼ੀਲ ਲਈ ਅਖ਼ੀਰਲਾ ਮੈਚ ਖੇਡਿਆ। ਉਹ ਮੈਚ 18 ਜੁਲਾਈ 1971 ਨੂੰ ਯੂਗੋਸਲਾਵੀਆ ਵਿਰੁਧ ਸੀ। ਇਕ ਲੱਖ ਅੱਸੀ ਹਜ਼ਾਰ ਦਰਸ਼ਕ 'ਫੀਕਾ ਫੀਕਾ' ਦਾ ਰਾਗ ਅਲਾਪ ਰਹੇ ਸਨ ਜਿਸ ਦਾ ਅਰਥ ਸੀ, ਪੇਲੇ ਹਾਲੇ ਹੋਰ ਖੇਡ। ਉਹ ਮੈਚ ਦੋ ਦੋ ਗੋਲਾਂ ਦੀ ਬਰਾਬਰੀ 'ਤੇ ਮੁੱਕਾ। ਪੇਲੇ ਨੇ ਭਰੀਆਂ ਅੱਖਾਂ ਨਾਲ ਹੱਥ ਉਪਰ ਚੁੱਕ ਕੇ ਸਟੇਡੀਅਮ ਦਾ ਚੱਕਰ ਲਾਇਆ। ਉਹ ਬਾਹਾਂ ਲਹਿਰਾਉਂਦਾ ਦਰਸ਼ਕਾਂ ਦਾ ਧੰਨਵਾਦ ਕਰ ਰਿਹਾ ਸੀ ਜਿਨ੍ਹਾਂ ਨੇ ਵਰ੍ਹਿਆਂ-ਬੱਧੀ ਉਸ ਨੂੰ ਭਰਵੀਂ ਹੱਲਾਸ਼ੇਰੀ ਦਿੱਤੀ ਸੀ। ਦਰਸ਼ਕ ਖੜ੍ਹੇ ਹੋ ਕੇ ਉਹਦੇ ਮਾਣ ਵਿਚ ਤਾੜੀਆਂ ਮਾਰਦੇ ਰਹੇ। ਤਾੜੀਆਂ ਦੇ ਸ਼ੋਰ ਵਿਚ ਪੇਲੇ ਦੇ ਹੰਝੂ ਵਹਿ ਤੁਰੇ। ਉਸ ਨੇ ਬ੍ਰਾਜ਼ੀਲ ਦੀ ਪੀਲੇ ਤੇ ਹਰੇ ਰੰਗ ਦੀ ਜਰਸੀ ਲਾਹੀ ਜੋ ਉਹਨੇ ਮੁੜ ਕੇ ਕਦੇ ਨਹੀਂ ਸੀ ਪਾਉਣੀ। ਉਸ ਜਰਸੀ ਨਾਲ ਉਹਨੇ ਵਗਦੇ ਹੰਝੂ ਪੂੰਝੇ ਜੋ ਖੁਸ਼ਕ ਹੋਣ ਦੀ ਥਾਂ ਹੋਰ ਧਾਰੋ ਧਾਰ ਹੋ ਗਏ। ਜਿਸ ਮੈਦਾਨ ਨੂੰ ਉਸ ਨੇ ਮੁੜ੍ਹਕੇ ਨਾਲ ਸਿੰਜਿਆ ਸੀ ਉਸ ਨੂੰ ਹੰਝੂਆਂ ਨਾਲ ਸਿੰਜਦਾ ਉਹ ਸਟੇਡੀਅਮ ਤੋਂ ਬਾਹਰ ਚਲਾ ਗਿਆ।

ਉਧਰ ਸੈਂਟੋਸ ਕਲੱਬ ਵਾਲੇ ਉਹਨੂੰ ਛੱਡ ਨਹੀਂ ਸੀ ਰਹੇ। ਕਾਰੋਬਾਰੀ ਰੁਝੇਵਿਆਂ ਕਾਰਨ ਪੇਲੇ ਲਈ ਪੇਸ਼ਾਵਰਾਨਾ ਫੁੱਟਬਾਲ ਖੇਡੀ ਜਾਣਾ ਦਿਨੋ ਦਿਨ ਔਖਾ ਹੋਈ ਜਾ ਰਿਹਾ ਸੀ। ਉਤੋਂ 1974 ਦਾ ਵਰਲਡ ਕੱਪ ਆ ਗਿਆ। ਪੇਲੇ ਵਿਚ ਦਮ ਸੀ ਕਿ ਉਹ ਲਗਾਤਾਰ ਪੰਜਵੀਂ ਵਾਰ ਆਪਣੇ ਦੇਸ਼ ਵੱਲੋਂ ਖੇਡ ਸਕਦਾ ਪਰ ਇਹਦੇ ਲਈ ਉਹਨੂੰ ਪਰਿਵਾਰ ਤੇ ਕਾਰੋਬਾਰ ਤੋਂ ਛੇ ਮਹੀਨੇ ਲਾਂਭੇ ਰਹਿਣਾ ਪੈਣਾ ਸੀ। ਪੇਲੇ ਲਈ ਹੁਣ ਏਨਾ ਸਮਾਂ ਦੇ ਸਕਣਾ ਵਾਰਾ ਨਹੀਂ ਸੀ ਖਾਂਦਾ। ਖਿਡਾਰੀ ਦੀ ਥਾਂ ਉਹ ਕੁਮੈਂਟੇਟਰ ਬਣ ਕੇ ਵਰਲਡ ਕੱਪ 'ਚ ਪੁੱਜਾ। ਉਥੇ ਬ੍ਰਾਜ਼ੀਲ ਦੀ ਟੀਮ ਹਾਰ ਗਈ। ਪੇਲੇ ਦੀ ਨੁਕਤਾਚੀਨੀ ਹੋਈ ਕਿ ਉਹ ਦੇਸ਼ ਵੱਲੋਂ ਕਿਉਂ ਨਾ ਖੇਡਿਆ?

ਸੈਂਟੋਸ ਕਲੱਬ ਵੱਲੋਂ ਖੇਡਦਿਆਂ ਉਸ ਨੂੰ ਅਠਾਰਾਂ ਸਾਲ ਹੋ ਗਏ ਸਨ। ਸੈਂਟੋਸ ਨੇ 2 ਅਕਤੂਬਰ 1974 ਨੂੰ ਪੇਲੇ ਦਾ ਆਖ਼ਰੀ ਮੈਚ ਰੱਖਿਆ। ਮਰਾਕਾਨਾ ਦਾ ਵਿਸ਼ਾਲ ਸਟੇਡੀਅਮ ਉਸ ਦਿਨ ਮੂੰਹੋਂ ਮੂੰਹ ਭਰ ਗਿਆ। ਵੀਹ ਮਿੰਟਾਂ ਦੀ ਖੇਡ ਪਿੱਛੋਂ ਇਕ ਪਾਸ ਉਹਦੇ ਵੱਲ ਆਇਆ ਤਾਂ ਪੇਲੇ ਨੇ ਬਾਲ ਬੱਚੇ ਵਾਂਗ ਬੁੱਕਲ 'ਚ ਲੈ ਲਈ। ਸਾਰੇ ਦਰਸ਼ਕ ਹੈਰਾਨੀ ਨਾਲ ਉਹਦੇ ਵੱਲ ਵੇਖ ਰਹੇ ਸਨ। ਉਹ ਬਾਲ ਲੈ ਕੇ ਮੈਦਾਨ ਦੇ ਕੇਂਦਰ ਵਿਚ ਗਿਆ। ਉਸ ਨੇ ਕੇਂਦਰੀ ਨਿਸ਼ਾਨ 'ਤੇ ਬਾਲ ਰੱਖੀ ਤੇ ਉਹਦੇ ਦੁਆਲੇ ਗੋਡਿਆਂ ਪਰਨੇ ਬੈਠ ਗਿਆ। ਫਿਰ ਉਹਨੇ ਸਿਰ ਅੱਗੇ ਕੈਂਚੀ ਦਾਅ ਬਾਹਾਂ ਖੜ੍ਹੀਆਂ ਕੀਤੀਆਂ। ਭਰੀਆਂ ਅੱਖਾਂ ਨਾਲ ਦਰਸ਼ਕਾਂ ਨੂੰ ਪ੍ਰਣਾਮ ਕੀਤਾ। ਮੈਚ ਵਿਚੇ ਛੱਡ ਕੇ ਉਹ ਕੱਪੜੇ ਬਦਲਣ ਵਾਲੇ ਕਮਰੇ ਵਿਚ ਚਲਾ ਗਿਆ ਤੇ ਸੈਂਟੋਸ ਕਲੱਬ ਦੀ ਵਰਦੀ ਲਾਹੁੰਦਿਆਂ ਫੁੱਟ-ਫੁੱਟ ਕੇ ਰੋਇਆ। ਸਾਂਝਾਂ ਟੁੱਟਦੀਆਂ ਕਿਹੜਾ ਸੌਖੀਆਂ ਨੇ!

ਪੇਲੇ ਬੇਸ਼ਕ ਚੌਂਤੀ ਸਾਲਾਂ ਦਾ ਹੋ ਗਿਆ ਸੀ ਪਰ ਉਹਦੇ ਪ੍ਰਸ਼ੰਸਕ ਉਸ ਨੂੰ ਹੋਰ ਖੇਡਦਾ ਵੇਖਣਾ ਲੋਚਦੇ ਰਹੇ। ਨਿਊ ਯਾਰਕ ਦੇ ਕਾਸਮਸ ਕਲੱਬ ਨੇ ਇਕ ਕਰੋੜ ਡਾਲਰ ਦੀ ਪੇਸ਼ਕਸ਼ ਕੀਤੀ। ਉਸ ਨੇ 15 ਜੂਨ 1975 ਨੂੰ ਦੋ ਸਾਲ ਲਈ ਕਾਸਮਸ ਵੱਲੋਂ ਖੇਡਣਾ ਪਰਵਾਨ ਕਰ ਲਿਆ। ਕਾਸਮਸ ਦੀ ਟੀਮ ਦੁਨੀਆਂ ਦੇ ਦੌਰੇ 'ਤੇ ਨਿਕਲੀ। 1977 ਵਿਚ ਪੇਲੇ ਕਲਕੱਤੇ ਦੇ ਈਡਨ ਗਾਰਡਨ ਵਿਚ ਵੀ ਇਕ ਮੈਚ ਖੇਡਿਆ ਤੇ ਭਾਰਤੀ ਧਰਤੀ 'ਤੇ ਪੈੜਾਂ ਕੀਤੀਆਂ।

ਜਿਸ ਦਿਨ ਉਸ ਨੇ ਹਜ਼ਾਰਵਾਂ ਗੋਲ ਕੀਤਾ ਤਾਂ ਲੱਗਾ ਜਿਵੇਂ ਉਸ ਨੇ ਚੰਦ 'ਤੇ ਪੈਰ ਜਾ ਰੱਖਿਆ ਹੋਵੇ। ਜਿੱਦਣ 1250ਵਾਂ ਗੋਲ ਕੀਤਾ ਤਾਂ ਉਸ ਨੂੰ ਸੋਨੇ ਦੇ ਬੂਟ ਭੇਟਾ ਕੀਤੇ ਗਏ। ਸਰਬੋਤਮ ਖਿਡਾਰੀ ਲਈ ਪੇਲੇ ਅਵਾਰਡ ਰੱਖਿਆ ਗਿਆ। ਪੇਲੇ ਹਾਲੇ ਵੀ ਫੁੱਟਬਾਲ ਦੀ ਖੇਡ ਨਾਲ ਜੁੜਿਆ ਹੋਇਐ। ਉਹ ਬ੍ਰਾਜ਼ੀਲ ਦਾ ਖੇਡ ਮੰਤਰੀ ਰਹਿ ਚੁੱਕੈ। ਹੁਣ ਵੀ ਫੁੱਟਬਾਲ ਵਿਸ਼ੇਸ਼ਗ ਵਜੋਂ ਟਿੱਪਣੀਆਂ ਦਿੰਦੈ। ਅਜੋਕੀ ਟਿੱਪਣੀ ਹੈ ਕਿ ਨੇਮਾਰ ਦੇ ਸੱਟ ਲੱਗਣ ਦੇ ਬਾਵਜੂਦ ਬ੍ਰਾਜ਼ੀਲ ਜਿੱਤੇਗਾ।

ਪੇਲੇ ਕਹਿੰਦਾ ਹੈ, ਮੈਂ ਸੌਕਰ ਲਈ ਹੀ ਪੈਦਾ ਹੋਇਆਂ। ਉਹਦੀ ਭਵਿੱਖਵਾਣੀ ਹੈ ਕਿ 2014 ਦਾ ਵਰਲਡ ਕੱਪ ਬ੍ਰਾਜ਼ੀਲ ਦੀ ਟੀਮ ਜਿੱਤੇਗੀ। ਰੋਮਾਰੀਓ ਦਾ ਕਹਿਣਾ ਹੈ ਕਿ ਪੇਲੇ ਦੀ ਭਵਿੱਖਵਾਣੀ ਕਦੇ ਸੱਚੀ ਸਾਬਤ ਨਹੀਂ ਹੋਈ। 2002 ਦੇ ਵਰਲਡ ਕੱਪ ਬਾਰੇ ਪੇਲੇ ਦੀ ਭਵਿੱਖਵਾਣੀ ਸੀ ਕਿ ਬ੍ਰਾਜ਼ੀਲ ਆਪਣੇ ਗਰੁੱਪ ਵਿਚ ਹੀ ਹਾਰੇਗਾ ਪਰ ਉਹ ਕੱਪ ਜਿੱਤ ਗਿਆ। ਉਹਦੀਆਂ 2006 ਤੇ 2008 ਦੇ ਕੱਪਾਂ ਬਾਰੇ ਕੀਤੀਆਂ ਭਵਿੱਖਵਾਣੀਆਂ ਵੀ ਸਹੀ ਸਾਬਤ ਨਹੀਂ ਹੋਈਆਂ। ਰੋਮਾਰੀਓ ਦਾ ਕਥਨ ਹੈ, "ਪੇਲੇ ਚੁੱਪ ਰਹੇ ਤਾਂ ਕਵੀ ਹੈ, ਬੋਲੇ ਤਾਂ ਬੜਬੋਲਾ।"... ਤੇ ਉਹੀ ਗੱਲ ਹੋਈ! ਸੈਮੀਫਾਈਨਲ ਵਿਚ ਜਰਮਨੀ ਨੇ ਬ੍ਰਾਜ਼ੀਲ ਨੂੰ 7-1 ਦੇ ਵੱਡੇ ਫਰਕ ਨਾਲ ਦਰੜ ਦਿੱਤਾ। ਅਜਿਹੀ ਹਾਰ ਸ਼ਾਇਦ ਕਿਸੇ ਫੁੱਟਬਾਲ ਪ੍ਰੇਮੀ ਨੇ ਨਹੀਂ ਚਿਤਵੀ ਹੋਣੀ।

# ਬ੍ਰਾਜ਼ੀਲੀ ਖਿਡਾਰੀ ਦੀ ਭਾਰਤ ਨੂੰ ਸਲਾਮੀ

ਐਤਕੀਂ ਬ੍ਰਾਜ਼ੀਲ ਦੀ ਟੀਮ ਵਿਚ ਵਿਸ਼ਵ ਕੱਪ ਖੇਡਣ ਵਾਲਾ ਖਿਡਾਰੀ ਹੇਰਨਾਨੇਸ ਫੁਟਬਾਲ ਹਲਕਿਆਂ ਵਿਚ ਬਹੁਤਾ ਜਾਣਿਆ-ਪਛਾਣਿਆ ਨਾਮ ਨਹੀਂ। ਇਸ ਪਿੱਛੇ ਭੇਤ ਇਹ ਹੈ ਕਿ ਆਪਣੇ ਸ਼ੁਰੂਆਤੀ ਕਰੀਅਰ ਵਿਚ ਹੇਰਨਾਨੇਸ ਚੁਸਤ-ਚਲਾਕ ਨਾ ਹੋਣ ਕਰ ਕੇ ਆਮ ਟੀਮਾਂ ਵੱਲੋਂ ਫੁਟਬਾਲ ਖੇਡਦਾ ਰਿਹਾ। ਫੁਟਬਾਲ ਖੇਡਣ ਦਾ ਸ਼ੌਕ ਪਾਲਣ ਵਾਲਾ ਹੇਰਨਾਨੇਸ ਨਾ ਆਪ ਕਿਸੇ ਲੋਕਲ ਫੁਟਬਾਲ ਅਕੈਡਮੀ ਨਾਲ ਜੁੜਿਆ ਅਤੇ ਨਾ ਹੋਰ ਕਿਸੇ ਨੇ ਉਸ ਨੂੰ ਫੁਟਬਾਲ ਖੇਡਣ ਦੇ ਸਿੱਧੇ ਰਸਤੇ ਪਾਇਆ। ਆਖਰ ਬ੍ਰਾਜ਼ੀਲੀ ਟੀਮ ਦਾ ਮੁੱਖ ਕੋਚ ਫਿਲਿਪੋ ਸਕੋਲਾਰੀ, ਹੇਰਨਾਨੇਸ ਲਈ ਉਦੋਂ ਰੱਬ ਬਣ ਕੇ ਬਹੁੜਿਆ ਜਦੋਂ 2007 ਵਿਚ ਉਹ ਸਾਓ ਪਾਉਲੋ ਦੀ ਟੀਮ ਦੇ ਖੇਡ ਟਰਾਇਲਾਂ ਸਮੇਂ ਮੁੱਖ ਜੱਜ ਵਜੋਂ ਪਹੁੰਚਿਆ। ਹੇਠਲੇ ਦਰਜੇ ਦੀ ਟੀਮ ਹੋਣ ਕਰ ਕੇ ਖੇਡ ਟਰਾਇਲਾਂ ਵਿਚ ਪ੍ਰਬੰਧਕਾਂ ਦੀ ਉਮੀਦ ਅਨੁਸਾਰ ਖਿਡਾਰੀ ਨਾ ਪਹੁੰਚਣ ਕਰ ਕੇ ਬਾਹਰ ਬੈਠੇ ਹੇਰਨਾਨੇਸ ਨੂੰ ਖਾਨਾਪੂਰਤੀ ਲਈ ਮੈਦਾਨ ਵਿਚ ਬੁਲਾਇਆ ਗਿਆ। ਸ਼ਰਮਾਕਲ ਜਿਹਾ ਹੇਰਨਾਨੇਸ ਪਹਿਲੀ ਝੱਟੇ ਹੀ ਫਿਲਿਪੋ ਸਕੋਲਾਰੀ ਦੀ ਨਜ਼ਰੀਂ ਚੜ੍ਹ ਗਿਆ। ਚੋਣਕਾਰਾਂ ਵੱਲੋਂ ਪਹਿਲੀ ਸੱਟੇ ਹੇਰਨਾਨੇਸ ਦੀ ਚੋਣ ਕਰ ਲਈ ਗਈ। ਆਖਰ ਸਾਓ ਪਾਉਲੋ ਦੀ ਫੁਟਬਾਲ ਟੀਮ ਦਾ ਐਲਾਨ ਕਰ ਦਿੱਤਾ ਗਿਆ ਜਿਸ ਦਾ ਭਾਰਤ ਵਿਚ ਵੱਖ-ਵੱਖ ਫੁਟਬਾਲ ਅਕੈਡਮੀਆਂ ਨਾਲ ਪੰਜ ਦੋਸਤਾਨਾ ਮੈਚ ਖੇਡਣ ਜਾਣ ਦਾ ਪ੍ਰੋਗਰਾਮ ਸੀ। ਹੇਰਨਾਨੇਸ ਦਾ ਇਹ ਪਹਿਲਾ ਵਿਦੇਸ਼ੀ ਦੌਰਾ ਸੀ। ਸਾਓ ਪਾਉਲੋ ਦੀ ਟੀਮ ਨੇ ਮੇਜ਼ਬਾਨ ਫੁਟਬਾਲ ਅਕੈਡਮੀਆਂ ਦੀਆਂ ਟੀਮਾਂ ਨਾਲ ਸਿਲੀਗੁੜੀ, ਕੋਲਕਾਤਾ, ਜਮਸ਼ੇਦਪੁਰ, ਕੋਚੀ ਤੇ ਨਵੀਂ ਦਿੱਲੀ 'ਚ ਪੰਜ ਮੈਚ ਖੇਡੇ। ਹੇਰਨਾਨੇਸ ਦੀ ਧਮਾਕੇਦਾਰ ਖੇਡ ਸਦਕਾ ਮਹਿਮਾਨ ਟੀਮ ਨੇ ਸਾਰੇ ਮੈਚ ਜਿੱਤ ਕੇ ਆਪਣੀ ਝੋਲੀ ਪਾਏ। ਭਾਰਤੀ ਮੀਡੀਆ 'ਚ ਹੇਰਨਾਨੇਸ ਦੀ ਖੇਡ ਦੀ ਪੂਰੀ ਬੱਲੇ-ਬੱਲੇ ਹੋਈ। ਸਾਓ ਪਾਉਲੋ ਦੀ ਜੇਤੂ ਟੀਮ ਜਦੋਂ ਵਤਨ ਪਰਤੀ ਤਾਂ ਹੇਰਨਾਨੇਸ ਦੀ ਖੇਡ ਚੜ੍ਹਾਈ ਦੀਆਂ ਕਨਸੋਆਂ ਕੌਮੀ ਫੁਟਬਾਲ ਕੋਚ ਫਿਲਿਪੋ ਸਕੋਲਾਰੀ ਦੇ ਕੰਨੀਂ ਵੀ ਪਈਆਂ। ਬੱਸ ਸਕੋਲਾਰੀ ਦੇ ਦੂਜੇ ਥਾਪੜੇ ਨੇ ਹੇਰਨਾਨੇਸ ਦੇ ਦਰ ਕੌਮੀ ਫੁਟਬਾਲ ਟੀਮ ਲਈ ਖੋਲ੍ਹ ਦਿੱਤੇ। ਘਰੇਲੂ ਮੈਦਾਨ 'ਤੇ 63ਵੇਂ ਮਿੰਟ 'ਚ ਮੁੱਖ ਕੋਚ ਸਕੋਲਾਰੀ ਨੇ ਫਲੀਨੋ ਦੇ ਬਦਲਵੇਂ ਖਿਡਾਰੀ ਵਜੋਂ ਹੇਰਨਾਨੇਸ ਨੂੰ ਜਦੋਂ ਮੈਦਾਨ 'ਚ ਖੇਡਣ ਲਈ ਭੇਜਿਆ ਤਾਂ ਹੇਰਨਾਨੇਸ ਨੇ ਸਾਓ ਪਾਉਲੋ ਟੀਮ ਨਾਲ ਕੀਤੇ ਆਪਣੇ ਭਾਰਤੀ ਦੌਰੇ ਨੂੰ ਯਾਦ ਕੀਤਾ ਜਿਸ ਦੀ ਬਦੌਲਤ ਉਸ ਨੂੰ ਕੌਮੀ ਤੇ ਕੌਮਾਂਤਰੀ ਫੁਟਬਾਲ 'ਚ ਬਰੇਕ ਮਿਲੀ। ਹੇਰਨਾਨੇਸ ਦੇ ਇਨ੍ਹਾਂ ਯਾਦਗਾਰੀ ਪਲਾਂ ਦੀ ਤਸਦੀਕ ਕੌਮੀ ਟੀਮ ਦੇ ਮੁੱਖ ਕੋਚ ਫਿਲਿਪੋ ਸਕੋਲਾਰੀ ਨੇ ਵੀ ਕੀਤੀ ਹੈ।

**ਹੁਣ ਆਂਦਰੇ ਇਨਸੇਤਾ ਦੀ ਵਾਰੀ:** ਦੱਖਣੀ ਅਫਰੀਕਾ ਵਿਚ 2010 'ਚ ਖੇਡੇ ਵਿਸ਼ਵ ਫੁਟਬਾਲ ਕੱਪ ਦੇ ਹਾਲੈਂਡ ਨਾਲ ਫਾਈਨਲ 'ਚ ਸਪੇਨੀ ਟੀਮ ਲਈ ਮੈਚ ਇਕੋ-ਇਕ ਗੋਲ ਦਾਗ ਕੇ ਟੀਮ ਨੂੰ ਪਹਿਲੀ ਵਾਰ ਵਿਸ਼ਵ ਚੈਂਪੀਅਨ ਬਣਾਉਣ ਵਾਲਾ ਆਂਦਰੇ ਇਨਸੇਤਾ ਇਸ ਸਾਲ ਅਗਸਤ 'ਚ ਆਪਣੇ ਬਿਜ਼ਨਸ ਦੇ ਸਬੰਧ 'ਚ ਭਾਰਤ ਦੇ ਦੌਰੇ 'ਤੇ ਆਏਗਾ। ਮਿਡਫੀਲਡਰ ਆਂਦਰੇ ਨੇ ਇਹ ਦੌਰਾ ਭਾਰਤ ਦੇ ਕੁਝ ਸ਼ਹਿਰਾਂ 'ਚ ਆਪਣੀ ਵਾਈਨ (ਬੋਡੇਗਾ ਇਨਸੇਤਾ) ਦੀ ਪ੍ਰਮੋਸ਼ਨ ਲਈ ਰੱਖਿਆ ਹੈ। ਪਹਿਲਾਂ ਕੰਪਨੀ ਦੇ ਬਰਾਮਦ ਪ੍ਰਬੰਧਕ ਐਨਰਿਕ ਮੇਡੀਨਾ ਨੇ ਇਸ ਸਬੰਧੀ ਭਾਰਤ ਆਉਣਾ ਸੀ ਪਰ ਭਾਰਤ 'ਚ ਕੰਪਨੀ ਦੇ ਭਾਈਵਾਲ ਰਾਜਵੀਰ ਸਿੰਘ ਅਨੁਸਾਰ ਆਂਦਰੇ ਇਨਸੇਤਾ ਵਾਈਨ ਦੀ ਮਸ਼ਹੂਰੀ ਦੇ ਬਹਾਨੇ ਆਗਰੇ ਤਾਜ ਮਹੱਲ ਵੇਖਣ ਤੋਂ ਇਲਾਵਾ ਮੁੰਬਈ 'ਚ ਕਈ ਹਿੰਦੀ ਫਿਲਮੀ ਸਟਾਰਾਂ ਨੂੰ ਮਿਲਣ ਦੀ ਆਪਣੀ ਤਮੰਨਾ ਪੂਰੀ ਕਰਨੀ ਚਾਹੁੰਦਾ ਹੈ।

# ਬੱਲ ਅਤੇ ਬਾਲ

1965 ਦੇ ਅਰਬ-ਇਸਰਾਈਲ ਯੁੱਧ ਵਿਚ ਇਸਰਾਈਲ ਨੇ ਗਵਾਂਢੀ ਅਰਬ ਦੇਸ਼ਾਂ ਦਾ ਬਹੁਤ ਸਾਰਾ ਇਲਾਕਾ ਅਤੇ ਯੇਰੋਸ਼ਲਮ ਦੇ ਸਮੁੱਚੇ ਨਗਰ 'ਤੇ ਕਬਜ਼ਾ ਕਰ ਲਿਆ। ਜਿੱਤ ਪਿੱਛੋਂ ਇਸਰਾਈਲ ਨੇ ਯੇਰੋਸ਼ਲਮ ਵਿਚ ਫੌਜੀ ਮਾਰਚ ਕੀਤਾ। ਅੰਤਰ-ਰਾਸ਼ਟਰੀ ਨਿਯਮਾਂ ਦੀ ਇਸ ਘੋਰ ਉਲੰਘਣਾ ਦੀ ਸੰਯੁਕਤ ਰਾਸ਼ਟਰ ਵਿਚ ਤਿੱਖੀ ਆਲੋਚਨਾ ਹੋਈ। ਜਵਾਬ 'ਚ ਇਸਰਾਈਲ ਦੇ ਰੱਖਿਆ ਮੰਤਰੀ ਮੋਸ਼ੇ ਡਾਇਨ ਨੇ ਕਿਹਾ ਸੀ, "ਇਹ ਸਾਡੀ ਫੌਜ ਨਹੀਂ, ਇਹ ਤਾਂ ਉੱਨੀ ਸਦੀਆਂ ਦਾ ਦਰਦ ਯੇਰੋਸ਼ਲਮ ਦੀਆਂ ਗਲੀਆਂ ਵਿਚ ਮਾਰਚ ਕਰ ਰਿਹਾ ਹੈ।"

ਮੋਸ਼ੇ ਡਾਇਨ ਦੇ ਇਹ ਅਲਫਾਜ਼ ਇਸ ਵਰਤਾਰੇ ਦਾ ਪ੍ਰਮਾਣ ਹਨ ਕਿ ਕੌਮਾਂ ਦੇ ਇਤਿਹਾਸਕ ਹਾਦਸਿਆਂ ਨਾਲ ਜੁੜੀਆਂ ਮਿੱਥਾਂ ਅਤੇ ਮਾਨਤਾਵਾਂ ਉਨ੍ਹਾਂ ਦੇ ਵਰਤਮਾਨ ਵਿਹਾਰ ਨੂੰ ਦੇਰ ਤਕ ਪ੍ਰਭਾਵਿਤ ਕਰਦੀਆਂ ਰਹਿੰਦੀਆਂ ਹਨ। ਫੁੱਟਬਾਲ ਦੇ ਮਹਾਨਾਇਕ ਪੇਲੇ ਦੇ ਬਾਪ ਦੀਆਂ ਅੱਖਾਂ 'ਚ ਛਲਕੇ ਹੰਝੂਆਂ ਦਾ ਮਰਮ ਵੀ ਬ੍ਰਾਜ਼ੀਲੀਆਂ ਦੇ ਅਵਚੇਤਨ ਦਾ ਧਿਆਨ ਧਰੇ ਬਿਨਾਂ ਸਮਝ ਨਹੀਂ ਆ ਸਕਦਾ। ਫੁੱਟਬਾਲ ਜਾਨਦਾਰ ਲੋਕਾਂ ਦੀ ਸ਼ਾਨਦਾਰ ਖੇਡ ਹੈ। ਦੱਖਣੀ ਅਮਰੀਕਾ ਦੇ ਦੇਸ਼ ਇਸ ਦੇ ਦੀਵਾਨੇ ਹਨ। ਬ੍ਰਾਜ਼ੀਲੀਆਂ ਲਈ ਫੁੱਟਬਾਲ ਦੇ ਵਿਸ਼ਵ ਕੱਪ ਮੁਕਾਬਲੇ ਇੱਕ ਤਰ੍ਹਾਂ ਦੇ 'ਧਰਮਯੁੱਧ' ਦਾ ਦਰਜਾ ਰੱਖਦੇ ਹਨ। ਉਨ੍ਹਾਂ ਲਈ ਇਹ ਕੱਪ ਜਿੱਤਣ ਨਾਲੋਂ ਵੱਡੇ ਮਾਣ ਵਾਲੀ ਹੋਰ ਕੋਈ ਗੱਲ ਨਹੀਂ ਹੈ।

ਜ਼ਿੰਦਗੀ ਅਤੇ ਸਾਹਿਤ ਦੇ ਅਨੇਕ ਭਾਂਤੀ ਵਰਤਾਰਿਆਂ ਦਾ ਵਿਰਦ ਕਹਾਉਣ ਵਾਲੇ ਗੁਰਦਿਆਲ ਬੱਲ ਦੀ ਇਸ ਖੇਡ ਬਾਰੇ ਲਿਖਤ ਬਹੁ-ਪਰਤੀ ਵਰਤਾਰਿਆਂ ਨੂੰ ਉਜਾਗਰ ਕਰਦੀ ਹੈ। ਪੰਜ ਜੁਲਾਈ ਵਾਲੇ ਅੰਕ ਵਿਚ ਉਸ ਦਾ ਲੇਖ 'ਇਰਾਨੀਆਂ ਨੇ ਅਰਜਨਟੀਨੀਆਂ ਦੀ ਤੋਬਾ-ਤੋਬਾ ਕਰਵਾਈ' ਵਿਚ ਉਸ ਦੀ ਲਿਖਤ ਦਾ ਰੰਗ ਦੇਖਣ ਹੀ ਵਾਲਾ ਹੈ। ਬਿਜਲਈ ਯੰਤਰਾਂ ਦੀ ਚਕਾਚੌਂਧ, ਦਰਸ਼ਕਾਂ ਦੀਆਂ ਤਾੜੀਆਂ ਤੇ ਕਿਲਕਾਰੀਆਂ ਦਾ ਸ਼ੋਰ, ਅੰਕੜਿਆਂ ਦੀ ਚਾਂਦਮਾਰੀ, ਸਿਖਰ ਵੱਲ ਵਧਦੇ ਮੁਕਾਬਲੇ ਨਾਲ ਵਧਦੇ ਫਾਊਲ, ਵਿਖਾਏ ਜਾਂਦੇ ਲਾਲ ਪੀਲੇ ਕਾਰਡ, ਕੋਚਾਂ ਦੀ ਬੇਚੈਨੀ, ਪਰੀ ਰੁਖਸਾਰਾਂ ਉਪਰ ਚਿਤਰੇ ਕੌਮੀ ਨਿਸ਼ਾਨ, ਹਵਾਈ ਚੁੰਮਣਾਂ ਦੀ ਆਤਿਸ਼ਬਾਜ਼ੀ ਦੇ ਬਹੁ-ਰੰਗੀ ਵਰਤਾਰਿਆਂ ਪਿੱਛੇ ਟਿਮਕਦੇ ਅਰਬਦ-ਨਰਬਦੀ ਰੰਗਾਂ ਦੇ ਝਾਉਲੇ ਵਿਖਾਉਣ ਵਾਲੀਆਂ ਮਿੱਥਾਂ ਅਤੇ ਵਿਰੋਧਾਭਾਸਾਂ ਦੀਆਂ ਘੁੰਡੀਆਂ ਮੇਲਣ ਦਾ ਕਮਾਲ ਗੁਰਦਿਆਲ ਬੱਲ ਸਹਿਜੇ ਹੀ ਕਰੀ ਜਾਂਦਾ ਹੈ।

**-ਅਮਰਜੀਤ ਪਰਾਗ**

# ਇਤਿਹਾਸਕ ਨਗਰੀ ਸੁਲਤਾਨਪੁਰ ਲੋਧੀ 'ਚ ਇਕ ਦਿਨ

ਦੇਸੀ ਪਰਿਕਰਮਾ

ਆਪਣੇ ਕੱਪੜਿਆਂ ਨੂੰ ਜਿਹੜੇ ਆਪ ਪ੍ਰੈਸ ਕਰਨ ਦਾ ਯਤਨ ਕਰਦੇ ਹਨ, ਉਨ੍ਹਾਂ ਨੂੰ ਸਰੀਰ ਦੇ ਨਾਲ ਪਹਿਰਾਵੇ ਦੀ ਸੋਝੀ ਵੀ ਆ ਜਾਂਦੀ ਹੈ। ਜਿਹੜੇ ਜੁੱਤੀ ਹੱਥੀਂ ਪਾਲਿਸ਼ ਕਰਦੇ ਹਨ, ਉਨ੍ਹਾਂ ਨੂੰ ਇਹ ਵੀ ਪਤਾ ਹੁੰਦਾ ਹੈ ਕਿ ਪੈਰ ਸਿਰਫ ਸਰੀਰ ਦਾ ਭਾਰ ਹੀ ਚੁੱਕਣ ਲਈ ਨਹੀਂ ਹੁੰਦੇ। ਜਿਨ੍ਹਾਂ ਨੂੰ ਲੋਕ ਖੜ੍ਹੇ ਹੋ ਕੇ ਦੋਹੀਂ ਹੱਥੀਂ ਸਤਿਕਾਰ ਦੇਣ, ਉਨ੍ਹਾਂ ਦਾ ਮਾਇਆ ਜਾਲ 'ਚੋਂ ਪੌਚਾ ਨਿਕਲ ਗਿਆ ਹੁੰਦਾ ਹੈ।... ਇਹ ਅਹਿਸਾਸ ਸਿਰਫ ਇਨ੍ਹਾਂ ਲੋਕਾਂ ਨੂੰ ਹੀ ਹੁੰਦਾ ਹੈ ਕਿ ਜੇਬ ਵਿਚ ਭਾਵੇਂ ਭਾਨ ਵੀ ਹੋਵੇ,

ਐਸ. ਅਸ਼ੋਕ ਭੌਰਾ

ਬਾਦਸ਼ਾਹੀ ਤਦ ਵੀ ਕੀਤੀ ਜਾ ਸਕਦੀ ਹੈ। ਇਸੇ ਲਈ ਬਹੁਤੇ ਸ਼ਾਇਰ ਅਮੀਰ ਨਹੀਂ, ਫਕੀਰ ਹੁੰਦੇ ਹਨ। ਹਾਲੇ ਤੱਕ ਦਵਿੰਦਰ ਸਤਿਆਰਥੀ ਵਰਗਾ ਧਨਵਾਨ ਕੋਈ ਬਣ ਨਹੀਂ ਸਕਿਆ। ਇਹ ਫੱਕਰ ਲੋਕ ਹੀ ਜਾਣਦੇ ਹਨ ਕਿ ਪੈਸਾ ਗੋਲ ਕਿਉਂ ਹੁੰਦਾ ਸੀ। ਭਾਰੇ ਬੰਦੇ ਹਰ ਰੋਜ਼ ਮਸ਼ੀਨ ਨੂੰ ਤਾਂ ਦੁਖੀ ਕਰੀ ਜਾਂਦੇ ਹਨ ਕਿ ਸ਼ਾਇਦ ਅੱਜ ਬਦਨ ਕੁਝ ਹੌਲਾ ਹੋ ਗਿਆ ਹੋਵੇਗਾ, ਪਰ ਤਨ ਹਲਕਾ ਤੇ ਮਨ ਭਾਰਾ ਉਦੋਂ ਹੋ ਹੀ ਜਾਂਦਾ ਹੈ ਜਦੋਂ...

ਮੈਂ ਵੀ ਆਪਣੇ-ਆਪ ਨੂੰ ਉਨ੍ਹਾਂ ਲੋਕਾਂ ਵਿਚੋਂ ਸਮਝਦਾ ਹਾਂ ਜਿਹੜੇ ਲੱਖਾਂ ਲੋਕਾਂ ਦੇ ਲੰਮੇ ਸਮੇਂ ਤੋਂ ਦਿੱਤੇ ਪਿਆਰ ਦੀ ਇਕ ਵੀ ਕਿਸ਼ਤ ਮੋੜਨ ਵਿਚ ਸਫਲ ਨਹੀਂ ਹੁੰਦੇ। ਵਾਤਾਵਰਨ ਨੂੰ ਸੰਭਾਲਣ ਤੇ ਸਾਫ-ਸੁਥਰਾ ਰੱਖਣ ਵਿਚ ਸੰਤ ਬਲਬੀਰ ਸਿੰਘ ਸੀਚੇਵਾਲ ਵੱਲ ਮੁਹੱਬਤ ਦੀਆਂ ਬਾਹਾਂ ਇਸ ਕਰ ਕੇ ਨਹੀਂ ਖੁੱਲ੍ਹਦੀਆਂ ਕਿ ਉਨ੍ਹਾਂ ਨੇ ਇਹਦੇ ਲਈ ਆਪ ਤੇ ਹੱਥੀਂ ਬਹੁਤ ਕੁਝ ਕੀਤਾ ਹੈ, ਸਗੋਂ



ਸੰਤ ਸੁਖਜੀਤ ਸਿੰਘ ਨਾਲ ਪਵਿੱਤਰ ਬੇਈਂ ਦੇ ਸਥਾਨ 'ਤੇ ਗੱਲਬਾਤ ਕਰਦਿਆਂ।

ਸੁਚੇਤ ਇਨਸਾਨ ਅੰਦਰ ਚਿਣਗ ਇਹ ਵੀ ਫੁੱਟਦੀ ਹੈ ਕਿ ਸਾਨੂੰ ਵੀ ਇੱਦਾਂ ਦਾ ਕੁਝ ਕਰਨਾ ਚਾਹੀਦਾ ਹੈ। ਪਿਛਲੇ ਵਰ੍ਹੇ ਜਦੋਂ ਉਹ ਅਮਰੀਕਾ ਦੇ ਦੌਰੇ 'ਤੇ ਆਏ ਤਾਂ ਪਹਿਲੀ ਵਾਰ ਕੈਲੀਫੋਰਨੀਆ ਵਿਚ ਸੰਨੀਵੇਲ ਦੇ ਮੰਦਿਰ ਵਿਚ ਉਨ੍ਹਾਂ ਦੇ ਦੀਦਾਰ ਕਰਨ ਦਾ ਅਵਸਰ ਹੀ ਨਹੀਂ ਮਿਲਿਆ, ਸਗੋਂ ਕੁਝ ਕਰਨ ਦੀ ਇੱਛਾ ਵੀ ਸੁਸਤ ਜ਼ਿੰਦਗੀ ਨਾਲ ਹੱਥੋਪਾਈ ਹੋਣ ਲੱਗ ਪਈ; ਹਾਲਾਂਕਿ ਉਨ੍ਹਾਂ ਨਾਲ ਫੋਨ ਜ਼ਰੀਏ ਚਾਰ ਕੁ ਸਾਲ ਪਹਿਲਾਂ ਉਦੋਂ ਵੀ ਹੱਲਾਸ਼ੇਰੀ ਵਾਲੀ ਗੱਲਬਾਤ ਹੋਈ ਸੀ ਜਦੋਂ ਮੈਂ ਤੇ ਭਗਵੰਤ ਮਾਨ ਫਿਰੋਜ਼ਪੁਰ ਦੇ ਸਰਹੱਦੀ ਪਿੰਡਾਂ ਵਿਚ ਕੈਂਸਰ ਪੀੜਤ ਲੋਕਾਂ ਦੀ ਬਾਂਹ 'ਚ ਬਾਂਹ ਪਾ ਰਹੇ ਸਾਂ। ਉਦੋਂ ਤੋਂ ਹੀ ਸੁਲਤਾਨਪੁਰ ਲੋਧੀ ਵਿਚ ਜਾਣ ਦੀ ਇੱਛਾ ਦੁਹਾਈਆਂ ਦੇਣ ਲੱਗ ਪਈ ਕਿ ਉਹ ਕੁਝ ਅੱਖੀਂ ਤਾਂ ਦੇਖ ਲਿਆ ਜਾਵੇ ਜਿਸ ਨੂੰ ਵੇਖਣ ਲਈ ਉਤਸ਼ਾਹਿਤ ਹੋ ਕੇ ਕਦੇ ਦੇਸ਼ ਦੇ ਰਾਸ਼ਟਰਪਤੀ ਡਾ. ਏ.ਪੀ.ਜੇ. ਅਬਦੁੱਲ ਕਲਾਮ ਪਹੁੰਚੇ ਸਨ। ਸਿਆਣੇ ਕਹਿੰਦੇ ਨੇ ਜਦ ਬੂਰ ਪਵੇ ਤਾਂ ਫਲ ਨੇ ਵੀ ਲੱਗਣਾ ਹੀ ਹੁੰਦਾ ਹੈ, ਤੇ ਸਬੱਬ ਬਣ ਗਿਆ।

ਘਰ ਗਿਆ ਤਾਂ ਯੂਬਾ ਸਿਟੀ ਲਾਗੇ ਮੈਰਿਸਵਿਲ 'ਚ ਰਹਿੰਦੇ ਤੇਜਿੰਦਰ ਲਾਲੀ ਦਾ ਫੋਨ ਮੇਰੇ ਭਤੀਜੇ ਵਰਿੰਦਰ ਨੂੰ ਆਇਆ, "ਮੈਂ ਵੀ ਇੰਡੀਆ ਆ ਗਿਆ ਹਾਂ, ਤੇਰੇ ਚਾਚੇ ਨੂੰ ਮਾਣ-ਸਨਮਾਨ ਲਈ ਸੱਦਾ ਹੈ।" ਲਾਲੀ ਦਾ ਸ਼ੁਮਾਰ ਉਨ੍ਹਾਂ ਲੋਕਾਂ ਵਿਚ ਹੈ ਜਿਹੜੇ ਮੇਰੀਆਂ ਲਿਖਤਾਂ ਨੂੰ ਜਵਾਨੀ 'ਚ ਮਹਿਬੂਬਾ ਦੇ ਪ੍ਰੇਮ ਨਾਲੋਂ ਵੀ ਵੱਧ ਤਿਹੁ ਕਰਦੇ ਹਨ। ਲਾਲੀ ਦੇ ਸੱਦੇ ਨੂੰ ਹਾਲਾਂਕਿ ਮੈਂ ਉਨੀ ਗੰਭੀਰਤਾ ਨਾਲ ਨਹੀਂ ਸੀ ਲਿਆ, ਜਿੰਨੇ ਨਿੱਘ ਨਾਲ ਉਨ੍ਹਾਂ ਨੇ ਮੇਰਾ ਸਨਮਾਨ ਕੀਤਾ; ਕਿਉਂਕਿ ਅਸੀਂ ਫੋਨ ਜਾਂ ਰੇਡੀਓ ਚੜ੍ਹਦੀ ਕਲਾ 'ਤੇ ਹੀ ਕਦੇ-ਕਦਾਈਂ ਗੱਲਬਾਤ ਕਰਦੇ ਸਾਂ। ਲਾਲੀ ਤੇ ਉਸ ਦੇ ਪਰਿਵਾਰ ਤੇ ਮਿੱਤਰਾਂ-ਦੋਸਤਾਂ ਦੇ ਮਨ ਵਿਚ ਮੇਰੇ ਲਈ ਪਿਆਰ ਦੀ ਵੇਲ ਇੰਨੀ ਸੰਘਣੀ ਸੀ, ਇਸ ਦਾ ਅਹਿਸਾਸ ਮੈਨੂੰ ਬਾਬੇ ਨਾਨਕ ਦੀ ਨਗਰੀ ਸੁਲਤਾਨਪੁਰ ਲੋਧੀ ਜਾ ਕੇ ਹੀ ਹੋਇਆ ਸੀ।

ਮਿਥੇ ਸਮੇਂ ਅਤੇ ਦਿਨ 'ਤੇ ਆਪਣੇ ਸਭ ਤੋਂ ਵੱਡੇ ਫੌਜੀ ਭਰਾ ਸੂਬੇਦਾਰ ਮੇਜਰ ਨਸੀਬ, ਭਤੀਜੇ ਵਰਿੰਦਰ ਅਤੇ ਲੰਬਾ ਸਮਾਂ ਸਾਥੀ ਅਧਿਆਪਕ ਰਹੇ ਪ੍ਰੇਮ ਸਿੰਘ ਸੁਰਾਪੁਰੀ ਨਾਲ ਤੇਜਿੰਦਰ ਲਾਲੀ ਦੇ ਘਰ ਪਹੁੰਚ ਗਏ। ਮੇਰੇ ਵਿਭਾਗੀ ਅਧਿਆਪਕਾਂ, ਮੇਰੀਆਂ ਲਿਖਤਾਂ ਪੜ੍ਹਨ ਵਾਲੇ ਦਰਜਨ ਦੇ ਕਰੀਬ ਮਿੱਤਰਾਂ, ਲਾਲੀ ਦੇ ਪਿਤਾ ਅਵਤਾਰ ਸਿੰਘ ਹੋਰਾਂ ਨਿੱਘਾ ਮੋਹ ਦਿੱਤਾ, ਤੇ ਫਿਰ ਪਰਿਵਾਰ ਨਾਲ ਜਾਣ-ਪਛਾਣ ਤੋਂ ਬਾਅਦ ਚਾਹ ਦੀਆਂ ਘੁੱਟਾਂ ਦੇ ਵਕਫੇ ਵਿਚ ਹੀ ਲਾਲੀ ਨੇ ਨਵੇਂ ਮਿਲੇ ਮਿੱਤਰਾਂ ਨੂੰ ਮੇਰੀ ਕੈਲੀਫੋਰਨੀਆ ਵਿਚ ਸਾਹਿਤਕ ਕਾਰਜਸ਼ੈਲੀ ਬਾਰੇ ਦੱਸਿਆ।

ਉਂਜ ਇਥੇ ਅਜਬ ਕਹਾਣੀ ਹੋ ਗਈ ਸੀ। ਆਮ ਤੌਰ 'ਤੇ ਸਿਆਸਤਦਾਨਾਂ ਦਾ ਇੰਤਜ਼ਾਰ ਕੀਤਾ ਜਾਂਦਾ ਹੈ ਪਰ ਜਦੋਂ ਅਸੀਂ ਗੁਰਦੁਆਰਾ ਬੇਰ ਸਾਹਿਬ ਪੁੱਜੇ ਤਾਂ ਪੰਜਾਬ ਦੇ ਸਾਬਕਾ ਸਿੱਖਿਆ ਮੰਤਰੀ ਬੀਬੀ ਉਪਿੰਦਰਜੀਤ ਕੌਰ ਪਹਿਲਾਂ ਹੀ ਹਾਜ਼ਰ ਸਨ। ਕੁਝ ਜਥੇਦਾਰ ਵੀ ਗੁਰੂਘਰ ਦੇ ਦਫਤਰੀ ਕੰਪਲੈਕਸ ਵਿਚ ਉਨ੍ਹਾਂ ਨਾਲ ਮੌਜੂਦ ਸਨ। ਕੁਝ ਲੋਕਾਂ ਲਈ ਮੇਰਾ ਨਾਂ ਭਾਵੇਂ ਨਵਾਂ ਸੀ, ਪਰ ਬੀਬੀ ਜੀ ਮੇਰੀਆਂ ਲਿਖਤਾਂ ਜ਼ਰੀਏ ਮੈਨੂੰ ਜਾਣਦੇ ਸਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੱਤਰਕਾਰ ਹੋਣ ਦੇ ਨਾਤੇ ਮੈਂ ਅਕਾਲੀ ਸਰਕਾਰ ਦੇ ਆਲੋਚਕਾਂ ਵਿਚ ਰਿਹਾ ਹਾਂ, ਪਰ ਉਥੇ ਹਾਜ਼ਰ ਬਹੁਤੇ ਲੋਕ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਨਾਲ ਤਾਅਲੁਕ ਰੱਖਣ ਵਾਲੇ ਹੀ ਸਨ।

ਤੇਜਿੰਦਰ ਲਾਲੀ ਦੇ ਮਾਣ ਤੋਂ ਵੀ ਵੱਡੀ ਗੱਲ ਬੀਬੀ ਉਪਿੰਦਰਜੀਤ ਕੌਰ ਵੱਲੋਂ ਮੇਰੇ ਜਾਂ ਮੇਰੀ ਲਿਖਣਸ਼ੈਲੀ ਬਾਰੇ ਆਖੇ ਸ਼ਬਦ ਸਨ। ਤਾਰੀਫ ਵਿਚ ਗੜੁੱਚ। ਆਪਣਾ ਢਿੱਡ ਆਪ ਵਜਾਉਣ ਵਾਲੀ ਗੱਲ ਨਹੀਂ ਪਰ ਮੈਂ ਇਸ ਗੱਲ ਨੂੰ ਤਸਦੀਕ ਹੋਣਾ ਮੰਨ ਰਿਹਾ ਸਾਂ ਕਿ ਚਲੋ ਲਿਖਣ ਕਰ ਕੇ ਕੋਈ ਪੈਸਾ-ਧੇਲਾ ਨਾ ਵੀ ਮਿਲਿਆ ਹੋਵੇ, ਪਰ ਜੋ ਮੈਂ ਹਾਸਲ ਕਰਨ ਵਿਚ ਸਫਲ ਹੋਇਆ ਹਾਂ, ਉਹ ਪੈਸੇ ਵਾਲਿਆਂ ਨੂੰ ਵੀ ਨਸੀਬ ਨਹੀਂ ਹੁੰਦਾ। ਜਦੋਂ ਮੈਂ ਆਪਣੀ ਤਕਰੀਰ ਦੀ ਬੋਲਣ ਸ਼ੈਲੀ ਵਿਚ 'ਗੱਲੀਂ-ਬਾਤੀਂ' ਤੇ 'ਨੈਣ-ਨਕਸ਼' ਪੁਸਤਕਾਂ ਵਿਚੋਂ ਕੁਝ ਘਟਨਾਵਾਂ ਦਾ ਖੁਲਾਸਾ ਕੀਤਾ ਤਾਂ ਜਿਸ ਸ਼੍ਰੋਮਣੀ ਕਮੇਟੀ ਦੀ ਮੈਂਬਰ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਸੁਲਤਾਨਪੁਰ ਲੋਧੀ ਵਿਚਲੀਆਂ ਵਿਦਿਅਕ ਸੰਸਥਾਵਾਂ ਦੀ ਮੁਖੀ ਬੀਬੀ ਗੁਰਪ੍ਰੀਤ ਕੌਰ ਰੂਹੀ ਲਈ ਮੈਂ ਕੁਝ ਸਮਾਂ ਪਹਿਲਾਂ ਅਜਨਬੀ ਸਾਂ, ਉਨ੍ਹਾਂ ਆਪਣੇ ਅਤੇ ਆਪਣੇ ਕਾਲਜਾਂ ਲਈ ਇਨ੍ਹਾਂ ਪੁਸਤਕਾਂ ਦੀ ਪ੍ਰਾਪਤੀ ਲਈ ਕਿਹਾ। ਨਾਲ ਹੀ ਸਥਾਨਕ ਕਾਲਜ ਵਿਚ ਕੁਝ ਦਿਨਾਂ ਪਿਛੋਂ ਹੋਣ ਵਾਲੇ ਸਾਲਾਨਾ ਸਮਾਗਮ ਵਿਚ ਸ਼ਾਮਲ ਹੋਣ ਦਾ ਸੱਦਾ ਵੀ ਦਿੱਤਾ।

ਆਪਣੇ ਸੁਭਾਅ ਮੁਤਾਬਿਕ ਜਦੋਂ ਮੈਂ ਸਭ ਤੋਂ ਪਹਿਲਾਂ 'ਗੱਲੀਂ-ਬਾਤੀਂ' ਤੇ 'ਨੈਣ-ਨਕਸ਼' ਦਾ ਸੈਟ ਭੇਟ ਕੀਤਾ ਤਾਂ ਇਹ ਵੀ ਆਖਿਆ, "ਬੀਬੀ ਜੀ, ਖਿਮਾ ਚਾਹਾਂਗਾ... ਪੁਸਤਕ ਵਿਚ ਕਿਤੇ-ਕਿਤੇ ਅਕਾਲੀ ਦਲ ਤੇ ਬਾਦਲਾਂ ਸਮੇਤ ਕਾਂਗਰਸ 'ਤੇ ਵੀ ਚੋਭਾਂ ਹਨ।" ਕਮਾਲ ਇਹ ਸੀ ਆਪਣੀ ਵਿਦਵਤਾ ਕਰ ਕੇ ਸਤਿਕਾਰੇ ਜਾਂਦੇ ਬੀਬੀ ਉਪਿੰਦਰਜੀਤ ਕੌਰ ਨੇ ਮੁਸਕਰਾ ਕੇ ਇੰਨਾ ਹੀ ਕਿਹਾ, "ਇੰਦਾਂ ਤਾਂ ਹੋਣਾ ਵੀ ਚਾਹੀਦਾ ਹੈ।"

ਮੇਰੇ ਸਾਥੀ ਅਧਿਆਪਕ ਪ੍ਰੇਮ ਸਿੰਘ ਨੇ ਮੇਰੇ ਕੰਨ ਵਿਚ ਕਿਹਾ, "ਤੇਰਾ ਨੌਕਰੀ ਵਾਲਾ ਪੈਨਸ਼ਨ ਕੇਸ ਲਟਕਿਆ ਹੋਇਆ, ਸਿੱਖਿਆ ਮਹਿਕਮਾ ਬੀਬੀ ਕੋਲ ਰਿਹਾ ਹੈ, ਇਹ ਵੀ ਕਰਵਾ ਲੈ ਕੰਮ।"

ਉਹਦਾ ਭਰਮ ਲਾਂਭੇ ਕਰਦਿਆਂ ਮੈਂ ਦੱਸਿਆ, "ਪ੍ਰੇਮ ਸਿਹਾਂ, ਜੇ ਬੀਬੀ ਨੂੰ ਪਤਾ ਲੱਗ ਗਿਆ ਕਿ ਮੈਂ ਅਧਿਆਪਕ ਰਿਹਾ ਹਾਂ, ਮਿੱਤਰਾ ਜੇ ਪਜਾਮੇ ਦਾ ਕਛਹਿਰਾ ਨਾ ਬਣ ਗਿਆ ਤਾਂ ਆਖੀਂ! ਕਿਉਂਕਿ ਇਹ ਸਾਰਾ ਕੁਝ ਮੇਰੀਆਂ ਲਿਖਤਾਂ ਕਰ ਕੇ ਹੈ, 'ਮਾਹਟਰੀ' ਕਰ ਕੇ ਨਹੀਂ।"

ਖੈਰ! ਜਿੰਨੇ ਵੀ ਲੋਕਾਂ ਨੇ ਮੇਰੇ ਮਾਣ ਵਿਚ ਜਿੰਨੇ ਵੀ ਸ਼ਬਦ ਕਹੇ, ਉਹ ਮੇਰੇ ਸਤਿਕਾਰ ਦੇ ਚੇਤਿਆਂ ਵਿਚ ਵਸੇ ਰਹਿਣਗੇ। ਤੇਜਿੰਦਰ ਸਿੰਘ ਲਾਲੀ ਦੇ ਪਰਿਵਾਰ ਦੀ ਇਸ ਕਾਰਜ ਵਿਚ ਭੂਮਿਕਾ ਕਦੇ ਮਨਫੀ ਨਹੀਂ ਹੋਵੇਗੀ।

ਬੀਬੀ ਵੱਲੋਂ ਮੇਰੇ ਵੱਡੇ ਭਰਾ ਮਾਸਟਰ ਪ੍ਰੇਮ



ਪੰਜਾਬ ਦੀ ਸਾਬਕਾ ਮੰਤਰੀ ਉਪਿੰਦਰਜੀਤ ਕੌਰ ਨਾਲ ਮੁਲਾਕਾਤ ਸਮੇਂ। ਨਾਲ ਹਨ ਬੀਬੀ ਗੁਰਪ੍ਰੀਤ ਕੌਰ ਰੂਹੀ ਤੇ ਤੇਜਿੰਦਰ ਸਿੰਘ ਲਾਲੀ।

ਸਿੰਘ ਸਮੇਤ ਸਾਡਾ ਸਾਰਿਆਂ ਦਾ ਸ਼ਾਲ ਦੇ ਕੇ ਸਨਮਾਨ ਕੀਤਾ ਗਿਆ ਤੇ ਗੁਰਦੁਆਰਾ ਬੇਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਵੱਲੋਂ ਸਾਰਿਆਂ ਨੂੰ ਸਿਰੋਪਾਓ ਵੀ ਬਖਸ਼ਿਸ਼ ਕੀਤੇ ਗਏ।

ਅਗਲਾ ਪ੍ਰੋਗਰਾਮ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਦਰਸ਼ਨ ਕਰਨ ਦਾ ਸੀ ਪਰ ਉਹ ਵਿਦੇਸ਼ ਗਏ ਹੋਏ ਸਨ। ਉਂਜ, ਮਨ ਵਿਚ ਇਹ ਇੱਛਾ ਪ੍ਰਬਲ ਸੀ ਕਿ ਉਹ ਪਵਿੱਤਰ ਜਗ੍ਹਾ ਵੇਖੀ ਜਾਵੇ ਜਿਸ ਦੀ ਹਰ ਪਾਸੇ ਗੱਲ ਤੁਰਨ ਕਰ ਕੇ ਤਤਕਾਲੀਨ ਰਾਸ਼ਟਰਪਤੀ ਡਾ. ਅਬਦੁੱਲ ਕਲਾਮ ਅਤੇ ਦੇਸ਼ ਦਾ ਸਮੁੱਚਾ ਮੀਡੀਆ ਇਕ ਵਾਰ ਤਾਂ ਉਚੇਚ ਨਾਲ ਪਹੁੰਚਿਆ ਸੀ। ਗੁਰਮੇਲ ਸਿੰਘ ਚੀਨੀਆ ਯੂ.ਐਸ.ਏ., ਪ੍ਰੋ. ਅਮਰੀਕ ਸਿੰਘ ਨੱਢਾ, ਤੇਜਵੰਤ ਸਿੰਘ, ਜਥੇਦਾਰ ਗੁਰਦੀਪ ਸਿੰਘ ਭਾਗੋਰਾਈਆਂ, ਅਵਤਾਰ ਸਿੰਘ ਅਮਰੀਕਾ, ਸੰਤੋਖ ਸਿੰਘ ਪੱਢਾ, ਇੰਜੀਨੀਅਰ ਪ੍ਰਤਾਪ ਸਿੰਘ ਮੋਮੀ, ਜਸਵਿੰਦਰ ਸਿੰਘ ਇਟਲੀ, ਦਿਨੇਸ਼ ਕੁਮਾਰ ਧੀਰ, ਸੁਖਵਿੰਦਰ ਸਿੰਘ, ਸਤਪਾਲ ਮਦਾਨ, ਦਰਬਾਰਾ ਸਿੰਘ ਵਿਰਦੀ, ਸੰਤਪ੍ਰੀਤ ਸਿੰਘ, ਰਿਪਨਜੀਤ ਸਿੰਘ, ਸਰਵਣ ਸਿੰਘ, ਗੁਰਜਾਪ ਸਿੰਘ ਤੇ ਤੇਜਿੰਦਰ ਲਾਲੀ ਦੇ ਕਾਫਲੇ ਸੰਗ ਅਸੀਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਉਸ ਵੇਈਂ ਦੇ ਦਰਸ਼ਨ ਕੀਤੇ ਜਿਸ ਦੀ ਸਫਾਈ, ਹੁਣ ਅਨੋਖੀ ਦਿੱਖ ਤੇ ਸਾਂਭ-ਸੰਭਾਲ ਕਰ ਕੇ ਸੰਤ ਬਲਬੀਰ ਸਿੰਘ ਸੀਚੇਵਾਲ ਦਾ ਸਤਿਕਾਰ ਨਾਲ ਗਗਨ-ਚੁੰਬਕੀ ਕੱਦ ਬਣਿਆ ਹੈ। ਉਨ੍ਹਾਂ ਦੀ ਗੈਰ-ਹਾਜ਼ਰੀ ਵਿਚ ਸੰਤ ਸੁਖਜੀਤ ਸਿੰਘ ਨੂੰ ਮਿਲੇ ਜੋ ਪੇਸ਼ੇ ਵਜੋਂ ਇੰਜੀਨੀਅਰ ਸਨ ਤੇ ਹੁਣ ਭਗਵੇਂ ਵਿਚ ਆ ਕੇ ਸਾਰਾ ਕੁਝ ਤਿਆਗ ਦਿੱਤਾ ਹੈ। ਉਹ ਉਸ ਮਿਸ਼ਨ ਵਿਚ ਸ਼ਾਮਲ ਹਨ ਜੋ ਵਾਤਾਵਰਨ ਦੀ ਸੰਭਾਲ ਲਈ ਕੁੱਲ ਪੰਜਾਬੀਆਂ ਵਾਸਤੇ ਮਾਰਗ ਦਰਸ਼ਨ ਬਣ ਗਿਆ ਹੈ।

ਅਸਲ ਵਿਚ ਇਤਿਹਾਸਕ ਬੇਈਂ ਕਿਨਾਰੇ ਕੁਟੀਆ ਵਰਗੀ ਥਾਂ ਅਤੇ ਸ਼ਾਂਤ ਮਾਹੌਲ ਵੇਖਿਆ ਜਾਂ ਅਨੁਭਵ ਹੀ ਕੀਤਾ ਜਾ ਸਕਦਾ ਹੈ। ਵੇਈਂ ਕਿਨਾਰੇ ਬਣੀ ਇਮਾਰਤ ਦੀ ਪਹਿਲੀ ਮੰਜ਼ਿਲ 'ਤੇ ਪ੍ਰਦਰਸ਼ਿਤ ਤਸਵੀਰਾਂ ਦਾ ਅਜਿਹਾ ਸਲੀਕਾ ਹੈ ਜੋ ਹਰ ਇਨਸਾਨ ਨੂੰ ਸ਼ਰਧਾ ਦੇ ਨਾਲ-ਨਾਲ ਜ਼ਿੰਦਗੀ ਵਿਚ ਕੁਝ ਕਰਨ ਲਈ ਪ੍ਰੇਰਦਾ ਹੈ। ਇਨ੍ਹਾਂ ਤਸਵੀਰਾਂ ਵਿਚ ਸੰਤ ਸੀਚੇਵਾਲ ਵੱਲੋਂ ਕੀਤੀ ਕਾਰ ਸੇਵਾ ਤੋਂ ਪਹਿਲਾਂ ਵਾਲਾ ਘਾਹ-ਫੂਸ, ਨੜੇ ਤੇ ਸਰਵਾੜ ਦਾ ਉਜਾੜ ਵਰਗਾ ਖਿਲਾਰਾ ਦਿਸਦਾ ਹੈ, ਹਿੰਦੁਸਤਾਨ ਦੇ ਰਾਸ਼ਟਰਪਤੀ ਸਮੇਤ ਇਸ ਸਥਾਨ ਨੂੰ ਵੇਖਣ ਪੁੱਜੀਆਂ ਹਸਤੀਆਂ ਦੀਆਂ ਤਸਵੀਰਾਂ ਵੀ ਹਨ ਅਤੇ ਕੌਮਾਂਤਰੀ ਪ੍ਰਿੰਟ ਮੀਡੀਆ ਵੱਲੋਂ ਕੀਤੀ ਕਵਰੇਜ ਵੀ ਇਨ੍ਹਾਂ ਵਿਚ ਸ਼ਾਮਲ ਹੈ। ਹਜ਼ਾਰਾਂ ਦੀ ਗਿਣਤੀ ਵਿਚ ਸਜੀ ਇਕੱਲੀ-ਇਕੱਲੀ ਤਸਵੀਰ ਧਿਆਨ ਮੰਗਦੀ ਹੈ। ਹੇਠਾਂ ਉਤਰ ਕੇ ਟਿੰਡਾਂ ਵਾਲੇ ਖੂਹ ਦਾ ਇਤਿਹਾਸ ਅਤੇ ਵਿਰਾਸਤ ਸੰਭਾਲੀ ਗਈ ਹੈ।

ਸਭ ਤੋਂ ਵੱਡੀ ਗੱਲ ਇਹ ਹੈ ਕਿ ਇਸ ਥਾਂ ਤੋਂ ਪ੍ਰਸ਼ਾਦ ਵੀ ਫਲਦਾਰ ਤੇ ਛਾਂਦਾਰ ਬੂਟਿਆਂ ਦਾ ਦਿੱਤਾ ਜਾਂਦਾ ਹੈ। ਵਾਤਾਵਰਨ ਦੀ ਸੰਭਾਲ ਵਿਚ ਲੱਗੇ ਲੋਕ, ਸੰਸਥਾਵਾਂ ਜਾਂ ਪਿੰਡ ਜਿੰਨਾ ਪ੍ਰਸ਼ਾਦ ਲੈਣਾ ਚਾਹੁਣ, ਲੈ ਸਕਦੇ ਹਨ; ਕਿਉਂਕਿ ਉਥੇ ਬਹੁਤ ਵੱਡੀ ਨਰਸਰੀ ਦੀ ਵਿਵਸਥਾ ਕੀਤੀ ਗਈ ਹੈ। ਉਹ ਮੰਚ ਜਿਸ ਤੋਂ ਰਾਸ਼ਟਰਪਤੀ ਨੇ ਸੰਬੋਧਨ ਕਰਨਾ ਸੀ, ਤੇ ਉਚੇਚੇ ਤੌਰ 'ਤੇ ਤਿਆਰ ਕੀਤਾ ਗਿਆ ਸੀ, ਵੀ ਹੁਣ ਯਾਦਗਾਰ ਬਣ ਗਿਆ ਹੈ। ਜਾਮਣਾਂ ਦੇ ਦਰਖਤ ਬੇਈਂ ਕਿਨਾਰੇ ਹੀ ਵੱਡੀ ਗਿਣਤੀ ਵਿਚ ਨਹੀਂ ਲਗਾਏ, ਸਗੋਂ ਪੂਰੇ ਸ਼ਹਿਰ ਵਿਚ ਇੰਨੀ ਗਿਣਤੀ ਹੈ ਕਿ ਕੁਝ ਵਰ੍ਹੇ ਪਹਿਲਾਂ ਉਥੋਂ ਦੇ ਲੋਕ ਜਾਮਣਾਂ ਖਰੀਦ ਕੇ ਖਾਂਦੇ ਸਨ, ਹੁਣ ਜਾਂ ਤਾਂ ਆਪਣੇ ਸਾਕੇ-ਸਬੰਧੀਆਂ ਨੂੰ ਭੇਜਦੇ ਹਨ ਜਾਂ ਉਹ ਉਥੇ ਪੁੱਜਦੇ ਹਨ।

ਸੰਤ ਸੁਖਜੀਤ ਸਿੰਘ ਨੇ ਇਸ ਸਥਾਨ 'ਤੇ ਸੰਗਤਾਂ ਦੇ ਸਹਿਯੋਗ ਨਾਲ ਕੀਤੇ ਕਾਰਜਾਂ ਦਾ ਦਸਤਾਵੇਜ਼ੀ ਸਾਹਿਤ ਵੀ ਸਾਨੂੰ ਭੇਟ ਕੀਤਾ। ਮੇਰੀ ਇਸ ਲਿਖਤ ਦਾ ਮੁੱਲ ਜ਼ਰੂਰ ਪੈ ਸਕੇਗਾ, ਜੇ ਕੋਈ ਸੁਲਤਾਨਪੁਰ ਲੋਧੀ ਨਹੀਂ ਗਿਆ, ਤੇ ਹੁਣ ਪੜ੍ਹ ਕੇ ਜਾ ਆਵੇ; ਕਿਉਂਕਿ ਕੁਝ ਕਾਰਜਾਂ ਤੇ ਸਥਾਨਾਂ ਦੀ ਵਿਆਖਿਆ ਕੀਤੀ ਨਹੀਂ ਜਾ ਸਕਦੀ।

ਮਾਣ ਨਾਲ ਹੀ ਇਹ ਸਤਰ ਵੀ ਲਿਖ ਰਿਹਾ ਹਾਂ ਕਿ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਗੁਰਪ੍ਰੀਤ ਕੌਰ ਰੂਹੀ ਦੇ ਯਤਨਾਂ ਨਾਲ ਕਾਲਜ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਉਪ ਕੁਲਪਤੀ ਦੇ ਹੱਥੋਂ ਕੁਝ ਦਿਨਾਂ ਦੇ ਵਕਫੇ ਪਿੱਛੋਂ ਇਕ ਵਾਰ ਫਿਰ ਇਸ ਨਗਰ ਨੇ ਸਤਿਕਾਰ ਨਾਲ ਝੋਲੀ ਨਹੀਂ, ਰੂਹ ਭਰ ਦਿੱਤੀ ਸੀ।

## ਬਾਪੂ ਰੌਲਾ ਪਾਈ ਜਾਂਦਾ

ਕਾਵਿ-ਕਿਆਰੀ

ਬਾਪੂ ਰੌਲਾ ਪਾਈ ਜਾਂਦਾ,
ਸਾਡੀ ਜਿੰਦ ਤੜਪਾਈ ਜਾਂਦਾ।

ਇਸ ਘਰ ਜਦ ਮੈਂ ਪਾਇਆ ਪੈਰ
ਜੋਬਨ ਮੇਰਾ ਸਿਖਰ ਦੁਪਹਿਰ।
ਤੂੰ ਬਾਪ ਜੀ ਦੀ ਸੇਵਾ ਕਰਨੀ,
ਹਰ ਕੋਈ ਗਲ ਦੁਹਰਾਈ ਜਾਂਦਾ।
ਪਰ! ਬਾਪੂ ਰੌਲਾ ਪਾਈ ਜਾਂਦਾ।
ਸਾਡੀ ਜਿੰਦ ਤੜਪਾਈ ਜਾਂਦਾ।

ਰੱਜ ਕੇ ਖਾਂਦਾ ਪੀਂਦਾ ਹੈ।
ਤਾਂਹੀਓਂ ਫਿਰ ਜੀਊਂਦਾ ਹੈ।
ਚੰਗਾ ਚੋਖਾ ਭੋਜਨ ਖਾ ਕੇ
ਆਪਣਾ ਢਿੱਡ ਵਧਾਈ ਜਾਂਦਾ...

ਦੇਸੀ ਘਿਉ ਦਾ ਤੜਕਾ ਮੰਗੇ।
ਨਾ ਦਈਏ ਤਾਂ ਸੂਲੀ ਟੰਗੇ।
ਡਾਕਟਰ ਦੀ ਵੀ ਗਲ ਨਾ ਮੰਨੇ,
ਆਪਣਾ ਰੋਹਬ ਜਮਾਈ ਜਾਂਦਾ...

ਸ਼ੂਗਰ ਉਹਦੀ ਵਧਦੀ ਜਾਏ।
ਪੇਠਾ ਬਰਫੀ ਖਾਈ ਜਾਏ।
ਨਾ ਮੰਨੇ ਤਾਂ ਖਾਣ ਨੂੰ ਪੈਂਦਾ,
ਡੇਲੇ ਕੱਢ ਵਿਖਾਈ ਜਾਂਦਾ...

ਸੁਣਦਾ ਉਚਾ, ਬੋਲਾ ਬਾਪੂ,
ਗੁੱਸੇ ਭਰਿਆ ਰਾਗ ਅਲਾਪੂ।
ਬੀ.ਪੀ. ਉਹਦਾ ਵਧਿਆ ਰਹਿੰਦਾ,
ਸਭ ਨੂੰ ਪੜ੍ਹਨੇ ਪਾਈ ਜਾਂਦਾ...

ਤਾਜਾ ਫਲ-ਫਰੂਟ ਮੰਗਾਏ।
ਨਾ ਮਿਲਿਆ ਤਾਂ ਪੜ੍ਹਨੇ ਪਾਏ।
ਚਿੱਕਨ ਤੰਦੂਰੀ, ਬੜਾ ਜ਼ਰੂਰੀ,
ਕਹਿ ਕੇ ਉਹ ਮੰਗਵਾਈ ਜਾਂਦਾ...

ਘਰ ਪ੍ਰਾਹੁਣਾ ਜਦ ਕੋਈ ਆਏ।
ਵਧੀਆ ਡਰਾਈ ਫਰੂਟ ਮੰਗਾਏ।
ਰੈਡੀਮੇਡ ਪਨੀਰ ਪਕੌੜਾ,
ਖਾ ਕੇ ਗੈਸ ਵਧਾਈ ਜਾਂਦਾ...

ਦਿਨ ਢਲੇ ਤਾਂ ਮੰਗੇ ਦਾਰੂ।
ਅਧੀਆ ਪੀ ਕੇ ਬੁੱਤਾ ਸਾਰੂ।
ਵਾਂਗ ਸ਼ੁਦਾਈਆਂ ਗੱਲਾਂ ਕਰਕੇ,
ਆਂਢ-ਗੁਆਂਢ ਜਗਾਈ ਜਾਂਦਾ...

ਬਾਪੂ ਜੀ ਦੀ ਹੋ ਗਈ ਹੱਦ।
ਇਕ ਦਿਨ ਦਾਰੂ ਪੀ ਲਈ ਵੱਧ।
ਮੀਟ ਦਾ ਪੂਰਾ ਡੂੰਘਾ ਖਾ ਕੇ,
ਚਾਂਦੀ ਨਿਰੀ ਵਿਛਾਈ ਜਾਂਦਾ...

ਬਾਪੂ ਸੁਤਾ, ਤੇ ਸਾਰੇ ਸੌਂ ਗਏ।
ਪਤਾ ਨਹੀਂ ਕਦ ਡੇਲੇ ਭੌਂ ਗਏ।
ਬਾਪੂ ਗੂੜ੍ਹੀ ਨੀਂਦਰ ਸੌਂ ਕੇ,
ਸਭ ਨੂੰ ਅਰਾਮ ਕਰਾਈ ਜਾਂਦਾ...

ਹੋਈ ਦੁਪਹਿਰ ਨਾ ਬਾਪੂ ਹਿੱਲੇ।
ਨਾ ਉਹ ਖੰਘੇ ਨਾ ਉਹ ਕਿੱਲ੍ਹੇ।
ਮੈਂ ਕਿਹਾ ਬਾਪੂ! ਪੀ ਲਉ ਚਾਹ,
ਪਰ! ਬਾਪੂ, ਕੋਈ ਲਏ ਨਾ ਸਾਹ।
ਮੈਂ ਅੱਖਾਂ ਨੂੰ, ਥੁੱਕ ਲਾ ਕੇ ਰੋਈ,
ਉਹ ਝੂਠੇ ਵੈਣ ਪੁਆਈ ਜਾਂਦਾ।

ਸਭ 'ਕਠੇ ਹੋ ਗਏ ਭੈਣ ਭਰਾ,
ਚੁੱਕੀ ਅਰਥੀ ਪੈ ਗਏ ਰਾਹ।
ਜਦ ਚਿਖਾ ਨੂੰ ਲਗਾ ਲਾਂਬੂ,
ਮੈਨੂੰ ਆਇਆ ਸੁੱਖ ਦਾ ਸਾਹ।
ਮੈਂ ਸੋਚਾਂ, ਮੁੜ ਨਾ ਆ ਜਾਏ
ਬਾਪੂ 'ਸੂਹਲ' ਡਰਾਈ ਜਾਂਦਾ।
ਪਰ! ਸੁਪਨੇ ਵਿਚ ਆਈ ਜਾਂਦਾ।
ਫਿਰ ਵੀ ਜਿੰਦ ਤੜਪਾਈ ਜਾਂਦਾ।
ਬਾਪੂ ਰੌਲਾ ਪਾਈ ਜਾਂਦਾ।

-ਮਲਕੀਅਤ ਸੁਹਲ
ਫੋਨ: 91-98728-48610

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਬੰਦਾ ਨੰਗ

ਚਰਖਾ ਧਾਹਾਂ ਮਾਰਦਾ 'ਤੀਆਂ' ਕਰਾਵਣ ਚੁੱਪ,
ਤ੍ਰਿੰਜਣਾਂ ਦੇ ਵਿਚ ਛਾ ਗਿਆ ਵੇਖ ਹਨੇਰਾ ਘੁੱਪ।
ਚੁੰਨੀ ਸਿਰ ਤੋਂ ਲੱਥ'ਗੀ ਮੀਢੀਆਂ ਪਾਉਂਦੀਆਂ ਵੈਣ,
ਕੀ ਬਚਣਗੇ ਘੱਗਰੇ, ਜੇ ਪੈਂਟਾਂ ਜੀਨਾਂ ਪੈਣ।
ਮਾਰੀ ਹਾਰ-ਸ਼ਿੰਗਾਰ ਨੇ ਅੱਜ ਕੱਲ੍ਹ ਪੂਰੀ ਮੱਤ,
ਬਾਪੂ-ਬੇਬੇ ਝੂਰਦੇ ਵੇਖ ਫੈਸ਼ਨ ਦੀ ਅੱਤ।
ਵਿਆਹੀ ਤੇ ਕੁਆਰੀ ਦਾ ਫਰਕ ਰਿਹਾ ਨਾ ਅੱਜ,
ਕਿੱਲੀ ਉਤੇ ਟੰਗ'ਤੀ ਲਾਹ ਕੇ ਸਾਰੀ ਲੱਜ।
ਕੀਤੇ ਬੜੇ ਗੁਨਾਹ ਨੇ ਕੌਣ ਬਖਸ਼ ਦਊ ਭੁੱਲ,
ਦੀਵਾ ਦੱਸੋ ਕੀ ਕਰੂ ਜੇ ਬੱਤੀ ਹੋ ਗਈ ਗੁੱਲ।
ਮਾਂ ਹੁਣ ਬੈਠੀ ਝੂਰਦੀ ਪੁੱਤ ਦਾ ਨਹੀਂ ਵਸਾਹ,
ਕਦੋਂ ਪੁਆ ਕੇ ਆ ਜਾਏ ਸਾਈਂ ਸਿਰ ਸੁਆਹ।
ਅੱਗਾ 'ਭੌਰੇ' ਸਾਂਭ ਲੈ ਕਿਉਂ ਅੜਾਉਨੈਂ ਟੰਗ,
ਤਨ 'ਤੇ ਲੀੜੇ ਕੀਮਤੀ ਅੰਦਰੋਂ ਬੰਦਾ ਨੰਗ।

ਗੁਰਮਤਿ ਵਿਚਾਰ

# ਤੂ ਕਰਤਾ ਆਪਿ ਅਭੁਲੁ ਹੈ ਭੁਲਣ ਵਿਚਿ ਨਾਹੀ



ਡਾ. ਗੁਰਨਾਮ ਕੌਰ, ਕੈਨੇਡਾ

ਤੂ ਕਰਤਾ ਆਪਿ ਅਭੁਲੁ ਹੈ
ਭੁਲਣ ਵਿਚਿ ਨਾਹੀ॥
ਤੂ ਕਰਹਿ ਸੁ ਸਚੇ ਭਲਾ ਹੈ
ਗੁਰ ਸਬਦਿ ਬੁਝਾਹੀ॥
ਤੂ ਕਰਣ ਕਾਰਣ ਸਮਰਥੁ ਹੈ
ਦੂਜਾ ਕੋ ਨਾਹੀ॥
ਤੂ ਸਾਹਿਬੁ ਅਗਮੁ ਦਇਆਲੁ ਹੈ
ਸਭਿ ਤੁਧੁ ਧਿਆਹੀ॥
ਸਭਿ ਜੀਅ ਤੇਰੇ ਤੂ ਸਭਸ ਦਾ
ਤੂ ਸਭ ਛਡਾਹੀ॥੪॥ (ਪੰਨਾ ੩੦੧-੩੦੨)

ਚੌਥੀ ਪਉੜੀ ਵਿਚ ਗੁਰੂ ਰਾਮਦਾਸ ਜੀ ਨੇ ਕਰਤਾ ਪੁਰਖ ਦੀ ਉਸਤਤਿ ਕਰਦਿਆਂ ਉਸ ਦੇ ਕਰਤਾਰੀ ਗੁਣਾਂ ਨੂੰ ਬਿਆਨ ਕੀਤਾ ਹੈ। ਇਸ ਵਿਚ ਅਕਾਲ ਪੁਰਖ ਅੱਗੇ ਇੱਕ ਤਰ੍ਹਾਂ ਨਾਲ ਅਰਦਾਸ ਕਰਦਿਆਂ ਕਿਹਾ ਹੈ ਕਿ ਉਹ ਕਰਤਾਰ ਜੋ ਸ੍ਰਿਸ਼ਟੀ ਦੇ ਰਚਣ ਵਾਲਾ ਹੈ, ਅਭੁੱਲ ਹੈ ਅਤੇ ਭੁੱਲਣ ਵਿਚ ਨਹੀਂ ਆਉਂਦਾ। ਉਸ ਸਦਾ ਕਾਇਮ ਰਹਿਣ ਵਾਲੇ ਪਰਮ ਸਰੂਪ ਨੂੰ ਕਿਹਾ ਹੈ ਕਿ ਉਹ ਜੋ ਕੁਝ ਵੀ ਕਰਦਾ ਹੈ, ਚੰਗਾ ਹੀ ਕਰਦਾ ਹੈ ਅਤੇ ਇਹ ਗੱਲ ਮਨੁੱਖ ਨੂੰ ਉਹ ਸਤਿਗੁਰੂ ਦੇ ਸ਼ਬਦ ਰਾਹੀਂ ਸਮਝਾਉਂਦਾ ਹੈ। ਅਰਥਾਤ ਸਿਰਜਣਹਾਰ ਜੋ ਵੀ ਕਰਦਾ ਹੈ, ਸਹੀ ਕਰਦਾ ਹੈ ਇਸ ਗੱਲ ਦੀ ਸਮਝ ਮਨੁੱਖ ਨੂੰ ਸਤਿਗੁਰੂ ਦੇ ਸ਼ਬਦ ਰਾਹੀਂ ਆਉਂਦੀ ਹੈ। ਇਸ ਸ੍ਰਿਸ਼ਟੀ ਦਾ, ਬ੍ਰਹਿਮੰਡ ਦਾ ਕਾਰਨ ਜਾਂ ਮੂਲ ਉਹ ਅਕਾਲ ਪੁਰਖ ਆਪ ਹੈ ਅਤੇ ਹੋਰ ਕੋਈ ਵੀ ਉਸ ਦੇ ਬਰਾਬਰ ਜਾਂ ਉਸ ਦਾ ਸ਼ਰੀਕ ਨਹੀਂ ਹੈ, ਉਹ ਸਰਬ-ਕਲਾ ਸਮਰੱਥ ਹੈ ਅਰਥਾਤ ਸਭ ਕੁਝ ਕਰਨ ਦੇ ਸਮਰੱਥ ਹੈ। ਉਹ ਕਰਤਾ ਪੁਰਖ ਮਿਹਰਬਾਨ ਸਭ ਦਾ ਮਾਲਕ ਹੈ ਜੋ ਜੀਵਾਂ ਤੇ ਦਇਆ ਕਰਦਾ ਹੈ, ਪਰ ਉਹ ਅਗਮ ਹੈ ਅਰਥਾਤ ਉਸ ਤੱਕ ਪਹੁੰਚ ਹੋ ਸਕਣੀ ਮੁਸ਼ਕਿਲ ਹੈ, ਉਸ ਤੱਕ ਪਹੁੰਚਿਆ ਨਹੀਂ ਜਾ ਸਕਦਾ। ਸਾਰੇ ਜੀਵ ਉਸ ਦਾ ਸਿਮਰਨ ਕਰਦੇ ਹਨ। ਸਾਰੀ ਸ੍ਰਿਸ਼ਟੀ ਉਸੇ ਦੀ ਰਚੀ ਹੋਈ ਹੈ, ਇਸ ਲਈ ਸਾਰੇ ਜੀਵ ਉਸ ਦੇ ਹਨ ਅਤੇ ਉਹ ਸਾਰਿਆਂ ਦਾ ਪ੍ਰਤਿਪਾਲਕ ਹੈ। ਉਹ ਸਾਰੇ ਜੀਵਾਂ ਦੇ ਕਸ਼ਟਾਂ ਨੂੰ ਆਪ ਦੂਰ ਕਰਦਾ ਹੈ ਅਤੇ ਦੁੱਖਾਂ ਤੋਂ ਨਵਿਰਤੀ ਦੁਆਉਂਦਾ ਹੈ।

ਅਗਲੇ ਸਲੋਕ ਵਿਚ ਗੁਰੂ ਰਾਮਦਾਸ ਨੇ ਗੁਰੂ ਦੀ ਵਡਿਆਈ ਦੱਸੀ ਹੈ ਜੋ ਮਨੁੱਖ ਨੂੰ ਆਪਣੇ ਪਿਆਰੇ ਪ੍ਰੀਤਮ ਅਕਾਲ ਪੁਰਖ ਨਾਲ ਮਿਲਾ ਦਿੰਦਾ ਹੈ, ਉਸ ਨੂੰ ਮਿਲਣ ਦਾ ਰਸਤਾ ਦੱਸਦਾ ਹੈ। ਗੁਰੂ ਰਾਮਦਾਸ ਦੱਸਦੇ ਹਨ ਕਿ ਜਿਨ੍ਹਾਂ ਜੀਵਾਂ ਦੀਆਂ ਅੱਖਾਂ ਵਿਚ ਉਸ ਆਪਣੇ ਮਿੱਤਰ ਪਿਆਰੇ ਅਕਾਲ ਪੁਰਖ ਦਾ ਪਿਆਰ ਭਰਿਆ ਸੰਦੇਸ਼ ਸੁਣ ਕੇ ਮਿਲਣ ਦੀ ਤਾਂਘ ਪੈਦਾ ਹੋ ਜਾਂਦੀ ਹੈ, ਗੁਰੂ ਨੇ ਉਨ੍ਹਾਂ ਦੇ ਪ੍ਰੇਮ ਤੋਂ ਖੁਸ਼ ਹੋ ਕੇ ਉਨ੍ਹਾਂ ਨੂੰ ਆਪਣੇ ਸੱਜਣ ਨਾਲ ਮਿਲਾ ਦਿੱਤਾ ਹੈ, ਉਨ੍ਹਾਂ ਦਾ ਪਰਮਾਤਮਾ ਨਾਲ ਮੇਲ ਕਰਾ ਦਿੱਤਾ ਹੈ ਅਤੇ ਉਹ ਸੁਖ ਵਿਚ ਲੀਨ ਰਹਿੰਦੇ ਹਨ ਭਾਵ ਉਨ੍ਹਾਂ ਵਿਚ ਸਹਿਜ ਆ ਗਿਆ ਹੈ,

ਸੁਣਿ ਸਾਜਨ ਪ੍ਰੇਮ ਸੰਦੇਸਰਾ
ਅਖੀ ਤਾਰ ਲਗੰਨਿ॥
ਗੁਰਿ ਤੁਠੈ ਸਜਣੁ ਮੇਲਿਆ
ਜਨ ਨਾਨਕ ਸੁਖਿ ਸਵੰਨਿ॥੧॥
(ਪੰਨਾ ੩੦੨)

ਅਗਲੇ ਸਲੋਕ ਵਿਚ ਵੀ ਗੁਰੂ ਰਾਮਦਾਸ ਜੀ ਨੇ ਇਹ ਬਿਆਨ ਕੀਤਾ ਹੈ ਕਿ ਸਤਿਗੁਰੂ ਜੋ ਕਿ ਮਨੁੱਖ ਨੂੰ ਪਰਮਾਤਮਾ ਦੇ ਘਰ ਦਾ ਰਾਹ ਦੱਸਣ ਵਾਲਾ ਹੈ, ਉਸ ਵਿਚ ਕੀ ਕੀ ਗੁਣ ਹੁੰਦੇ ਹਨ। ਉਸ ਦੇ ਗੁਣਾਂ ਦਾ ਬਿਆਨ ਕਰਦਿਆਂ ਗੁਰੂ ਸਾਹਿਬ ਨੇ ਫੁਰਮਾਇਆ ਹੈ ਕਿ ਸਤਿਗੁਰੂ ਦਇਆ ਦਾ ਭੰਡਾਰ ਹੈ ਅਤੇ ਦਾਤਾਂ ਬਖਸ਼ਣ ਵਾਲਾ ਹੈ। ਸਤਿਗੁਰੂ ਨੂੰ ਹਰ ਇੱਕ ਵਿਚ ਅਕਾਲ ਪੁਰਖ ਦੀ ਵਿਆਪਕਤਾ ਨਜ਼ਰ ਆਉਂਦੀ ਹੈ ਅਰਥਾਤ ਉਹ ਸਭ ਵਿਚ ਪਰਮ ਸੱਤਾ ਨੂੰ ਵੱਸ ਰਿਹਾ ਦੇਖਦਾ ਹੈ ਇਸ ਲਈ ਉਸ ਦੇ ਮਨ ਵਿਚ ਕਿਸੇ ਲਈ ਵੈਰ ਨਹੀਂ ਹੁੰਦਾ। ਪਰ ਕਈ ਬੇਸਮਝ ਮਨੁੱਖ ਗੁਰੂ ਨਾਲ ਜੋ ਕਿ ਕਿਸੇ ਨਾਲ ਵੀ ਵੈਰ ਨਹੀਂ ਰੱਖਦਾ, ਵੈਰ ਕਰਦੇ ਹਨ ਅਤੇ ਅਜਿਹੇ ਮਨੁੱਖਾਂ ਦੇ ਮਨ ਵਿਚ ਕਦੇ ਵੀ ਸ਼ਾਂਤੀ ਨਹੀਂ ਟਿਕਦੀ (ਕਿਸੇ ਦਾ ਬੁਰਾ ਤੱਕਣ ਵਾਲੇ ਮਨੁੱਖ ਦੇ ਮਨ ਨੂੰ ਸਦੀਵੀ ਭਟਕਣਾ ਲੱਗੀ ਰਹਿੰਦੀ ਹੈ)। ਭਾਵ ਜਿਹੜੇ ਮਨੁੱਖ ਨਿਰਵੈਰ ਨਾਲ ਵੀ ਵੈਰ ਕਰਨ ਉਹ ਸ਼ਾਂਤ-ਚਿੱਤ ਨਹੀਂ ਰਹਿ ਸਕਦੇ। ਗੁਰੂ ਹਰ ਇੱਕ ਦਾ ਭਲਾ ਕਰਨਾ ਚਾਹੁੰਦਾ ਹੈ ਅਤੇ ਫਿਰ ਉਸ ਦਾ ਬੁਰਾ ਕਿਵੇਂ ਹੋ ਸਕਦਾ ਹੈ ਅਰਥਾਤ 'ਸਰਬੱਤ ਦਾ ਭਲਾ' ਚਾਹੁਣ ਵਾਲੇ ਦਾ ਬੁਰਾ ਹੋ ਹੀ ਨਹੀਂ ਸਕਦਾ। ਗੁਰੂ ਕੋਲ ਜਿਸ ਕਿਸਮ ਦੇ ਮਨੋਭਾਵ ਲੈ ਕੇ ਮਨੁੱਖ ਜਾਂਦਾ ਹੈ ਉਸ ਨੂੰ ਉਸ ਕਿਸਮ ਦਾ ਹੀ ਫਲ ਮਿਲ ਜਾਂਦਾ ਹੈ। ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਕਰਤਾ ਪੁਰਖ ਜਿਸ ਨੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ, ਉਸ ਕੋਲੋਂ ਕੋਈ ਵੀ ਗੱਲ ਛੁਪਾਈ ਨਹੀਂ ਜਾ ਸਕਦੀ, ਉਹ ਸਭ ਕੁਝ ਜਾਣਦਾ ਹੈ,

ਸਤਿਗੁਰੁ ਦਾਤਾ ਦਇਆਲੁ ਹੈ
ਜਿਸ ਨੋ ਦਇਆ ਸਦਾ ਹੋਇ॥
ਸਤਿਗੁਰੁ ਅੰਦਰਹੁ ਨਿਰਵੈਰੁ ਹੈ
ਸਭੁ ਦੇਖੈ ਬ੍ਰਹਮੁ ਇਕੁ ਸੋਇ॥
ਨਿਰਵੈਰਾ ਨਾਲਿ ਜਿ ਵੈਰੁ ਚਲਾਇਦੇ
ਤਿਨ ਵਿਚਹੁ ਤਿਸਟਿਆ ਨ ਕੋਇ॥
ਸਤਿਗੁਰੁ ਸਭਨਾ ਦਾ ਭਲਾ ਮਨਾਇਦਾ
ਤਿਸ ਦਾ ਬੁਰਾ ਕਿਉ ਹੋਇ॥
ਸਤਿਗੁਰ ਨੋ ਜੇਹਾ ਕੋ ਇਛਦਾ
ਤੇਹਾ ਫਲੁ ਪਾਏ ਕੋਇ॥
ਨਾਨਕ ਕਰਤਾ ਸਭੁ ਕਿਛੁ ਜਾਣਦਾ
ਜਿਦੂ ਕਿਛੁ ਗੁਝਾ ਨ ਹੋਇ॥੨॥
(ਪੰਨਾ ੩੦੨)

ਅੱਗੇ ਪਉੜੀ ਵਿਚ ਫੁਰਮਾਇਆ ਗਿਆ ਹੈ ਕਿ ਮਨੁੱਖ ਆਪਣੇ ਆਪ ਵਿਚ ਵੱਡਾ ਨਹੀਂ ਹੁੰਦਾ, ਵੱਡਾ ਉਦੋਂ ਹੁੰਦਾ ਹੈ ਜਦੋਂ ਅਕਾਲ ਪੁਰਖ ਕਿਸੇ ਨੂੰ ਵਡਿਆਈ ਬਖਸ਼ਿਸ਼ ਕਰਦਾ ਹੈ। ਇਸ ਕਰਕੇ ਜਿਸ ਨੂੰ ਸਿਰਜਣਹਾਰ ਵੱਡਾ ਕਰੇ ਉਸੇ ਨੂੰ ਹੀ ਵੱਡਾ ਕਰਕੇ ਜਾਣਨਾ ਚਾਹੀਦਾ ਹੈ। ਜੋ ਮਨੁੱਖ ਅਕਾਲ ਪੁਰਖ ਨੂੰ ਪਿਆਰਾ ਲੱਗਦਾ ਹੈ, ਉਸ ਨੂੰ ਉਹ ਬਖਸ਼ ਲੈਂਦਾ ਹੈ ਅਤੇ ਉਹ ਅਕਾਲ ਪੁਰਖ ਦੇ ਮਨ ਨੂੰ ਭਾਅ ਜਾਂਦਾ ਹੈ, ਉਸ ਨੂੰ ਪਿਆਰਾ ਲੱਗਦਾ ਹੈ। ਪਰ ਕੋਈ ਦੂਸਰਾ ਮਨੁੱਖ ਜੋ ਅਜਿਹੇ ਰੱਬ ਦੇ ਪਿਆਰੇ ਦੀ ਰੀਸ ਕਰਨ ਦੀ ਕੋਸ਼ਿਸ਼ ਕਰੇ ਤਾਂ ਉਹ ਮੂਰਖ ਅਤੇ ਅਣਜਾਣ ਹੈ ਕਿਉਂਕਿ ਰੀਸ ਕੀਤਿਆਂ ਕੋਈ ਪ੍ਰਾਪਤੀ ਨਹੀਂ ਹੁੰਦੀ। ਕਿਸੇ ਵੀ ਪ੍ਰਾਪਤੀ ਲਈ ਮਨੁੱਖ ਨੂੰ ਉਦਮ ਕਰਨਾ ਪੈਂਦਾ ਹੈ। ਜਿਸ 'ਤੇ ਗੁਰੂ ਦੀ ਕਿਰਪਾ ਹੁੰਦੀ ਹੈ, ਗੁਰੂ ਉਸ ਮਨੁੱਖ ਨੂੰ ਪਰਮਾਤਮਾ ਨਾਲ ਮਿਲਾ ਦਿੰਦਾ ਹੈ ਅਤੇ ਅਜਿਹਾ ਮਨੁੱਖ ਪਰਮਾਤਮਾ ਦੀ ਸਿਫ਼ਤਿ-ਸਾਲਾਹ ਕਰਦਾ ਹੈ, ਉਸ ਦੇ ਗੁਣਾਂ ਦਾ ਗਾਇਨ ਕਰਦਾ ਹੈ ਅਤੇ ਦੂਸਰਿਆਂ ਨੂੰ ਪ੍ਰਭੂ ਦੇ ਗੁਣ ਦੱਸਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਅਕਾਲ ਪੁਰਖ ਸਦਾ ਕਾਇਮ ਰਹਿਣ ਵਾਲੀ ਹਸਤੀ ਹੈ, ਇਸ ਗੱਲ ਨੂੰ ਸਮਝ ਕੇ ਅਜਿਹਾ ਮਨੁੱਖ ਉਸ ਸੱਚੇ ਅਰਥਾਤ ਸਦਾ ਕਾਇਮ ਰਹਿਣ ਵਾਲੇ ਅਕਾਲ ਪੁਰਖ ਵਿਚ ਲੀਨ ਹੋ ਜਾਂਦਾ ਹੈ,

ਜਿਸ ਨੋ ਸਾਹਿਬੁ ਵਡਾ ਕਰੇ
ਸੋਈ ਵਡ ਜਾਣੀ॥
ਜਿਸੁ ਸਾਹਿਬ ਭਾਵੈ ਤਿਸੁ ਬਖਸਿ ਲਏ
ਸੋ ਸਾਹਿਬ ਮਨਿ ਭਾਣੀ॥
ਜੇ ਕੋ ਓਸ ਦੀ ਰੀਸ ਕਰੇ ਸੋ ਮੂੜ ਅਜਾਣੀ॥
ਜਿਸ ਨੋ ਸਤਿਗੁਰੁ ਮੇਲੇ ਸੁ ਗੁਣ ਰਵੈ
ਗੁਣ ਆਖਿ ਵਖਾਣੀ॥
ਨਾਨਕ ਸਚਾ ਸਚੁ ਹੈ
ਬੁਝਿ ਸਚਿ ਸਮਾਣੀ॥੫॥ (ਪੰਨਾ ੩੦੨)

ਅਗਲੇ ਸਲੋਕ ਵਿਚ ਚੌਥੀ ਨਾਨਕ ਜੋਤਿ ਨੇ ਅਕਾਲ ਪੁਰਖ ਦੇ ਗੁਣਾਂ ਦਾ ਬਿਆਨ ਕਰਦਿਆਂ ਦੱਸਿਆ ਹੈ ਕਿ ਉਸ ਅਕਾਲ ਪੁਰਖ ਦੀ ਹੋਂਦ ਹੈ, ਉਹ ਸੱਚ ਹੈ, ਉਹ ਨਿਰੰਜਨ ਅਰਥਾਤ ਮਾਇਆ ਤੋਂ ਨਿਰਲੇਪ ਹੈ, ਉਹ ਕਾਲ-ਰਹਿਤ ਹੈ, ਉਹ ਭੈ ਤੋਂ ਅਤੇ ਵੈਰ ਤੋਂ ਰਹਿਤ ਹੈ ਅਤੇ ਉਸ ਦਾ ਕੋਈ ਆਕਾਰ ਨਹੀਂ ਹੈ (ਕਰਤਾ ਪੁਰਖ ਦੇ ਇਨ੍ਹਾਂ ਗੁਣਾਂ ਦਾ ਬਿਆਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਮੂਲ ਮੰਤਰ ਵਿਚ ਕੀਤਾ ਹੋਇਆ ਹੈ)। ਜਿਨ੍ਹਾਂ ਜੀਵਾਂ ਨੇ ਅਜਿਹੇ ਗੁਣਾਂ ਵਾਲੇ ਅਕਾਲ ਪੁਰਖ ਦਾ ਸਿਮਰਨ ਇੱਕ-ਮਨ, ਇੱਕ-ਚਿੱਤ ਹੋ ਕੇ ਕੀਤਾ ਹੈ, ਉਨ੍ਹਾਂ ਦੇ ਮਨ ਤੋਂ ਹਉਮੈ ਦਾ ਭਾਰ ਲੱਥ ਗਿਆ ਹੈ ਅਰਥਾਤ ਉਨ੍ਹਾਂ ਦੇ ਮਨ ਤੇ 'ਮੈਂ' ਦਾ ਕੋਈ ਬੋਝ ਨਹੀਂ ਰਿਹਾ। ਜਿਨ੍ਹਾਂ ਨੇ ਗੁਰੂ ਦੇ ਸਨਮੁਖ ਹੋ ਕੇ, ਗੁਰੂ ਦੇ ਦੱਸੇ ਰਸਤੇ 'ਤੇ ਚੱਲ ਕੇ ਉਸ ਦੇ ਨਾਮ ਦੀ ਅਰਾਧਨਾ ਕੀਤੀ ਹੈ, ਉਨ੍ਹਾਂ ਗੁਰਮੁਖਾਂ, ਸੰਤ-ਜਨਾਂ ਨੂੰ ਵਡਿਆਈ ਮਿਲੀ ਹੈ, ਸ਼ੋਭਾ ਮਿਲੀ ਹੈ। ਜੋ ਕੋਈ ਵੀ ਪੂਰੇ ਗੁਰੂ ਦੀ, ਸਤਿਗੁਰੂ ਦੀ ਨਿੰਦਾ ਕਰਦਾ ਹੈ ਉਸ ਨੂੰ ਸਾਰੀ ਦੁਨੀਆਂ ਫਿਟਕਾਰਾਂ ਪਾਉਂਦੀ ਹੈ, ਅਜਿਹੇ ਨਿੰਦਕ ਸਤਿਗੁਰੂ ਦਾ ਕੁਝ ਵਿਗਾੜ ਨਹੀਂ ਸਕਦੇ ਕਿਉਂਕਿ ਅਕਾਲ ਪੁਰਖ ਜੋ ਸਭ ਦੀ ਰੱਖਿਆ ਕਰਨ ਵਾਲਾ ਹੈ, ਆਪ ਗੁਰੂ ਦੇ ਅੰਦਰ ਵੱਸਦਾ ਹੈ। ਗੁਰੂ ਧੰਨ ਹੈ ਜੋ ਅਕਾਲ ਪੁਰਖ ਦੇ ਗੁਣ ਗਾਉਂਦਾ ਹੈ, ਉਸ ਦੀ ਸਿਫ਼ਤਿ-ਸਾਲਾਹ ਕਰਦਾ ਹੈ ਅਤੇ ਉਸ ਦੇ ਅੱਗੇ ਸਦਾ ਸਿਰ ਨਿਵਾਉਣਾ ਚਾਹੀਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਉਹ ਅਜਿਹੇ ਪਰਮਾਤਮ-ਭਗਤਾਂ ਦੇ ਸਦਕੇ ਜਾਂਦੇ ਹਨ ਜਿਨ੍ਹਾਂ ਨੇ ਉਸ ਸਭ ਦੇ ਸਿਰਜਣਹਾਰ ਅਕਾਲ ਪੁਰਖ ਦਾ ਨਾਮ ਸਿਮਰਨ ਕੀਤਾ ਹੈ, ਉਸ ਦੀ ਅਰਾਧਨਾ ਕੀਤੀ ਹੈ,

ਹਰਿ ਸਤਿ ਨਿਰੰਜਨ ਅਮਰੁ ਹੈ
ਨਿਰਭਉ ਨਿਰਵੈਰੁ ਨਿਰੰਕਾਰੁ॥
ਜਿਨ ਜਪਿਆ ਇਕ ਮਨਿ ਇਕ ਚਿਤਿ
ਤਿਨ ਲਥਾ ਹਉਮੈ ਭਾਰੁ॥
ਜਿਨ ਗੁਰਮੁਖਿ ਹਰਿ ਆਰਾਧਿਆ
ਤਿਨ ਸੰਤ ਜਨਾ ਜੈਕਾਰੁ॥
ਕੋਈ ਨਿੰਦਾ ਕਰੇ ਪੂਰੇ ਸਤਿਗੁਰੂ ਕੀ
ਤਿਸ ਨੋ ਫਿਟੁ ਫਿਟੁ ਕਹੈ ਸਭੁ ਸੰਸਾਰੁ॥
ਸਤਿਗੁਰ ਵਿਚਿ ਆਪਿ ਵਰਤਦਾ
ਹਰਿ ਆਪੇ ਰਖਣਹਾਰੁ॥
ਧਨੁ ਧੰਨੁ ਗੁਰੂ ਗੁਣ ਗਾਵਦਾ
ਤਿਸ ਨੋ ਸਦਾ ਸਦਾ ਨਮਸਕਾਰੁ॥
ਜਨ ਨਾਨਕ ਤਿਨ ਕਉ ਵਾਰਿਆ
ਜਿਨ ਜਪਿਆ ਸਿਰਜਣਹਾਰੁ॥੧॥
(ਪੰਨਾ ੩੦੨)

ਅਗਲੇ ਸਲੋਕ ਵਿਚ ਇਸੇ ਵਿਚਾਰਧਾਰਾ ਨੂੰ ਪਰਗਟ ਕਰਦੇ ਹੋਏ ਗੁਰੂ ਰਾਮਦਾਸ ਅਕਾਲ ਪੁਰਖ ਨੂੰ ਹੀ ਸੰਬੋਧਨ ਕਰਦਿਆਂ ਬਿਆਨ ਕਰਦੇ ਹਨ ਕਿ ਉਸ ਕਰਤਾ ਪੁਰਖ ਨੇ ਹੀ ਧਰਤੀ ਅਤੇ ਆਕਾਸ਼ ਅਰਥਾਤ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਇਸ ਸ੍ਰਿਸ਼ਟੀ ਦੀ ਸਾਜਨਾ ਕਰਕੇ ਫਿਰ ਆਪ ਹੀ ਇਸ ਵਿਚ ਹਰ ਤਰ੍ਹਾਂ ਦੇ ਜੀਵ ਪੈਦਾ ਕੀਤੇ ਹਨ ਅਤੇ ਆਪ ਹੀ ਉਨ੍ਹਾਂ ਦੇ ਮੂੰਹ ਲਈ ਗਰਾਹੀ ਦਿੰਦਾ ਹੈ ਅਰਥਾਤ ਹਰ ਇੱਕ ਜੀਵ ਦੇ ਜਿਉਣ ਦਾ ਸਾਧਨ ਵੀ ਆਪ ਹੀ ਪੈਦਾ ਕਰਦਾ ਹੈ। ਉਹ ਆਪ ਹੀ ਸਾਰੇ ਸੰਸਾਰ ਵਿਚ ਵਿਆਪਕ ਹੈ ਅਤੇ ਸਭ ਦੇ ਅੰਦਰ ਵਰਤ ਰਿਹਾ ਹੈ ਜੋ ਸਾਰੇ ਗੁਣਾਂ ਦਾ ਖਜ਼ਾਨਾ ਹੈ। ਗੁਰੂ ਸਾਹਿਬ ਆਪਣੇ ਮਨ ਨੂੰ ਉਸ ਦੇ ਨਾਮ ਦਾ ਸਿਮਰਨ ਕਰਨ ਦੀ ਪ੍ਰੇਰਨਾ ਕਰਦੇ ਹਨ ਜਿਸ ਨਾਮ ਦੇ ਸਿਮਰਨ ਨਾਲ ਸਾਰੇ ਦੁੱਖ ਅਤੇ ਪਾਪ ਅਕਾਲ ਪੁਰਖ ਦੂਰ ਕਰ ਦਿੰਦਾ ਹੈ,

ਆਪੇ ਧਰਤੀ ਸਾਜੀਅਨੁ ਆਪੇ ਆਕਾਸੁ॥
ਵਿਚਿ ਆਪੇ ਜੰਤ ਉਪਾਇਅਨੁ
ਮੁਖਿ ਆਪੇ ਦੇਇ ਗਿਰਾਸੁ॥
ਸਭੁ ਆਪੇ ਆਪਿ ਵਰਤਦਾ
ਆਪੇ ਹੀ ਗੁਣਤਾਸੁ॥
ਜਨ ਨਾਨਕ ਨਾਮੁ ਧਿਆਇ
ਤੂ ਸਭਿ ਕਿਲਵਿਖ ਕਟੇ ਤਾਸੁ॥੨॥
(ਪੰਨਾ ੩੦੨)

ਛੇਵੀਂ ਪਉੜੀ ਵਿਚ ਉਸ ਅਕਾਲ ਪੁਰਖ ਦੀ ਸਦੀਵੀ ਹੋਂਦ ਦਾ ਜ਼ਿਕਰ ਕੀਤਾ ਹੈ ਕਿ ਉਹ ਹਮੇਸ਼ਾ ਰਹਿਣ ਵਾਲੀ ਹਸਤੀ ਹੈ ਜੋ ਸਭ ਦਾ ਮਾਲਕ ਹੈ ਅਤੇ ਉਸ ਨੂੰ ਸੱਚ ਹੀ ਪਿਆਰਾ ਲੱਗਦਾ ਹੈ। ਜਿਹੜੇ ਉਸ ਸਦਾ ਕਾਇਮ ਰਹਿਣ ਵਾਲੀ ਹਸਤੀ ਦਾ ਧਿਆਨ ਧਰਦੇ ਹਨ, ਉਸ ਦੇ ਨਾਮ ਦਾ ਸਿਮਰਨ ਕਰਦੇ ਹਨ, ਉਸ ਦੀ ਸਿਫ਼ਤਿ-ਸਾਲਾਹ ਕਰਦੇ ਹਨ ਜਮਦੂਤ ਉਨ੍ਹਾਂ ਦੇ ਨੇੜੇ ਨਹੀਂ ਢੁੱਕਦਾ, ਅਰਥਾਤ ਉਨ੍ਹਾਂ ਦੇ ਮਨ ਵਿਚੋਂ ਮੌਤ ਦਾ ਭੈ ਸਦਾ ਸਦਾ ਲਈ ਦੂਰ ਹੋ ਜਾਂਦਾ ਹੈ। ਜਿਨ੍ਹਾਂ ਦੇ ਮਨ ਦੇ ਅੰਦਰ ਉਸ ਸੱਚੇ ਅਕਾਲ ਪੁਰਖ ਦਾ ਪ੍ਰੇਮ ਹੈ, ਜਿਨ੍ਹਾਂ ਨੂੰ ਉਹ ਪਿਆਰਾ ਲੱਗਦਾ ਹੈ ਉਨ੍ਹਾਂ ਦੇ ਮੁੱਖ ਉਸ ਦੀ ਦਰਗਾਹ ਵਿਚ ਸਦਾ ਉਜਲੇ ਹੁੰਦੇ ਹਨ, ਉਨ੍ਹਾਂ ਦੇ ਮੁੱਖ ਤੇ ਸਦਾ ਨੂਰ ਅਤੇ ਖੇੜਾ ਰਹਿੰਦਾ ਹੈ। ਪਰ ਜਿਹੜੇ ਮਨੁੱਖ ਝੂਠ ਦਾ ਵਪਾਰ ਕਰਦੇ ਹਨ, ਝੂਠ ਕਮਾਉਂਦੇ ਹਨ, ਉਨ੍ਹਾਂ ਦੇ ਮਨ ਵਿਚ ਝੂਠ ਅਤੇ ਕਪਟ ਹੋਣ ਕਰਕੇ ਉਨ੍ਹਾਂ ਨੂੰ ਪਿੱਛੇ ਸੁੱਟ ਦਿੱਤਾ ਜਾਂਦਾ ਹੈ ਅਤੇ ਉਹ ਸਦਾ ਬਹੁਤ ਦੁੱਖ ਪਾਉਂਦੇ ਹਨ। ਅਜਿਹੇ ਕੂੜ ਕਮਾਉਣ ਵਾਲਿਆਂ ਦੇ ਮੁੱਖ 'ਤੇ ਸਦਾ ਕਾਲਖ ਮਲੀ ਜਾਂਦੀ ਹੈ, ਉਨ੍ਹਾਂ ਦੇ ਮੂੰਹ ਰੱਬ ਦੀ ਦਰਗਾਹ ਵਿਚ ਕਾਲੇ ਹੁੰਦੇ ਹਨ ਕਿਉਂਕਿ ਉਨ੍ਹਾਂ ਦੇ ਕੂੜ ਦਾ ਨਿਤਾਰਾ ਹੋ ਜਾਂਦਾ ਹੈ,

ਤੂ ਸਚਾ ਸਾਹਿਬੁ ਸਚੁ ਹੈ ਸਚੁ ਸਚੇ ਭਾਵੈ॥
ਜੋ ਤੁਧੁ ਸਚੁ ਸਲਾਹਦੇ
ਤਿਨ ਜਮ ਕੰਕਰੁ ਨੇੜਿ ਨ ਆਵੈ॥
ਤਿਨ ਕੇ ਮੁਖ ਦਰਿ ਉਜਲੇ
ਜਿਨ ਹਰਿ ਹਿਰਦੈ ਸਚਾ ਭਾਵੈ॥
ਕੂੜਿਆਰ ਪਿਛਾਹਾ ਸਟੀਅਨਿ
ਕੂੜੁ ਹਿਰਦੈ ਕਪਟੁ ਮਹਾ ਦੁਖੁ ਪਾਵੈ॥
ਮੁਹ ਕਾਲੇ ਕੂੜਿਆਰੀਆ
ਕੂੜਿਆਰ ਕੂੜੋ ਹੋਇ ਜਾਵੈ॥੬॥
(ਪੰਨਾ ੩੦੨)

ਗੁਰੂ ਰਾਮਦਾਸ ਜੀ ਦੀ ਰਚੀ ਗਉੜੀ ਦੀ ਇਸ ਵਾਰ ਵਿਚ ਸਲੋਕ ਵੀ ਗੁਰੂ ਰਾਮਦਾਸ ਜੀ ਦੇ ਹਨ ਅਤੇ ਇਸ ਵਾਰ ਵਿਚ ਗੁਰੂ ਦੀ ਮਹੱਤਤਾ ਅਤੇ ਗੁਰੂ ਰਾਹੀਂ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਨ 'ਤੇ ਜ਼ੋਰ ਦਿੱਤਾ ਹੈ, ਜਿਸ ਰਾਹੀਂ ਮਨੁੱਖ ਦੇ ਸਾਰੇ ਕਲੇਸ਼ ਅਤੇ ਦਰਦ ਕੱਟੇ ਜਾਂਦੇ ਹਨ। ਇਸ ਸਲੋਕ ਵਿਚ ਗੁਰੂ ਰਾਮਦਾਸ ਦੱਸਦੇ ਹਨ ਕਿ ਜਿਸ ਤਰ੍ਹਾਂ ਧਰਤੀ ਦਾ ਸੁਭਾਅ ਹੈ ਇਸੇ ਤਰ੍ਹਾਂ ਸਤਿਗੁਰੂ ਦਾ ਸੁਭਾਅ ਵੀ ਧਰਮ ਦੀ ਜ਼ਮੀਨ ਹੈ। ਇਸ ਵਿਚ ਜਿਸ ਤਰ੍ਹਾਂ ਦੀ ਭਾਵਨਾ ਰੱਖ ਕੇ ਕੋਈ ਬੀਜ ਬੀਜਦਾ ਹੈ, ਉਸੇ ਕਿਸਮ ਦਾ ਫਲ ਉਸ ਨੂੰ ਪ੍ਰਾਪਤ ਹੋ ਜਾਂਦਾ ਹੈ। ਜਿਨ੍ਹਾਂ ਗੁਰਸਿੱਖਾਂ ਨੇ ਨਾਮ-ਅੰਮ੍ਰਿਤ ਬੀਜਿਆ ਹੈ ਉਨ੍ਹਾਂ ਨੂੰ ਪਰਮਾਤਮਾ ਦੀ ਪ੍ਰਾਪਤੀ ਦਾ ਅੰਮ੍ਰਿਤ ਫਲ ਮਿਲ ਗਿਆ ਹੈ। ਅਜਿਹੇ ਗੁਰਮੁਖਾਂ ਦੇ ਮੁੱਖ ਇਸ ਸੰਸਾਰ ਵਿਚ ਵੀ ਉਜਲੇ ਹਨ ਅਤੇ ਰੱਬ ਦੀ ਦਰਗਾਹ ਵਿਚ ਵੀ ਉਜਲੇ ਹਨ ਅਰਥਾਤ ਉਨ੍ਹਾਂ ਨੂੰ ਇਸ ਦੁਨੀਆਂ ਵਿਚ ਵੀ ਸਤਿਕਾਰ ਮਿਲਦਾ ਹੈ ਅਤੇ ਉਹ ਅਕਾਲ ਪੁਰਖ ਦੇ ਸੱਚੇ ਦਰਬਾਰ ਵਿਚ ਵੀ ਸਤਿਕਾਰ ਪਾਉਂਦੇ ਹਨ।

ਇੱਕ ਦੂਸਰੀ ਤਰ੍ਹਾਂ ਦੇ ਮਨੁੱਖ ਵੀ ਹਨ ਜਿਨ੍ਹਾਂ ਦੇ ਮਨ ਵਿਚ ਕਪਟ ਹੈ, ਖੋਟ ਹੈ ਅਤੇ ਉਹ ਖੋਟ ਦਾ ਹੀ ਵਪਾਰ ਕਰਦੇ ਹਨ ਭਾਵ ਦੂਸਰਿਆਂ ਨਾਲ ਵੀ ਖੋਟਾ ਹੀ ਵਰਤਦੇ ਹਨ, ਉਨ੍ਹਾਂ ਦੀ ਇਸ ਖੋਟ ਦਾ ਫਲ ਵੀ ਖੋਟ ਵਿਚ ਹੀ ਮਿਲਦਾ ਹੈ ਕਿਉਂਕਿ ਜਿਹੋ ਜਿਹਾ ਕੋਈ ਬੀਜਦਾ ਹੈ, ਉਸ ਨੂੰ ਉਸੇ ਕਿਸਮ ਦਾ ਫਲ ਪ੍ਰਾਪਤ ਹੁੰਦਾ ਹੈ। ਜਦੋਂ ਸਤਿਗੁਰੂ ਸਰਾਫ਼ ਅਜਿਹੇ ਬੰਦਿਆਂ ਦੀ ਡੂੰਘੀ ਨਜ਼ਰ ਨਾਲ ਪਰਖ ਕਰਦਾ ਹੈ ਤਾਂ ਇਸ ਕਿਸਮ ਦੇ ਖ਼ੁਦਗਰਜ਼ ਇਨਸਾਨ ਛੁਪੇ ਨਹੀਂ ਰਹਿੰਦੇ, ਸਭ ਉਘੜ ਆਉਂਦੇ ਹਨ ਭਾਵ ਸਾਰਿਆਂ ਦੇ ਸਾਹਮਣੇ ਸਪੱਸ਼ਟ ਹੋ ਜਾਂਦੇ ਹਨ। ਜਿਹੋ ਜਿਹੀ ਉਨ੍ਹਾਂ ਦੇ ਮਨ ਦੀ ਕਾਮਨਾ ਹੁੰਦੀ ਹੈ ਅਰਥਾਤ ਮਨ ਵਿਚ ਕੂੜ ਹੁੰਦਾ ਹੈ ਉਹੋ ਜਿਹਾ ਹੀ ਉਨ੍ਹਾਂ ਨੂੰ ਫਲ ਮਿਲ ਜਾਂਦਾ ਹੈ ਅਤੇ ਅਕਾਲ ਪੁਰਖ ਵੱਲੋਂ ਉਹ ਉਸੇ ਤਰ੍ਹਾਂ ਨਸ਼ਰ ਕਰ ਦਿੱਤੇ ਜਾਂਦੇ ਹਨ। ਗੁਰੂ ਸਾਹਿਬ ਕਹਿੰਦੇ ਹਨ ਕਿ ਸਾਰਾ ਖੇਲ, ਸਾਰਾ ਕੌਤਕ ਰੱਬ ਸੱਚਾ ਆਪ ਹੀ ਕਰ ਕੇ ਦੇਖਦਾ ਹੈ ਕਿਉਂਕਿ ਉਹ ਆਪ ਹੀ ਖਰੇ ਅਤੇ ਖੋਟੇ ਵਿਚ, ਹਰ ਥਾਂ ਮੌਜੂਦ ਹੈ,

ਸਤਿਗੁਰੁ ਧਰਤੀ ਧਰਮ ਹੈ ਤਿਸੁ ਵਿਚਿ
ਜੇਹਾ ਕੋ ਬੀਜੇ ਤੇਹਾ ਫਲੁ ਪਾਏ॥
ਗੁਰਸਿਖੀ ਅੰਮ੍ਰਿਤੁ ਬੀਜਿਆ
ਤਿਨ ਅੰਮ੍ਰਿਤ ਫਲੁ ਹਰਿ ਪਾਏ॥
ਓਨਾ ਹਲਤਿ ਪਲਤਿ ਮੁਖ ਉਜਲੇ
ਓਇ ਹਰਿ ਦਰਗਹ ਸਚੀ ਪੈਨਾਏ॥
ਇਕਨਾ ਅੰਦਰਿ ਖੋਟੁ ਨਿਤ ਖੋਟੁ ਕਮਾਵਹਿ
ਓਹੁ ਜੇਹਾ ਬੀਜੇ ਤੇਹਾ ਫਲੁ ਖਾਏ॥
ਜਾ ਸਤਿਗੁਰੁ ਸਰਾਫੁ ਨਦਰਿ ਕਰਿ ਦੇਖੈ
ਸੁਆਵਗੀਰ ਸਭਿ ਉਘੜਿ ਆਏ॥
ਓਇ ਜੇਹਾ ਚਿਤਵਹਿ ਨਿਤ ਤੇਹਾ ਪਾਇਨਿ
ਓਇ ਤੇਹੋ ਜੇਹੇ ਦਯਿ ਵਜਾਏ॥
ਨਾਨਕ ਦੁਹੀ ਸਿਰੀ ਖਸਮੁ ਆਪੇ ਵਰਤੈ
ਨਿਤ ਕਰਿ ਕਰਿ ਦੇਖੈ ਚਲਤ ਸਬਾਏ॥੧॥
(ਪੰਨਾ ੩੦੨-੩੦੩)

## ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ...

**ਸੋਰਠ ਮਹਲਾ ੯**
ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ
ਕੰਚਨ ਮਾਟੀ ਮਾਨੈ॥੧॥ ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ
ਲੋਭੁ ਮੋਹੁ ਅਭਿਮਾਨਾ॥
ਹਰਖ ਸੋਗ ਤੇ ਰਹੈ ਨਿਆਰਉ
ਨਾਹਿ ਮਾਨ ਅਪਮਾਨਾ॥੧॥
ਆਸਾ ਮਨਸਾ ਸਗਲ ਤਿਆਗੈ
ਜਗ ਤੇ ਰਹੈ ਨਿਰਾਸਾ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ
ਤਿਹ ਘਟਿ ਬ੍ਰਹਮੁ ਨਿਵਾਸਾ॥੨॥
ਗੁਰ ਕਿਰਪਾ ਜਿਹ ਨਰ ਕਉ ਕੀਨੀ
ਤਿਹ ਇਹ ਜੁਗਤਿ ਪਛਾਨੀ॥
ਨਾਨਕ ਲੀਨ ਭਇਓ ਗੋਬਿੰਦ ਸਿਉ
ਜਿਉ ਪਾਨੀ ਸੰਗਿ ਪਾਨੀ॥੩॥

ਇਸ ਸ਼ਬਦ ਵਿਚ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਬੰਦੇ ਨੂੰ ਜ਼ਿੰਦਗੀ ਜਿਉਣ ਦਾ ਸਹੀ ਰਸਤਾ ਦੱਸ ਰਹੇ ਹਨ ਕਿ ਹੇ ਭਾਈ, ਜੋ ਇਨਸਾਨ ਦੁੱਖਾਂ-ਮੁਸੀਬਤਾਂ ਵਿਚ ਘਬਰਾਉਂਦਾ ਨਹੀਂ ਅਤੇ ਜਿਸ ਇਨਸਾਨ ਦੇ ਅੰਦਰ ਇਸ ਸੰਸਾਰ ਦੇ ਸੁੱਖਾਂ ਦਾ ਮੋਹ ਵੀ ਨਹੀਂ ਅਤੇ ਉਹ ਕਿਸੇ ਕਿਸਮ ਦਾ ਡਰ-ਭੈਅ ਵੀ ਨਹੀਂ ਮੰਨਦਾ, ਇਸ ਸੋਨੇ ਰੂਪੀ ਸੰਸਾਰ ਨੂੰ ਮਿੱਟੀ ਵਾਂਗ ਸਮਝਦਾ ਹੈ, ਉਸ ਦੇ ਅੰਦਰ ਪ੍ਰਭੂ ਦਾ ਨਿਵਾਸ ਹੋ ਜਾਣਾ ਹੈ।

ਨਹ ਨਿੰਦਿਆ ਨਹ ਉਸਤਤਿ ਜਾ ਕੈ
ਲੋਭੁ ਮੋਹੁ ਅਭਿਮਾਨਾ॥
ਹਰਖ ਸੋਗ ਤੇ ਰਹੈ ਨਿਆਰਉ
ਨਾਹਿ ਮਾਨ ਅਪਮਾਨਾ॥੧॥

ਹੇ ਭਾਈ, ਜਿਹੜਾ ਇਨਸਾਨ ਦੂਜਿਆਂ ਦੀ ਬੁਰਾਈ, ਭਾਵ ਨਿੰਦਿਆ-ਚੁਗਲੀ ਨਹੀਂ ਕਰਦਾ ਅਤੇ ਨਾ ਹੀ ਕਿਸੇ ਦੀ ਝੂਠੀ ਉਸਤਤਿ ਹੀ ਕਰਦਾ ਹੈ, ਨਾ ਹੀ ਜਿਸ ਇਨਸਾਨ ਦੇ ਅੰਦਰ ਕਿਸੇ ਚੀਜ਼ ਦਾ ਲੋਭ ਹੈ, ਨਾ ਹੀ ਕਿਸੇ ਚੀਜ਼ ਨਾਲ ਮੋਹ ਹੈ, ਤੇ ਨਾ ਹੀ ਉਸ ਇਨਸਾਨ ਦੇ ਅੰਦਰ ਹੰਕਾਰ ਹੀ ਹੈ, ਤੇ ਉਹ ਖੁਸ਼ੀ ਤੇ ਗਮੀ ਨੂੰ ਇਕੋ ਜਿਹਾ ਹੀ ਜਾਣਦਾ ਹੈ, ਮਾਨ ਤੇ ਅਪਮਾਨ ਜਿਸ ਨੂੰ ਪੋਹਦਾ ਨਹੀਂ, ਉਹਦੇ ਅੰਦਰ ਪ੍ਰਭੂ ਦਾ ਨਿਵਾਸ ਹੋ ਜਾਂਦਾ ਹੈ।

ਆਸਾ ਮਨਸਾ ਸਗਲ ਤਿਆਗੈ
ਜਗ ਤੇ ਰਹੈ ਨਿਰਾਸਾ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ
ਤਿਹ ਘਟਿ ਬ੍ਰਹਮੁ ਨਿਵਾਸਾ॥੨॥

ਹੇ ਭਾਈ, ਜਿਹੜਾ ਇਨਸਾਨ ਝੂਠੀਆਂ ਆਸਾਂ-ਉਮੀਦਾਂ ਦਾ ਸਦਾ ਲਈ ਹੀ ਤਿਆਗ ਕਰ ਦਿੰਦਾ ਹੈ, ਇਸ ਨਾਸ਼ਵਾਨ ਜਗਤ ਨਾਲੋਂ ਮੋਹ ਤੋੜ ਕੇ ਸਦਾ ਲਈ ਨਿਰਮੋਹ ਹੋ ਜਾਂਦਾ ਹੈ, ਤੇ ਜਿਸ ਇਨਸਾਨ ਨੂੰ ਕਾਮ ਦੀਆਂ ਭੈੜੀਆਂ ਵਾਸ਼ਨਾ ਵੀ ਨਹੀਂ ਮੋਹ ਸਕਦੀਆਂ, ਤੇ ਨਾ ਹੀ ਕ੍ਰੋਧ ਉਸ ਨੂੰ ਆਪਣੀ ਪਕੜ ਵਿਚ ਲੈ ਸਕਦਾ ਹੈ, ਇਹੋ ਜਿਹੇ

ਗੁਰਬਾਣੀ ਗਿਆਨ

ਉਚੀ-ਸੁੱਚੀ ਰਹਿਣੀ-ਬਹਿਣੀ ਵਾਲੇ ਤੇ ਉਚੀ ਆਤਮਿਕ ਅਵਸਥਾ ਵਾਲੇ ਇਨਸਾਨ ਦੇ ਅੰਦਰ ਉਸ ਜਗਤ ਦੇ ਤਾਰਨਹਾਰ ਮਾਲਕ ਬ੍ਰਹਮ, ਭਾਵ ਪ੍ਰਭੂ ਜੀ ਦਾ ਸਹਿਜੇ ਹੀ ਨਿਵਾਸ ਹੋ ਜਾਂਦਾ ਹੈ।

ਗੁਰ ਕਿਰਪਾ ਜਿਹ ਨਰ ਕਉ ਕੀਨੀ
ਤਿਹ ਇਹ ਜੁਗਤਿ ਪਛਾਨੀ॥
ਨਾਨਕ ਲੀਨ ਭਇਓ ਗੋਬਿੰਦ ਸਿਉ
ਜਿਉ ਪਾਨੀ ਸੰਗਿ ਪਾਨੀ॥੩॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਫਰਮਾਉਂਦੇ ਹਨ ਕਿ ਉਪਰ ਦੱਸੇ ਸਾਰੇ ਹੀ ਗੁਣ ਅਤੇ ਨੇਕ ਕਰਮ ਇਨਸਾਨ ਕੋਲ ਹੋਣ ਪਰ ਇਨ੍ਹਾਂ ਸਭ ਗੁਣਾਂ ਦੇ ਨਾਲ ਗੁਰੂ ਦੀ ਮਿਹਰ ਦਾ ਹੋਣਾ ਭੀ ਅਤਿਅੰਤ ਜ਼ਰੂਰੀ ਹੈ ਅਤੇ ਜਦੋਂ ਇਨਸਾਨ ਉਤੇ ਗੁਰੂ ਦੀ ਮਿਹਰ ਹੋ ਜਾਵੇ ਤਾਂ ਉਹ ਜੀਵ ਗੁਰੂ ਕ੍ਰਿਪਾ ਸਦਕਾ ਹੀ ਇਹ ਜੁਗਤੀ ਸਮਝ ਕੇ ਪ੍ਰਭੂ ਦਾ ਨਾਮ ਸਿਮਰਨ ਅਤੇ ਪਰਉਪਕਾਰ ਦੇ ਕੰਮ ਕਰਦਾ ਹੈ। ਗੁਰੂ ਜੀ ਫੁਰਮਾਉਂਦੇ ਹਨ, ਹੁਣ ਨਾਨਕ ਆਖਦਾ ਹੈ ਕਿ ਐਸਾ ਜੀਵ ਉਸ ਮਾਲਕ ਪ੍ਰਭੂ ਨਾਲ ਇਵੇਂ ਇਕ-ਮਿਕ ਹੋ ਜਾਂਦਾ ਹੈ ਜਿਵੇਂ ਪਾਣੀ ਨਾਲ ਪਾਣੀ ਅਭੇਦ ਹੋ ਜਾਂਦਾ ਹੈ। ਗੁਰੂ ਜੀ ਕਹਿੰਦੇ ਹਨ ਇਸ ਸੰਸਾਰ ਦੀ ਮੋਹ ਮਾਇਆ ਤੋਂ ਨਿਰਲੇਪ ਰਹਿ ਕੇ ਗੁਰੂ ਦੇ ਚਰਨਾਂ ਨਾਲ ਲੱਗ ਕੇ ਹੀ ਪਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਸਿੱਖ ਇਤਿਹਾਸਕ ਅਸਥਾਨਾਂ ਦਾ ਦੁਖਾਂਤ

ਪੰਥ ਖਾਲਸਾ

ਜਿਹੜੀਆਂ ਕੌਮਾਂ ਆਪਣੇ ਇਤਿਹਾਸਕ ਵਿਰਸੇ ਤੋਂ ਸੱਖਣੀਆਂ ਹੋ ਜਾਂਦੀਆਂ ਹਨ, ਉਹ ਘੁੱਪ ਹਨੇਰੇ ਵਿਚ ਭਟਕ ਕੇ ਕਿਸੇ ਅਥਾਹ ਸਾਗਰ ਵਿਚ ਗਰਕ ਹੋ ਜਾਂਦੀਆਂ ਹਨ। ਗ੍ਰੰਥ ਅਤੇ ਪੰਥ ਦੀ ਸੋਚ ਤੋਂ ਸੱਖਣੀ ਹੋਈ ਸਿੱਖ ਕੌਮ ਅਜੋਕੇ ਦੌਰ ਅੰਦਰ ਰਾਹੋਂ ਕੁਰਾਹੇ ਪੈ ਗਈ ਹੈ। ਸੰਸਾਰਕ ਵਪਾਰੀਕਰਨ ਦੀ ਸੋਚ ਨੇ ਸਿੱਖੀ ਮਾਨਸਿਕਤਾ ਦਾ ਵੀ ਵਪਾਰੀਕਰਨ ਕਰ ਦਿੱਤਾ ਹੈ। ਸੋਚੀ ਸਮਝੀ ਵਿਉਂਤ ਰਾਹੀਂ ਲੰਬੇ ਅਰਸੇ ਤੋਂ ਸਿੱਖ ਇਤਿਹਾਸਕ ਅਸਥਾਨਾਂ ਦਾ ਮੁਹਾਂਦਰਾ ਬਦਲਣ ਦੇ ਯਤਨ ਕੀਤੇ ਜਾ ਰਹੇ ਹਨ। ਇਹ ਸਿਲਸਿਲਾ ਬਾਦਸਤੂਰ ਜਾਰੀ ਹੈ। "ਕਿਸੇ ਕੌਮ ਨੂੰ ਨਸ਼ਟ ਕਰਨ ਵਿਚ ਪਹਿਲਾ ਕਦਮ ਉਸ ਦੀ ਯਾਦਦਾਸ਼ਤ ਮੇਟਣਾ ਹੁੰਦਾ ਹੈ। ਉਸ ਦੀਆਂ ਕਿਤਾਬਾਂ, ਸਭਿਆਚਾਰ ਅਤੇ ਇਤਿਹਾਸ ਨੂੰ



**ਪ੍ਰੋ. ਹਰਪਾਲ ਸਿੰਘ**
ਫੋਨ: 916-236-8830

ਤਬਾਹ ਕਰ ਦੇਵੋ। ਫਿਰ ਕਿਸੇ ਕੋਲੋਂ ਨਵੀਆਂ ਪੁਸਤਕਾਂ ਲਿਖਵਾ ਲਵੋ, ਨਵਾਂ ਸਭਿਆਚਾਰਕ ਘੜ ਲਵੋ, ਨਵਾਂ ਇਤਿਹਾਸ ਰਚ ਲਵੋ। ਕੁਝ ਚਿਰ ਬਾਅਦ ਉਹ ਕੌਮ ਆਪੇ ਹੀ ਇਹ ਗੱਲ ਭੁੱਲ ਜਾਵੇਗੀ ਕਿ ਉਹ ਕੀ ਹੈ ਤੇ ਕੀ ਸੀ?" (ਮਿਲਾਨ ਕੁੰਦਰਾ)

ਵਪਾਰਕ ਅਤੇ ਆਧੁਨਿਕ ਸੋਚ ਅਧੀਨ ਆਪਣੇ ਇਤਿਹਾਸਕ ਵਿਰਸੇ ਤੋਂ ਮੂੰਹ ਮੋੜਨਾ, ਗੁਰੂਆਂ-ਪੀਰਾਂ, ਯੋਧਿਆਂ ਅਤੇ ਆਪਣੇ ਸੂਰਬੀਰਾਂ ਨੂੰ ਭੁੱਲ ਜਾਣਾ ਅੱਜ ਸਿੱਖ ਜਗਤ ਦੀ ਵੱਡੀ ਤ੍ਰਾਸਦੀ ਹੈ। ਪੀਰੀ ਨੂੰ ਵਿਸਾਰ ਕੇ ਮੀਰੀ ਦਾ ਪੱਲਾ ਫੜ ਲੈਣਾ ਬੱਜਰ ਭੁੱਲ ਹੈ। ਇਹ ਵਰਤਾਰਾ ਹਰ ਪਲ, ਹਰ ਘੜੀ ਅਤੇ ਹਰ ਰੋਜ਼ ਹੋ ਰਿਹਾ ਹੈ। ਹੋਰ ਵਰਗਾਂ ਵਾਂਗ ਸਿੱਖ ਜਗਤ ਵੀ ਦੌਲਤ, ਸ਼ੋਹਰਤ, ਵਡਿਆਈ, ਰੁਤਬੇ ਤੇ ਚੌਧਰ ਦੀ ਲਾਲਸਾ ਦਾ ਸ਼ਿਕਾਰ ਹੋ ਗਿਆ ਹੈ। ਸਿੱਖ ਧਰਮ ਦੀਆਂ ਇਤਿਹਾਸਕ ਥਾਂਵਾਂ ਦੀ ਮੌਲਿਕਤਾ ਖਤਮ ਕਰ ਕੇ, ਆਧੁਨਿਕ ਸੋਚ ਅਧੀਨ ਉਨ੍ਹਾਂ ਦਾ ਵਿਨਾਸ਼ ਕੀਤਾ ਜਾ ਰਿਹਾ ਹੈ ਤੇ ਸਾਰਾ ਸਿੱਖ ਜਗਤ ਇਹ ਤਮਾਸ਼ਾ ਦੇਖ ਰਿਹਾ ਹੈ। ਗੁੰਗੇ ਤੇ ਬਹਿਰੇ ਲੋਕਾਂ ਤੋਂ ਭਲਾ ਕੀ ਆਸ ਕੀਤੀ ਜਾ ਸਕਦੀ ਹੈ?

ਵੈਦਿਕ ਸਮੇਂ ਤੋਂ ਹੀ ਸਨਾਤਨੀ ਧਰਮ ਕਿਸੇ ਹੋਰ ਧਰਮ ਦੀ ਸੋਚ ਨਾਲ ਸਬੰਧਤ ਇਤਿਹਾਸਕ ਥਾਂਵਾਂ ਨੂੰ ਮਲੀਆਮੇਟ ਕਰਨ ਲਈ ਯਤਨਸ਼ੀਲ ਰਿਹਾ ਹੈ। ਹਿੰਦੂ ਧਰਮ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਆਪਣੇ ਵਿਰੋਧੀ ਧਰਮ ਨੂੰ ਪ੍ਰੇਮ, ਸਹਿਣਸ਼ੀਲਤਾ ਅਤੇ ਚਾਣੱਕਿਆ ਨੀਤੀ (ਸਾਮ, ਦਾਮ, ਦੰਡ, ਭੇਦ) ਨਾਲ ਖਤਮ ਕਰਨ ਦਾ ਉਪਰਾਲਾ ਕਰਦਾ ਹੈ। ਇਸ ਨੀਤੀ ਅਧੀਨ ਹੀ ਸਿੱਖਾਂ ਦੀਆਂ ਇਤਿਹਾਸਕ ਥਾਂਵਾਂ ਦੀ ਮੌਲਿਕਤਾ ਨਸ਼ਟ ਕੀਤੀ ਜਾ ਰਹੀ ਹੈ। ਖੇਡਣ ਵਾਲੇ ਹੋਰ ਨੇ, ਤੇ ਖਿਡਾਉਣ ਵਾਲੇ ਕੋਈ ਹੋਰ ਨੇ। "ਇਤਿਹਾਸ ਗਵਾਹ ਹੈ ਕਿ ਫਿਰਕਾਪ੍ਰਸਤ ਸੰਗਠਨ ਜਦੋਂ ਸਿੱਖਾਂ ਦੀ ਨਿਆਰੀ ਹੋਂਦ 'ਤੇ ਬੌਧਿਕ ਹਮਲੇ ਕਰਦੇ ਹਨ ਤਾਂ ਸਿੱਖ ਇਸ ਮਾਰੂ ਹਮਲੇ ਦੀ ਗਹਿਰਾਈ ਦੀ ਦੂਰ-ਅੰਦੇਸ਼ ਮਾਰ ਨਾ ਸਮਝਦੇ ਹੋਏ ਇਸ ਦੇ ਮੋਹਰੇ ਬਣ ਜਾਂਦੇ ਹਨ, ਤੇ ਜਦੋਂ ਵਕਤ ਹੱਥੋਂ ਨਿਕਲ ਜਾਂਦਾ ਹੈ, ਫਿਰ ਝੂਰਦੇ ਰਹਿੰਦੇ ਹਨ" (ਡਾ. ਸੁਖਪ੍ਰੀਤ ਸਿੰਘ ਉਦੋਕੇ 'ਤਬੈ ਰੋਸ ਜਾਗਯੋ')

ਵੈਦਿਕ ਕਾਲ ਸਮੇਂ ਸਨਾਤਨੀ ਧਰਮ ਦੀਆਂ ਕੁਟਲ ਨੀਤੀਆਂ, ਜਾਤ-ਪਾਤ ਅਤੇ ਵਰਨ ਵਿਵਸਥਾ ਦਾ ਵਿਰੋਧ ਕਰਨ ਲਈ ਭਾਰਤ ਵਿਚ ਬੁੱਧ ਮਤ ਅਤੇ ਜੈਨ ਮਤ ਦਾ ਉਦੈ ਹੋਇਆ। ਇਹ ਦੋਵੇਂ ਮਤ ਕਰਮ ਕਾਂਡਾਂ, ਬਲੀਆਂ, ਯੱਗਾਂ ਅਤੇ ਵੇਦਾਂ ਦਾ ਭਰਪੂਰ ਖੰਡਨ ਕਰਦੇ ਸਨ। ਇਸ ਵਿਚਾਰਧਾਰਾ ਨੂੰ ਸ੍ਰਮਣ ਵਿਚਾਰਧਾਰਾ ਵੀ ਕਿਹਾ ਜਾਂਦਾ ਹੈ। ਬਹੁਤ ਸਾਰੇ ਵਿਦਵਾਨਾਂ ਦਾ ਵਿਚਾਰ ਹੈ ਕਿ ਈਸਾ ਤੋਂ 2000 ਸਾਲ ਪਹਿਲਾਂ ਜਦੋਂ ਵੇਦਾਂ ਦੀ ਰਚਨਾ ਹੋ ਚੁੱਕੀ ਸੀ, ਉਸ ਤੋਂ ਪਹਿਲਾਂ ਗੈਰ-ਵੈਦਿਕ ਸ੍ਰਮਣ ਪਰੰਪਰਾ ਮੌਜੂਦ ਸੀ। ਆਰੀਆ ਲੋਕਾਂ ਦੀ ਵਿਚਾਰਧਾਰਾ ਨੂੰ ਸਨਾਤਨੀ ਜਾਂ ਬ੍ਰਾਹਮਣ ਕਿਹਾ ਜਾਂਦਾ ਸੀ ਤੇ ਗੈਰ-ਆਰੀਅਨ ਲੋਕਾਂ ਦੀ ਵਿਚਾਰਧਾਰਾ ਨੂੰ ਸ੍ਰਮਣ। ਆਰੀਆ ਲੋਕਾਂ ਦੇ ਸ੍ਰਮਣ ਵਿਚਾਰਧਾਰਾ ਨੂੰ ਨਾਸਤਿਕ ਕਿਹਾ। ਉਸ ਸਮੇਂ ਨਾਸਤਿਕ ਸ਼ਬਦ ਦਾ ਅਰਥ ਰੱਬ ਦੀ ਹਸਤੀ ਤੋਂ ਮੁਨਕਰ ਹੋਣਾ ਨਹੀਂ ਲਿਆ ਜਾਂਦਾ ਸੀ। ਨਾਸਤਿਕ ਉਹ ਸੀ ਜੋ ਵੇਦਾਂ ਵਿਚ ਵਿਸ਼ਵਾਸ ਨਾ ਰੱਖੇ। ਬੁੱਧ ਅਤੇ ਜੈਨ ਧਰਮ ਕਿਉਂਕਿ ਵੇਦਾਂ ਦੀ ਸ਼ਕਤੀ ਤੋਂ ਇਨਕਾਰੀ ਹਨ, ਇਸ ਕਰ ਕੇ ਇਨ੍ਹਾਂ ਧਾਰਮਿਕ ਪਰੰਪਰਾਵਾਂ ਨੂੰ ਨਾਸਤਿਕ ਕਿਹਾ ਜਾਂਦਾ ਹੈ। "ਨਾਸਤਿਕੋ ਵੇਦਨਿੰਦਕਹ" ਭਾਵ ਨਾਸਤਿਕ ਉਹ ਹੈ ਜੋ ਵੇਦਾਂ ਦਾ ਨਿੰਦਕ ਹੋਵੇ (ਮਨੂ)। "ਵੇਦਾਂ ਵਿਚ ਵਿਸ਼ਵਾਸ ਰੱਖਣ ਤੋਂ ਮੁਨਕਿਰ ਨਰਕਾਂ ਵਿਚ ਅਵੱਸ਼ ਜਾਣਗੇ" (ਨਾਗਰਾਜਨ)। ਸਾਂਖ ਮਤ (ਭੋਗਵਾਦੀ ਜਾਂ ਸੁਖਵਾਦੀ) ਭਾਵੇਂ ਪਰਮਾਤਮਾ ਦੀ ਹੋਂਦ ਤੋਂ ਇਨਕਾਰੀ ਹੈ, ਪਰ ਵੇਦ ਬਾਣੀ ਵਿਚ ਵਿਸ਼ਵਾਸ ਰੱਖਣ ਕਾਰਨ ਉਹ ਨਾਸਤਿਕ ਨਹੀਂ ਹੈ।

ਮਹਾਤਮਾ ਬੁੱਧ ਦੀ ਮੌਤ ਪਿੱਛੋਂ ਹਿੰਦੂ ਧਰਮ ਨੇ ਬੁੱਧ ਧਰਮ ਨੂੰ ਹੜੱਪਣ ਦੇ ਚਾਲੇ ਅਰੰਭ ਦਿੱਤੇ। ਬੁੱਧ ਮਤ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਇਸ ਨੇ ਕਬੀਲਿਆਂ ਦੇ ਮੁਖੀ ਅਤੇ ਰਾਜ ਸਥਾਪਤੀ ਲਈ ਬ੍ਰਾਹਮਣਾਂ ਦੀ ਥਾਂ ਖੱਤਰੀਆਂ ਨੂੰ ਉਤਸ਼ਾਹਿਤ ਕੀਤਾ। ਜਗੀਰਦਾਰੀ ਪ੍ਰਬੰਧ ਵਿਚੋਂ ਬ੍ਰਾਹਮਣ ਖਾਰਜ ਹੋ ਗਏ। ਸ਼ੂਦਰਾਂ ਨੂੰ ਕਾਮਿਆਂ ਵਜੋਂ ਸਹਾਇਕ ਸਮਝ ਕੇ ਉਨ੍ਹਾਂ ਨੂੰ ਵੀ ਸਮਾਜਕ ਪਛਾਣ ਦੇਣ ਹਿੱਤ ਬੁੱਧ ਮਤ ਦਾ ਯੋਗਦਾਨ ਪ੍ਰਸ਼ੰਸਾ ਦਾ ਹੱਕਦਾਰ ਹੈ।

ਸਨਾਤਨੀ ਧਰਮ ਦੀਆਂ ਕੁਟਲ ਨੀਤੀਆਂ ਕਾਰਨ ਸਮੇਂ ਦੇ ਬੀਤਣ ਨਾਲ ਬੁੱਧ ਮਤ ਵਿਚੋਂ 'ਮਹਾਯਾਨ' ਅਤੇ 'ਹੀਨਯਾਨ' ਦੋ ਫਿਰਕੇ ਪੈਦਾ ਹੋਏ। ਇਨ੍ਹਾਂ ਵਿਚੋਂ ਨਾਗਾਰਜੁਨ ਦਾ ਸ਼ੂਨਵਾਦ, ਅਸ਼ਵਘੋਸ਼ ਦਾ ਗਿਆਨਵਾਦ, ਵਸੂਬੰਧ ਦਾ ਵੈਭਾਸਿਕ ਮਤ ਪ੍ਰਚਲਿਤ ਹੋਏ। ਮਹਾਯਾਨ ਵਿਚੋਂ ਵੱਜਰਯਾਨ ਪੈਦਾ ਹੋਇਆ। ਵੱਜਰਯਾਨੀਆਂ ਵਿਚ ਮਹਾਂ ਮੁਦ੍ਰਾ ਦੀ ਸਾਧਨਾ ਬਣੀ। ਇਸ ਨਾਲ ਬਹੁਤ ਨਿਘਾਰ ਪੈਦਾ ਹੋਇਆ। ਇਸੇ ਨਿਘਾਰ ਵਿਚੋਂ ਸਹਿਜਯਾਨ ਦਾ ਜਨਮ ਹੋਇਆ। ਬੁੱਧ ਦੁਆਰਾ ਦਰਸਾਏ ਗਏ ਸਦਾਚਾਰਕ ਜੀਵਨ ਦੀ ਥਾਂ ਹਿੰਦੂ ਮਤ ਦੀ ਘੁਸਪੈਠ ਕਾਰਨ ਬੁੱਧ ਦੀਆਂ ਮੂਰਤੀਆਂ ਬਣਾ ਕੇ ਪੂਜਾ ਹੋਣੀ ਸ਼ੁਰੂ ਹੋ ਗਈ। ਉਸ ਨੂੰ ਵਿਸ਼ਨੂੰ ਦਾ ਅਵਤਾਰ ਕਿਹਾ ਜਾਣ ਲੱਗਾ। ਪ੍ਰਚਾਰ ਵਿਚ ਲੋਕ ਬੋਲੀ ਪਾਲੀ ਦੀ ਥਾਂ ਮੁੜ ਸੰਸਕ੍ਰਿਤ ਆਣ ਬੈਠੀ। ਮੂਰਤੀ ਪੂਜਾ ਅਤੇ ਜਾਦੂ ਟੂਣਿਆਂ ਨੇ ਮੁੜ ਲੋਕਾਂ ਦੀ ਮਤ ਮਾਰ ਦਿੱਤੀ। ਲੋਕ ਮਾਨਿਸਕਤਾ ਨੂੰ ਦੂਸ਼ਤ ਕਰਨ ਲਈ ਬੁੱਧ ਦੀਆਂ ਸਿਖਿਆਵਾਂ ਤੋਂ ਦੂਰ ਕਰਨ ਲਈ ਹਿੰਦੂਆਂ ਨੇ ਆਪਣੇ ਧਾਰਮਿਕ ਗ੍ਰੰਥ ਜਿਵੇਂ ਰਮਾਇਣ, ਗੀਤਾ, ਮਨੂੰ ਸਮਰਿਤੀ ਅਤੇ ਪੁਰਾਣਾਂ ਆਦਿ ਦੀ ਰਚਨਾ ਨਵੇਂ ਢੰਗ ਨਾਲ ਸ਼ੁਰੂ ਕਰ ਦਿੱਤੀ। ਕੁਟੱਲਿਆ ਨੀਤੀ (ਸਾਮ, ਦਾਮ, ਦੰਡ, ਭੇਦ) ਦੇ ਆਖਰੀ ਹਥਿਆਰ ਦੀ ਵਰਤੋਂ ਕਰ ਕੇ ਬੁੱਧ ਮਤ ਦੇ ਰਾਜਿਆਂ ਨੂੰ ਮਾਰਿਆ ਗਿਆ। ਈਸਵੀ ਸੰਨ ਦੀ ਪਹਿਲੀ ਸ਼ਤਾਬਦੀ ਵਿਚ ਕੁਸ਼ਾਨ ਰਾਜਾ ਕਨਿਸ਼ਕ ਬ੍ਰਾਹਮਣੀ ਮਤ ਤਿਆਗ ਕੇ ਬੋਧੀ ਬਣ ਗਿਆ ਸੀ, ਪਰ ਉਸ ਨੂੰ ਵੀ ਸੁੱਤੇ ਪਏ ਨੂੰ ਕਤਲ ਕਰਵਾ ਦਿੱਤਾ ਗਿਆ। ਬੁੱਧ ਮਤ ਦੇ ਇਤਿਹਾਸਕ ਅਸਥਾਨਾਂ ਜਿਵੇਂ ਬੋਧ ਗਯਾ ਅਤੇ ਸਾਰਨਾਥ ਨੂੰ ਢਹਿ-ਢੇਰੀ ਕਰ ਦਿੱਤਾ ਗਿਆ ਅਤੇ ਬੁੱਧ ਮਤ ਦੇ ਸਤੂਪਾਂ ਨੂੰ ਹਿੰਦੂ ਮੰਦਰਾਂ ਵਿਚ ਬਦਲ ਦਿੱਤਾ ਗਿਆ। ਬੰਗਾਲ ਦੇ ਹਿੰਦੂ ਰਾਜੇ ਸੰਸਾਗ ਨੇ ਉਸ ਪਿੱਪਲ ਦੇ ਦਰਖਤ ਨੂੰ ਵੀ ਜੜ੍ਹੋਂ ਪੁਟਵਾ ਦਿੱਤਾ ਜਿਸ ਹੇਠ ਬੈਠ ਕੇ ਭਗਵਾਨ ਬੁੱਧ ਨੂੰ ਗਿਆਨ ਪ੍ਰਾਪਤ ਹੋਇਆ ਸੀ। ਸੰਨ 185 ਈਸਾ ਪੂਰਵ (ਬੀ.ਸੀ.) ਵਿਚ ਮੌਰੀਆ ਬੰਸ ਦੇ ਆਖਰੀ ਰਾਜੇ ਬਰਿਹਦਰੱਥ ਨੂੰ ਉਸ ਦੇ ਹਿੰਦੂ ਫੌਜੀ ਜਰਨੈਲ ਨੇ ਧੋਖੇ ਨਾਲ ਮਾਰ ਕੇ ਖੁਦ ਰਾਜ-ਭਾਗ ਸੰਭਾਲ ਲਿਆ ਸੀ।



ਚੱਪੜਚਿੜੀ ਵਿਚ ਬਣੀ ਬੰਦਾ ਬਹਾਦਰ ਦੀ ਯਾਦਗਾਰ

ਵੈਦਿਕ ਕਾਲ (1000-600 ਈਸਾ ਪੂਰਵ) ਭਾਰਤ ਵਿਚ ਜੈਨ ਧਰਮ ਦਾ ਜਨਮ ਹੋਇਆ। ਜੈਨ ਸ਼ਬਦ ਜਿੰਨ ਤੋਂ ਬਣਿਆ ਹੈ ਜਿਸ ਦਾ ਭਾਵ ਹੈ ਵਿਜ਼ਈ। ਉਹ ਮਨੁੱਖ ਜਿਸ ਨੇ ਆਪਣੀਆਂ ਵਾਸਨਾਵਾਂ, ਇੰਦਰੀਆਂ 'ਤੇ ਜਿੱਤ ਪ੍ਰਾਪਤ ਕਰ ਲਈ ਹੋਵੇ। ਇਸ ਧਰਮ ਦੇ 23 ਪ੍ਰਚਾਰਕ (ਤੀਰਥੰਕਰ) ਮਹਾਂਵੀਰ ਤੋਂ ਪਹਿਲਾਂ ਵੀ ਹੋਏ ਹਨ। ਮਹਾਂਵੀਰ (ਮਹਾਨ ਵੀਰਤਾ ਵਾਲਾ, 599-529 ਈਸਾ ਪੂਰਵ) ਨੂੰ ਇਸ ਧਰਮ ਦਾ ਮੋਢੀ ਮੰਨਿਆ ਜਾਂਦਾ ਹੈ। ਜੈਨ ਧਰਮ ਅਨੁਸਾਰ ਜੀਵਨ ਦਾ ਮਨੋਰਥ ਜ਼ਿੰਦਗੀ ਦੀਆਂ ਸੁੱਖ ਸਹੂਲਤਾਂ ਦਾ ਤਿਆਗ ਕਰ ਕੇ ਹੀ ਆਤਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਸਹੀ ਵਿਹਾਰ, ਗਿਆਨ, ਭਰੋਸਾ, ਸੱਚਾਈ, ਪਿਆਰ ਤੇ ਦੂਜਿਆਂ ਦੀਆਂ ਭੁੱਲਾਂ ਲਈ ਖਿਮਾ ਅਤੇ ਬ੍ਰਹਮਚਾਰ ਦੀ ਇਮਾਨਦਾਰੀ ਵਾਲੀ ਜ਼ਿੰਦਗੀ ਮੁਕਤੀ ਦੇ ਉਦੇਸ਼ ਹਨ। ਜੈਨ ਮਤ ਨਾ ਜਾਤਾਂ-ਪਾਤਾਂ ਵਿਚ ਅਤੇ ਨਾ ਹੀ ਯੱਗ, ਕੁਰਬਾਨੀ ਜਾਂ ਬਲੀ ਦੇਣ ਵਿਚ ਵਿਸ਼ਵਾਸ ਰੱਖਦਾ ਹੈ। ਬੁੱਧ ਮਤ ਵਾਂਗ ਜੈਨ ਮਤ ਸਨਾਤਨੀ ਧਰਮ ਉਪਰ ਭਾਰੂ ਹਮਲਾ ਸੀ। ਸੋਚੀ ਸਮਝੀ ਸਕੀਮ ਅਧੀਨ ਜੈਨ ਮਤ ਵਿਚ ਫੁੱਟ ਪਾਉਣ ਦੀ ਨੀਤੀ ਘੜੀ ਗਈ। ਉਹ ਸੰਨਿਆਸੀ ਜਿਹੜੇ ਭਾਰਤ ਦੇ ਦੱਖਣ ਵਲ ਧਕੇਲੇ ਗਏ, ਉਨ੍ਹਾਂ ਨੂੰ ਦਿਗੰਬਰ (ਨੰਗੇ ਜਾਂ ਆਕਾਸ਼ਧਾਰੀ) ਬਣਾ ਦਿੱਤਾ ਗਿਆ ਅਤੇ ਜਿਹੜੇ ਬ੍ਰਾਹਮਣ ਦੀ ਈਨ ਮੰਨ ਕੇ ਉਤਰੀ ਭਾਰਤ ਵਿਚ ਰਹਿ ਗਏ, ਉਹ ਸਵੇਤੰਬਰ ਸਫੈਦ ਜਾਣ ਲੱਗੇ। ਉਨ੍ਹਾਂ ਨੇ ਬ੍ਰਾਹਮਣਾਂ ਵਾਂਗ ਸਫੈਦ ਵਸਤਰ ਧਾਰਨ ਕਰ ਲਏ। ਬ੍ਰਾਹਮਣਾਂ ਦੇ ਢਹੇ ਚੜ੍ਹੇ ਜੈਨੀਆਂ ਦਾ ਇਹ ਫਿਰਕਾ ਬ੍ਰਾਹਮਣਾਂ ਵਾਂਗ ਮੂਰਤੀ ਪੂਜਾ ਕਰਦਾ ਹੈ ਜਿਸ ਨੂੰ ਤੇਰਾ ਪੰਥ ਕਰ ਕੇ ਜਾਣਿਆ ਜਾਂਦਾ ਹੈ। ਆਲੀਸ਼ਾਨ ਜੈਨ ਮੰਦਰਾਂ ਵਿਚ ਮਹਾਂਵੀਰ ਦੀਆਂ ਸੰਗਮਰਮਰ ਦੀਆਂ ਮੂਰਤੀਆਂ ਆਣ ਵੜੀਆਂ। ਔਰੰਗਾਬਾਦ ਵਿਖੇ ਅਲੋਰਾ ਦੀਆਂ ਇਤਿਹਾਸਕ ਗੁਫਾਵਾਂ ਇਸ ਗੱਲ ਦੀਆਂ ਗਵਾਹ ਹਨ।



ਗੁਰਦਾਸ ਨੰਗਲ ਦਾ ਪੁਰਾਤਨ ਖੂਹ



ਗੁਰਦਾਸ ਨੰਗਲ ਦਾ ਮੌਜੂਦਾ ਗੁਰਦੁਆਰਾ

ਭਾਰਤ ਦੇ ਚਾਰ ਮੁੱਖ ਧਰਮਾਂ ਵਿਚੋਂ ਸਿਰਫ ਸਿੱਖ ਮਤ ਹੀ ਵਿਸ਼ੇਸ਼ ਰਹਿ ਗਿਆ ਜਿਸ 'ਤੇ ਹਿੰਦੂ ਧਰਮ ਲੰਬੇ ਸਮੇਂ ਤੋਂ ਆਪਣੀਆਂ ਕੋਝੀਆਂ ਨੀਤੀਆਂ ਰਾਹੀਂ ਹਮਲਾਵਰ ਰੁਖ ਧਾਰਨ ਕਰੀ ਬੈਠਾ ਹੈ। ਚਾਹੇ ਇਹ ਹਮਲਾ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਸ਼ੁਰੂ ਹੋ ਕੇ ਲਗਾਤਾਰ ਜਾਰੀ ਰਿਹਾ, ਪਰ ਜਿਸ ਤੀਬਰਤਾ ਨਾਲ ਅੱਜ ਇਹ ਮਾਰੂ ਰੂਪ ਧਾਰਨ ਕਰੀ ਬੈਠਾ ਹੈ, ਲਗਦਾ ਹੈ ਇਸ ਨਾਲ ਸਿੱਖੀ ਦੇ ਕਿੰਗਰਿਆਂ ਨੂੰ ਸੱਟ ਜ਼ਰੂਰ ਲੱਗੇਗੀ।

ਸਿੱਖ ਗੁਰੂ ਆਪਣੀ ਵਿਲੱਖਣ ਲਹਿਰ ਨੂੰ ਸਨਾਤਨੀ ਧਰਮ ਦੇ ਘੇਰੇ ਵਿਚ ਸੀਮਤ ਨਹੀਂ ਰੱਖਣਾ ਚਾਹੁੰਦੇ ਸਨ। ਜੀਵਨ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਧਾਰਮਿਕ, ਸਮਾਜਕ, ਆਰਥਿਕ ਤੇ ਰਾਜਨੀਤਕ ਪੱਧਰ 'ਤੇ ਨਜਿੱਠਣਾ ਉਨ੍ਹਾਂ ਦੇ ਧਰਮ ਦਾ ਵਿਸ਼ੇਸ਼ ਅੰਗ ਸੀ। ਧਰਮ ਦਾ ਨਿਸ਼ਾਨਾ ਸਿਰਫ ਬੰਦੇ ਦੇ ਚਰਿੱਤਰ ਨੂੰ ਬਦਲਣਾ ਨਹੀਂ, ਸਗੋਂ ਉਸ ਦੇ ਸਮਾਜੀ, ਆਰਥਿਕ, ਧਾਰਮਿਕ, ਸਭਿਆਚਾਰਕ ਅਤੇ ਰਾਜਨੀਤਕ ਚਰਿੱਤਰ ਨੂੰ ਵੀ ਬਦਲਣਾ ਹੈ, ਕਿਉਂਕਿ ਇਹ ਵਾਤਾਵਰਨ ਹੀ ਬੰਦੇ ਦੇ ਚਰਿੱਤਰ ਦੀ ਸਿਰਜਣਾ ਕਰਦਾ ਹੈ। ਜਾਤ-ਪਾਤੀ, ਵਰਨ ਆਸ਼ਰਮ ਅਤੇ ਹਿੰਸਕ ਰਾਜ ਪ੍ਰਬੰਧ ਦੀਆਂ ਸਥਾਪਤ ਸੰਸਥਾਵਾਂ ਖਤਮ ਕਰਨ ਲਈ ਲਾਜ਼ਮੀ ਸੀ ਕਿ ਇਨ੍ਹਾਂ ਦੇ ਮੁਕਾਬਲੇ ਨਵੀਆਂ ਸੰਸਥਾਵਾਂ ਖੜ੍ਹੀਆਂ ਕੀਤੀਆਂ ਜਾਣ। ਮੱਧ ਯੁੱਗੀ ਭਗਤੀ ਲਹਿਰ ਜਾਂ ਉਨ੍ਹਾਂ ਦੇ ਪੈਰੋਕਾਰਾਂ ਨੇ ਸਨਾਤਨੀ ਸਮਾਜ ਤੋਂ ਬਾਹਰ ਨਵੀਆਂ ਸੰਸਥਾਵਾਂ ਖੜ੍ਹੀਆਂ ਕਰਨ ਦਾ ਕੋਈ ਵੀ ਯਤਨ ਨਹੀਂ ਕੀਤਾ। ਇਹ ਠੀਕ ਹੈ ਕਿ ਉਨ੍ਹਾਂ ਦੇ ਵਿਚਾਰਾਂ ਨੇ ਦੱਬੇ-ਕੁਚਲੇ ਲੋਕਾਂ ਦੇ ਮਨਾਂ ਵਿਚ ਉਮੰਗਾਂ ਭਰ ਦਿੱਤੀਆਂ, ਪਰ ਉਨ੍ਹਾਂ ਉਮੰਗਾਂ ਨੂੰ ਪੂਰਾ ਕਰਨ ਦਾ ਕੋਈ ਜਥੇਬੰਦ ਯਤਨ ਨਹੀਂ ਕੀਤਾ ਗਿਆ। ਇਨ੍ਹਾਂ ਭਗਤਾਂ ਦੇ ਉਪਦੇਸ਼ ਕੇਵਲ ਨਿੱਜਵਾਦ ਅਤੇ ਧਾਰਮਿਕ ਪ੍ਰੇਰਨਾ ਤੱਕ ਹੀ ਸੀਮਤ ਰਹੇ। ਮੀਰਾ ਬਾਈ ਦੀ ਭਗਤੀ ਨਿੱਜਵਾਦੀ ਸੀ। ਉਹ ਆਪਣੀ ਭਗਤੀ ਵਿਚ ਇੰਨੇ ਮਸਤ ਰਹੇ ਕਿ ਉਨ੍ਹਾਂ ਨੇ ਉਸ ਸਮੇਂ ਦੇ ਸਮਾਜਕ ਅਤੇ ਰਾਜਨੀਤਕ ਮਸਲਿਆਂ ਵੱਲ ਧਿਆਨ ਹੀ ਨਹੀਂ ਦਿੱਤਾ। ਕੁਝ ਭਗਤ ਸੁਧਾਰਕ ਸਨ ਜਿਨ੍ਹਾਂ ਨੇ ਜਾਤ-ਪਾਤੀ ਪ੍ਰਬੰਧ ਦੀ ਵਿਚਾਰਧਾਰਾ ਵਿਚ ਛੋਟੇ-ਮੋਟੇ ਸੁਧਾਰ ਕਰਨ ਦੇ ਸੁਝਾਅ ਦਿੱਤੇ ਸਨ, ਪਰ ਹਿੰਦੂ ਧਰਮ ਦੇ ਮੂਲ ਢਾਂਚੇ ਨੂੰ ਵੰਗਾਰਨ ਦਾ ਕੋਈ ਯਤਨ ਨਹੀਂ ਕੀਤਾ। ਕਬੀਰ, ਨਾਮਦੇਵ, ਰਾਮਾਨੰਦ ਰਵਿਦਾਸ ਅਤੇ ਹੋਰ ਭਗਤਾਂ ਨੇ ਚਾਹੇ ਜਾਤ-ਪਾਤ ਦੀ ਵਿਚਾਰਕ ਬੁਨਿਆਦ ਨੂੰ ਵੰਗਾਰਿਆ ਪਰ ਉਨ੍ਹਾਂ ਨੇ ਜਾਤ-ਪਾਤੀ ਸਮਾਜ ਨੂੰ ਬਦਲਣ ਦਾ ਨਾ ਕੋਈ ਯਤਨ ਕੀਤਾ ਅਤੇ ਨਾ ਹੀ ਜਾਤ-ਪਾਤੀ ਸਮਾਜ ਤੋਂ ਬਾਹਰ ਕੋਈ ਨਵਾਂ ਸਮਾਜੀ ਪ੍ਰਬੰਧ ਉਸਾਰਨ ਦਾ ਯਤਨ ਕੀਤਾ। ਉਹ ਸ਼ੁੱਧ ਰਹੱਸਵਾਦੀ ਸਨ ਜਿਨ੍ਹਾਂ ਦਾ ਦਾਅਵਾ ਸੀ ਕਿ ਉਨ੍ਹਾਂ ਦਾ ਰੱਬ ਨਾਲ ਮੇਲ-ਮਿਲਾਪ ਹੈ। ਉਨ੍ਹਾਂ ਦੇ ਰਹੱਸਵਾਦੀ ਤਜਰਬੇ ਵਿਚੋਂ ਹੀ ਉਨ੍ਹਾਂ ਦਾ ਸਰਬੱਤ ਲਈ ਪਿਆਰ, ਦਇਆ ਤੇ ਮਾਨਵਵਾਦ ਫੁੱਟਦਾ ਸੀ। ਨਾ ਉਹ ਕਿਸੇ ਸੰਪਰਦਾ ਦੀ ਨੁਕਤਾਚੀਨੀ ਕਰਨਾ ਚਾਹੁੰਦੇ ਸਨ ਅਤੇ ਨਾ ਹੀ ਆਪਣੀ ਕੋਈ ਨਵੀਂ ਸੰਪਰਦਾ ਚਲਾਉਣਾ ਚਾਹੁੰਦੇ ਸਨ। ਉਹ ਸਿਰਫ ਮਾਨਵਵਾਦ ਵਿਚ ਆਪਣਾ ਯਕੀਨ ਪ੍ਰਗਟ ਕਰਨ 'ਤੇ ਤੁਲੇ ਹੋਏ ਸਨ। ਜੋ ਵੀ ਉਨ੍ਹਾਂ ਦੇ ਪੈਂਤੜੇ ਨਾਲ ਮਿਲਦਾ-ਜੁਲਦਾ ਸੀ, ਉਸ ਨੂੰ ਉਹ ਪ੍ਰਵਾਨ ਕਰ ਲੈਂਦੇ ਸਨ, ਉਸ ਦਾ ਸੋਮਾ ਭਾਵੇਂ ਕੋਈ ਵੀ ਹੋਵੇ; ਤੇ ਜੋ ਨਹੀਂ ਸੀ ਮਿਲਦਾ, ਉਸ ਨੂੰ ਉਹ ਰੱਦ ਕਰ ਦਿੰਦੇ ਸਨ। ਇਸੇ ਕਰ ਕੇ ਅੱਲਾ ਜਾਂ ਰਾਮ ਦੀ ਭਗਤੀ ਉਨ੍ਹਾਂ ਲਈ ਇਕ ਬਰਾਬਰ ਸੀ, ਬਸ਼ਰਤੇ ਉਨ੍ਹਾਂ ਦਾ ਅੱਲਾ ਜਾਂ ਰਾਮ, ਭਗਤਾਂ ਦੇ ਰੱਬ ਦੇ ਵਿਚਾਰ ਨਾਲ ਮੇਲ ਖਾਂਦਾ ਹੋਵੇ। ਸਮੁੱਚੇ ਤੌਰ 'ਤੇ ਇਨ੍ਹਾਂ ਭਗਤਾਂ ਦਾ ਉਪਦੇਸ਼ ਵੱਧ ਤੋਂ ਵੱਧ ਸਿਰਫ ਧਾਰਮਿਕ ਪ੍ਰੇਰਨਾ ਤੱਕ ਹੀ ਸੀਮਤ ਰਿਹਾ।

ਮੱਧ ਯੁੱਗ ਵਿਚ ਸਿਰਫ ਸਿੱਖ ਲਹਿਰ ਹੀ ਅਜਿਹੀ ਲਹਿਰ ਸੀ ਜਿਸ ਨੇ ਜਾਤ-ਪਾਤੀ ਸਮਾਜ ਤੋਂ ਬਾਹਰ ਸਿੱਖ ਪੰਥ ਕਾਇਮ ਕਰਨ ਦੀ ਯੋਜਨਾ ਬਣਾਈ ਜਿਸ ਵਿਚ ਬਰਾਬਰੀ, ਆਜ਼ਾਦੀ ਅਤੇ ਭਾਈਚਾਰੇ ਦੇ ਅੰਸ਼ ਮੌਜੂਦ ਸਨ। ਉਸ ਸਮੇਂ ਤੱਕ ਭਾਰਤ ਵਿਚ ਕੋਈ ਵੀ ਹੋਰ ਧਾਰਮਿਕ ਲਹਿਰ ਨਹੀਂ ਸੀ ਜਿਸ ਨੇ ਆਪਣੇ ਵੇਲੇ ਦੀਆਂ ਰਾਜਸੀ ਸਮੱਸਿਆਵਾਂ ਦਾ ਸਾਹਮਣਾ ਕਰਨ ਦੀ ਜੁਗਤ ਦਿਖਾਈ ਹੋਵੇ। ਕੋਈ ਵੀ ਅਜਿਹੀ ਲਹਿਰ ਨਹੀਂ ਸੀ ਜਿਸ ਨੇ ਗਰੀਬ ਜਨਤਾ ਨੂੰ ਆਪਣੀ ਹੋਣੀ ਦਾ ਆਪ ਮਾਲਕ ਬਣਾਉਣ ਬਾਰੇ ਸੋਚਿਆ ਵੀ ਹੋਵੇ। ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖੀ ਆਜ਼ਾਦੀ ਅਤੇ ਬਰਾਬਰੀ ਦੇ ਉਚੇ ਆਦਰਸ਼ ਪੂਰੇ ਕਰਨ ਵਾਸਤੇ ਹੀ ਇਸ ਲਹਿਰ ਨੂੰ ਫੌਜੀ ਰੂਪ ਦਿੱਤਾ। ਚੋਪਾ ਸਿੰਘ ਦੇ ਸ਼ਬਦਾਂ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ, "ਜੇ ਰਾਜ ਵਿਚ ਸਿੱਖੀ ਰਹੇਗੀ, ਤਾਂ ਮਿਹਰ ਹੈ ਅਤੇ ਸਿੱਖੀ ਜਾਵੇ ਤਾਂ ਕਹਿਰ ਹੈ।"

ਬਦਲਦੇ ਸਮੇਂ ਦੀ ਨੁਹਾਰ ਦੇਖੋ...ਅੱਜ ਸਿੱਖ ਹੀ ਸਿੱਖੀ ਨੂੰ ਖੋਰਾ ਲਾ ਰਹੇ ਹਨ। ਆਪਣੀਆਂ ਇਤਿਹਾਸਕ ਯਾਦਗਾਰਾਂ ਦੀ ਮੌਲਿਕਤਾ ਨੂੰ ਸੰਗਮਰਮਰੀ ਲਿਬਾਸ ਵਿਚ ਲਿਪਟਾਉਣ ਦੇ ਕੋਝੇ ਯਤਨ ਕੀਤੇ ਜਾ ਰਹੇ ਹਨ। ਗੁਰੂਆਂ, ਪੀਰਾਂ, ਯੋਧਿਆਂ ਤੇ ਸੂਰਬੀਰਾਂ ਦੀਆਂ ਮੌਲਿਕ ਯਾਦਗਾਰਾਂ ਤੋਂ ਪਾਸਾ ਵੱਟ ਲੈਣਾ, ਕੌਮ ਦੀ ਨਿਘਰਦੀ ਮਾਨਸਿਕਤਾ ਦੀ ਸੂਚਕ ਹੈ। ਜਿਹੜੀ ਜ਼ਮੀਨ 'ਤੇ ਗੁਰੂਆਂ, ਪੀਰਾਂ ਨੇ ਪੈਰ ਪਾਏ; ਜਿਨ੍ਹਾਂ ਵਿਹੜਿਆਂ ਵਿਚ ਸ਼ਹੀਦਾਂ ਦਾ ਖੂਨ ਡੁੱਲ੍ਹਿਆ; ਜਿਥੇ ਮਾਈਆਂ-ਬੀਬੀਆਂ ਤੇ ਬੱਚਿਆਂ ਨੇ ਅਦੁੱਤੀ ਕੁਰਬਾਨੀ ਦਿੱਤੀ; ਅੱਜ ਉਨ੍ਹਾਂ ਦੀਆਂ ਯਾਦਾਂ ਉਤੇ ਸੰਗਮਰਮਰੀ ਪੋਚਾ ਫੇਰਿਆ ਜਾ ਰਿਹਾ ਹੈ। ਸਿੱਖ ਇਤਿਹਾਸ ਦਾ ਦਬਿਆ ਅਦੁੱਤੀ ਖਜ਼ਾਨਾ ਆਪਣੇ ਆਖਰੀ ਸਾਹਾਂ 'ਤੇ ਹੈ। ਪੱਛਮੀ ਸੱਭਿਅਤਾ ਦੇ ਰਖਵਾਲੇ ਆਪਣੀਆਂ ਇਤਿਹਾਸਕ ਯਾਦਗਾਰਾਂ ਨੂੰ ਸੁਰਜੀਤ ਰੱਖਣ ਲਈ ਹਰ ਹੀਲਾ ਵਰਤਦੇ ਹਨ ਤਾਂ ਜੋ ਆਪਣੀਆਂ ਆਉਣ ਵਾਲੀਆਂ ਨਸਲਾਂ ਨੂੰ ਆਪਣੇ ਅਤੀਤ ਦੇ ਗੌਰਵਮਈ ਇਤਿਹਾਸ ਤੋਂ ਜਾਣੂੰ ਕਰਵਾ ਸਕਣ, ਤੇ ਅਸੀਂ ਕੁਹਾੜੇ 'ਤੇ ਪੈਰ ਮਾਰ ਰਹੇ ਹਾਂ।

ਉਦਾਹਰਣਾਂ ਤਾਂ ਬਹੁਤ ਹਨ, ਸਿਰਫ ਇਕ ਦਾ ਵਰਣਨ ਕਰਾਂਗਾ। ਇਸ ਸਾਲ ਪੰਜਾਬ ਦੀ ਫੇਰੀ ਸਮੇਂ ਉਸ ਮਹਾਨ ਇਤਿਹਾਸਕ ਅਸਥਾਨ 'ਤੇ ਜਾਣ ਦਾ ਮੌਕਾ ਨਸੀਬ ਹੋਇਆ ਜਿਥੇ ਅਣਗਿਣਤ ਸ਼ਹੀਦਾਂ ਨੇ ਆਪਣਾ ਖੂਨ ਦੇ ਕੇ ਸਿੱਖੀ ਦੀ ਆਨ ਤੇ ਸ਼ਾਨ ਬਰਕਰਾਰ ਰੱਖੀ ਸੀ। 50 ਸਾਲ ਦੇ ਵਕਫੇ ਪਿੱਛੋਂ ਸਿੱਖ ਰਾਜ ਦੇ ਬਾਨੀ ਬਾਬਾ ਬੰਦਾ ਸਿੰਘ ਬਹਾਦਰ ਦੇ ਅਸਥਾਨ 'ਤੇ ਪਹੁੰਚਿਆ ਤਾਂ ਮਨ ਪਰੇਸ਼ਾਨ ਤੇ ਪਸ਼ੇਮਾਨ ਹੋ ਉਠਿਆ ਕਿਉਂਕਿ ਉਸ ਮਹਾਨ ਯੋਧੇ ਦੀ ਇਤਿਹਾਸਕ ਯਾਦਗਾਰ ਦਾ ਮੁਹਾਂਦਰਾ ਹੀ ਬਦਲ ਚੁੱਕਿਆ ਸੀ। ਦੁਨੀ ਚੰਦ ਦੀ ਹਵੇਲੀ ਅਤੇ ਉਸ ਲੰਬੇ-ਚੌੜੇ ਰੇਤ ਦੇ ਟਿੱਬੇ ਜਿਥੇ ਸਿੰਘਾਂ ਨੇ ਮਹਾਨ ਕੁਰਬਾਨੀਆਂ ਕੀਤੀਆਂ ਸਨ, ਦਾ ਨਾਮੋ-ਨਿਸ਼ਾਨ ਬਾਕੀ ਨਹੀਂ ਸੀ ਰਿਹਾ। ਸਿੰਘਾਂ ਦੀਆਂ ਅਸਥੀਆਂ 'ਤੇ ਲੋਕਾਂ ਨੇ ਸੁਹਾਗਾ ਮਾਰ ਕੇ ਕਣਕਾਂ ਬੀਜ ਦਿੱਤੀਆਂ ਹਨ। ਸੰਗਮਰਮਰੀ ਗੁਰਦੁਆਰੇ ਦਾ ਨਿਰਮਾਣ ਕਰ ਦਿੱਤਾ ਗਿਆ ਹੈ ਜਿਸ ਨੂੰ ਬਾਬੇ ਦਾ ਗੁਰਦੁਆਰਾ ਕਿਹਾ ਜਾਂਦਾ ਹੈ। ਹੈਰਾਨੀ ਇਸ ਗੱਲ ਦੀ ਵੀ ਹੋਈ ਕਿ ਆਸੇ-ਪਾਸੇ ਦੇ ਪਿੰਡਾਂ ਦੇ ਲੋਕਾਂ ਨੂੰ ਬਾਬਾ ਬੰਦਾ ਬਹਾਦਰ ਬਾਰੇ ਜਾਣਕਾਰੀ ਨਾਂਹ ਦੇ ਬਰਾਬਰ ਹੈ। ਗੁਰਦਾਸ-ਨੰਗਲ ਦੀ ਲੜਾਈ ਦਾ ਕੋਈ ਵੀ ਨਿਸ਼ਾਨ ਬਾਕੀ ਨਹੀਂ ਰਿਹਾ। ਗੁਰਦਾਸ-ਨੰਗਲ ਦਾ ਇਤਿਹਾਸ ਕਬਰਾਂ ਦੀ ਭੇਟ ਚੜ੍ਹ ਗਿਆ ਹੈ। ਬਟਾਲੇ ਤੋਂ ਗੁਰਦਾਸਪੁਰ ਨੂੰ ਜਾਂਦੀ ਸੜਕ ਉਪਰ ਕਿਧਰੇ ਵੀ ਪਿੰਡ ਦੇ ਨਾਂ ਦਾ ਫੱਟਾ ਨਜ਼ਰ ਨਹੀਂ ਆਉਂਦਾ।

# ਗਲਤੀ ਵੱਡਾ ਬੰਦਾ ਹੀ ਮੰਨ ਸਕਦਾ ਹੈ!

***ਸ. ਗੁਰਬਚਨ ਸਿੰਘ ਭੁੱਲਰ ਨੇ ਇਸ ਲੇਖ ਵਿਚ ਜਿਸ ਬੰਦੇ ਅਤੇ ਜਿਸ ਬਾਤ ਬਾਰੇ ਚਰਚਾ ਛੋਹੀ ਹੈ, ਉਹ ਹੁਣ ਮਾਨੋ ਬੀਤੇ ਦੀਆਂ ਬਾਤਾਂ ਹੋ ਚੱਲੀਆਂ ਹਨ। ਗੱਲ ਬੜੀ ਸਾਧਾਰਨ ਹੈ, ਪਰ ਸਿਰੇ ਦੀ ਅਸਾਧਾਰਨ ਵੀ ਹੈ। ਬੰਦੇ ਦੇ ਤਰਕ ਦੀ ਲੜੀ ਸਿੱਧੀ ਨਿਆਂ ਨਾਲ ਜਾ ਜੁੜਦੀ ਹੈ ਜੋ ਅੱਜ ਕੱਲ੍ਹ ਬੜੀ ਸਸਤੀ ਸ਼ੈਅ ਬਣ ਗਈ ਹੈ। ਇਸ ਦੇ ਨਾਲ ਹੀ ਬਾਤ ਸੁਣਾ ਰਹੇ ਲੇਖਕ ਦੀ ਖੂਬਸੂਰਤੀ ਇਹ ਹੈ ਕਿ ਜਵਾਬ ਪਤਾ ਹੋਣ ਦੇ ਬਾਵਜੂਦ ਪਾਠਕ ਦੀ ਉਤਸੁਕਤਾ ਬਰਕਰਾਰ ਹੀ ਨਹੀਂ ਰਹਿੰਦੀ, ਬਲਕਿ ਬਹੁਤ ਅਛੋਪਲੇ ਜਿਹੀ ਨਿਆਂ ਦੇ ਹੱਕ ਵਿਚ ਸਰਕਦੀ ਜਾਪਦੀ ਹੈ। -ਸੰਪਾਦਕ***

ਆਜ਼ਾਦੀ ਮਿਲਣ ਮਗਰੋਂ ਰਾਜਸ਼ਾਹੀ ਨੂੰ ਖ਼ਤਮ ਕਰਨ ਲਈ ਰਿਆਸਤਾਂ ਨੂੰ ਭਾਰਤ ਵਿਚ ਮਿਲਾਉਣ ਦਾ ਸਵਾਲ ਉਭਰ ਕੇ ਸਾਹਮਣੇ ਆ ਗਿਆ। ਪੰਜਾਬ ਵਿਚ ਪਹਿਲੇ ਕਦਮ ਵਜੋਂ 15 ਜੁਲਾਈ 1948 ਨੂੰ ਪਟਿਆਲਾ ਅਤੇ ਸੱਤ ਹੋਰ ਰਿਆਸਤਾਂ-ਨਾਭਾ, ਸੰਗਰੂਰ, ਫ਼ਰੀਦਕੋਟ, ਕਪੂਰਥਲਾ, ਮਾਲੇਰਕੋਟਲਾ, ਨਾਲਾਗੜ੍ਹ ਤੇ ਕਲਸੀਆ ਮਿਲਾ ਕੇ 'ਪਟਿਆਲਾ ਐਂਡ ਈਸਟ ਪੰਜਾਬ ਸਟੇਟਸ ਯੂਨੀਅਨ' ਨਾਂ ਦਾ ਇਕ ਨਵਾਂ ਰਾਜ ਕਾਇਮ ਕਰ ਦਿੱਤਾ ਗਿਆ। ਆਮ ਬੋਲਚਾਲ ਵਿਚ ਇਹਨੂੰ ਪੈਪਸੂ ਕਿਹਾ ਜਾਂਦਾ ਸੀ। ਪਟਿਆਲਾ ਰਾਜਧਾਨੀ ਰੱਖ ਕੇ



**ਗੁਰਬਚਨ ਸਿੰਘ ਭੁੱਲਰ**
**ਫੋਨ: 01191-1165736868**
bhullargs@gmail.com

ਮਹਾਰਾਜਾ ਪਟਿਆਲਾ, ਯਾਦਵਿੰਦਰ ਸਿੰਘ ਨੂੰ ਰਾਜਪ੍ਰਮੁੱਖ ਥਾਪ ਦਿੱਤਾ ਗਿਆ ਜੋ ਅਜੋਕੇ ਰਾਜਪਾਲ ਵਾਂਗ ਸੀ। ਮਹਾਰਾਜਾ ਕਪੂਰਥਲਾ, ਜਗਤਜੀਤ ਸਿੰਘ ਉਪ-ਰਾਜਪ੍ਰਮੁੱਖ ਸੀ। ਇਹ ਐਵੇਂ ਸਮਾਂ-ਲੰਘਾਊ ਪ੍ਰਬੰਧ ਹੋਣ ਕਰਕੇ ਪੈਪਸੂ ਨੂੰ ਪਹਿਲੀ ਨਵੰਬਰ 1956 ਨੂੰ ਪੰਜਾਬ ਵਿਚ ਰਲਾ ਦੇਣ ਦਾ ਫੈਸਲਾ ਕਰ ਦਿੱਤਾ ਗਿਆ। ਅੱਜ ਦੀ ਵਾਰਤਾ ਇਸ ਰਲੇਵੇਂ ਨਾਲ ਹੀ ਸਬੰਧਤ ਹੈ। ਮੈਂ ਉਦੋਂ ਪੈਪਸੂ ਵਿਚ ਸਰਕਾਰੀ ਸਕੂਲ ਅਧਿਆਪਕ ਸੀ। ਪੈਪਸੂ ਵਿਚ ਰਿਆਸਤਾਂ ਵੇਲੇ ਦੀ ਪਰੰਪਰਾ ਅਨੁਸਾਰ ਬਹੁਤੇ ਅਧਿਆਪਕ ਕਿਸੇ ਕੋਰਸ ਤੋਂ ਬਿਨਾਂ ਹੀ ਨੌਕਰੀ ਕਰ ਰਹੇ ਸਨ। ਉਨ੍ਹਾਂ ਨੂੰ 'ਅਨਟਰੇਂਡ ਟੀਚਰ' ਕਿਹਾ ਜਾਂਦਾ ਸੀ। ਉਹ ਅਨਟਰੇਂਡ ਭਰਤੀ ਹੋ ਕੇ ਨੌਕਰੀ ਮੁੱਕੀ ਤੋਂ ਅਨਟਰੇਂਡ ਹੀ ਸੇਵਾ-ਮੁਕਤ ਹੋ ਜਾਂਦੇ। ਅੱਜ ਦੇ ਘੋਰ ਬੇਰੁਜ਼ਗਾਰੀ ਦੇ ਜ਼ਮਾਨੇ ਵਿਚ ਜਦੋਂ ਮੈਂ ਆਪਣਾ ਅਧਿਆਪਕ ਲੱਗਣਾ ਚੇਤੇ ਕਰਦਾ ਹਾਂ ਤਾਂ ਹੈਰਾਨੀ ਹੁੰਦੀ ਹੈ।

ਮੈਂ ਉਸ ਸਮੇਂ ਸਿਰਫ ਐਫ਼. ਐਸ-ਸੀ. ਕੀਤੀ ਹੋਈ ਸੀ, ਪੜ੍ਹਾਉਣ ਦਾ ਕੋਈ ਕੋਰਸ ਨਹੀਂ ਸੀ ਕੀਤਾ ਹੋਇਆ। ਕਾਗ਼ਜ਼ਾਂ ਦੀ ਜਨਮ-ਤਾਰੀਖ਼ ਅਨੁਸਾਰ ਜਿਉਂ ਹੀ 17 ਮਾਰਚ 1954 ਨੂੰ 18 ਸਾਲ ਦਾ ਹੋਇਆ, ਮੈਂ ਬਾਰ੍ਹਵੀਂ ਦਾ ਸਰਟੀਫ਼ੀਕੇਟ ਝੋਲ਼ੇ ਵਿਚ ਪਾਇਆ ਅਤੇ ਰਾਮਪੁਰਾ ਫੂਲ ਤੋਂ ਸਵੇਰ ਦੀ ਗੱਡੀ ਫੜ੍ਹ ਕੇ ਪਟਿਆਲੇ ਦੇ ਕਿਲ਼ਾ ਮੁਬਾਰਕ ਵਿਚ ਸਕੂਲਾਂ ਦੇ ਡਾਇਰੈਕਟਰ ਦੇ ਮੇਜ਼ ਉਤੇ ਜਾ ਰੱਖਿਆ। ਉਹ ਕਹਿੰਦਾ, "ਕਾਕਾ, ਬਾਹਰ ਬੈਠ, ਕਾਗ਼ਜ਼ ਬਣੇ ਤੋਂ ਤੈਨੂੰ ਬੁਲਾ ਲਵਾਂਗੇ।"

ਅੱਧੇ ਘੰਟੇ ਮਗਰੋਂ ਸੇਵਾਦਾਰ ਮੈਨੂੰ ਬੁਲਾ ਕੇ ਹੈਡਕਲਰਕ ਕੋਲ ਲੈ ਗਿਆ। ਉਹਨੇ ਮੇਰਾ ਨਿਯੁਕਤੀ-ਪੱਤਰ ਮੇਰੇ ਹੱਥ ਦਿੱਤਾ ਅਤੇ ਕਿਹਾ, "ਕਾਕਾ, ਸਟੇਸ਼ਨ ਤੈਨੂੰ ਬਠਿੰਡੇ ਦੇ ਡੀ. ਆਈ. ਸਾਹਿਬ ਅਲਾਟ ਕਰਨਗੇ। ਹਾਂ, ਅਸੀਂ ਕਿਥੇ ਡਾਕ ਵਿਚ ਪਾਉਂਦੇ ਫਿਰਾਂਗੇ, ਐਹ ਆਪਣੇ ਆਰਡਰ ਦੀ ਡੀ. ਆਈ. ਸਾਹਿਬ ਵਾਲੀ ਕਾਪੀ ਵੀ ਲੈ ਜਾ, ਉਨ੍ਹਾਂ ਨੂੰ ਹੱਥੀਂ ਦੇ ਦੇਈਂ। ਨਾਲੇ ਉਹ ਤੈਨੂੰ ਸਟੇਸ਼ਨ ਲੈਣ ਗਏ ਨੂੰ ਇਹ ਨਹੀਂ ਕਹਿਣਗੇ ਕਿ ਸਾਡੇ ਕੋਲ ਤਾਂ ਅਜੇ ਆਰਡਰ ਆਇਆ ਨਹੀਂ।" ਸਰਕਾਰੀ ਅਧਿਆਪਕ ਬਣ ਕੇ ਮੈਂ ਉਸੇ ਦਿਨ ਪਿਛਲੇ ਪਹਿਰ ਦੀ ਗੱਡੀ ਰਾਹੀਂ ਘਰ ਆ ਪਹੁੰਚਿਆ।

ਇਹਦੇ ਉਲਟ ਪੰਜਾਬ ਵਿਚ ਅਨਟਰੇਂਡ ਅਧਿਆਪਕ ਰੱਖੇ ਹੀ ਨਹੀਂ ਸਨ ਜਾਂਦੇ। ਮੁਕਦੀ ਗੱਲ, ਪੰਜਾਬ ਨੇ ਪੈਪਸੂ ਦੇ ਅਨਟਰੇਂਡ ਅਧਿਆਪਕ ਲੈਣ ਤੋਂ ਕੋਰੀ ਨਾਂਹ ਕਰ ਦਿੱਤੀ। ਪੈਪਸੂ ਸਾਹਮਣੇ ਇਹ ਬਹੁਤ ਵੱਡੀ ਸਮੱਸਿਆ ਆ ਖਲੋਤੀ। ਹਜ਼ਾਰਾਂ ਅਧਿਆਪਕਾਂ ਨੂੰ ਰੁਜ਼ਗਾਰ ਤੋਂ ਹੱਥ ਧੋਣੇ ਪੈਣੇ ਸਨ। ਪੈਪਸੂ ਦੇ ਵਿਦਿਆ ਮਹਿਕਮੇ ਦੇ ਅਧਿਕਾਰੀਆਂ ਨੇ ਸਿਆਣਪ ਤੋਂ ਕੰਮ ਲਿਆ ਅਤੇ ਇਹ ਫ਼ੈਸਲਾ ਸੁਣਦਿਆਂ ਹੀ ਖ਼ਾਲਸਾ, ਐਸ.ਡੀ., ਡੀ.ਏ.ਵੀ. ਤੇ ਹੋਰ ਸਭ ਹਾਈ ਸਕੂਲਾਂ ਨੂੰ ਜੇ.ਬੀ.ਟੀ. ਕੋਰਸ ਖੋਲ੍ਹਣ ਦੀ ਖੁੱਲ੍ਹ ਦੇ ਦਿੱਤੀ। ਇਉਂ ਰਲੇਵੇਂ ਸਮੇਂ ਉਹ ਅਧਿਆਪਕ ਸਿਖਲਾਈ-ਅਧੀਨ ਗਿਣੇ ਜਾਣੇ ਸਨ ਅਤੇ ਕੋਰਸ ਮੁਕਦਿਆਂ ਹੀ ਉਨ੍ਹਾਂ ਨੇ ਆਪਣੇ ਆਪਣੇ ਸਕੂਲ ਵਿਚ ਵਾਪਸ ਕੰਮ ਜਾ ਲੱਗਣਾ ਸੀ।

ਮੈਂ ਖ਼ਾਲਸਾ ਹਾਈ ਸਕੂਲ ਬਠਿੰਡਾ ਵਿਚ ਸਿਖਿਆਰਥੀ ਜਾ ਬਣਿਆ। ਉਥੇ ਸ਼ਾਮ ਸਿੰਘ ਨਾਂ ਦੇ ਹੈਡਮਾਸਟਰ ਸਨ। ਸਕੂਲ ਦੀ ਇਕ ਗੱਲ ਅਨੋਖੀ ਸੀ। ਹੈਡਮਾਸਟਰ ਤੋਂ ਇਲਾਵਾ ਉਥੇ ਚੇਤ ਸਿੰਘ ਨਾਂ ਦੇ ਇਕ ਬਜ਼ੁਰਗ 'ਪ੍ਰਿੰਸੀਪਲ' ਵੀ ਸਨ। ਕਿਸੇ ਹਾਈ ਸਕੂਲ ਵਿਚ ਅਜਿਹੀ ਕੋਈ ਪਦਵੀ ਨਹੀਂ ਸੀ। ਸੈਕੰਡਰੀ ਸਕੂਲ ਮਗਰੋਂ ਜਾ ਕੇ ਬਣੇ, ਜਿਨ੍ਹਾਂ ਦੇ ਮੁਖੀਆਂ ਨੂੰ ਪ੍ਰਿੰਸੀਪਲ ਕਿਹਾ ਜਾਂਦਾ ਹੈ। ਉਹ ਹੈਡਮਾਸਟਰ ਰਹੇ ਸਨ ਅਤੇ ਸਕੂਲ ਨੂੰ ਪੱਕੇ ਪੈਰੀਂ ਕਰਨ ਵਿਚ ਉਨ੍ਹਾਂ ਦੀ ਦੇਣ ਵੱਡੀ ਸੀ। ਇਸ ਕਰਕੇ ਕਮੇਟੀ ਨੇ ਸੇਵਾ-ਮੁਕਤੀ ਮਗਰੋਂ ਉਨ੍ਹਾਂ ਨੂੰ ਇਹ ਇੱਜ਼ਤ ਬਖ਼ਸ਼ੀ ਸੀ।

ਉਹ ਸ਼ਾਂਤ ਤੇ ਚੁਪੀਤੇ ਸੁਭਾਅ ਦੇ ਬਜ਼ੁਰਗ ਸਨ। ਸਫ਼ੈਦ ਦਾੜ੍ਹੀ, ਸਫ਼ੈਦ ਪੱਗ ਤੇ ਕਮੀਜ਼-ਪਜਾਮਾ; ਸਰਦੀਆਂ ਵਿਚ ਉਹ ਗੋਡਿਆਂ ਤੱਕ ਲੰਮਾ ਬੰਦ ਗਲੇ ਦਾ ਭੂਰਾ ਜਿਹਾ ਗਰਮ ਕੋਟ ਪਾ ਲੈਂਦੇ। ਸਾਡਾ ਤਾਂ ਉਹ ਕੋਈ ਪੀਰੀਅਡ ਨਹੀਂ ਸਨ ਲੈਂਦੇ, ਸ਼ਾਇਦ ਸਕੂਲੀ ਜਮਾਤਾਂ ਦੇ ਕੁਛ ਪੀਰੀਅਡ ਲੈਂਦੇ ਸਨ। ਉਹ ਕਿਸੇ ਗੱਲ ਵਿਚ ਕੋਈ ਦਖ਼ਲ ਨਹੀਂ ਸਨ ਦਿੰਦੇ ਅਤੇ ਬਾਕੀ ਸਮਾਂ ਆਪਣੇ ਦਫ਼ਤਰ ਵਿਚ ਹੀ ਬਿਤਾਉਂਦੇ। ਉਨ੍ਹਾਂ ਇਕੱਲਿਆਂ ਦਾ ਵੱਖਰਾ ਦਫ਼ਤਰੀ ਕਮਰਾ ਸੀ। ਉਨ੍ਹਾਂ ਨੂੰ ਇਕ ਸੇਵਾਦਾਰ ਵੀ ਮਿਲਿਆ ਹੋਇਆ ਸੀ ਜੋ ਗ਼ਰੀਬ ਘਰ ਦਾ ਮੁੰਡਾ ਸੀ ਅਤੇ ਉਸੇ ਸਕੂਲ ਦੀ ਪੂਰੀ-ਅਧੂਰੀ ਪੜ੍ਹਾਈ ਮਗਰੋਂ ਕੰਮ ਕਰਨ ਲੱਗ ਗਿਆ ਸੀ। ਸਵੇਰ ਦੀ ਅਰਦਾਸ ਮਗਰੋਂ ਪੀ.ਟੀ. ਮਾਸਟਰ ਸੀਟੀ ਮਾਰ ਕੇ ਵੱਖ ਵੱਖ ਕਤਾਰਾਂ ਵਿਚ ਖਲੋਤੀਆਂ ਜਮਾਤਾਂ ਨੂੰ ਕਮਰਿਆਂ ਵਿਚ ਭੇਜਣ ਲਗਦੇ। ਉਹ ਛੋਟੀਆਂ ਜਮਾਤਾਂ ਤੋਂ ਸ਼ੁਰੂ ਕਰ ਕੇ ਇਕ ਇਕ ਜਮਾਤ ਤੋਰਦੇ ਜਾਂਦੇ। ਵਿਦਿਆਰਥੀ-ਸਿਖਿਆਰਥੀ ਮੈਦਾਨ ਵਿਚ ਖਲੋਤੇ ਹੁੰਦੇ ਤੇ ਅਧਿਆਪਕ ਕਮਰਿਆਂ ਦੇ ਅੱਗੇ ਬਣੇ ਹੋਏ ਲੰਮੇ ਚੌਂਤਰੇ ਉਤੇ। ਇਕ ਦਿਨ ਪੀ.ਟੀ. ਮਾਸਟਰ ਪਹਿਲੀ ਸੀਟੀ ਮਾਰਨ ਲੱਗੇ ਸਨ ਕਿ ਪ੍ਰਿੰਸੀਪਲ ਚੇਤ ਸਿੰਘ ਨੇ ਉਨ੍ਹਾਂ ਨੂੰ ਰੋਕਿਆ, "ਠਹਿਰੋ, ਮੈਂ ਇਕ ਗੱਲ ਕਰਨੀ ਹੈ।" ਅਸੀਂ ਦੇਖਿਆ, ਉਨ੍ਹਾਂ ਤੋਂ ਕੁਛ ਦੂਰ ਉਨ੍ਹਾਂ ਦਾ ਸੇਵਾਦਾਰ ਹੱਥ ਬੰਨ੍ਹੀਂ ਨਿੰਮੋਝੂਣਾ ਖਲੋਤਾ ਸੀ। ਜਿਉਂ ਹੀ ਉਨ੍ਹਾਂ ਨੇ ਇਸ਼ਾਰਾ ਕਰ ਕੇ ਕਿਹਾ, "ਐਧਰ ਆ ਕਾਕਾ", ਮੁੰਡਾ ਰੋ ਰੋ ਹਾੜ੍ਹੇ ਕੱਢਣ ਲੱਗਿਆ, "ਨਾ ਜੀ, ਤੁਸੀਂ ਮੇਰੇ ਪਿਤਾ ਦੀ ਥਾਂ ਹੋ, ਮੇਰੇ ਉਤੇ ਇਹ ਪਾਪ ਨਾ ਚੜ੍ਹਾਉ!"

## ਸਤਿਜੁਗੀ ਲੋਕ

ਸਾਰੇ ਮੈਦਾਨ ਵਿਚ ਸੁੰਨ ਵਰਤ ਗਈ। ਕਿਸੇ ਨੂੰ ਕੁਛ ਸਮਝ ਨਹੀਂ ਸੀ ਆ ਰਿਹਾ। ਉਨ੍ਹਾਂ ਨੇ ਹੱਥ ਜੋੜ ਕੇ ਰੋ ਰਹੇ ਸੇਵਾਦਾਰ ਨੂੰ ਪਲੋਸ ਕੇ ਉਹਦੇ ਮੋਢੇ ਉਤੇ ਹੱਥ ਰੱਖਿਆ ਅਤੇ ਕਹਿਣ ਲੱਗੇ, "ਮੈਂ ਆਮ ਕਰਕੇ ਪ੍ਰੇਸ਼ਾਨ ਹੁੰਦਾ ਨਹੀਂ, ਪਰ ਅੱਜ ਕਿਸੇ ਕਾਰਨ ਘਰੋਂ ਕੁਛ ਪ੍ਰੇਸ਼ਾਨ ਆਇਆ ਸੀ। ਮੇਰੀ ਨਜ਼ਰ ਕਲਮਦਾਨ ਉਤੇ ਪਈ ਤਾਂ ਕੁਛ ਧੂੜ ਦਿੱਸੀ। ਮੈਂ ਇਹਨੂੰ ਕਿਹਾ ਤਾਂ ਇਹ ਬੋਲਿਆ, ਮੈਂ ਕੱਪੜਾ ਮਾਰ ਦਿੱਤਾ ਸੀ। ਮੈਂ ਕਿਹਾ, ਫੇਰ ਇਹ ਧੂੜ ਕਿਥੋਂ ਆ ਗਈ? ਇਹਨੇ ਕੱਪੜਾ ਮਾਰਨ ਲਈ ਆਉਂਦਿਆਂ ਕਿਹਾ, ਜੀ ਕੱਪੜਾ ਮਾਰਿਆ ਤਾਂ ਮੈਨੂੰ ਯਾਦ ਹੈ, ਕਿਤੇ ਧੂੜ ਰਹਿ ਗਈ ਹੋਊ। ਮੈਥੋਂ ਉਹ ਗੁਨਾਹ ਹੋ ਗਿਆ ਜੋ ਮੈਂ ਜ਼ਿੰਦਗੀ ਵਿਚ ਕਦੀ ਨਹੀਂ ਸੀ ਕੀਤਾ। ਇਸ ਗੁਨਾਹ ਦਾ ਕਾਰਨ ਇਹਦੀ ਕੋਈ ਗ਼ਲਤੀ ਨਹੀਂ, ਮੇਰੀ ਪ੍ਰੇਸ਼ਾਨੀ ਸੀ। ਮੈਂ ਇਸ ਬੱਚੇ ਦੇ ਲਫੇੜਾ ਮਾਰ ਬੈਠਾ। ਇਹ ਵਿਚਾਰਾ ਤਾਂ ਕੁਛ ਨਾ ਬੋਲਿਆ, ਮੇਰੇ ਅੰਦਰੋਂ ਆਵਾਜ਼ ਆਈ, ਤੂੰ ਇਹ ਕੀ ਕਰ ਦਿੱਤਾ ਚੇਤ ਸਿੰਘ?"

ਇਕ ਪਲ ਰੁਕ ਕੇ ਉਹ ਬੋਲੇ, "ਮੈਂ ਇਹਤੋਂ ਝੱਟ ਮਾਫ਼ੀ ਮੰਗ ਲਈ, ਪਰ ਮੇਰਾ ਮਨ ਸ਼ਾਂਤ ਨਹੀਂ ਹੋਇਆ। ਮੇਰਾ ਅੰਦਰ ਮੈਨੂੰ ਦੁਰਕਾਰ ਰਿਹਾ ਸੀ, ਤੇਰਾ ਗੁਨਾਹ ਬੰਦ ਕਮਰੇ ਵਿਚ ਮਾਫ਼ੀ ਮੰਗਣ ਵਾਲਾ ਨਹੀਂ। ਸੋ, ਮੈਂ ਤੁਹਾਡੇ ਸਭ ਦੇ ਸਾਹਮਣੇ ਇਸ ਬੇਦੋਸ਼ੇ ਬੱਚੇ ਤੋਂ ਖਿਮਾ ਮੰਗਦਾ ਹਾਂ।" ਉਨ੍ਹਾਂ ਨੇ ਰੋਂਦੇ ਮੁੰਡੇ ਸਾਹਮਣੇ ਹੱਥ ਜੋੜੇ, "ਬੇਟਾ ਮੈਨੂੰ ਮਾਫ਼ ਕਰ ਦੇ!"

ਮੁੰਡਾ ਧਾਹਾਂ ਮਾਰ ਕੇ "ਨਾ ਜੀ, ਨਾ ਜੀ" ਕਰਦਾ ਉਨ੍ਹਾਂ ਦੇ ਪੈਰਾਂ ਉਤੇ ਡਿੱਗ ਪਿਆ। ਉਨ੍ਹਾਂ ਨੇ ਉਹਨੂੰ ਮੋਢਿਆਂ ਤੋਂ ਫੜ ਕੇ ਖੜ੍ਹਾ ਕੀਤਾ, ਪੁਚਕਾਰ ਕੇ ਉਹਦੇ ਸਿਰ ਉਤੇ ਹੱਥ ਫੇਰਿਆ ਅਤੇ ਚੁੱਪਚਾਪ ਹੋਰ ਕੁਛ ਬੋਲੇ ਬਿਨਾਂ ਆਪਣੇ ਕਮਰੇ ਵਿਚ ਚਲੇ ਗਏ।

ਅੱਜ ਵੀ ਜਦੋਂ ਉਹ ਦਰਵੇਸ਼ ਪੁਰਸ਼ ਚੇਤੇ ਆ ਜਾਂਦਾ ਹੈ, ਮੇਰੀਆਂ ਅੱਖਾਂ ਸਿੱਲ੍ਹੀਆਂ ਹੋ ਜਾਂਦੀਆਂ ਹਨ ਅਤੇ ਮੱਥਾ ਉਹਦੀ ਮਹਾਨਤਾ ਅੱਗੇ ਝੁਕ ਜਾਂਦਾ ਹੈ।

# ਕਰਤਾਰਪੁਰ ਦਾ ਇਤਿਹਾਸਕ ਮਹੱਤਵ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਸ਼ੇਰ ਸ਼ਾਹ ਸੂਰੀ ਮਾਰਗ ਉਤੇ ਪੈਂਦਾ ਜਲੰਧਰ ਨੇੜਲਾ ਕਸਬਾ ਕਰਤਾਰਪੁਰ ਮੁੜ ਖਬਰਾਂ ਵਿਚ ਹੈ। ਇਥੇ ਪੰਜਾਬ ਸਰਕਾਰ ਵਲੋਂ ਆਉਂਦੇ ਅਗਸਤ ਮਹੀਨੇ ਸੁਤੰਤਰਤਾ ਸੰਗਰਾਮ ਦੀ ਵਿਸ਼ਵ ਪੱਧਰੀ ਯਾਦਗਾਰ ਦੀ ਉਸਾਰੀ ਦਾ ਨੀਂਹ ਪੱਥਰ ਰੱਖਿਆ ਜਾਣਾ ਹੈ। ਲੱਕੜੀ ਦਾ ਫਰਨੀਚਰ ਤੇ ਖੇਡਾਂ ਦਾ ਸਾਮਾਨ ਤਿਆਰ ਕਰਨ ਲਈ ਪ੍ਰਸਿੱਧ ਇਹ ਸ਼ਹਿਰ 1593 ਵਿਚ ਗੁਰੂ ਅਰਜਨ ਦੇਵ ਨੇ ਵਸਾਇਆ




ਸੀ। ਗੁਰੂ ਸਾਹਿਬ ਦੇ ਜਨਮ ਉਤਸਵ ਸਮੇਂ ਇਥੇ ਹਰ ਸਾਲ ਭਾਰੀ ਜੋੜ ਮੇਲਾ ਲੱਗਦਾ ਹੈ। ਸਵਾਮੀ ਦਯਾ ਨੰਦ ਦੇ ਗੁਰੂ ਵ੍ਰਿਜਾ ਨੰਦ ਦੀ ਜਨਮ ਭੋਇੰ ਵੀ ਇਹੀਓ ਹੈ। ਇਥੇ ਭਾਈ ਗੁਰਦਾਸ ਦੇ ਹੱਥਾਂ ਦੀ ਲਿਖੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤੋਂ ਬਿਨਾਂ ਗੁਰੂ ਹਰਿਗੋਬਿੰਦ ਦਾ ਖੜਗ, ਗੁਰੂ ਹਰਿ ਰਾਇ ਸਾਹਿਬ ਦਾ ਖੰਡਾ, ਗੁਰੂ ਅਰਜਨ ਦੇਵ ਜੀ ਦਾ ਪਾਠ ਗੁਟਕਾ ਹੀ ਨਹੀਂ ਬਾਬਾ ਸ੍ਰੀ ਚੰਦ ਤੇ ਬਾਬਾ ਗੁਰਦਿਤਾ ਦੀਆਂ ਕਈ ਯਾਦਗਾਰੀ ਵਸਤਾਂ ਵੀ ਸੰਭਾਲ ਕੇ ਰੱਖੀਆਂ ਹੋਈਆਂ ਹਨ। ਇਹ ਸ਼ਹਿਰ ਗੁਰੂ ਸਾਹਿਬਾਨ ਨਾਲ ਸਬੰਧਤ, ਥੰਮ ਸਾਹਿਬ, ਟਾਹਲੀ ਸਾਹਿਬ, ਬੇਰ ਸਾਹਿਬ ਆਦਿ ਪਵਿੱਤਰ ਅਸਥਾਨਾਂ ਅਤੇ ਗੁਰੂ ਤੇਗ ਬਹਾਦਰ ਅਤੇ ਮਾਤਾ ਗੁਜਰੀ ਦੇ ਵਿਆਹ ਸਥਾਨ ਲਈ ਜਾਣਿਆ ਜਾਂਦਾ ਹੈ। ਹੁਣ ਇਥੋਂ ਦੀ ਅਨਾਜ ਮੰਡੀ ਵਾਲੀ ਪੰਦਰਾਂ ਏਕੜ ਜ਼ਮੀਨ ਵਿਚ ਜੰਗ-ਏ-ਆਜ਼ਾਦੀ ਵਿਚ ਪੰਜਾਬੀਆਂ ਦੇ ਯੋਗਦਾਨ ਦੀ ਆਲੀਸ਼ਾਨ ਯਾਦਗਾਰ ਉਸਾਰੀ ਜਾਣੀ ਹੈ। ਇਹ ਯਾਦਗਾਰ ਆਉਂਦੀਆਂ ਪੀੜ੍ਹੀਆਂ, ਖਾਸ ਕਰਕੇ ਮੁੰਡੇ-ਕੁੜੀਆਂ ਲਈ ਚਾਨਣ ਮੁਨਾਰੇ ਦਾ ਕੰਮ ਦੇਵੇਗੀ।

ਯਾਦਗਾਰ ਦੀ ਉਸਾਰੀ ਦੀ ਨਿਗਰਾਨੀ ਸੁਪ੍ਰਸਿੱਧ ਆਰਕੀਟੈਕਟ ਰਾਜ ਰਵੇਲ ਨੂੰ ਸੌਂਪੀ ਜਾ ਰਹੀ ਹੈ। ਰਾਜ ਰਵੇਲ ਸੈਂਟਰਲ ਇੰਸਟੀਚਿਊਟ ਆਫ਼ ਟੈਕਨਾਲੋਜੀ ਤੇ ਟੈਲੀਵੀਜ਼ਨ ਸੈਂਟਰ ਦੇ ਨਿਰਮਾਣ ਤੋਂ ਬਿਨਾਂ ਪੁਰਤਗਾਲ ਵਿਖੇ ਲਿਸਬਨ ਇਸਮਾਇਲੀ ਸੈਂਟਰ ਤੇ ਬੀਜਿੰਗ ਵਿਚ ਭਾਰਤੀ ਸਫਾਰਤਖਾਨੇ ਦੇ ਡਿਜ਼ਾਈਨਾਂ ਲਈ ਜਾਣਿਆ ਜਾਂਦਾ ਹੈ। ਨਵੀਂ ਯਾਦਗਾਰ ਨਿਸਚੇ ਹੀ ਨੌਜਵਾਨਾਂ ਵਿਚ ਦੇਸ਼ ਭਗਤੀ ਅਤੇ ਰਾਸ਼ਟਰਵਾਦ ਦੀ ਭਾਵਨਾ ਪੈਦਾ ਕਰਨ ਦਾ ਕੰਮ ਕਰੇਗੀ। ਪੰਜਾਬ ਦੇ ਦੁਆਬਾ ਖੇਤਰ ਵਿਚ ਅਜਿਹੀ ਯਾਦਗਾਰ ਦਾ ਕਾਇਮ ਹੋਣਾ ਗਦਰੀ ਬਾਬਿਆਂ ਦੇ ਯੋਗਦਾਨ ਨੂੰ ਉਜਾਗਰ ਕਰਨ ਦਾ ਅਦੁਤੀ ਸੋਮਾ ਵੀ ਹੋ ਸਕਦੀ ਹੈ। ਮੇਰੇ ਮਿੱਤਰ ਬਰਜਿੰਦਰ ਸਿੰਘ ਹਮਦਰਦ ਦਾ ਇਸ ਫਾਊਂਡੇਸ਼ਨ ਦਾ ਮੈਂਬਰ ਸਕੱਤਰ ਹੋਣਾ ਮੇਰੇ ਵਰਗਿਆਂ ਲਈ ਮਾਣ ਦੀ ਗੱਲ ਹੈ। ਜੰਗ-ਏ-ਆਜ਼ਾਦੀ ਯਾਦਗਾਰ ਫਾਊਂਡੇਸ਼ਨ ਨੇ ਸੁਤੰਤਰਤਾ ਸੰਗਰਾਮ ਵਿਚ ਪੰਜਾਬੀਆਂ ਦੇ ਯੋਗਦਾਨ ਨੂੰ ਉਜਾਗਰ ਕਰਨ ਲਈ ਇੱਕ ਡੇਢ ਘੰਟੇ ਦੀ ਫਿਲਮ ਬਣਾਉਣ ਦਾ ਵੀ ਫੈਸਲਾ ਲਿਆ ਹੈ ਜਿਸ ਦੇ ਨਿਰਦੇਸ਼ਕ ਸ਼ਿਆਮ ਬੈਨੇਗਲ ਹੋਣਗੇ।

**ਬਲਾਤਕਾਰ ਬਾਰੇ ਨੀਤੀਵਾਨਾਂ ਦਾ ਦ੍ਰਿਸ਼ਟੀਕੋਣ:** ਜਿਉਂ ਜਿਉਂ ਬਲਾਤਕਾਰ ਦੀਆਂ ਵਾਰਦਾਤਾਂ ਵੱਧ ਰਹੀਆਂ ਹਨ, ਸਾਡੇ ਸਿਆਸਤਦਾਨਾਂ ਦਾ ਇਸ ਪ੍ਰਤੀ ਦ੍ਰਿਸ਼ਟੀਕੋਣ ਵੀ ਨੰਗਾ ਹੋ ਰਿਹਾ ਹੈ। ਕੋਈ ਵੀ ਦਿਨ ਅਜਿਹਾ ਨਹੀਂ ਚੜ੍ਹਦਾ ਜਦ ਮੀਡੀਆ ਅਜਿਹੀ ਖ਼ਬਰ ਨਹੀਂ ਦਿੰਦਾ। ਮਾੜੀ ਗੱਲ ਇਹ ਕਿ ਪੀੜਤ ਬਾਲੜੀਆਂ ਦੀ ਉਮਰ ਏਨੀ ਥੋੜ੍ਹੀ ਹੁੰਦੀ ਹੈ ਕਿ ਉਹ ਜੀਵਨ ਭਰ ਇਸ ਦੇ ਮਾਨਸਿਕ ਸਦਮੇ ਵਿਚੋਂ ਬਾਹਰ ਨਹੀਂ ਨਿਕਲ ਸਕਦੀਆਂ। ਸਾਡੇ ਸਿਆਸਤਦਾਨ ਏਨੇ ਗੈਰ ਜ਼ਿੰਮੇਵਾਰ ਹਨ ਕਿ ਇਸ ਨੂੰ ਹੋਊ ਪਰੇ ਦੀ ਸ਼੍ਰੇਣੀ ਵਿਚ ਸੁੱਟਣ ਦੀ ਸਿੱਖਿਆ ਦੇ ਰਹੇ ਹਨ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਉਤਰ ਪ੍ਰਦੇਸ਼ ਦੇ ਪ੍ਰਮੁੱਖ ਨੇਤਾ ਮੁਲਾਇਮ ਸਿੰਘ ਯਾਦਵ ਨੇ ਚੰਦ ਵੋਟਾਂ ਦਾ ਲਾਭ ਲੈਣ ਲਈ ਇਹ ਵੀ ਕਹਿ ਦਿੱਤਾ ਸੀ ਕਿ ਬੱਚਿਆਂ ਤੋਂ ਗਲਤੀ ਹੋ ਹੀ ਜਾਂਦੀ ਹੈ, ਇਨ੍ਹਾਂ ਨੂੰ ਏਨੀ ਸਜ਼ਾ ਨਹੀਂ ਦਿੱਤੀ ਜਾਣੀ ਚਾਹੀਦੀ। ਕਿਸੇ ਨੀਤੀਵਾਨ ਨੂੰ ਅਜਿਹੀ ਗੱਲ ਕਹਿੰਦੇ ਸਮੇਂ ਆਪਣਾ ਸਿਆਸੀ ਕੱਦ ਵੀ ਦੇਖਣਾ ਚਾਹੀਦਾ ਹੈ।

ਹੁਣ ਪੱਛਮੀ ਬੰਗਾਲ ਦੀ ਤ੍ਰਿਣਾਮੂਲ ਕਾਂਗਰਸ ਦੇ ਸੰਸਦ ਮੈਂਬਰ ਤੇ ਫ਼ਿਲਮੀ ਦੁਨੀਆਂ ਦੇ ਜਾਣੇ ਪਛਾਣੇ ਅਦਾਕਾਰ ਤੱਪਸ ਪਾਲ ਨੇ ਵਿਰੋਧੀ ਧਿਰ ਦਾ ਸਾਥ ਦੇਣ ਵਾਲੇ ਮਰਦਾਂ ਨੂੰ ਕਤਲ ਤੇ ਮਹਿਲਾਵਾਂ ਨੂੰ ਬਲਾਤਕਾਰ ਦਾ ਸ਼ਿਕਾਰ ਬਣਾਏ ਜਾਣ ਦੀ ਧਮਕੀ ਦਿੱਤੀ ਹੈ। ਮਾਰਕਸੀ ਪਾਰਟੀ ਦੇ ਜਲਸੇ ਜਲੂਸਾਂ ਨੂੰ ਦੇਖਦਿਆਂ ਉਸ ਨੂੰ ਆਪਣੇ ਸ਼ਬਦ ਵਾਪਸ ਵੀ ਲੈਣੇ ਪੈ ਗਏ ਹਨ। ਹੈਰਾਨੀ ਦੀ ਗੱਲ ਇਹ ਕਿ ਰਾਜ ਦੀ ਮੁਖ ਮੰਤਰੀ ਮਮਤਾ ਬੈਨਰਜੀ ਨੇ ਇਸ ਤਰ੍ਹਾਂ ਮੁਆਫੀ ਮੰਗੇ ਜਾਣ ਉਤੇ ਸੰਤੁਸ਼ਟੀ ਪ੍ਰਗਟ ਕੀਤੀ ਹੈ। ਗੱਲ ਮੁਆਫੀ ਤੇ ਸੰਤੁਸ਼ਟੀ ਦੀ ਨਹੀਂ। ਵੇਖਣਾ ਤਾਂ ਇਹ ਹੈ ਕਿ ਇੱਕ ਨੀਤੀਵਾਨ ਤੇ ਸਿਆਣੇ ਪੁਰਸ਼ ਦੇ ਮੂੰਹੋਂ ਉਹ ਸ਼ਬਦ ਨਿਕਲਣ ਹੀ ਕਿਉਂ ਜਿਨ੍ਹਾਂ ਦੇ ਓਹਲੇ ਵਿਚ ਅਨਪੜ੍ਹ ਤੇ ਗੈਰਜ਼ਿੰਮੇਵਾਰ ਲੋਕ ਘਿਨਾਉਣੇ ਕਰਮ ਕਰ ਸਕਦੇ ਹਨ।

ਇਨ੍ਹਾਂ ਧੀਆਂ ਭੈਣਾਂ ਵਾਲੇ ਨੀਤੀਵਾਨਾਂ ਨੂੰ ਮਹਿਲਾਵਾਂ ਦੀ ਨਜ਼ੁਕਤਾ ਤੋਂ ਲਾਭ ਲੈਣ ਵਾਲੇ ਗੁੰਡਾ ਅੰਸਰਾਂ ਦਾ ਪੱਖ ਪੂਰਨ ਦੀ ਥਾਂ ਮਹਿਲਾਵਾਂ ਦੀ ਵਿਦਿਆ ਤੇ ਸਿਹਤ ਸੁਰਖਸ਼ਾ ਵਲ ਧਿਆਨ ਦੇਣਾ ਚਾਹੀਦਾ ਹੈ।



*ਜਗਦੇਵ ਸਿੰਘ ਜੱਸੋਵਾਲ ਬਾਰੇ ਨਿੰਦਰ ਘੁਗਿਆਣਵੀ ਦੀ ਪੁਸਤਕ 'ਬਾਪੂ ਖੁਸ਼ ਹੈ' ਰਿਲੀਜ਼ ਕਰਨ ਸਮੇਂ ਦਾ ਦ੍ਰਿਸ਼*

**ਜਗਦੇਵ ਸਿੰਘ ਜੱਸੋਵਾਲ:** ਪੰਜਾਬ ਦੇ ਸਭਿਆਚਾਰਕ ਮੇਲਿਆਂ ਦੀ ਜਿੰਦ ਜਾਨ ਜਗਦੇਵ ਸਿੰਘ ਜੱਸੋਵਾਲ ਸਿਹਤ ਵਲੋਂ ਢਿੱਲਾ ਮੱਠਾ ਹੈ। ਪਰ ਨਿੰਦਰ ਘੁਗਿਆਣਵੀ ਨੇ ਉਹਦੇ ਜੀਵਨ ਤੇ ਉਸ ਦੀ ਦੇਣ ਬਾਰੇ ਤੀਜੀ ਪੁਸਤਕ 'ਬਾਪੂ ਖੁਸ਼ ਹੈ' ਲਿਖ ਕੇ ਉਸ ਦਾ ਸਭਿਆਚਾਰਕ ਬਿੰਬ ਸਵਰਗੀ ਮਹਿੰਦਰ ਸਿੰਘ ਰੰਧਾਵਾ ਦੇ ਹਾਣ ਦਾ ਬਣਾ ਦਿੱਤਾ ਹੈ। ਇਹ ਪੁਸਤਕ ਗੰਭੀਰ ਤੇ ਹਸਾਉਣੀਆਂ ਗੱਲਾਂ ਦੇ ਗੁਲਦਸਤੇ ਵਜੋਂ ਜਾਣੀ ਜਾਵੇਗੀ। ਜਿਥੋਂ ਤੱਕ ਮੇਰੇ ਨਿੱਜ ਦਾ ਸਬੰਧ ਹੈ ਇਸ ਪੁਸਤਕ ਦੇ ਵਰਕੇ ਫਰੋਲਦਿਆਂ ਮੈਂ ਖੇਤੀ ਯੂਨੀਵਰਸਿਟੀ ਲੁਧਿਆਣਾ ਵਿਚ ਬਿਤਾਏ ਦੋ ਸਾਲਾਂ ਵਿਚੋਂ ਲੰਘਿਆ ਹਾਂ।

ਇਥੇ ਮੈਨੂੰ ਜੱਸੋਵਾਲ ਤੋਂ ਬਿਨਾਂ ਅਮਰੀਕ ਸਿੰਘ ਚੀਮਾ ਵਰਗੇ ਮਿਹਰਬਾਨ, ਸਰਦਾਰਾ ਸਿੰਘ ਜੌਹਲ ਵਰਗੇ ਸਮਕਾਲੀ ਅਤੇ ਸੁਰਜੀਤ ਪਾਤਰ ਤੇ ਸ੍ਰੀਮਤੀ ਸੁਮੀਤਾ ਰੌਏ ਵਰਗੇ ਕਲਾ ਪ੍ਰੇਮੀ ਹੀ ਨਹੀਂ ਜਗਜੀਤ ਹਾਰਾ ਵਰਗੇ ਅਗਾਂਹਵਧੂ ਕਿਸਾਨਾਂ ਦੀ ਸੰਗਤ ਵੀ ਮਿਲੀ।

**ਅੰਤਿਕਾ: (ਹਰਿਭਜਨ ਸਿੰਘ)**
ਮੈਂ ਭਰੀ ਸੁਗੰਧੀਆਂ ਪੌਣ
ਸੱਜਣ ਤੇਰੇ ਬੂਹੇ,
ਵੇ ਤੂੰ ਇੱਕ ਵਾਰੀ ਤੱਕ ਲੈ ਕੌਣ
ਸੱਜਣ ਤੇਰੇ ਬੂਹੇ।
ਮੇਰੀ ਕੱਚੜੀ ਉਮਰ ਵਰੇਸ
ਸੰਗ ਤੇਰਾ ਚਾਹੇ,
ਮੇਰੇ ਸੁੱਚੜੇ ਸੁੱਚੜੇ ਅੰਗ
ਕੇਸ ਅਣਵਾਹੇ।



ਚਿੱਤ ਚੇਤਾ

ਕਾਨਾ ਸਿੰਘ
ਫੋਨ: 91-95019-44944

# ਲਿਹਾਜ਼ੀ

*ਕਾਨਾ ਸਿੰਘ ਦੇ ਚਿੱਤ-ਚੇਤੇ ਵਿਚੋਂ ਐਤਕੀਂ ਛਾਪੇ ਜਾ ਰਹੇ ਲੇਖ 'ਲਿਹਾਜ਼ੀ' ਦਾ ਰੰਗ ਨਿਵੇਕਲਾ ਅਤੇ ਨਿਆਰਾ ਹੈ। ਵੰਡਾਰੇ ਦੌਰਾਨ ਪਾਕਿਸਤਾਨ ਤੋਂ ਉਜੜ ਕੇ ਆਇਆ ਪਰਿਵਾਰ ਦਿੱਲੀ ਵਿਚ ਹੌਲੀ-ਹੌਲੀ ਆਪਣੀਆਂ ਜੜ੍ਹਾਂ ਲਾ ਰਿਹਾ ਹੈ। ਕਾਨਾ ਸਿੰਘ ਵੀ ਇਸ ਅਮਲ ਲਈ ਅਹੁਲ ਰਹੀ ਹੈ, ਆਪਣੇ ਘਰਦਿਆਂ ਦੇ ਐਨ ਨਾਲ-ਨਾਲ ਹੋਣ ਦੇ ਬਾਵਜੂਦ ਐਨ ਵੱਖਰੀ। ਅਸਲ ਵਿਚ ਉਹ ਆਪਣੇ ਬਲਬੂਤੇ ਆਪਣੇ ਪੈਰਾਂ 'ਤੇ ਖੜ੍ਹਨਾ ਲੋਚਦੀ ਹੈ। ਆਪਣੀ ਇਹ ਕਹਾਣੀ ਸੁਣਾਉਣ ਲਈ ਕਾਨਾ ਸਿੰਘ ਨੇ ਕਈ ਨਿੱਕੀਆਂ-ਨਿੱਕੀਆਂ ਕਹਾਣੀਆਂ ਦੀਆਂ ਲੜੀਆਂ ਜੋੜੀਆਂ ਹਨ। ਆਪਣੀਆਂ ਰਚਨਾਵਾਂ ਵਿਚ ਉਹ ਇਸੇ ਤਰ੍ਹਾਂ ਨਿੱਕੀਆਂ-ਨਿੱਕੀਆਂ ਗੱਲਾਂ ਕਰਦੀ-ਕਰਦੀ ਰਸਦਾਰ, ਸੁਘੜ, ਚੁਸਤ ਲਿਖਤ ਸਿਰਜ ਦਿੰਦੀ ਹੈ। 'ਲਿਹਾਜ਼ੀ' ਇਸ ਦੀ ਉਮਦਾ ਮਿਸਾਲ ਹੈ। -ਸੰਪਾਦਕ*

ਗਿਆਨੀ ਦੀ ਪੜ੍ਹਾਈ ਦੌਰਾਨ ਕੁਝ ਅਜਿਹੀਆਂ ਜਮਾਤਣਾਂ ਨਾਲ ਮੇਲ ਹੋਇਆ ਜੋ ਮੇਰੇ ਵਾਂਗ ਪੱਛਮੀ ਪੰਜਾਬ ਤੋਂ ਉਜੜ ਕੇ ਆਏ ਪਰਿਵਾਰਾਂ ਵਿਚੋਂ ਸਨ ਤੇ ਰੋਜ਼ੀ ਰੋਟੀ ਕਮਾਣ ਦੀ ਜਦੋ-ਜਹਿਦ ਵਿਚ ਹੱਥ ਪੈਰ ਮਾਰ ਰਹੀਆਂ ਸਨ। ਉਨ੍ਹਾਂ ਦੀ ਪ੍ਰੇਰਨਾ ਸਦਕੇ ਮੈਂ ਵੀ ਟੀਚਰ ਟਰੇਨਿੰਗ ਕਰਨ ਦਾ ਮਨ ਬਣਾ ਲਿਆ।

ਨਵੀਂ-ਨਵੀਂ ਹੀ ਸ਼ੁਰੂ ਹੋਈ ਤੇ ਮਾਨਤਾ ਪ੍ਰਾਪਤ ਐਚ.ਐਡ., ਯਾਨਿ ਹੈਪੀ ਟੀਚਰਜ਼ ਟ੍ਰੇਨਿੰਗ ਅੰਗਰੇਜ਼ੀ ਅਤੇ ਹਿੰਦੀ, ਸਰਕਾਰੀ ਅਤੇ ਗੈਰ-ਸਰਕਾਰੀ ਸਕੂਲਾਂ ਦੀਆਂ ਨਰਸਰੀ ਅਤੇ ਪ੍ਰਾਇਮਰੀ ਜਮਾਤਾਂ ਨੂੰ ਆਧੁਨਿਕ ਪ੍ਰਣਾਲੀ ਅਨੁਸਾਰ ਪੜ੍ਹਾਉਣ ਵਜੋਂ ਡਾਇਰੈਕਟਰ ਸ੍ਰੀ ਪਦਮਚੰਦ ਜੈਨ ਵਲੋਂ ਕਾਇਮ ਕੀਤੀ ਗਈ ਸੀ। ਇਸ ਦੀਆਂ ਵਿਦਿਆਰਥਣਾਂ ਜ਼ਿਆਦਾ ਕਰ ਕੇ ਚੰਗੇ ਖਾਂਦੇ-ਪੀਂਦੇ ਘਰਾਂ ਦੀਆਂ ਹੁੰਦੀਆਂ। ਛੇ ਮਹੀਨਿਆਂ ਦੀ ਨਵੀਂ-ਨਵੀਂ ਟ੍ਰੇਨਿੰਗ, ਨਵੇਂ-ਨਵੇਂ ਸਾਧਨ, ਨਵੇਂ ਪ੍ਰਯੋਗ ਤੇ ਨਵਾਂ-ਨਵਾਂ ਹੀ ਜੋਸ਼! ਲਿਖਤ ਇਮਤਿਹਾਨ ਅਤੇ ਇੰਟਰਵਿਊ ਵਿਚੋਂ ਲੰਘ ਕੇ ਮੈਂ ਟ੍ਰੇਨਿੰਗ ਕਰਨ ਲੱਗੀ। ਸ਼ਾਹਦਰੇ ਤੋਂ ਦਿੱਲੀ ਰੇਲ ਗੱਡੀ 'ਤੇ ਜਾਂਦੀ, ਤੇ ਫਿਰ ਸਟੇਸ਼ਨ ਤੋਂ ਦਰਿਆਗੰਜ, ਪੈਦਲ।

ਸ਼ਾਹਦਰਾ ਉਦੋਂ ਦਿੱਲੀ ਦੀ ਜਮੁਨਾਪਾਰ ਦੀ ਪਛੜੀ ਜਿਹੀ ਬਸਤੀ ਸੀ। ਬਹੁ-ਗਿਣਤੀ ਮੁਸਲਮਾਨ ਆਬਾਦੀ ਦੇ ਕੂਚ ਕਰ ਜਾਣ ਕਰ ਕੇ ਉਜੜ ਵੀ ਚੁੱਕੀ ਸੀ ਜਿਸ ਨੂੰ ਪੱਛਮੀ ਪੰਜਾਬ ਤੋਂ ਪਰਵਾਸ ਕਰ ਕੇ ਆਏ ਅਸਾਂ ਲੋਕਾਂ ਨੇ ਹੀ ਮੁੜ ਆਬਾਦ ਕੀਤਾ ਸੀ। ਮੇਰੇ ਪਿਤਾ ਜੀ ਦੇ ਨਾਲ ਕੁਝ ਉਦਮੀ ਮਿੱਤਰਾਂ ਨੇ ਮਿਲ ਕੇ ਗਾਂਧੀ ਮੈਮੋਰੀਅਲ ਮਿਡਲ ਸਕੂਲ ਅਰੰਭ ਕੀਤਾ। ਇਸ ਤੋਂ ਪਹਿਲਾਂ ਸ਼ਾਹਦਰੇ ਵਿਚ ਕੇਵਲ ਇਕ ਪ੍ਰਾਇਮਰੀ ਸਕੂਲ ਸੀ, ਤੇ ਉਹ ਵੀ ਮੁੰਡਿਆਂ ਲਈ ਹੀ। ਪਹਿਲੇ ਤਿੰਨ ਚਾਰ ਸਾਲ ਤਾਂ ਸਾਰੇ ਮਿੱਤਰ ਮੈਂਬਰ ਸਰਗਰਮ ਰਹੇ, ਫਿਰ ਕਿਸੇ ਦੀ ਬਦਲੀ ਹੋ ਗਈ, ਕੋਈ ਵਿਦੇਸ਼ ਕੂਚ ਕਰ ਗਿਆ। ਬੰਗਲਾਦੇਸ਼ (ਉਦੋਂ ਪੂਰਬੀ ਪਾਕਿਸਤਾਨ) ਤੋਂ ਆਏ ਸ੍ਰੀਮਾਨ ਮੁਖਰਜੀ ਨੇ ਆਪਣੀ ਹਿੰਮਤ ਨਾਲ ਮੁੰਡਿਆਂ ਲਈ ਮੁਖਰਜੀ ਹਾਈ ਸਕੂਲ ਖੋਲ੍ਹ ਕੇ ਮਨਜ਼ੂਰਸ਼ੁਦਾ ਵੀ ਕਰਾ ਲਿਆ।

ਹੁਣ ਗਾਂਧੀ ਮੈਮੋਰੀਅਲ ਸਕੂਲ ਦੀ ਜ਼ਿੰਮੇਵਾਰੀ ਸਿਰਫ ਤੇ ਸਿਰਫ ਮੇਰੇ ਪਿਤਾ ਜੀ ਦੇ ਸਿਰ 'ਤੇ ਹੀ ਪੈ ਗਈ। ਆਬਾਦੀ ਵਧਣ ਨਾਲ ਹੋਰ ਨਗਰ ਪਾਲਿਕਾ ਦੇ ਅਤੇ ਸਰਕਾਰੀ ਸਕੂਲ ਵੀ ਖੁੱਲ੍ਹ ਗਏ। ਨਵੀਨ ਸ਼ਾਹਦਰਾ ਵੀ ਉਸਰਨ ਲੱਗਾ। ਗਾਂਧੀ ਮੈਮੋਰੀਅਲ ਮਿਡਲ ਸਕੂਲ ਨਿਮਨ-ਸ਼੍ਰੇਣੀ ਅਤੇ ਦਲਿਤ ਪਰਿਵਾਰਾਂ ਦੇ ਮੁੰਡੇ-ਕੁੜੀਆਂ ਦੀ ਇਕਮਾਤਰ ਪਾਠਸ਼ਾਲਾ ਵਜੋਂ ਚਲਦਾ ਰਿਹਾ।

ਸੰਨ ਉਨੀ ਸੌ ਚੁਰੰਜਾ ਦਾ ਪਿਛਲੇਰਾ ਅੱਧ।

ਇਧਰ ਮੇਰੀ ਟ੍ਰੇਨਿੰਗ ਸ਼ੁਰੂ ਹੋਈ, ਤੇ ਉਧਰ ਸਕੂਲ ਦੀ ਮੁੱਖ ਅਧਿਆਪਕਾ ਇੰਦਰ ਕੌਰ ਨੇ ਅਸਤੀਫ਼ਾ ਦੇ ਦਿੱਤਾ। ਉਸ ਮੁੰਬਈ ਚਲੇ ਜਾਣਾ ਸੀ ਆਪਣੇ ਪੁੱਤਰ ਕੋਲ, ਹਮੇਸ਼ਾ ਲਈ। ਦਰਅਸਲ, ਭਾਪਾ ਜੀ ਅਕਸਰ ਵਿਧਵਾਵਾਂ ਜਾਂ ਲੋੜਵੰਦ ਇਸਤਰੀਆਂ ਨੂੰ ਹੀ ਨਿਯੁਕਤ ਕਰਦੇ ਸਨ ਅਤੇ ਨਾਲੋ-ਨਾਲ ਉਨ੍ਹਾਂ ਨੂੰ ਟੀਚਰ ਟ੍ਰੇਨਿੰਗ ਕਰ ਲੈਣ ਲਈ ਵੀ ਉਤਸ਼ਾਹਿਤ ਕਰਦੇ। ਜਦੋਂ ਕੋਈ ਅਧਿਆਪਕਾ ਟ੍ਰੇਨਿੰਗ ਕਰ ਲੈਣ ਮਗਰੋਂ ਸਰਕਾਰੀ ਸਕੂਲ ਵਿਚ ਉਸਤਾਨੀ ਲੱਗ ਜਾਂਦੀ ਤਾਂ ਖਾਲੀ ਆਸਾਮੀ ਕਿਸੇ ਹੋਰ ਲੋੜਵੰਦ ਨਾਲ ਭਰ ਲਈ ਜਾਂਦੀ।

ਭਾਪਾ ਜੀ ਸਵੇਰ ਦੀ ਗੱਡੀ ਉਤੇ ਦਿੱਲੀ ਜਾਂਦੇ ਤੇ ਫਿਰ ਉਥੋਂ ਬੱਸ ਰਾਹੀਂ ਭੋਗਲ ਪੈਟਰੋਲ ਪੰਪ ਦੀ ਨੌਕਰੀ 'ਤੇ। ਵਕਤ ਪਾ ਕੇ ਇਸ ਪੰਪ ਵਿਚ ਉਨ੍ਹਾਂ ਦੀ ਭਾਈਵਾਲੀ ਵੀ ਹੋ ਗਈ, ਪੰਝੀ ਪ੍ਰਤੀਸ਼ਤ ਦੇ ਹਿਸਾਬ ਨਾਲ; ਜੋ ਆਉਂਦੇ ਵੀਹ ਸਾਲਾਂ ਦੇ ਵਕਫ਼ੇ ਵਿਚ ਵਧਦੀ-ਵਧਦੀ ਖ਼ੁਦ-ਮੁਖ਼ਤਿਆਰੀ ਵੀ ਹੋ ਗਈ।

ਆਪਣੇ ਸੀਮਿਤ ਸਾਧਨਾਂ ਅਤੇ ਵੱਡੀ ਟੱਬਰਦਾਰੀ ਦੇ ਬਾਵਜੂਦ ਭਾਪਾ ਜੀ ਸਕੂਲ ਚਲਾਉਂਦੇ ਰਹੇ, ਗੱਡੀਉਂ ਚੜ੍ਹਦੇ-ਲਹਿੰਦੇ ਕਦੇ ਮੋਢਿਆਂ ਉਤੇ ਟਾਟ-ਪੱਟੀਆਂ ਦੇ ਬੰਡਲ ਢੋਂਦੇ ਤੇ ਕਦੇ ਹੱਥਾਂ ਵਿਚ ਬਲੈਕ-ਬੋਰਡ ਅਤੇ ਰਜਿਸਟਰਾਂ ਦੇ ਥੱਬਿਆਂ ਨਾਲ।

ਵੰਡ ਮਗਰੋਂ ਭਾਪਾ ਜੀ ਸਰਗਰਮ ਕਾਂਗਰਸੀ ਨਹੀਂ ਸਨ ਰਹੇ। ਨਾ ਹੀ ਕਦੇ ਕੋਈ ਚੋਣਾਂ ਲੜੇ ਪਰ ਸ਼ਾਹਦਰੇ ਦੀਆਂ ਕਾਂਗਰਸੀ, ਅਕਾਲੀ ਅਤੇ ਜਨਸੰਘੀ ਧਿਰਾਂ ਦੇ ਨੁਮਾਇੰਦੇ ਅਕਸਰ ਹੀ ਸਾਡੇ ਘਰ ਆ ਧਮਕਦੇ, ਆਪਸ ਵਿਚ ਬਹੁੰਸਦੇ ਤੇ ਭਾਪਾ ਜੀ ਸ਼ਾਂਤ-ਅਡੋਲ ਸਭ ਨੂੰ ਸੁਣਦੇ, ਪੋਲੇ ਜਿਹੇ ਕੁਝ ਕੁ ਸ਼ਬਦਾਂ ਵਿਚ ਆਪਣੀ ਰਾਇ ਦਿੰਦੇ ਜੋ ਸਭ ਨੂੰ ਪਰਵਾਨ ਹੁੰਦੀ। ਮੈਂ ਇਸ ਸਭ ਨੂੰ ਅੱਧ-ਪਚੱਧਾ ਹੀ ਸਮਝਦੀ। ਆਪਣੇ ਭਾਪਾ ਜੀ ਦੀ ਸਿਆਣਪ ਉਤੇ ਫ਼ਖ਼ਰ ਕਰਦੀ। ਮੇਰੇ ਚੇਤੇ ਦੀ ਤਖ਼ਤੀ ਉਪਰ ਉਕਰੇ ਇਹ ਕੁਝ ਅਮਿਟ ਪ੍ਰਭਾਵ ਹਨ।

ਇਹ ਵੀ ਅਕਸਰ ਸੁਣਨ ਵਿਚ ਆਉਂਦਾ ਕਿ ਲੀਡਰ ਸਾਹਿਬ (ਲੀਡਰ ਮੇਰੇ ਭਾਪਾ ਜੀ ਦੀ ਅੱਲ ਸੀ, ਗੁਜਰਖਾਨ ਤੋਂ ਪਈ ਹੋਈ ਤੇ ਇਥੇ ਵੀ ਗੁਜਰਖਾਨੀਆਂ ਰਾਹੀਂ ਸਰਬ ਪ੍ਰਵਾਨ ਹੋਈ) ਕਦੇ ਕਿਸੇ ਧਾਰਮਿਕ ਸੰਸਥਾ ਨੂੰ ਕੋਈ ਚੰਦਾ ਨਹੀਂ ਦਿੰਦੇ। ਉਹ ਆਪਣੀ ਕਮਾਈ ਦਾ ਦਸਵੰਧ ਵਿਦਿਆ ਦਾਨ 'ਤੇ ਹੀ ਲਗਾਉਂਦੇ। ਚਾਰ ਪੰਜ ਅਧਿਆਪਕਾਵਾਂ ਦੀਆਂ ਤਨਖਾਹਾਂ ਅਤੇ ਹੋਰ ਵੀ ਸਾਰੇ ਸਕੂਲ ਦੇ ਖਰਚੇ (ਦੋ ਆਨਾ ਪ੍ਰਤੀ ਫੀਸ ਤੋਂ ਜੋ ਇਕੱਠਾ ਹੁੰਦਾ) ਨਾਲ ਅਤੇ ਰਹਿੰਦਾ-ਖੂੰਹਦਾ ਆਪ ਪਾ ਕੇ ਸਕੂਲ ਚਲਾਈ ਰੱਖਦੇ।

ਹਾਂ, ਤਾਂ ਗੱਲ ਚੱਲ ਰਹੀ ਸੀ ਮੁੱਖ ਅਧਿਆਪਕਾ ਇੰਦਰ ਕੌਰ, ਜਿਸ ਦੀ ਮੈਂ ਵੀ ਸੱਤਵੀਂ ਤੱਕ ਵਿਦਿਆਰਥਣ ਰਹੀ ਸਾਂ ਇਸੇ ਸਕੂਲ ਵਿਚ, ਦੇ ਅਸਤੀਫ਼ੇ ਦੀ।

"ਭਾਪਾ ਜੀ, ਜੇ ਤੁਸੀਂ ਆਪਣੇ ਸਕੂਲ ਵਿਚ ਮੈਨੂੰ ਨੌਕਰੀ ਦੇ ਦਿਓ ਤਾਂ? ਉਂਜ ਵੀ ਮੈਨ ਪ੍ਰੈਕਟੀਕਲ ਟ੍ਰੇਨਿੰਗ ਵਾਸਤੇ ਹੋਰ ਸਕੂਲਾਂ ਵਿਚ ਸਬਕ ਦੇਣ ਜਾਣਾ ਪੈਸੀ।" ਮੈਂ ਭਾਪਾ ਜੀ ਨੂੰ ਆਖਿਆ।

"ਠੀਕ ਹੈ, ਪਰ ਤੈਨ ਛੇਵੀਂ, ਸਤਵੀਂ ਤੈ ਅੱਠਵੀਂ ਤ੍ਰੇਏ ਜਮਾਤਾਂ ਸੰਭਾਲਣੀਆਂ ਪੈਸਣ। ਸਕੂਲ ਨਾ ਖ਼ਰਚਾ ਪੂਰਾ ਨਹੀਂ ਹੋਣਾ।" ਭਾਪਾ ਜੀ ਦਾ ਉਤਰ ਸੀ।

"...ਤੇ ਤਨਖ਼ਾਹ?"

"ਉਹੀ ਜੋ ਇੰਦਰ ਕੌਰ ਕੀ ਮਿਲਨੀ ਸੀ, ਅਠੱਤੀ ਰੁਪਏ।"

"ਚਾਲ੍ਹੀ ਵੀ ਨਹੀਂ?"

ਮੈਂ ਗੋਲ ਹਿੰਦਸਿਆਂ ਦੇ ਵਿਹਾਰ ਦੀ ਆਦੀ ਸਾਂ। ਜੇਬ ਖਰਚ ਵੀ ਹਮੇਸ਼ਾਂ ਦਸ, ਪੰਦਰਾਂ ਦੇ ਹਿਸਾਬ ਨਾਲ ਹੀ ਸੂਤ ਬੈਠਦਾ। ਖਰੀਦਦਾਰੀ ਵੀ ਪੂਰੇ-ਪੂਰੇ ਹਿਸਾਬ ਨਾਲ ਰਾਸ ਆਉਂਦੀ। ਸਵਾਏ-ਪੌਣੇ ਮੈਨੂੰ ਹੁਣ ਵੀ ਔਖਿਆਂ ਕਰਦੇ ਹਨ।

ਮੇਰੀਆਂ ਅੱਖਾਂ ਭਰ ਆਈਆਂ। ਭਾਪਾ ਜੀ ਕੁਝ ਚਿਰ ਖ਼ਾਮੋਸ਼ ਰਹੇ ਤੇ ਫਿਰ ਬੋਲੇ, "ਜੇ ਤੈਨ ਇੰਦਰ ਕੌਰ ਨਾਲੋਂ ਦੋ ਰੁਪਏ ਵੱਧ ਤਨਖ਼ਾਹ ਦਿੱਤੀ ਤਾਂ ਇਹ ਤੇਰੇ ਨਾਲ ਲਿਹਾਜ਼ ਹੋਸੀ ਆਪਣੀ ਧੀ ਕਰ ਕੇ, ਤੈਨ ਇਹ ਲਿਹਾਜ਼ੀ ਵਾਧਾ ਚੰਗਾ ਲਗਸੀ?"

"ਲਿਹਾਜ਼ੀ ਵਾਧਾ?"

---

ਬਾਰ੍ਹਾਂ ਕੁ ਸਾਲਾਂ ਦੀ ਉਮਰ ਸੀ ਮੇਰੀ। ਤਾਸ਼ ਦੀਆਂ ਬਾਲ-ਖੇਡਾਂ, ਨੋਟ ਭਨਾਉਣ, ਡਾਕ ਚਲਾਉਣ, ਪੰਜ ਨੰਬਰੀ, ਭਾਬੋ ਤੇ ਰੰਮੀ ਸਾਰੀਆਂ ਹੀ ਖੇਡ ਲੈਂਦੀ ਸਾਂ ਮੈਂ, ਪਰ ਸਵੀਪ ਨਹੀਂ ਸੀ ਆਉਂਦੀ। ਵੱਡੇ ਭੈਣ-ਭਰਾਵਾਂ ਨੂੰ ਖੇਡਦਿਆਂ ਵੇਖਦੀ ਤੇ ਲਲਚਾਉਂਦੀ। ਬਿਮਾਰ ਹੋ ਗਈ ਉਦੋਂ। ਸ਼ਾਇਦ ਮਿਆਦੀ ਬੁਖ਼ਾਰ ਨਾਲ। ਐਤਵਾਰ ਦਾ ਦਿਨ। ਭਾਪਾ ਜੀ ਮੇਰਾ ਦਿਲ ਪਰਚਾਵਣ ਲਈ ਮੈਨੂੰ ਸਵੀਪ ਖੇਡਣੀ ਸਿਖਾਉਣ ਲੱਗੇ।... ਹੁਕਮ ਦੇ ਨਹਿਲੇ ਦੇ ਨੌਂ ਨੰਬਰ 'ਤੇ ਇੱਟ ਦੇ ਦਹਿਲੇ ਦੇ ਬਾਰ੍ਹਾਂ। ਵੱਧ ਪੱਤਿਆਂ ਦੇ ਤਿੰਨ ਤੇ ਹੁਕਮ ਦੇ ਪੱਤਿਆਂ ਦਾ ਇਕ। ਚਹੁੰ ਯੱਕਿਆਂ ਦੇ ਚਾਰ ਤੇ ਹੁਕਮ ਦੀ ਦੁੱਕੀ ਦਾ ਇਕ। ਕੁਲ ਮਿਲਾ ਕੇ ਤੀਹ ਨੰਬਰ।

ਤਿੰਨ-ਚਾਰ ਖੇਡਾਂ ਨਾਲ ਭਾਪਾ ਜੀ ਸਮਝਾਉਂਦੇ ਗਏ। ਮੈਂ ਸਮਝਦੀ ਗਈ। ਬੜੀ ਰੋਚਕ ਲੱਗੀ ਮੈਨੂੰ ਸਵੀਪ ਦੀ ਖੇਡ। ਬੜਾ ਉਤਸ਼ਾਹ। ਮੈਨੂੰ ਲੱਗਿਆ ਮੈਂ ਭਾਪਾ ਜੀ ਨੂੰ ਵੀ ਹਰਾ ਸਕਦੀ ਹਾਂ। ਖੇਡਦੀ ਗਈ। ਖੇਡਦੀ ਗਈ। ਤੇ ਫਿਰ ਸਿਰ ਦੁੱਖਣ ਲੱਗਾ। ਇਕ-ਅੱਧ ਸਵੀਪ ਲਾਉਣ ਤੋਂ ਖੁੰਝ ਗਈ। ਖਿਝ ਗਈ। ਪੀੜ ਦੇ ਨਾਲ ਬੁਖ਼ਾਰ ਵੀ ਵਧਣ ਲੱਗਾ ਪਰ ਖੇਡ ਸੀ ਕਿ ਮੇਰੇ ਲਈ ਜਨੂਨ ਬਣ ਗਈ ਸੀ।

ਥੱਲੇ ਪੰਜੀ ਸੀ ਕੱਲ-ਮੁਕੱਲੀ। ਪੱਤਾ ਭਾਪਾ ਜੀ ਨੇ ਸੁੱਟਣਾ ਸੀ। ਉਨ੍ਹਾਂ ਸੱਤੀ ਸੁੱਟੀ, ਤੇ ਮੈਂ ਝਬਦੇ ਹੀ ਬੇਗ਼ਮ ਸੁੱਟ ਕੇ ਸਵੀਪ ਲਾ ਲਈ।

ਜਿੱਤ ਦੇ ਅਹਿਸਾਸ ਨਾਲ ਭਾਪਾ ਜੀ ਵੱਲ ਤੱਕਿਆ। ਉਹ ਮੁਸ-ਮੁਸ ਕਰ ਰਹੇ ਸਨ। ਮੈਂ ਸਮਝ ਗਈ, ਇਹ ਸਵੀਪ ਭਾਪਾ ਜੀ ਨੇ ਜਾਣ-ਬੁੱਝ ਕੇ ਲੁਆਈ ਸੀ, ਮੈਨੂੰ ਜਿਤਾਉਣ ਲਈ। ਮੈਂ ਔਖ਼ਲਾ ਉਠੀ, ਗੁੱਸੇ ਵਿਚ ਪੱਤੇ ਸੁੱਟ ਕੇ ਰੋਣ ਲੱਗੀ।

"ਇਹ ਤੁਸਾਂ ਲਿਹਾਜ਼ੀ ਸਵੀਪ ਦਿੱਤੀ ਹੈ। ਮੈਂ ਨਹੀਂ ਖੇਡਣਾ ਤੁਸਾਂ ਨਾਲ ਕਦੇ ਵੀ। ਮੈਨੂੰ ਨਹੀਂ ਚਾਹੀਨਾ ਤੁਸਾਂ ਨਾ ਲਿਹਾਜ਼...!"

ਕੁਝ ਵੀ ਲਿਹਾਜ਼ੀ ਤੌਰ 'ਤੇ ਮਿਲਿਆ ਕਬੂਲ ਕਰਨਾ ਮੇਰੇ ਲਈ ਸ਼ਰਮਨਾਕ ਸੀ। ਅਪਮਾਨਜਨਕ।... ਮੈਂ ਅਠੱਤੀ ਰੁਪਏ ਦੀ ਤਨਖ਼ਾਹ ਉਤੇ ਹੀ ਨੌਕਰੀ ਕਬੂਲ ਕਰ ਲਈ।

ਟ੍ਰੇਨਿੰਗ ਦੀ ਫ਼ੀਸ ਚਾਲੀ ਰੁਪਏ ਮਹੀਨਾ ਸੀ। ਮੈਂ ਦੋ ਟਿਊਸ਼ਨਾਂ ਵੀ ਫੜ ਲਈਆਂ, ਦਸ ਦਸ ਰੁਪਏ ਦੀਆਂ। ਗੱਡੀ ਦੇ ਮਾਹਵਾਰੀ ਪਾਸ ਅਤੇ ਉਪਰਲੇ ਖਰਚ ਦਾ ਵੀ ਇੰਤਜ਼ਾਮ ਹੋ ਗਿਆ। ਪੁਰਾਣੀ ਦਿੱਲੀ ਦੇ ਸਟੇਸ਼ਨ ਤੋਂ ਦਰਿਆਗੰਜ ਲਈ ਬੱਸ ਦਾ ਕਿਰਾਇਆ ਦੋ ਆਨੇ ਸੀ। ਮੈਂ ਗਾਂਧੀ ਗਰਾਉਂਡ ਨੂੰ ਪੈਦਲ ਪਾਰ ਕਰ ਕੇ ਲਾਲ ਕਿਲ੍ਹੇ ਤੋਂ ਹੁੰਦੀ ਤੇ ਸਿੱਧੀ ਤੁਰਦੀ ਹੋਈ ਮੋਤੀ ਮਹੱਲ ਹੋਟਲ ਦੇ ਸਾਹਮਣਿਉਂ ਪਰਦਾ ਗਾਰਡਨ ਵਿਚੋਂ ਨਿਕਲ ਕੇ, ਹੈਪੀ ਇੰਸਟੀਚਿਊਟ ਵਿਚ ਜਾ ਪੁੱਜਦੀ ਤੇ ਇਸ ਤਰ੍ਹਾਂ ਰੋਜ਼ ਦੇ ਚਾਰ ਆਨੇ ਵੀ ਬਚਾਅ ਲੈਂਦੀ।

ਹੈਪੀ ਇੰਸਟੀਚਿਊਟ ਦੀ ਕਨਟੀਨ ਵਿਚ ਦੋ-ਦੋ ਆਨੇ ਦੇ ਕੂਪਨਾਂ ਨਾਲ ਚਾਹ-ਨਾਸ਼ਤਾ ਮਿਲਦਾ ਸੀ। ਬਾਹਲੀਆਂ ਜਮਾਤਣਾਂ ਕੋਠਾਂ ਕਾਰਾਂ ਵਾਲੀਆਂ ਵਿਆਹੀਆਂ-ਅਣਵਿਆਹੀਆਂ ਅਮੀਰਜ਼ਾਦੀਆਂ ਹੁੰਦੀਆਂ ਸਨ। ਜ਼ਿਆਦਾ ਕਰ ਕੇ ਮੇਰੇ ਸਾਦੇ ਸੂਤੀ ਸੂਟ ਅਤੇ ਗਾਂਧੀ ਚੱਪਲ ਅਤੇ ਢਕੇ ਸਿਰ ਨਾਲ ਮੈਂ ਇਥੇ ਵੀ ਅਟੱਕ ਹੀ ਰਹਿੰਦੀ। ਕਦੇ ਨਾ ਹੀਆ ਪੈਂਦਾ ਕੰਟੀਨ ਦੀ ਫ਼ਜ਼ੂਲ ਖਰਚੀ ਦਾ। ਬਸ ਇਕ ਜ਼ਿੱਦ ਸੀ ਆਪਣੇ ਬਲਬੂਤੇ ਪੱਕੇ ਪੈਰੀਂ ਖਲੋਣ ਦੀ। ਮਾਂ ਬਥੇਰੀ ਕੋਸ਼ਿਸ਼ ਕਰਦੀ ਆਨੇ-ਬਹਾਨੇ ਮਾਲੀ ਇਮਦਾਦ ਕਰਨ ਦੀ, ਪਰ ਮੇਰੇ ਨੰਨੇ ਅੱਗੇ ਉਸ ਦੀ ਪੇਸ਼ ਨਾ ਜਾਂਦੀ।

ਛੇ ਮਹੀਨਿਆਂ ਵਿਚ ਟ੍ਰੇਨਿੰਗ ਪੂਰੀ ਹੋ ਗਈ।

ਵੇਲੇ-ਕੁਵੇਲੇ ਲਈ ਆਪਣੀ ਬੱਚੀ ਨੂੰ ਤਿਆਰ ਕਰਨ ਵਜੋਂ ਟ੍ਰੇਨਿੰਗ ਦੀ ਇਜਾਜ਼ਤ ਤਾਂ ਮਿਲ ਗਈ ਸੀ, ਤੇ ਗਾਂਧੀ ਮੈਮੋਰੀਅਲ ਸਕੂਲ ਦੀ ਨੌਕਰੀ ਵੀ ਘਰ ਵਾਲੀ ਹੀ ਗੱਲ ਸੀ ਪਰ ਹੁਣ ਸਰਕਾਰੀ ਨੌਕਰੀ ਦੀ ਇਜਾਜ਼ਤ ਮਿਲੇਗੀ ਜਾਂ ਨਹੀਂ, ਤੌਖ਼ਲਾ ਸੀ।

"ਤੂੰ ਤਾਂ ਲੀਡਰ ਸਾਹਿਬ ਦੀ ਧੀ ਏਂ। ਤੇਰੇ ਭਾਪਾ ਜੀ ਦਾ ਤਾਂ ਇਕ ਇਸ਼ਾਰਾ ਹੀ ਕਾਫ਼ੀ ਹੈ ਬਤਰਾ ਸਾਹਿਬ ਲਈ।" ਨਾਲ ਦੀਆਂ ਸਹੇਲੀਆਂ ਕਹਿੰਦੀਆਂ।

ਬਤਰਾ ਸਾਹਿਬ ਸ਼ਾਹਦਰੇ ਦੀ ਨਗਰ ਪਾਲਿਕਾ ਦੇ ਪ੍ਰਧਾਨ ਸਨ। ਹੁਣ ਭਾਪਾ ਜੀ ਨੂੰ ਸਿਫ਼ਾਰਸ਼ ਲਈ ਆਖਾਂ ਤਾਂ ਕਿੰਜ?

"ਤੂੰ ਲਿਹਾਜ਼ੀ ਨੌਕਰੀ ਲੈਣੀ ਹੈ? ਤੈਨੂੰ ਆਪਣੀ ਲਿਆਕਤ 'ਤੇ ਸ਼ੱਕ ਹੈ?" ਭਾਪਾ ਜੀ ਨੇ ਇਹੋ ਆਖਣਾ ਸੀ।

ਜੇ ਹੋਰ ਕਿਸੇ ਦੀ ਵੀ ਸਿਫ਼ਾਰਸ਼ ਵੱਲ ਝਾਕਦੀ ਤਾਂ ਮੇਰੇ ਅੰਦਰ ਦੀ ਤਾਸ਼-ਪੱਤੇ ਸੁੱਟ ਕੇ ਬਲਿੰਦਣ ਵਾਲੀ ਕਾਨਾ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਮੈਂ ਨਹੀਂ ਸੀ ਝਾਕ ਸਕਣਾ...!

---

ਸਕੂਲਾਂ ਵਿਚ ਗਰਮੀ ਦੀਆਂ ਛੁੱਟੀਆਂ ਹੋ ਚੁੱਕੀਆਂ ਸਨ। ਸਕੂਲ ਹਾਲੇ ਖੁੱਲ੍ਹੇ ਨਹੀਂ ਸਨ ਕਿ ਜਮੁਨਾ ਨਦੀ ਵਿਚ ਹੜ੍ਹ ਆ ਗਿਆ। ਸੌ ਸਾਲ ਬਾਅਦ ਦਾ ਤਬਾਹਕੁਨ ਹੜ੍ਹ। ਸ਼ਾਹਦਰਾ ਰੇਲਵੇ ਸਟੇਸ਼ਨ ਤੋਂ ਪਾਰ ਦਾ ਸਾਰਾ ਇਲਾਕਾ, ਜੀ.ਟੀ. ਰੋਡ, ਰਾਧੂ ਟਾਕੀ, ਭੋਲਾ ਨਾਥ ਨਗਰ, ਰੋਹਤਾਸ ਨਗਰ, ਕਬੂਲ ਨਗਰ ਤੇ ਨਵੀਨ ਸ਼ਾਹਦਰਾ; ਸਭ ਪਾਣੀ ਵਿਚ ਡੁੱਬ ਗਏ। ਘਰ ਬਾਜ਼ਾਰ, ਸੜਕਾਂ ਗਲੀਆਂ ਸਭ ਪਾਣੀਓਂ-ਪਾਣੀ। ਜਿੱਥੇ ਬੱਸਾਂ ਚਲਦੀਆਂ ਸਨ, ਉਥੇ ਆਵਾਜਾਈ ਲਈ ਬੇੜੀਆਂ ਪੈ ਗਈਆਂ। ਸੰਕਟ ਵਿਚ ਫਸੇ ਘਰਾਂ ਦੀਆਂ ਛੱਤਾਂ ਤੋਂ ਪਰਿਵਾਰਾਂ ਦੇ ਰੁਦਨ ਕੰਨ ਪਾੜਦੇ। ਹੈਲੀਕਾਪਟਰਾਂ ਰਾਹੀਂ ਉਨ੍ਹਾਂ ਨੂੰ ਖਾਧ ਸਮੱਗਰੀ ਸੁੱਟੀ ਜਾਂਦੀ।

ਸ਼ਾਹਦਰਾ ਸ਼ਹਿਰ ਨੇ ਵੀ ਨਹੀਂ ਸੀ ਬਚਣਾ ਪਰ ਰੇਲਵੇ ਪੁਲ ਹੇਠੋਂ ਲੰਘਦੀ ਸ਼ਹਿਰ ਦੀ ਇਕ ਮਾਤਰ ਸੜਕ ਨੂੰ ਪਾਣੀ ਦੀ ਮਾਰ ਤੋਂ ਰੋਕਣ ਲਈ ਪੁਲ ਹੇਠਾਂ ਦੇ ਰਾਹ ਨੂੰ ਸੀਮਿੰਟ ਦੇ ਬੋਰਿਆਂ ਨਾਲ ਬੀੜ ਦਿੱਤਾ ਗਿਆ ਅਤੇ ਸੈਨਾ ਨੇ ਜਮਨਾ ਨਦੀ ਦੇ ਪੁਲ ਅਤੇ ਸ਼ਾਹਦਰੇ ਦੇ ਵਿਚਕਾਰ ਦੀ ਜਰਨੈਲੀ ਸੜਕ ਵਿਚ ਬੰਬ ਸੁੱਟ ਕੇ ਧਰਤੀ ਨੂੰ ਫਾੜਦਿਆਂ ਪਾਣੀ ਦੇ ਵਹਾਅ ਨੂੰ ਆਬਾਦੀ ਵਲੋਂ ਉਲਟੇ ਪਾਸੇ ਮੋੜ ਕੇ ਸ਼ਾਹਦਰੇ ਨੂੰ ਬਚਾਅ ਲਿਆ।

ਹੁਣ ਸ਼ਾਹਦਰਾ ਸ਼ਹਿਰ ਵਿਚਲੇ ਸਕੂਲ, ਮੰਦਰ, ਗੁਰਦੁਆਰਾ, ਧਰਮਸ਼ਾਲਾ ਆਦਿ ਸਭ ਸਥਾਨ ਪਾਣੀ ਦੀ ਮਾਰ ਕਾਰਨ ਉਜੜੇ ਹੋਏ ਪਰਿਵਾਰਾਂ ਲਈ ਸ਼ਰਨਗਾਹਾਂ ਬਣ ਗਏ। ਇਨ੍ਹਾਂ ਹੜ੍ਹ ਪੀੜਤਾਂ ਲਈ ਖੁਰਾਕ, ਕੱਪੜੇ, ਦਵਾਈਆਂ ਜੁਟਾਉਣ ਲਈ ਜਿੰਨੇ ਵੀ ਹੱਥ ਹੁੰਦੇ, ਥੋੜ੍ਹੇ ਸਨ।

ਦਿੱਲੀ ਦਾ ਰਸਤਾ ਟੁੱਟ ਚੁੱਕਾ ਸੀ। ਸ਼ਾਹਦਰੇ ਵਿਚ ਵੱਸਦੇ ਨਗਰ ਪਾਲਿਕਾ ਦੇ ਨੌਕਰੀ ਪੇਸ਼ਾ ਲੋਕਾਂ ਤੋਂ ਇਲਾਵਾ ਸਾਡੇ ਵਰਗੇ ਨਵੇਂ-ਨਵੇਂ ਟ੍ਰੇਨਿੰਗ-ਸ਼ੁਦਾ ਅਧਿਆਪਕਾਂ ਨੂੰ ਵੀ ਵਲੰਟੀਅਰਾਂ ਵਜੋਂ ਕੰਮ ਕਰਨ ਲਈ ਸੱਦਾ ਦਿੱਤਾ ਗਿਆ। ਲੋਹਾਂ ਤਪਦੀਆਂ। ਲੰਗਰ ਤਿਆਰ ਹੁੰਦੇ। ਦੁੱਧ, ਰਾਸ਼ਨ ਦੀਆਂ ਪਰਚੀਆਂ ਵੰਡੀਆਂ ਜਾਂਦੀਆਂ। ਸੇਵਾਦਾਰਾਂ ਦੇ ਕਾਫ਼ਲੇ ਵਿਚ ਮੈਂ ਵੀ ਸ਼ਾਮਲ ਹੋ ਗਈ, ਪੂਰੀ ਧੁੰਨ ਤੇ ਸਰਗਰਮੀ ਨਾਲ।

ਦੋ ਕੁ ਮਹੀਨਿਆਂ ਵਿਚ ਹੜ੍ਹਾਂ ਨੂੰ ਠੱਲ੍ਹ ਪਈ। ਹੌਲੀ-ਹੌਲੀ ਲੋਕ ਘਰਾਂ ਨੂੰ ਪਰਤਣ ਲੱਗੇ। ਨਵੀਨ ਸ਼ਾਹਦਰੇ ਦਾ ਨਗਰ ਪਾਲਿਕਾ ਦਾ ਸਕੂਲ ਦੋ ਸਾਲ ਹੀ ਪਹਿਲਾਂ ਖੁੱਲ੍ਹਿਆ ਸੀ। ਪਾਣੀ ਵਿਚ ਛੱਤੋ-ਛੱਤ ਡੁੱਬ ਜਾਣ ਕਾਰਨ ਉਸ ਦਾ ਸਾਰਾ ਫਰਨੀਚਰ ਰਿਕਾਰਡ ਸਮੇਤ ਰੁੜ੍ਹ ਗਿਆ। ਹੁਣ ਮੁੜ ਨਵੇਂ ਦਾਖ਼ਲੇ ਤੇ ਨਵੀਆਂ ਭਰਤੀਆਂ ਹੋਣੀਆਂ ਸਨ। ਅਧਿਆਪਕਾਂ ਦੀ ਨਿਯੁਕਤੀ ਮੁਢਲੀ ਲੋੜ ਸੀ। ਟ੍ਰੇਨਿੰਗ-ਸ਼ੁਦਾ ਵਲੰਟੀਅਰਾਂ ਨੂੰ ਇੰਟਰਵਿਊ ਲਈ ਬੁਲਾ ਲਿਆ ਗਿਆ। ਮੈਂ ਵੀ ਉਨ੍ਹਾਂ ਵਿਚੋਂ ਇਕ ਸਾਂ। ਇੰਟਰਵਿਊ ਲੈਣ ਲੱਗਿਆਂ ਜਦੋਂ ਬਤਰਾ ਸਾਹਿਬ ਨੇ ਮੇਰੀ ਅਰਜ਼ੀ ਉਪਰ ਨਜ਼ਰ ਮਾਰੀ ਤਾਂ ਪਿਤਾ ਦੀ ਥਾਂ 'ਤੇ ਭਾਪਾ ਜੀ ਦਾ ਨਾਂ ਪੜ੍ਹ ਕੇ ਚੌਂਕ ਗਏ।

"ਹੈਂ, ਤੂੰ ਲੀਡਰ ਸਾਹਿਬ ਦੀ ਧੀ ਏਂ ਤੇ ਉਨ੍ਹਾਂ ਕਦੇ ਜ਼ਿਕਰ ਹੀ ਨਹੀਂ ਕੀਤਾ।"

ਜ਼ਾਹਿਰ ਹੈ, ਲਿਹਾਜ਼ ਭਾਪਾ ਜੀ ਦੇ ਅਸੂਲਾਂ ਦੇ ਖਿਲਾਫ਼ ਸੀ ਅਤੇ ਮੇਰੀ ਫ਼ਿਤਰਤ ਨੂੰ ਨਾ-ਮਨਜ਼ੂਰ।

ਨੌਕਰੀ ਮਿਲ ਗਈ।

ਅੱਜ ਉਮਰ ਦੇ ਆਖ਼ਰੀ ਪੜਾਅ ਵਿਚ ਆਪਣੀਆਂ ਅੱਖਾਂ ਵਿਚੋਂ ਭਾਪਾ ਜੀ ਦੀਆਂ ਮਾਣਮੱਤੀਆਂ ਅੱਖਾਂ ਵਿਚ ਸਿੱਧਾ ਵੇਖਦੀ ਮੈਂ ਆਪਮੁਹਾਰੀ ਕਹਿ ਉਠਦੀ ਹਾਂ, ਵਾਹ ਭਾਪਾ ਜੀ ਸੁਬਹਾਨ ਅੱਲਾਹ!



ਅੱਜ ਦੇ ਸ਼ਾਹਦਰੇ (ਦਿੱਲੀ) ਦੀ ਇਕ ਝਲਕ ਜਿਥੇ ਵੰਡਾਰੇ ਤੋਂ ਬਾਅਦ ਉਜੜੇ, ਲੇਖਕਾ ਦੇ ਮਾਪੇ ਆਣ ਟਿਕੇ ਸਨ।

> *ਸ਼ਾਹਦਰਾ ਉਦੋਂ ਦਿੱਲੀ ਦੀ ਜਮੁਨਾਪਾਰ ਦੀ ਪਛੜੀ ਜਿਹੀ ਬਸਤੀ ਸੀ। ਬਹੁ-ਗਿਣਤੀ ਮੁਸਲਮਾਨ ਆਬਾਦੀ ਦੇ ਕੂਚ ਕਰ ਜਾਣ ਕਰ ਕੇ ਉਜੜ ਵੀ ਚੁੱਕੀ ਸੀ ਜਿਸ ਨੂੰ ਪੱਛਮੀ ਪੰਜਾਬ ਤੋਂ ਪਰਵਾਸ ਕਰ ਕੇ ਆਏ ਅਸਾਂ ਲੋਕਾਂ ਨੇ ਹੀ ਮੁੜ ਆਬਾਦ ਕੀਤਾ ਸੀ। ਮੇਰੇ ਪਿਤਾ ਜੀ ਦੇ ਨਾਲ ਕੁਝ ਉੱਦਮੀ ਮਿੱਤਰਾਂ ਨੇ ਮਿਲ ਕੇ ਗਾਂਧੀ ਮੈਮੋਰੀਅਲ ਮਿਡਲ ਸਕੂਲ ਆਰੰਭ ਕੀਤਾ। ਇਸ ਤੋਂ ਪਹਿਲਾਂ ਸ਼ਾਹਦਰੇ ਵਿਚ ਕੇਵਲ ਇਕ ਪ੍ਰਾਇਮਰੀ ਸਕੂਲ ਸੀ, ਤੇ ਉਹ ਵੀ ਮੁੰਡਿਆਂ ਲਈ ਹੀ। ਪਹਿਲੇ ਤਿੰਨ ਚਾਰ ਸਾਲ ਤਾਂ ਸਾਰੇ ਮਿੱਤਰ ਮੈਂਬਰ ਸਰਗਰਮ ਰਹੇ, ਫਿਰ ਕਿਸੇ ਦੀ ਬਦਲੀ ਹੋ ਗਈ, ਕੋਈ ਵਿਦੇਸ਼ ਕੂਚ ਕਰ ਗਿਆ।*

# ਰੌਣਕਾਂ ਕਿਥੇ ਉਡ ਗਈਆਂ ਖੰਭ ਲਾ ਕੇ...


ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com


ਸਿਖਰ ਦੁਪਹਿਰ, ਅਤਿ ਦੀ ਗਰਮੀ। ਉਤੋਂ ਬਿਜਲੀ ਦੇ ਲੰਮੇ ਕੱਟਾਂ ਨੇ ਲੋਕਾਂ ਦਾ ਜਿਉਣਾ, ਮਰਨ ਨਾਲੋਂ ਵੀ ਮਾੜਾ ਕੀਤਾ ਹੋਇਆ ਸੀ। ਮੱਲ ਬਾਬਾ ਪੱਕੇ ਦਰਵਾਜ਼ੇ ਦੀਆਂ ਪੌੜੀਆਂ ਚੜ੍ਹਦਾ ਆ ਰਿਹਾ ਸੀ, "ਮਾਰ'ਤਾ ਓਏ ਇਸ ਗਰਮੀ ਨੇ! ਕਿਤੇ ਪੱਤਾ ਵੀ ਨਹੀਂ ਹਿੱਲਦਾ। ਐਨੀ ਗਰਮੀ ਪਹਿਲਾਂ ਕਦੇ ਨਹੀਂ ਪਈ ਸੀ।"

"ਬਾਬਾ! ਤੂੰ ਸਿਖਰ ਦੁਪਹਿਰੇ ਕਿਧਰੋਂ ਕਿੱਲੀ ਨੱਪੀ ਆ ਰਿਹਾਂ।" ਦੀਪਾ ਬੋਲਿਆ।

"ਜੰਞ ਦੀ ਰੋਟੀ ਫੜਾ ਕੇ ਆਇਆਂ। ਸਾਲਿਆਂ ਨੇ ਪੁੱਠਾ ਹੀ ਰਿਵਾਜ ਪਾ ਦਿੱਤਾ, ਅਖੇ ਰੋਟੀ ਤੁਸੀਂ ਆਪ ਪਕਾ ਕੇ ਦੇਵੋ।" ਬਾਬੇ ਨੇ ਦੁਪੱਟਾ ਲਾਹੁੰਦਿਆਂ ਕਿਹਾ।

"ਬਾਬਾ ਕਿਹੜੀ ਜੰਞ ਆ ਗਈ? ਦੀਪਾ ਘੁੰਨਾ ਬਣਦਾ ਬੋਲਿਆ।

"ਬਿਹਾਰੀ ਭੱਈਏ ਲੱਗੇ ਹੋਏ ਨੇ ਝੋਨਾ ਲਾਉਣ, ਉਨ੍ਹਾਂ ਦੀ ਗੱਲ ਕਰਦਾਂ। ਬਾਰਾਂ ਪੜ੍ਹ ਕੇ ਖੂਹ ਵਿਚ ਪਾ ਦਿੱਤੀਆਂ ਤੈਂ ਤਾਂ... ਸਮਝ ਨਹੀਂ ਆਉਂਦੀ? ਸੁਆਲਾਂ ਦਾ ਜਵਾਬ ਸੁਆਹ ਦਿੰਦਾ ਹੋਵੇਂਗਾ?" ਬਾਬਾ ਬੋਲਿਆ।

"ਬਾਬਾ, ਬਿਹਾਰੀ ਤਾਂ ਆਪ ਰੋਟੀ ਬਣਾਉਂਦੇ ਨੇ। ਫਿਰ ਤੁਸੀਂ ਕਿਉਂ ਰੋਟੀ ਬਣਾ ਕੇ ਦਿੰਦੇ ਓ?" ਜਿਉਣੇ ਕਾ ਚਿੜੀ ਬੋਲਿਆ।

"ਚਿੜਿਆ! ਉਹ ਦਿਨ ਲੰਘ ਗਏ, ਜਦੋਂ ਉਹ ਸਾਡੀਆਂ ਮਿੰਨਤਾਂ ਕਰਦੇ ਹੁੰਦੇ ਸੀ। ਹੁਣ ਤਾਂ ਲੁਧਿਆਣੇ ਦੇ ਰੇਲਵੇ ਸਟੇਸ਼ਨ 'ਤੇ ਜ਼ਿਮੀਦਾਰ ਭੱਈਆਂ ਨੂੰ ਇੰਜ ਉਡੀਕਦੇ ਆ ਜਿਵੇਂ ਪਰਦੇਸੀ ਪੁੱਤਾਂ ਨੂੰ ਮਾਂਵਾਂ ਉਡੀਕਦੀਆਂ ਹੋਣ।" ਬਾਬਾ ਬੋਲਿਆ।

"ਬਾਬਾ! ਗਲਤੀ ਸਾਡੀ ਵੀ ਆ। ਜਦੋਂ ਭੱਈਏ ਕਣਕ ਦੇ ਸੀਜ਼ਨ ਵੇਲੇ ਆਉਂਦੇ ਆ, ਅਸੀਂ ਇਨ੍ਹਾਂ ਵੱਲ ਦੇਖਦੇ ਵੀ ਨਹੀਂ। ਕੰਬਾਈਨ ਨਾਲ ਕਣਕ ਵਢਾਈ, ਤੇ ਪਿੱਛੋਂ ਤੂੜੀ ਵਾਲੀ ਮਸ਼ੀਨ ਨਾਲ ਤੂੜੀ ਬਣਾ ਲਈ। ਤਿੰਨਾਂ ਦਿਨਾਂ ਵਿਚ ਹਾੜ੍ਹੀ ਸਾਂਭੀ ਗਈ।... ਤੇ ਸਾਉਣੀ ਦੀ ਬਿਜਾਈ ਲਈ ਕੋਈ ਅਜਿਹੀ ਮਸ਼ੀਨ ਨਹੀਂ ਆਈ ਕਿ ਉਹ ਭੱਈਆਂ ਦਾ ਰੁਜ਼ਗਾਰ ਹੜੱਪ ਸਕੇ, ਤੇ ਝੋਨੇ ਮੌਕੇ ਸਾਨੂੰ ਫਿਰ ਇਨ੍ਹਾਂ ਦੇ ਹਾੜ੍ਹੇ ਕੱਢਣੇ ਪੈਂਦੇ ਆ।" ਬੂਟਾ ਬੋਲਿਆ।

"ਬੂਟਿਆ, ਹਰ ਕੋਈ ਆਪਣੇ ਘਰ ਸਿਆਣੈਂ। ਹਾੜ੍ਹੀ ਮੌਕੇ ਅਸੀਂ ਕਹਿ ਦਿੰਨੇ ਆਂ, ਪਈ ਭੱਈਆਂ ਦੇ ਵੱਗ ਤੋਂ ਕੀ ਕਰਵਾਉਣਾ, ਤੇ ਮਸ਼ੀਨਾਂ ਰਾਹੀਂ ਛੇਤੀ ਸੁਖਾਲੇ ਤੇ ਵਿਹਲੇ ਹੋ ਜਾਂਦੇ ਆਂ, ਤੇ ਹੁਣ ਝੋਨਾ ਲਾਉਣ ਵੇਲੇ ਕਿਹੜਾ ਕੋਡਾ ਹੋਵੇ। ਫਿਰ ਹੁਣ ਇਸ ਵੱਗ ਨੂੰ ਮੋਮਬੱਤੀ ਲੈ ਕੇ ਲੱਭਣ ਤੁਰੇ ਰਹਿੰਦੇ ਆਂ।" ਬਾਬਾ ਬੋਲਿਆ।

"ਤਾਇਆ! ਮਜ਼ਦੂਰਾਂ ਦੀ ਘਾਟ ਇਸ ਕਰ ਕੇ ਵੀ ਹੋ ਗਈ ਆ, ਕਿਉਂਕਿ ਬਿਹਾਰ ਅਤੇ ਯੂ.ਪੀ. ਵਿਚ ਹੁਣ ਇਨ੍ਹਾਂ ਨੂੰ ਰੋਜ਼ਗਾਰ ਮਿਲ ਜਾਂਦਾ ਹੈ। ਸੂਬਾ ਸਰਕਾਰਾਂ ਨੇ ਰੋਜ਼ਗਾਰ ਦੇ ਚੰਗੇ ਢੰਗ-ਤਰੀਕੇ ਲੱਭ ਕੇ ਇਨ੍ਹਾਂ ਮਜ਼ਦੂਰਾਂ ਨੂੰ ਆਪਣੀ ਛੱਤਰੀ 'ਤੇ ਹੀ ਬਿਠਾ ਲਿਆ ਹੈ।" ਮਾਸਟਰ ਵੀ ਆਪਣੀ ਹਜ਼ਾਰੀ ਲੁਆ ਗਿਆ।

"ਜਿੱਦਾਂ ਸਾਡੀ ਸਰਕਾਰ ਨੇ ਨੌਜਵਾਨਾਂ ਨੂੰ ਰੋਜ਼ਗਾਰ ਦਿੱਤੇ ਹੋਏ ਆ।" ਜਿਉਣੇ ਕਾ ਚਿੜੀ ਬੋਲਿਆ।

"ਕਿਹੜਾ ਰੋਜ਼ਗਾਰ? ਤੂੰ ਗੱਲ ਗੋਲ-ਮੋਲ ਕਰ ਕੇ ਸਾਡੇ ਢਿੱਡ ਫਲਾਉਣਾ ਚਾਹੁੰਨਾਂ ਏਂ।" ਬੂਟਾ ਬੋਲਿਆ।

"ਆਹ ਨਸ਼ੇ ਕਰਨੇ ਵੀ ਧੰਦੇ ਲਾਉਣਾ ਨਹੀਂ? ਹਰ ਨੌਜਵਾਨ ਨਸ਼ੇ ਕਰਨ ਲੱਗਿਆ ਰਹਿੰਦਾ। ਗੱਲ ਵੱਖਰੀ ਐ ਕਿ ਇਸ ਰੋਜ਼ਗਾਰ ਵਿਚ ਪੈਸੇ ਬਣਦੇ ਨਹੀਂ, ਉਜੜਦੇ ਆ।" ਚਿੜੀ ਬੋਲਿਆ।

"ਬੂਟਿਆ! ਤੇਰੇ ਭਤੀਜੇ ਦਾ ਕੀ ਹਾਲ ਐ? ਸੁਣਿਆ ਲਾਲ ਲਕੀਰ 'ਤੇ ਪਹੁੰਚ ਗਿਆ।" ਬਾਬੇ ਨੇ ਪੁੱਛਿਆ।

"ਬਾਬਾ! ਆਪਣੀ ਤਾਂ ਬੋਲ-ਚਾਲ ਬੰਦ ਐ। ਇੰਨਾ ਪਤਾ ਲੱਗਿਐ, ਪਈ ਨਸ਼ਾ ਛਡਾਊ ਕੈਂਪ ਵਿਚ ਛੱਡ ਕੇ ਆਏ ਸੀ, ਉਥੇ ਜਾ ਕੇ ਗੁੰਮ ਜਿਹਾ ਹੋ ਗਿਆ। ਹੁਣ ਹਸਤਪਾਲ ਦਾਖਲ ਕਰਵਾਇਆ।" ਬੂਟੇ ਦਾ ਜਵਾਬ ਸੀ।

"ਬੂਟਿਆ ਜਦੋਂ ਤੈਂ ਆਪਣੇ ਭਰਾ ਨੂੰ ਮੁੰਡੇ ਦੇ ਨਸ਼ੇ ਬਾਰੇ ਦੱਸਿਆ ਸੀ, ਉਦੋਂ ਵਕਤ ਸਾਂਭ ਲੈਂਦਾ ਤਾਂ ਚੰਗਾ ਸੀ। ਹੁਣ ਇਕਲੌਤੇ ਮੁੰਡੇ ਤੋਂ ਵੀ ਹੱਥ ਧੋ ਬੈਠੇਗਾ।" ਦੀਪਾ ਬੋਲਿਆ।

"ਦੀਪਾ ਸਿਆਂ! ਤੀਵੀਂ ਦੀ ਮੱਤ ਗੁੱਤ ਪਿੱਛੇ ਹੁੰਦੀ ਆ... ਭਰਾ ਤਾਂ ਸੁਣਦਾ ਸੀ ਗੱਲ ਮੇਰੀ, ਪਰ ਭਰਜਾਈ ਕਹਿੰਦੀ, ਮੇਰੇ ਇਕਲੌਤੇ ਜਵਾਕ ਨੂੰ ਦੇਖ ਕੇ ਜਰਦੇ ਨਹੀਂ। ਕਹਿੰਦੀ, ਮੱਚ ਪਏ ਨੇ ਕਿ ਮੇਰਾ ਪੁੱਤ ਬੁਲਟ 'ਤੇ ਕਿਉਂ ਜਾਂਦਾ। ਚੋਰੀ-ਚੋਰੀ ਰੁਪਏ ਦਿੰਦੀ ਗਈ, ਤੇ ਮੁੰਡਾ ਨਸ਼ੇ ਦਾ ਆਦੀ ਹੋ ਗਿਆ।" ਬੂਟੇ ਦਾ ਗੱਚ ਭਰ ਆਇਆ।

"ਉਏ ਮੁੰਡਿਓ! ਆਹ ਨਸ਼ੇ ਦੀ ਬਿਮਾਰੀ ਨੇ ਸਾਰਾ ਦਰਵਾਜ਼ਾ ਖਾਲੀ ਕਰ'ਤਾ। ਪਹਿਲਾਂ ਤਾਂ ਛੁੱਟੀਆਂ ਮੌਕੇ ਇਥੇ ਬੈਠਣ ਨੂੰ ਥਾਂ ਨਹੀਂ ਸੀ ਲੱਭਦੀ ਹੁੰਦੀ। ਦਸ-ਬਾਰਾਂ ਸਾਲ ਦਾ ਜੁਆਕ ਵੀ ਇਥੇ ਬਜ਼ੁਰਗਾਂ ਦੀ ਢਾਣੀ ਵਿਚ ਬੈਠ ਕੇ ਕੁਝ ਸਿੱਖ ਜਾਂਦਾ ਸੀ। ਹੁਣ ਤਾਂ ਤਾਸ਼ ਲਈ ਚਾਰ ਹਾਣੀ ਵੀ ਪੂਰੇ ਨਹੀਂ ਹੁੰਦੇ, ਰੌਣਕ ਸੁਆਹ ਲੱਗਣੀ ਆਂ।" ਬਾਬਾ ਦੁਖੀ ਹੋਇਆ ਬੋਲਿਆ।

"ਬਾਬਾ! ਕੁਝ ਗੱਭਰੂ ਪਰਦੇਸੀਂ ਚਲੇ ਗਏ, ਬਾਕੀ ਰਹਿੰਦੇ ਨਸ਼ੇ ਦੀ ਮੰਡੀ ਵਿਚ ਵਿਕ ਗਏ। ਜਿਹੜੇ ਮਾੜੇ ਮੋਟੇ ਬਚੇ ਨੇ, ਕੰਨਾਂ ਨਾਲੋਂ ਫੋਨ ਲਾਹੁੰਦੇ ਹੀ ਨਹੀਂ। ਪੱਕੇ ਦਰਵਾਜ਼ੇ ਰੌਣਕਾਂ ਫਿਰ




ਕਿਥੋਂ ਆਉਣੀਆਂ ਨੇ।" ਬੂਟਾ ਬੋਲਿਆ।

"ਬੂਟਿਆ! ਨਸ਼ਾ ਸਾਡੀ ਉਮਰੇ ਵੀ ਹੁੰਦਾ ਸੀ, ਪਰ ਅੱਜ ਵਾਂਗ ਨਹੀਂ, ਵਧੀਆ ਅਫੀਮ ਮਿਲ ਜਾਂਦੀ ਸੀ। ਟਾਵਾਂ-ਟੱਲਾ ਬੰਦਾ ਭੁੱਕੀ ਛਕਦਾ ਸੀ। ਅਫੀਮ ਖਾ ਕੇ ਬੰਦਾ ਦੋਂਹ ਬੰਦਿਆਂ ਜਿੰਨਾ ਕੰਮ ਕਰਦਾ ਸੀ। ਬੱਸ ਸਰੋਂ ਦੇ ਦਾਣੇ ਜਿੰਨੀ ਖਾਂਦੇ ਸੀ, ਤੇ ਸਾਰਾ ਦਿਨ ਧੁੱਪ ਦੀ ਛੱਤਰੀ ਥੱਲੇ ਕੰਮ ਕਰਨਾ। ਜਦੋਂ ਕੰਮ ਦੀ ਰੁੱਤ ਲੰਘ ਗਈ, ਤਾਂ ਨਸ਼ਾ ਵੀ ਛੱਡ ਦੇਣਾ। ਹੁਣ ਤਾਂ ਗੱਭਰੂ ਖਾਂਦੇ ਵੀ ਮਹਿੰਗਾ ਨਸ਼ਾ, ਤੇ ਕੰਮ ਦਾ ਡੱਕਾ ਵੀ ਨਹੀਂ ਤੋੜਦੇ।" ਬਾਬੇ ਨੇ ਆਪਣੀ ਅਗਲੀ ਸੁਣਾ ਦਿੱਤੀ।

"ਬਾਬਾ, ਇਹਦਾ ਹੱਲ ਕਿਵੇਂ ਨਿਕਲੂ?" ਦੀਪਾ ਪਾਣੀ ਦਾ ਜੱਗ ਭਰ ਲਿਆਇਆ ਸੀ।

"ਜੇ ਸਰਕਾਰ ਚਾਹੇ, ਤਾਂ ਚਹੁੰ ਦਿਨਾਂ ਵਿਚ ਪੰਜਾਬ ਸਾਫ਼-ਸੁਥਰਾ ਹੋ ਸਕਦਾ।" ਮਾਸਟਰ ਬੋਲਿਆ।

"ਉਹ ਕਿਵੇਂ ਮਾਸਟਰਾ?" ਬਾਬੇ ਨੇ ਪੁੱਛਿਆ।

"ਆਹ ਜਿਵੇਂ ਬਿਜਲੀ ਦਾ ਕੱਟ ਲੱਗ ਜਾਂਦੈ, ਆਪਾਂ ਕਹਿ ਦਿੰਨੇ ਆਂ, ਪਈ ਭਾਖੜਾ ਡੈਮ ਤੋਂ ਬਿਜਲੀ ਦਾ ਸਵਿੱਚ ਬੰਦ ਕਰ ਦਿੱਤਾ ਹੈ, ਇਸੇ ਤਰ੍ਹਾਂ ਹੀ ਉਪਰੋਂ ਨਸ਼ੇ ਦਾ ਸਵਿੱਚ ਬੰਦ ਹੋ ਜਾਵੇ। ਜਿਵੇਂ ਸਾਨੂੰ ਮੋਮਬੱਤੀਆਂ ਲਾਉਣ ਦੀ ਜਾਚ ਆ ਗਈ, ਉਸੇ ਤਰ੍ਹਾਂ ਨਸ਼ੇੜੀ ਵੀ ਹੌਲੀ-ਹੌਲੀ ਸੋਫੀ ਰਹਿਣ ਦੀ ਜਾਚ ਸਿੱਖ ਜਾਣਗੇ।" ਮਾਸਟਰ ਗੱਲ ਪਤੇ ਦੀ ਕਰ ਗਿਆ ਸੀ।

"ਲੈ ਬਾਬਾ! ਠੰਢਾ ਪਾਣੀ ਪੀ ਦਿਮਾਗ ਟਿਕਾਣੇ ਆਵੇ!" ਦੀਪੇ ਨੇ ਬਾਬੇ ਨੂੰ ਗਲਾਸ ਫੜਾਉਂਦਿਆਂ ਕਿਹਾ।

"ਬਾਬਾ! ਮੋਟਰ 'ਤੇ ਕਰੰਟ ਸੀ।" ਚਿੜੀ ਨੇ ਪੁੱਛਿਆ।

"ਚਿੜਿਆ! ਹਟ ਜਾ ਹਟ... ਨਾ ਕਰ ਗੋਲ-ਮੋਲ ਗੱਲਾਂ।" ਬਾਬਾ ਬੋਲਿਆ।

"ਸਰਕਾਰ ਕਹਿੰਦੀ ਆ, ਕਿਸਾਨਾਂ ਨੂੰ ਮੁਫ਼ਤ ਬਿਜਲੀ ਮਿਲਦੀ ਆ, ਪਰ ਬਿਜਲੀ ਤਾਂ ਆਉਂਦੀ ਨਹੀਂ। ਹੁਣ ਭਾਵੇਂ ਤੁਸੀਂ ਘਰਾਂ ਦੀ ਬਿਜਲੀ ਵੀ ਮੁਫ਼ਤ ਕਰ ਦੇਵੋ, ਕਿਉਂਕਿ ਬਿਜਲੀ ਆਉਣੀ ਤਾਂ ਹੈ ਨਹੀਂ। ਜਿਉਂਦਾ ਰਹੇ ਸਾਡਾ ਭਤੀਜ ਦਿਉਲ ਸਾਬ੍ਹ। ਜਿੰਨਾ ਚਿਰ ਉਹ ਅਫ਼ਸਰ ਲੱਗਿਆ ਰਿਹਾ, ਚੌਵੀ ਘੰਟੇ ਬਿਜਲੀ ਆਉਂਦੀ ਸੀ ਪਿੰਡਾਂ ਨੂੰ। ਹੁਣ ਪਤਾ ਨਹੀਂ ਬਿਜਲੀ ਵੀ ਨਸ਼ੇ ਕਰਨ ਲੱਗ ਪਈ ਆ।" ਬਾਬਾ ਪਾਣੀ ਪੀ ਕੇ ਸੁਰਤ ਫੜ ਆਇਆ ਸੀ।

"ਬਾਬਾ! ਆਹ ਚਾਰ-ਪੰਜ ਬਜ਼ੁਰਗ ਤਾਂ ਜਿਵੇਂ ਤਾਸ਼ ਨਾਲ ਹੀ ਲੈ ਗਏ ਹੋਣ। ਨਾ ਤਾਂ ਆਪ ਮੁੜੇ ਨੇ, ਨਾ ਤਾਸ਼ ਮੁੜੀ ਐ।" ਦੀਪਾ ਬੋਲਿਆ।

"ਨਿੱਕੂ ਕਾ ਬਹਾਦਰ, ਨਾਹਰੂ ਫੌਜੀ, ਜੀਤਾ ਮਾਸਟਰ, ਨਾਜ਼ਰ ਹੋਰਾਂ ਦਾ ਬਾਪੂ, ਸਰਦਾਰਾ ਸਿਉਂ... ਸਾਰੇ ਤਾਸ਼ ਦੇ ਚੋਟੀ ਦੇ ਖਿਡਾਰੀ ਸਨ। ਸਾਥ ਛੱਡਗੇ। ਜਿਥੇ ਹੋਣ ਪਰਮਾਤਮਾ ਉਨ੍ਹਾਂ ਦਾ ਭਲਾ ਕਰੇ।" ਬਾਬੇ ਨੇ ਆਪਣੇ ਹਾਣੀਆਂ ਨੂੰ ਯਾਦ ਕਰਦੇ ਹੋਏ ਅੱਖਾਂ ਨਮ ਕਰ ਲਈਆਂ।

"ਬਾਬਾ ਜਦੋਂ ਮੇਰਾ ਨਵਾਂ-ਨਵਾਂ ਵਿਆਹ ਹੋਇਆ, ਤਾਂ ਮੇਰਾ ਸਹੁਰਾ ਪੱਕੇ ਦਰਵਾਜ਼ੇ ਅੱਗਿਉਂ ਦੀ ਲੰਘਿਆ। ਘਰੇ ਜਾਂਦਾ ਹੀ ਮੈਨੂੰ ਪੁੱਛਣ ਲੱਗਿਆ, ਪੁੱਤ ਦੀਪ ਸੁੱਖ ਐ... ਸੱਥ ਵਿਚ ਬੰਦੇ ਬੈਠੇ ਨੇ।"

ਮੈਂ ਕਿਹਾ, "ਇਥੇ ਵੀਹ-ਪੰਝੀ ਬੰਦੇ ਤਾਂ ਦਰਵਾਜ਼ੇ ਉਂਜ ਹੀ ਬੈਠੇ ਰਹਿੰਦੇ ਨੇ... ਤੁਸੀਂ ਫਿਕਰ ਨਾ ਕਰੋ, ਕੋਈ ਮਰਗ ਨਹੀਂ ਹੋਈ...ਤਾਂ ਕਿਤੇ ਜਾ ਕੇ ਸਹੁਰੇ ਨੇ ਪਾਣੀ ਪੀਤਾ। ਉਹ ਵਿਚਾਰਾ ਸਮਝ ਬੈਠਾ ਕਿ ਕਿਸੇ ਗੱਭਰੂ ਦੀ ਮੌਤ ਦੇ ਸਬੰਧ ਵਿਚ ਦਰਵਾਜ਼ੇ ਬੰਦੇ ਇਕੱਠੇ ਹੋਏ ਬੈਠੇ ਨੇ।"

"ਬਾਬਾ! ਆਹ ਜੱਗੀ ਹੋਰਾਂ ਨੂੰ ਫੋਨ ਕਰ ਕੇ ਕਹਿੰਦੇ ਆਂ, ਪਈ ਸਾਨੂੰ ਗਰਮੀਆਂ ਵਿਚ ਦਰਵਾਜ਼ੇ ਜਨਰੇਟਰ ਲੁਆ ਕੇ ਦੇਵੋ, ਤੇ ਮਿੱਠੇ ਪਾਣੀ ਦਾ ਵੀ ਪ੍ਰਬੰਧ ਕਰ ਦੇਵੋ। ਫਿਰ ਸ਼ਾਇਦ ਪੱਕੇ ਦਰਵਾਜ਼ੇ ਰੌਣਕ ਪਰਤ ਆਵੇ। ਪਿੰਡ ਦੀ ਸੱਥ ਵੀ ਕਿਸੇ ਸਕੂਲ ਨਾਲੋਂ ਘੱਟ ਨਹੀਂ ਹੁੰਦੀ। ਇਥੇ ਰੌਣਕ ਪਰਤੂਗੀ, ਤਾਂ ਨਵੇਂ ਮੁੰਡੇ ਕੁਝ ਸਿੱਖ ਲੈਣਗੇ। ਆਪਾਂ ਵੀ ਸਾਧਾਂ ਦੇ ਡੇਰਿਆਂ ਵਾਂਗ ਕੁਝ ਲਾਲਚ ਦੇਈਏ, ਫਿਰ ਹੀ ਸਾਧ ਦੀ ਭੂਰੀ 'ਤੇ ਇਕੱਠ ਹੋਵੇਗਾ।" ਬੂਟਾ ਬੋਲਿਆ।

"ਆ ਗਈ ਬਾਬਾ! ਆ ਗਈ ਬਾਬਾ!!" ਦੀਪੇ ਨੇ ਪੱਖਾ ਘੁੰਮਦਾ ਦੇਖ ਕੇ ਉਚੀ-ਉਚੀ ਕਹਿਣਾ ਸ਼ੁਰੂ ਕੀਤਾ, ਪਰ ਪੱਖਾ ਘੁੰਮ ਕੇ ਬੰਦ ਹੋ ਗਿਆ। ਦੀਪੇ ਨੂੰ ਅੰਤਾਂ ਦੀ ਖਿਝ ਆਈ। ਖਿਝ ਵਿਚੋਂ ਹੀ ਉਸ ਤੋਂ ਮੰਦਾ ਬੋਲਿਆ ਗਿਆ।

"ਮਾਸਟਰਾ, ਸੁਣਾ ਕੋਈ ਨਵੀਂ ਤਾਜ਼ੀ?" ਬਾਬਾ ਆਪਣੇ ਰੰਗ ਵਿਚ ਸੀ।

"ਬਾਬਾ ਨਵੀਂ ਤਾਜ਼ੀ ਤਾਂ ਕੋਈ ਨਹੀਂ, ਬੱਸ ਪੁਰਾਣੀਆਂ ਨੂੰ ਹੀ ਸਾਗ ਵਾਂਗ ਤੜਕਾ ਲਾ ਲਈਦਾ। ਸਾਡੇ ਹੈਡਮਾਸਟਰ ਦਾ ਇਕੱਲਾ ਪੁੱਤ ਸੀ, ਐਕਸੀਡੈਂਟ ਵਿਚ ਮਾਰਿਆ ਗਿਆ। ਹੈਡਮਾਸਟਰ ਕਹਿੰਦਾ, ਇਹ ਐਕਸੀਡੈਂਟ ਜਾਣ ਬੁੱਝ ਕੇ ਕਰਵਾਇਆ ਗਿਆ ਹੈ। ਮੈਂ ਪੁੱਛਿਆ, ਉਹ ਕਿਵੇਂ ਜੀ?

ਹੈਡਮਾਸਟਰ ਨੇ ਫਿਰ ਦੱਸਿਆ, ...ਕੁਲਵੰਤ ਮੇਰਾ ਇਕਲੌਤਾ ਪੁੱਤ ਸੀ। ਮੈਂ ਸਾਰੀ ਉਮਰ ਇਮਾਨਦਾਰੀ ਨਾਲ ਕੰਮ ਕੀਤਾ। ਪੁੱਤ ਪੜ੍ਹਾਈ ਵਿਚ ਬੜਾ ਹੁਸ਼ਿਆਰ ਸੀ। ਜਦੋਂ ਕਾਲਜ ਦਾਖ਼ਲ ਕਰਵਾਇਆ ਤਾਂ ਜਵਾਨੀ ਨੇ ਹਾਣੀ ਨਾਲ ਅੱਖਾਂ ਮਿਲਾ ਲਈਆਂ। ਕੁੜੀ ਕਿਸੇ ਬ੍ਰਾਹਮਣਾਂ ਦੀ ਇਕਲੌਤੀ ਧੀ ਸੀ। ਕੁੜੀ ਦਾ ਚਾਚਾ ਕਿਸੇ ਲੀਡਰ ਦਾ ਚਮਚਾ ਸੀ। ਹੌਲੀ-ਹੌਲੀ ਗੱਲ ਚਾਚੇ ਕੋਲ ਪਹੁੰਚ ਗਈ। ਉਸ ਨੂੰ ਲੱਗਾ ਕਿ ਉਨ੍ਹਾਂ ਦੀ ਇੱਜ਼ਤ ਨਾਲ ਮੁੰਡਾ ਖਿਲਵਾੜ ਕਰਦਾ ਹੈ, ਪਰ ਮੇਰਾ ਪੁੱਤ ਤਾਂ ਵਿਆਹ ਕਰਵਾਉਣ ਲਈ ਵੀ ਤਿਆਰ ਸੀ। ਅਸੀਂ ਵੀ ਪੁੱਤ ਦੀ ਖੁਸ਼ੀ ਵਿਚ ਸ਼ਰੀਕ ਹੋਣਾ ਮੰਨ ਗਏ, ਪਰ ਇਕ ਦਿਨ ਉਸ ਕੁੜੀ ਦਾ ਚਾਚਾ ਮੇਰੇ ਸਕੂਲ ਆਇਆ ਤੇ ਧਮਕੀ ਦੇ ਕੇ ਗਿਆ ਸੀ। ਅਗਲੇ ਹਫ਼ਤੇ ਪੁੱਤ ਪੂਰਾ ਹੋ ਗਿਆ, ਪਰ ਚਾਚੇ ਦੇ ਕਹੇ ਸ਼ਬਦ ਮੈਨੂੰ ਅੱਜ ਵੀ ਯਾਦ ਨੇ, ਅਖੇ, ਮਾਸਟਰਾ! ਤੁਸੀਂ ਤਾਂ ਹਿੰਦੂਆਂ ਦੀਆਂ ਧੀਆਂ ਮੁਗਲਾਂ ਕੋਲੋਂ ਛੁਡਾ ਲਿਆਉਂਦੇ ਸੀ, ਅੱਜ ਉਨ੍ਹਾਂ ਹੀ ਹਿੰਦੂਆਂ ਦੀਆਂ ਧੀਆਂ ਨਾਲ ਇਸ਼ਕ-ਪੇਚੇ ਪਾਉਣ ਲੱਗ ਪਏ। ਹਿੰਦੂ ਤਾਂ ਦੂਰ, ਤੁਸੀਂ ਤਾਂ ਆਪਣੀਆਂ ਧੀਆਂ ਦੀ ਵੀ ਰਾਖੀ ਨਹੀਂ ਕਰ ਸਕਦੇ। ਤੁਹਾਡੇ ਆਪਣੇ ਸਿੱਖ ਮੁੰਡੇ ਸਿੱਖ ਧੀਆਂ ਨੂੰ ਸ਼ੱਰ੍ਹੇਆਮ ਚੁੱਕ ਲੈਂਦੇ ਆ, ਪਰ ਅਸੀਂ ਹੁਣ ਧੀਆਂ ਦੀ ਰਾਖੀ ਕਰਨਾ ਸਿੱਖ ਗਏ ਹਾਂ...।"

"ਮਾਸਟਰਾ, ਗੱਲ ਤੇਰੀ ਨੇ ਤਾਂ ਮੇਰੀਆਂ ਵੀ ਅੱਖਾਂ ਖੋਲ੍ਹ ਦਿੱਤੀਆਂ।" ਬਾਬਾ ਬੋਲਿਆ।

"ਬਾਕੀ ਬਾਬਾ ਰਹਿੰਦੀ-ਖੂੰਹਦੀ ਕਸਰ ਸਾਡੇ ਗੀਤਕਾਰਾਂ ਤੇ ਗਾਇਕਾਂ ਨੇ ਪੂਰੀ ਕਰ ਦਿੱਤੀ ਆ।" ਦੀਪਾ ਬੋਲਿਆ।

"ਮੈਂ ਨਹੀਂ ਮੰਨਦਾ, ਪਈ ਇਨ੍ਹਾਂ ਦਾ ਕੋਈ ਕਸੂਰ ਐ।" ਬੂਟਾ ਬੋਲਿਆ।

"ਇਨ੍ਹਾਂ ਨੂੰ ਮਹਿੰਗੇ ਮੁੱਲ ਕੌਣ ਬੁੱਕ ਕਰਦਾ...ਅਸੀਂ। ਇਨ੍ਹਾਂ ਦੇ ਅਖਾੜੇ ਸੁਣਨ ਕੌਣ ਜਾਂਦਾ...ਅਸੀਂ। ਇਨ੍ਹਾਂ ਦੇ ਗਾਣਿਆਂ 'ਤੇ ਨੱਚਦਾ ਕੌਣ ਐ...ਅਸੀਂ; ਤੇ ਇਨ੍ਹਾਂ ਨੂੰ ਸਿਰ ਕੌਣ ਚਾੜ੍ਹਦਾ...ਅਸੀਂ। ਫਿਰ ਇਨ੍ਹਾਂ ਦਾ ਕੀ ਕਸੂਰ ਹੋਇਆ ਭਲਾ? ਦੀਪਿਆ, ਤੁਸੀਂ ਗੁਰਦਾਸ ਮਾਨ ਲੁਆਇਆ...ਕਿੰਨੇ ਰੁਪਏ ਦਿੱਤੇ...ਸੱਤ ਲੱਖ ਦੋ ਘੰਟਿਆਂ ਦਾ। ਵਿਆਹ ਦੀ ਮੂਵੀ ਵਿਚ ਗੁਰਦਾਸ ਮਾਨ ਬੰਦ ਕਰ ਲਿਆ, ਤੇ ਟਰੰਕ ਵਿਚ ਮੂਵੀ ਰੱਖ ਲਈ। ਜੇ ਇਹੀ ਸੱਤ ਲੱਖ ਵਿਹੜੇ ਵਾਲਿਆਂ ਦੇ ਵਿਹੜੇ ਲਾਇਆ ਹੁੰਦਾ, ਘੱਟੋ-ਘੱਟ ਪੰਜਾਹ ਬੰਦਿਆਂ ਨੂੰ ਰਹਿਣ ਲਈ ਛੱਤ ਮਿਲ ਜਾਣੀ ਸੀ, ਤੇ ਅਗਲਿਆਂ ਨੇ ਸੱਤ ਪੁਸ਼ਤਾਂ ਤੁਹਾਨੂੰ ਯਾਦ ਰੱਖਣਾ ਸੀ। ਗੁਰਦਾਸ ਮਾਨ ਤਾਂ ਕਾਰ ਵਿਚ ਬੈਠ ਕੇ ਹੀ ਤੁਹਾਨੂੰ ਭੁੱਲ ਗਿਆ ਹੋਣਾ।" ਮਾਸਟਰ ਸੱਚੀ ਗੱਲ ਕਹਿ ਗਿਆ ਸੀ।

"ਹੋਰ ਦੇਖ ਲਓ ਕਰੋੜਾਂ ਦੀ ਕਬੱਡੀ ਕਰਵਾਉਣ ਵਾਲੇ, ਕਰੋੜਾਂ ਦੇ ਮੁੱਲ ਦੀ ਜਵਾਨੀ ਨੂੰ ਤਾਂ ਸਾਂਭ ਨਹੀਂ ਸਕਦੇ।" ਬੂਟਾ ਆਪਣੀ ਛੱਡ ਗਿਆ।

"ਮੈਨੂੰ ਲੱਗਦਾ...ਅੱਜ ਨਹੀਂ ਬਿਜਲੀ ਆਉਂਦੀ। ਜਿਉਂਦੇ ਰਹੋ ਓਏ ਸਾਡੇ ਵੱਡੇ-ਵਡੇਰਿਓ! ਜਿਨ੍ਹਾਂ ਨੇ ਇਹ ਪੱਕਾ ਦਰਵਾਜ਼ਾ ਬਣਾਇਆ। ਕੁਝ ਮਰਜ਼ੀ ਹੋਵੇ, ਪਰ ਪੱਕੇ ਦਰਵਾਜ਼ੇ ਆ ਕੇ ਜਾਨ ਵਿਚ ਜਾਨ ਪੈ ਜਾਂਦੀ ਆ।" ਬਾਬਾ ਸੱਚ ਕਹਿ ਗਿਆ।

"ਬਾਬਾ! ਜੱਗੀ ਹੋਰਾਂ ਨੂੰ ਕਹਿਣਾ...ਸਿਆਲਾਂ ਵਿਚ ਗੇੜੀ ਮਾਰ ਜਾਂਦੇ ਹੋ, ਕਦੇ ਗਰਮੀ ਦੀਆਂ ਛੁੱਟੀਆਂ ਕੱਟਣ ਵੀ ਪੱਕੇ ਦਰਵਾਜ਼ੇ ਆ ਜਾਓ...ਟੋਰਾਂਟੋ ਨੂੰ ਭੁੱਲ ਜਾਵੋਗੇ...ਤਾਂ ਹੀ ਤਾਂ ਕਹਿੰਦੇ ਨੇ, ਮਰਨ ਵਾਲੀ ਥਾਂ ਦਾ ਪਤਾ ਨਹੀਂ, ਪਰ ਬੰਦਾ ਆਪਣੀ ਜੰਮਣ ਭੋਇੰ ਨਹੀਂ ਭੁੱਲ ਸਕਦਾ।" ਮਾਸਟਰ ਨੇ ਆਪਣੀ ਸੁਣਾ ਦਿੱਤੀ। ਦੀਪੇ ਨੇ ਚਾਰ ਥਾਂਈਂ ਤਾਸ਼ ਵੰਡ ਦਿੱਤੀ ਜਿਵੇਂ ਸਾਨੂੰ ਪਰਮਾਤਮਾ ਨੇ ਪਰਦੇਸਾਂ ਵਿਚ ਵੰਡਿਆ ਹੈ।

## ਮੈਡੀਟੇਸ਼ਨ

ਮੈਡੀਟੇਸ਼ਨ ਤੋਂ ਕੀ ਭਾਵ ਹੈ? ਮੈਡੀਟੇਸ਼ਨ ਯਾਨਿ ਧਿਆਨ ਧਰਨ ਦਾ ਸਬੰਧ ਕਿਸੇ ਵਿਦਿਆ ਜਾਂ ਪੂਜਾ ਪਾਠ ਨਾਲ ਨਹੀਂ। ਇਹ ਨਾ ਕੋਈ ਢੰਗ ਜਾਂ ਤਰੀਕਾ ਹੈ ਜਿਹੜਾ ਕਿ ਸਿਖਿਆ ਜਾ ਸਕਦਾ ਹੈ। ਮੈਡੀਟੇਸ਼ਨ ਦਾ ਮਤਲਬ ਹੈ, ਸਰੀਰ ਦੀਆਂ ਇੰਦਰੀਆਂ ਦਾ ਜਾਗਰਨ, ਮਨ ਦੀ ਇਕਾਗਰਤਾ, ਚੇਤਨਾ ਦਾ ਵਿਕਾਸ, ਜਿਹੜਾ ਕਿ ਮਨ ਦੀ ਸ਼ਾਂਤ ਅਵਸਥਾ ਗ੍ਰਹਿਣ ਕਰਕੇ ਹੀ ਸੰਭਵ ਹੋ ਸਕਦਾ ਹੈ। ਸਭ ਤੋਂ ਪਹਿਲੀ ਸਮਝਣ ਵਾਲੀ ਗੱਲ ਇਹ ਹੈ ਕਿ ਮਨ ਹਮੇਸ਼ਾ ਕੁਝ ਨਾ ਕੁਝ ਸੋਚਦਾ ਰਹਿੰਦਾ ਹੈ। ਇਹ ਹਰ ਵੇਲੇ ਸੋਚਣਾ ਠੀਕ ਨਹੀਂ, ਇਹ ਇਕ ਮਾਨਸਿਕ ਰੋਗ ਹੈ। ਅਸਲ ਵਿਚ ਇਹ ਇਕ ਤਰ੍ਹਾਂ ਨਾਲ ਸਹੀ ਸੋਚਣ ਤੋਂ ਬਚਣ ਵਾਲੀ ਗੱਲ ਹੈ। ਸਾਡਾ ਮਨ ਜਿਹੋ ਜਿਹਾ ਵੀ ਹੈ ਇਹ ਸ਼ਾਂਤ ਨਹੀਂ ਹੈ। ਸਮੁੱਚੇ ਮਨ ਦੀ ਬਣਤਰ ਨੂੰ ਬਦਲਣ ਦੀ ਲੋੜ ਹੈ, ਤਾਂ ਹੀ ਸਾਡੇ ਜੀਵਨ ਵਿਚ ਮੈਡੀਟੇਸ਼ਨ ਦਾ ਪ੍ਰਵੇਸ਼ ਹੋ ਸਕਦਾ ਹੈ।

ਅਸੀਂ ਜਿਸ ਵੀ ਚੀਜ਼ ਨੂੰ ਦੇਖਦੇ ਹਾਂ, ਮਨ ਉਸ ਬਾਰੇ ਸ਼ਬਦਾਂ ਰਾਹੀਂ ਸੋਚਣਾ ਸ਼ੁਰੂ ਕਰ ਦਿੰਦਾ ਹੈ। ਮਨ ਦਾ ਲਗਾਤਾਰ ਸੋਚਣਾ ਮੈਡੀਟੇਸ਼ਨ ਨੂੰ ਸਮਝਣ ਲਈ ਸਭ ਤੋਂ ਵੱਡੀ ਰੁਕਾਵਟ ਹੈ। ਇਕੱਲ ਸਮੇਂ ਕੁਦਰਤੀ ਨਜ਼ਾਰਿਆਂ ਨੂੰ ਸੋਚਣ ਤੋਂ ਬਗੈਰ ਸਿਰਫ ਦੇਖੋ। ਇਹ ਸੰਭਵ ਹੈ। ਪਰ ਸਾਡਾ ਮਨ ਇੰਨਾ ਚੰਚਲ ਹੈ ਕਿ ਸਾਨੂੰ ਪਤਾ ਹੀ ਨਹੀਂ ਲੱਗਦਾ ਕਿ ਅਸੀਂ ਕਦੋਂ ਬਿਨਾਂ ਸੋਚੇ ਸਮਝੇ ਸ਼ਬਦ ਬੋਲ ਕੇ ਮਨ ਦੀ ਸ਼ਾਂਤੀ ਨੂੰ ਭੰਗ ਕਰ ਦਿੰਦੇ ਹਾਂ।

ਫਰਜ਼ ਕਰੋ, ਤੁਸੀਂ ਸ਼ਾਮ ਦੀ ਸੈਰ ਕਰ ਰਹੇ ਹੋ ਅਤੇ ਸੂਰਜ ਡੁੱਬ ਰਿਹਾ ਹੈ। ਡੁੱਬਦੇ ਸੂਰਜ ਨੂੰ ਬੋਲਣ ਤੋਂ ਬਗੈਰ ਸਿਰਫ ਦੇਖੋ, ਮਹਿਸੂਸ ਕਰੋ। ਡੁੱਬਦੇ ਸੂਰਜ ਨੂੰ ਦੇਖਣਾ ਇਕ ਮੌਕਾ ਹੈ, ਸੱਚਾਈ ਹੈ, ਸ਼ਬਦ ਨਹੀਂ। ਮੈਡੀਟੇਸ਼ਨ ਦਾ ਮਤਲਬ ਹੈ ਸਬਦਾਂ ਤੋਂ ਬਗੈਰ ਆਲੇ-ਦੁਆਲੇ ਨੂੰ ਦੇਖਣਾ ਅਤੇ ਮਹਿਸੂਸ ਕਰਨਾ। ਕਦੇ ਕਦੇ ਇਸ ਤਰ੍ਹਾਂ ਆਪਣੇ ਆਪ ਹੁੰਦਾ ਹੈ। ਜਦੋਂ ਅਸੀਂ ਕਿਸੇ ਨੂੰ ਸੱਚਮੁੱਚ ਪਿਆਰ ਕਰਦੇ ਹਾਂ ਤਾਂ ਅਜਿਹਾ ਹੁੰਦਾ ਹੈ। ਬੋਲਣ ਦੀ ਜ਼ਰੂਰਤ ਨਹੀਂ ਪੈਂਦੀ। ਅਸੀਂ ਇਕ ਦੂਜੇ ਦਾ ਸਾਥ ਮਹਿਸੂਸ ਕਰਦੇ ਹਾਂ। ਇਸ ਦਾ ਮਤਲਬ ਇਹ ਨਹੀਂ ਕਿ ਕੁਝ ਵੀ ਦੱਸਣ ਲਈ ਨਹੀਂ ਹੈ। ਸਗੋਂ ਇਸ ਦਾ ਮਤਲਬ ਇਹ ਹੈ ਕਿ ਮਨ ਦੀ ਚੁੱਪ ਅਤੇ ਸ਼ਾਂਤ ਅਵਸਥਾ ਵਿਚ ਹੀ ਬਹੁਤ ਕੁਝ ਦੱਸਿਆ ਅਤੇ ਮਹਿਸੂਸ ਕੀਤਾ ਜਾ ਰਿਹਾ ਹੈ। ਸ਼ਬਦ ਬੋਲਣ ਦੀ ਜ਼ਰੂਰਤ ਹੀ ਨਹੀਂ ਪੈਂਦੀ। ਸ਼ਬਦਾਂ ਦੀ ਲੋੜ ਉਸ ਵੇਲੇ ਪੈਂਦੀ ਹੈ, ਜਦੋਂ ਅਸੀਂ ਇਕ ਦੂਜੇ ਨੂੰ ਪਿਆਰ ਨਹੀਂ ਕਰਦੇ। ਜੇ ਦੋ ਪ੍ਰੇਮੀ ਕਦੇ ਵੀ ਚੁੱਪ ਨਾ ਕਰਨ, ਹਮੇਸ਼ਾ ਗੱਲਾਂ ਹੀ ਕਰਦੇ ਰਹਿਣ, ਤਾਂ ਇਸ ਦਾ ਮਤਲਬ ਇਹ ਹੈ ਕਿ ਉਨ੍ਹਾਂ ਦਾ ਆਪਸ ਵਿਚ ਪਿਆਰ ਨਹੀਂ ਹੈ। ਹੁਣ ਉਹ ਸ਼ਬਦਾਂ ਰਾਹੀਂ ਇਸ ਖਾਲੀਪਨ ਨੂੰ ਭਰ ਰਹੇ ਹਨ। ਪਰ ਦੋ ਸੱਚੇ ਪ੍ਰੇਮੀ ਜਦੋਂ ਵੀ ਮਿਲਦੇ ਹਨ ਬਹੁਤ ਘੱਟ ਬੋਲਦੇ ਹਨ। ਇਸ ਲਈ ਪਿਆਰ ਦਾ ਰਿਸ਼ਤਾ ਮੈਡੀਟੇਸ਼ਨ ਨੂੰ ਸਮਝਣ ਵਿਚ ਬਹੁਤ ਮਦਦ ਕਰ ਸਕਦਾ ਹੈ।

ਮੈਡੀਟੇਸ਼ਨ ਦਾ ਸਬੰਧ ਮਨ ਦੀ ਸ਼ਾਂਤ ਅਵਸਥਾ ਨਾਲ ਹੈ। ਇਸ ਲਈ ਮਨ ਅੰਦਰ ਲਗਾਤਾਰ ਚੱਲ ਰਹੇ ਵਿਚਾਰਾਂ ਨੂੰ ਰੋਕਣਾ ਪਹਿਲਾ ਕੰਮ ਹੈ। ਮਨ ਦੀ ਸ਼ਾਂਤੀ ਗ੍ਰਹਿਣ ਕਰਨ ਲਈ ਇਕਾਂਤ 'ਚ ਬੈਠਣਾ ਜ਼ਰੂਰੀ ਹੈ। ਇਕੱਲ ਸਮੇਂ ਦੋਵੇਂ ਅੱਖਾਂ ਬੰਦ ਕਰਕੇ ਆਪਣਾ ਧਿਆਨ ਦੋਹਾਂ ਭਰਵੱਟਿਆਂ ਵਿਚਕਾਰ ਇਕਾਗਰ ਕਰਨ ਦੀ ਕੋਸ਼ਿਸ਼ ਕਰੋ। ਜਦੋਂ ਠੀਕ ਬਿੰਦੂ 'ਤੇ ਧਿਆਨ ਕੇਂਦ੍ਰਿਤ ਹੋ ਗਿਆ ਤਾਂ ਤੁਸੀਂ ਆਪਣੇ ਮਨ ਅੰਦਰ ਲਗਾਤਾਰ ਚੱਲ ਰਹੇ ਵਿਚਾਰਾਂ ਨੂੰ ਵੱਖ ਹੋ ਕੇ ਇਕ ਫਿਲਮ ਵਾਂਗ ਦੇਖ ਸਕਦੇ ਹੋ। ਕੁਝ ਦੇਰ ਬਾਅਦ ਮਨ ਵਿਚ ਵਿਚਾਰਾਂ ਦੀ ਗਤੀ ਘੱਟ ਹੋ ਜਾਵੇਗੀ ਅਤੇ ਮਨ ਅੰਦਰ ਥੋੜ੍ਹੀ ਦੇਰ ਲਈ ਚੁੱਪ ਹੋ ਜਾਵੇਗੀ। ਇਸ ਅਸਾਧਾਰਨ ਚੁੱਪ ਨੂੰ ਗਹੁ ਨਾਲ ਮਹਿਸੂਸ ਕਰਨਾ ਚਾਹੀਦਾ ਹੈ। ਮਨ ਅੰਦਰ ਇਹ ਅੰਦਰੂਨੀ ਚੁੱਪ ਹੀ ਸਭ ਕੁਝ ਹੈ। ਇਸ ਚੁਪ ਵਿਚ ਹੀ ਮਨ ਦੀ ਸ਼ਾਂਤੀ ਅਤੇ ਬੇਅੰਤ ਤਾਕਤ ਹੈ। ਇਹ ਸ਼ਾਂਤ ਚੁੱਪ ਛੇਤੀ ਹੀ ਤੁਹਾਡਾ ਧਿਆਨ ਅੰਦਰ ਵੱਲ ਖਿੱਚਣਾ ਸ਼ੁਰੂ ਕਰ ਦੇਵੇਗੀ ਅਤੇ ਇਸ ਅਵਸਥਾ ਵਿਚ ਤੁਸੀਂ ਖੁਸ਼ੀ ਤੇ ਅਨੰਦ ਮਹਿਸੂਸ ਕਰੋਗੇ। ਤੁਹਾਡੇ ਅੰਦਰ ਇਕ ਨਵੀਂ ਸੂਝ ਪੈਦਾ ਹੋਵੇਗੀ। ਹੌਲੀ ਹੋਲੀ ਇਸ ਪ੍ਰਕ੍ਰਿਆ ਦਾ ਸਮਾਂ ਵਧਾਇਆ ਜਾ ਸਕਦਾ ਹੈ। ਮਨ ਦੀ ਇਸ ਡੂੰਘੀ ਚੁਪ ਤੇ ਸ਼ਾਂਤ ਅਵਸਥਾ ਨੂੰ ਪ੍ਰਾਪਤ ਕਰਨਾ ਹੀ ਮੈਡੀਟੇਸ਼ਨ ਹੈ।

ਅਸਲੀ ਜੀਵਨ ਅੰਦਰੋਂ ਉਸ ਵੇਲੇ ਪ੍ਰਗਟ ਸ਼ੁਰੂ ਹੁੰਦਾ ਹੈ ਜਦੋਂ ਅਸੀਂ ਬਾਕਾਇਦਾ ਅਭਿਆਸ ਕਰਕੇ ਮਨ ਦੀ ਚੇਤਨ ਅਤੇ ਸ਼ਾਂਤ ਅਵਸਥਾ ਗ੍ਰਹਿਣ ਕਰ ਲੈਂਦੇ ਹਾਂ। ਸ਼ਾਂਤ ਮਨ ਸਾਨੂੰ ਕਈ ਮਾਨਸਿਕ ਰੋਗਾਂ ਤੋਂ ਮੁਕਤ ਕਰਕੇ ਸਰੀਰ ਨੂੰ ਤੰਦਰੁਸਤ ਰੱਖਦਾ ਹੈ। ਜਿਉਂ ਜਿਉਂ ਇਨਸਾਨ ਹੋਰ ਸਭਿਅਕ ਹੁੰਦਾ ਜਾਵੇਗਾ, ਉਸ ਵਿਚ ਧਿਆਨ ਦੀ ਰੁਚੀ ਵਧੇਗੀ ਕਿਉਂਕਿ ਧਿਆਨ ਹੀ ਮਨੁੱਖੀ ਚੇਤਨਾ ਨੂੰ ਇਕਾਗਰ ਕਰਨ ਦਾ ਇਕੋ ਇਕ ਢੰਗ ਹੈ।

*-ਪੰਜਾਬ ਟਾਈਮਜ਼ ਫੀਚਰ*

# ਸਿੱਖ ਚਿੰਤਕ ਤੇ ਵਿਗਿਆਨੀ-ਸਰਜੀਤ ਸਿੰਘ ਸੰਧੂ


**ਸ਼ਬਦ ਝਰੋਖਾ**



ਬਲਜੀਤ ਬਾਸੀ

*ਫੋਨ: 734-259-9353*


ਕੋਈ ਚਾਰ ਕੁ ਸਾਲ ਦੀ ਗੱਲ ਹੈ, ਮੈਂ ਸ਼ਾਮ ਦੀ ਰੋਟੀ ਖਾ ਰਿਹਾ ਸਾਂ ਕਿ ਫੋਨ ਦੀ ਘੰਟੀ ਖੜਕੀ। ਮੈਂ ਰੋਟੀ ਛੱਡ ਫੋਨ ਚੁੱਕ ਲਿਆ। ਅੱਗੋਂ ਆਵਾਜ਼ ਆਈ, "ਹੈਲੋ, ਬਲਜੀਤ ਬਾਸੀ?" "ਜੀ ਬੋਲ ਰਿਹਾਂ।"

"ਉਹ ਕੀ ਹਾਲ ਏ ਕਾਕੇ ਤੇਰਾ, ਬੜੀ ਸ਼ਬਦਾਂ ਦੀ ਮਿਝ ਕਢਦੈਂ?" ਕਈ ਪਾਠਕ ਬੜੀ ਅਪਣੱਤ ਜਿਤਾਉਂਦੇ ਹਨ। ਇਹ ਕੰਬਦੀ ਅਤੇ ਅਸਪਸ਼ਟ ਜਿਹੀ ਆਵਾਜ਼ ਕਿਸੇ ਬੁੱਢੇ ਦੀ ਲਗਦੀ ਸੀ। ਉਂਜ ਥੋੜ੍ਹੀ ਜਾਣੀ-ਪਛਾਣੀ ਵੀ ਲਗਦੀ ਸੀ। ਪਰ ਕਿਸ ਦੀ ਹੋ ਸਕਦੀ ਹੈ, ਦਿਮਾਗ ਦੀ ਬੱਤੀ ਨਹੀਂ ਸੀ ਜਗ ਰਹੀ। ਕੋਈ ਨੀਮ-ਪਛਾਣੀ ਆਵਾਜ਼ ਸੁਣ ਕੇ ਇਹ ਕਹਿਣਾ, ਜੀ ਤੁਹਾਨੂੰ ਪਛਾਣਿਆ ਨਹੀਂ, ਅਗਲੇ ਦੀ ਹੇਠੀ ਹੀ ਤਾਂ ਹੈ। ਮੈਂ ਜੱਕੋ-ਤੱਕੇ ਵਿਚ ਸਾਂ ਕਿ ਉਨ੍ਹਾਂ ਆਪ ਹੀ ਕਹਿ ਦਿੱਤਾ, "ਮੈਂ ਸਰਜੀਤ ਸਿੰਘ ਸੰਧੂ ਹਾਂ, ਤੇਰੇ ਭਰਾ ਪਰਮਜੀਤ ਬਾਸੀ ਦਾ ਰਹਿ ਚੁੱਕਾ ਕੁਲੀਗ।" ਦਿਮਾਗ ਵਿਚ ਫੱਟ ਚਾਨਣ ਹੋ ਗਿਆ, ਮੈਂ ਉਨ੍ਹਾਂ ਨੂੰ ਸਤਿ ਸ੍ਰੀ ਅਕਾਲ ਬੁਲਾਈ ਤੇ ਨਾ ਪਛਾਨਣ ਲਈ ਮੁਆਫੀ ਮੰਗੀ। ਉਂਜ ਏਡੀ ਗੱਲ ਵੀ ਨਹੀਂ ਸੀ, ਅਸੀਂ ਕਿਹੜਾ ਏਨੀ ਵਾਰੀ ਮਿਲੇ ਸਾਂ ਕਿ ਮੈਂ ਉਨ੍ਹਾਂ ਦੀ ਆਵਾਜ਼ ਚੇਤੇ ਰੱਖਦਾ।

ਮੇਰੇ ਵੱਡੇ ਭਰਾ ਪਰਮਜੀਤ ਬਾਸੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਚ ਰਸਾਇਣ ਦੇ ਪ੍ਰੋਫੈਸਰ ਅਤੇ ਮੁਖੀ ਰਹੇ ਹਨ। ਸੰਧੂ ਸਾਹਿਬ ਵੀ ਉਸੇ ਵਿਭਾਗ ਵਿਚ ਪ੍ਰੋਫੈਸਰ ਰਹੇ ਸਨ। ਉਹ ਮੇਰੇ ਭਰਾ ਦੇ ਸਹਿਕਰਮੀ ਹੋਣ ਦੇ ਨਾਲ ਨਾਲ ਦੋਸਤ ਵੀ ਬਣ ਗਏ ਸਨ। ਮੈਂ ਇਕ ਦੋ ਵਾਰੀ ਉਨ੍ਹਾਂ ਨੂੰ ਭਰਾ ਦੇ ਘਰ ਮਿਲ ਚੁੱਕਾ ਸਾਂ। ਇਕ ਵਾਰੀ ਦੋਵੇਂ ਜਣੇ ਚੰਡੀਗੜ੍ਹ ਵਿਚ ਮੇਰੇ ਘਰ ਵੀ ਆਏ ਸਨ ਪਰ ਇਹ ਘੱਟੋ ਘੱਟ ਤੀਹ ਸਾਲ ਪੁਰਾਣੀਆਂ ਗੱਲਾਂ ਹਨ। ਸੰਧੂ ਸਾਹਿਬ ਇਕ ਵਧੀਆ, ਹਰਮਨਪਿਆਰੇ ਟੀਚਰ, ਚੋਟੀ ਦੇ ਸਾਇੰਸਦਾਨ, ਚੋਖੇ ਗਿਆਨਵਾਨ ਅਤੇ ਅਤਿ ਦਰਜੇ ਦੇ ਦਿਲਚਸਪ ਇਨਸਾਨ ਸਨ। ਸਭ ਤੋਂ ਵੱਡੀ ਗੱਲ ਇਹ ਕਿ ਉਹ ਗੁਰਬਾਣੀ, ਸਿੱਖ ਇਤਿਹਾਸ ਅਤੇ ਪੰਜਾਬੀ ਦਾ ਡੂੰਘਾ ਗਿਆਨ ਰੱਖਦੇ ਸਨ। ਸਾਇੰਸਦਾਨਾਂ ਵਿਚ ਇਹ ਗੁਣ ਘੱਟ ਹੀ ਹੁੰਦੇ ਹਨ। ਕੋਈ ਪੱਚੀ ਕੁ ਸਾਲ ਤੋਂ ਉਹ ਅਮਰੀਕਾ ਵਿਚ ਰਹਿ ਰਹੇ ਸਨ ਤੇ ਉਨ੍ਹਾਂ ਦਿਨਾਂ ਵਿਚ ਓਰੇਗਾਨ ਸਟੇਟ ਵਿਚ ਆਪਣੇ ਤਿੰਨ ਲੜਕਿਆਂ ਨਾਲ ਰਹਿੰਦੇ ਸਨ। ਮਾੜੀ ਖਬਰ ਇਹ ਹੈ ਕਿ ਪਿਛਲੇ ਦਿਨੀਂ ਉਹ 84 ਸਾਲ ਦੀ ਉਮਰ ਭੋਗ ਕੇ ਇਸ ਫਾਨੀ ਸੰਸਾਰ ਤੋਂ ਵਿਦਾ ਹੋ ਚੁੱਕੇ ਹਨ।

ਡਾ. ਸੰਧੂ 1930 ਵਿਚ ਲਾਇਲਪੁਰ ਜ਼ਿਲੇ ਦੇ ਕਿਸੇ ਪਿੰਡ ਵਿਚ ਪੈਦਾ ਹੋਏ। ਮੁਢਲੀ ਵਿਦਿਆ ਉਥੋਂ ਹੀ ਪ੍ਰਾਪਤ ਕੀਤੀ। ਬਟਵਾਰੇ ਪਿਛੋਂ ਉਨ੍ਹਾਂ ਕਾਲਜੀ ਵਿਦਿਆ ਜਲੰਧਰ ਦੇ ਲਾਇਲਪੁਰ ਖਾਲਸਾ ਕਾਲਜ ਤੋਂ ਹਾਸਿਲ ਕੀਤੀ। ਉਪਰੰਤ ਪੰਜਾਬ ਯੂਨੀਵਰਸਿਟੀ ਹੁਸ਼ਿਆਰਪੁਰ ਤੋਂ ਰਸਾਇਣ ਦੀ ਪੀ.ਐਚ.ਡੀ. ਕੀਤੀ। ਚੰਡੀਗੜ੍ਹ ਲੈਕਚਰਰ ਲੱਗਣ ਪਿਛੋਂ ਛੇਤੀ ਹੀ ਉਨ੍ਹਾਂ ਨੂੰ ਕਾਮਨਵੈਲਥ ਸਕਾਲਰਸ਼ਿਪ ਦੀ ਪੇਸ਼ਕਸ਼ ਹੋਈ। ਇਸ ਖੋਜ ਵਿਚ ਕੰਮ ਕਰਦਿਆਂ ਉਨ੍ਹਾਂ ਲੰਡਨ ਯੂਨੀਵਰਸਿਟੀ ਤੋਂ ਦੂਜੀ ਪੀ.ਐਚ.ਡੀ. ਕੀਤੀ। ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਕਾਫੀ ਸਮਾਂ ਰੀਡਰ ਰਹੇ। 1970 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਸਥਾਪਤ ਹੋਣ ਨਾਲ ਉਨ੍ਹਾਂ ਨੂੰ ਇਥੋਂ ਦੇ ਰਸਾਇਣ ਵਿਭਾਗ ਨੂੰ ਪੱਕੀਆਂ ਨੀਹਾਂ 'ਤੇ ਕਾਇਮ ਕਰਨ ਲਈ ਇਸ ਦਾ ਪ੍ਰੋਫੈਸਰ ਅਤੇ ਮੁਖੀ ਥਾਪਿਆ ਗਿਆ। ਇਸ ਪੋਸਟ 'ਤੇ ਉਹ 1990 ਤੱਕ ਰਿਟਾਇਰ ਹੋਣ ਦੇ ਸਮੇਂ ਤੱਕ ਰਹੇ। ਉਪਰੰਤ ਆਪਣੇ ਤਿੰਨ ਪੁੱਤਰਾਂ ਕੋਲ ਅਮਰੀਕਾ ਆ ਕੇ ਰਹਿਣ ਲੱਗ ਪਏ। ਆਪਣੇ ਕਾਰਜ ਕਾਲ ਦੌਰਾਨ ਉਨ੍ਹਾਂ ਆਪਣੇ ਯਤਨਾਂ ਨਾਲ ਵਿਭਾਗ ਨੂੰ ਕੌਮੀ ਪੱਧਰ ਦਾ ਬਣਾ ਦਿੱਤਾ। ਉਹ ਅਨੇਕਾਂ ਸਰਕਾਰੀ ਅਤੇ ਗੈਰ-ਸਰਕਾਰੀ ਅਦਾਰਿਆਂ ਨਾਲ ਜੁੜੇ ਰਹੇ। ਉਹ ਪੰਜਾਬ ਰਾਜ ਦੀ ਸਾਇੰਸ ਅਤੇ ਤਕਨਾਲੋਜੀ ਕੌਂਸਲ ਦੇ ਸੰਸਥਾਪਕ ਅਤੇ ਡਾਇਰੈਕਟਰ ਰਹੇ ਹਨ। ਉਨ੍ਹਾਂ ਅਨੇਕਾਂ ਪੀ.ਐਚ.ਡੀ. ਪੈਦਾ ਕੀਤੇ ਹਨ। ਅਮਰੀਕਾ, ਇੰਗਲੈਂਡ, ਆਸਟ੍ਰੇਲੀਆ ਚੀਨ ਆਦਿ ਕਈ ਦੇਸ਼ਾਂ ਵਿਚ ਹੋਈਆਂ ਕਾਨਫਰੰਸਾਂ ਵਿਚ ਉਨ੍ਹਾਂ ਦੇ ਪਰਚੇ ਪੜ੍ਹੇ ਗਏ ਅਤੇ ਪ੍ਰਤਿਸ਼ਠਿਤ ਜਨਰਲਾਂ ਵਿਚ ਛਪੇ। ਬਹੁਤ ਸਾਰੀਆਂ ਕਿਤਾਬਾਂ ਵਿਚ ਉਨ੍ਹਾਂ ਦੀਆਂ ਖੋਜਾਂ ਦਾ ਜ਼ਿਕਰ ਆਉਂਦਾ ਹੈ। ਉਹ ਰਸਾਇਣ ਅਤੇ ਸਾਇੰਸ ਨਾਲ ਸਬੰਧਤ ਅਨੇਕਾਂ ਰਾਜਸੀ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਦੇ ਸਰਗਰਮ ਮੈਂਬਰ ਰਹੇ ਹਨ। ਉਨ੍ਹਾਂ ਬੇਸ਼ੁਮਾਰ ਇਨਾਮ ਅਤੇ ਸਨਮਾਨ ਪ੍ਰਾਪਤ ਕੀਤੇ ਅਤੇ ਆਪਣੇ ਵਿਸ਼ੇ ਦੀ ਰੱਜ ਕੇ ਸੇਵਾ ਕੀਤੀ। ਉਨ੍ਹਾਂ ਦੇ ਪੈਦਾ ਕੀਤੇ ਸੈਂਕੜੇ ਵਿਦਿਆਰਥੀ ਵੱਡੀਆਂ ਵੱਡੀਆਂ ਅਕਾਦਮਿਕ ਪੋਸਟਾਂ 'ਤੇ ਲੱਗੇ ਹੋਏ ਹਨ।

ਐਪਰ ਅਮਰੀਕਾ ਆ ਕੇ ਉਨ੍ਹਾਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਸਿੱਖ ਧਰਮ ਅਤੇ ਗੁਰਬਾਣੀ ਨਾਲ ਜੋੜ ਲਿਆ। ਉਹ ਗੁਰੂ ਗ੍ਰੰਥ ਸਾਹਿਬ ਦੇ ਉਪਲਬਧ ਕਈ ਅੰਗਰੇਜ਼ੀ ਅਨੁਵਾਦਾਂ ਤੋਂ ਸੰਤੁਸ਼ਟ ਨਹੀਂ ਸਨ। ਇਸ ਲਈ ਉਨ੍ਹਾਂ ਆਪ ਹੀ ਇਹ ਕੰਮ ਵਿੱਢ ਦਿੱਤਾ। ਉਨ੍ਹਾਂ ਹਰਕੁਲੀਸ, ਕੈਲੀਫੋਰਨੀਆ ਵਿਚ ਸਿੱਖ ਖੋਜ ਅਤੇ ਸਿੱਖਿਆ ਬਾਰੇ ਇਕ ਅੰਤਰਰਾਸ਼ਟਰੀ ਸੰਸਥਾ ਖੜ੍ਹੀ ਕਰ ਦਿੱਤੀ। ਇਸ ਸੰਸਥਾ ਰਾਹੀਂ ਉਨ੍ਹਾਂ ਸਿੱਖੀ ਦੇ ਵਿਸ਼ੇ 'ਤੇ ਪੰਜ ਕਿਤਾਬਾਂ ਅੰਗਰੇਜ਼ੀ ਵਿਚ ਪ੍ਰਕਾਸ਼ਤ ਕਰਾਈਆਂ। ਕੈਨੇਡਾ ਅਤੇ ਅਮਰੀਕਾ ਦੇ ਅਨੇਕਾਂ ਗੁਰਦੁਆਰਿਆਂ ਅਤੇ ਹੋਰ ਸੰਸਥਾਵਾਂ ਵਿਚ ਸਿੱਖੀ ਬਾਰੇ ਖੋਜ ਭਰਪੂਰ ਭਾਸ਼ਣ ਦਿੱਤੇ। ਵਿਗਿਆਨੀ ਹੋਣ ਦੇ ਨਾਤੇ ਉਨ੍ਹਾਂ ਦੀ ਪਹੁੰਚ ਵੀ ਵਿਗਿਆਨਕ ਅਤੇ ਮੌਲਿਕ ਹੁੰਦੀ ਸੀ। ਉਹ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਇਸ ਦੇ ਅੰਦਰੂਨੀ ਪਰਿਪੇਖ ਵਿਚ ਰੱਖ ਕੇ ਕਰਨ ਦੇ ਹੱਕ ਵਿਚ ਸਨ। ਉਨ੍ਹਾਂ 'ਸਿੱਖ ਮਾਰਗ' ਨਾਂ ਦੇ ਵੈਬਮੈਗਜ਼ੀਨ ਵਿਚ ਕੋਈ ਤੇਈ ਖੋਜ ਭਰਪੂਰ ਲੇਖ ਲਿਖੇ। ਉਨ੍ਹਾਂ ਅਨੁਸਾਰ ਮੂਲਮੰਤਰ ੴ ਦਾ ਉਚਾਰਣ "ਇਕ ਓਅੰਕਾਰ" ਨਹੀਂ ਬਲਕਿ 'ਇੱਕੋ' ਹੈ। ਉਹ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਦੀ ਰਚਨਾ ਨਹੀਂ ਸਨ ਮੰਨਦੇ। ਉਨ੍ਹਾਂ ਗੁਰਬਾਣੀ ਦੇ ਪ੍ਰਚਲਿਤ ਕਈ ਟੀਕਿਆਂ ਵਿਚ ਕਈ ਘਾਟਾਂ ਵੱਲ ਧਿਆਨ ਵੀ ਦਿਵਾਇਆ। ਸੰਧੂ ਸਾਹਿਬ ਸਾਹਿਤ ਰਸੀਏ ਹੀ ਨਹੀਂ ਸਾਹਿਤ ਰਚੈਤਾ ਵੀ ਸਨ। ਉਨ੍ਹਾਂ ਦੇ ਦੋ ਕਾਵਿ-ਸੰਗ੍ਰਿਹ ਵੀ ਪ੍ਰਕਾਸ਼ਤ ਹੋ ਚੁੱਕੇ ਹਨ।



*ਸਰਜੀਤ ਸਿੰਘ ਸੰਧੂ*

ਮੇਰੇ ਨਾਲ ਪਹਿਲੇ ਦਿਨ ਹੋਈ ਗੱਲ ਬਾਤ ਤੋਂ ਬਾਅਦ ਉਹ ਅਕਸਰ ਹੀ ਸ਼ਾਮ ਨੂੰ ਸੱਤ ਵਜੇ ਮੈਨੂੰ ਫੋਨ ਕਰਦੇ ਤੇ ਕਈ ਗੱਲਾਂ ਬਾਰੇ ਗਿਆਨ ਚਰਚਾ ਹੁੰਦੀ। ਉਨ੍ਹਾਂ ਮੈਨੂੰ ਦੱਸਿਆ ਕਿ ਓਰੇਗਾਨ ਸਟੇਟ ਵਿਚ ਜਿਸ ਥਾਂ ਮੈਂ ਰਹਿੰਦਾ ਹਾਂ, ਉਥੇ 'ਪੰਜਾਬ ਟਾਈਮਜ਼' ਨਹੀਂ ਪੁੱਜਦਾ ਜਿਸ ਵਿਚ ਮੇਰਾ ਸ਼ਬਦਾਂ ਦੀ ਵਿਉਤਪਤੀ ਵਾਲਾ ਕਾਲਮ 'ਸ਼ਬਦ ਝਰੋਖਾ' ਛਪਦਾ ਹੈ। ਉਨ੍ਹਾਂ ਨੂੰ ਹਰ ਹਫਤੇ ਕੈਲੀਫੋਰਨੀਆ ਵਿਚ ਰਹਿੰਦਾ ਉਨ੍ਹਾਂ ਦਾ ਕੋਈ ਦੋਸਤ ਟੈਲੀਫੋਨ 'ਤੇ ਮੇਰਾ ਕਾਲਮ ਪੜ੍ਹ ਕੇ ਸੁਣਾਉਂਦਾ ਹੈ। ਮੇਰੇ ਲਈ ਇਹ ਇੱਕ ਵੱਡੇ ਮਾਣ ਵਾਲੀ ਗੱਲ ਸੀ। ਸੰਧੂ ਸਾਹਿਬ ਨਾਲ ਮੇਰਾ ਫੋਨ ਅਤੇ ਈਮੇਲ ਰਾਹੀਂ ਰਾਬਤਾ ਬਹੁਤਾ ਚਿਰ ਨਾ ਰਹਿ ਸਕਿਆ। ਫੋਨ 'ਤੇ ਇਸ ਕਰਕੇ ਕਿ ਜਿਵੇਂ ਮੈਂ ਪਹਿਲਾਂ ਵੀ ਦੱਸਿਆ ਹੈ, ਉਨ੍ਹਾਂ ਦੀ ਆਵਾਜ਼ ਬਹੁਤੀ ਸਪਸ਼ਟ ਨਹੀਂ ਸੀ ਤੇ ਉਹ ਕਾਹਲੀ-ਕਾਹਲੀ ਵੀ ਬੋਲਦੇ ਸਨ। ਮੈਨੂੰ ਅਤੇ ਮੇਰੀ ਪਤਨੀ ਨੂੰ ਉਨ੍ਹਾਂ ਦੀਆਂ ਗੱਲਾਂ ਸਮਝਣ ਵਿਚ ਬਹੁਤ ਕਠਿਨਾਈ ਹੋਣ ਲੱਗੀ। ਸ਼ਾਇਦ ਉਨ੍ਹਾਂ ਨੂੰ ਆਪ ਵੀ ਇਸ ਗੱਲ ਦਾ ਅਹਿਸਾਸ ਹੋ ਚੁੱਕਾ ਸੀ। ਇਸ ਉਮਰ ਵਿਚ ਉਹ ਕੰਪਿਊਟਰ 'ਤੇ ਬਹੁਤਾ ਚਿਰ ਨਹੀਂ ਸਨ ਬੈਠ ਸਕਦੇ ਅਤੇ ਇਸ ਤਰ੍ਹਾਂ ਸਾਡਾ ਆਪਸੀ ਰਾਬਤਾ ਹੌਲੀ ਹੌਲੀ ਖਤਮ ਹੋ ਗਿਆ।

ਪਰ ਥੋੜ੍ਹੇ ਜਿਹੇ ਸੰਪਰਕ ਦੌਰਾਨ ਹੀ ਉਨ੍ਹਾਂ ਮੈਨੂੰ ਗੁਰਬਾਣੀ, ਪੰਜਾਬੀ ਭਾਸ਼ਾ ਅਤੇ ਆਮ ਜੀਵਨ ਬਾਰੇ ਢੇਰ ਗਿਆਨ ਦਿੱਤਾ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਖੁਦ ਸ਼ਬਦਾਂ, ਨਾਂਵਾਂ ਤੇ ਥਾਂਵਾਂ ਦਾ ਪਿਛੋਕੜ ਜਾਣਨ ਦਾ ਝੱਲ ਹੈ।

ਉਹ ਕਿਤਾਬਾਂ, ਟੀ.ਵੀ., ਰੇਡੀਓ ਤੇ ਆਮ ਲੋਕਾਂ ਦੀ ਗੱਲਬਾਤ ਤੋਂ ਇਸ ਸਭ ਕੁਝ ਦੇ ਵੇਰਵੇ ਇਕੱਠੇ ਕਰਦੇ ਰਹਿੰਦੇ ਹਨ। ਉਨ੍ਹਾਂ ਇਹ ਕਹਿ ਕੇ ਮੈਨੂੰ ਚਕ੍ਰਿਤ ਕਰ ਦਿੱਤਾ ਕਿ ਉਨ੍ਹਾਂ ਨੇ ਸ਼ਬਦਾਂ ਤੇ ਨਾਂਵਾਂ ਬਾਰੇ ਜਾਣਕਾਰੀ ਇਕੱਠੀ ਕਰਕੇ ਏਨੀਆਂ ਪਰਚੀਆਂ ਬਣਾ ਲਈਆਂ ਹਨ ਕਿ ਦੋ-ਤਿੰਨ ਬੋਰੀਆਂ ਭਰੀਆਂ ਜਾ ਸਕਦੀਆਂ ਹਨ। ਉਹ ਕਿਸੇ ਸੁਣੇ ਨਾਂ ਤੋਂ ਝੱਟ ਅਨੁਮਾਨ ਲਾ ਲੈਂਦੇ ਸਨ ਕਿ ਇਹ ਬੰਦਾ ਦੁਨੀਆਂ ਦੇ ਕਿਹੜੇ ਕੋਨੇ ਵਿਚ ਰਹਿੰਦਾ ਹੈ। ਉਂਜ ਮੈਂ ਦੇਖਿਆ ਇਹ ਤੱਥਤਮਕ ਵੇਰਵੇ ਹੀ ਸਨ। ਉਹ ਇਨ੍ਹਾਂ ਵੇਰਵਿਆਂ ਦਾ ਭਾਸ਼ਾ-ਵਿਗਿਆਨਕ ਵਿਸ਼ਲੇਸ਼ਣ ਨਹੀਂ ਸਨ ਕਰ ਸਕਦੇ, ਇਸ ਲਈ ਕਈ ਵਾਰੀ ਕੱਢੇ ਨਤੀਜੇ ਗਲਤ ਵੀ ਹੋ ਸਕਦੇ ਹਨ। ਪਰ ਏਨੀ ਸਾਰੀ ਹਾਸਿਲ ਕੀਤੀ ਸਮੱਗਰੀ ਵਿਚੋਂ ਹੋਰ ਬੜਾ ਕੁਝ ਕੰਮ ਦਾ ਨਿਕਲ ਸਕਦਾ ਹੈ।

ਰਸਾਇਣ ਵਿਭਾਗ ਦਾ ਮੇਰੇ ਤੇ ਮੇਰੇ ਭਰਾ ਦਾ ਇਕ ਹੋਰ ਕੁਲੀਗ ਸੀ ਡਾ. ਨਾਜ਼ਰ ਸਿੰਘ। ਉਹ ਕਾਮਰੇਡੀ ਖਿਆਲਾਂ ਦਾ ਸੀ ਤੇ ਉਸ ਨੂੰ ਭਾਸ਼ਾ ਦਾ ਕੱਚਘਰੜ ਗਿਆਨ ਛਾਂਟਣ ਦੀ ਆਦਤ ਸੀ। ਇਕ ਵਾਰੀ ਉਹ ਚੰਡੀਗੜ੍ਹ ਮੇਰੇ ਵਿਭਾਗ ਵਿਚ ਆਏ ਤਾਂ ਮੈਂ ਆਪਣੇ ਸਹਿਕਰਮੀ ਡਾ. ਬਖਸ਼ੀਸ਼ ਸਿੰਘ ਜੌਹਲ ਦਾ ਉਨ੍ਹਾਂ ਨਾਲ ਤੁਆਰਫ ਕਰਾਇਆ। 'ਜੌਹਲ' ਗੋਤ ਸੁਣਦੇ ਹੀ ਡਾ. ਨਾਜ਼ਰ ਸਿੰਘ ਕਹਿੰਦੇ ਕਿ ਜੌਹਲ ਸ਼ਬਦ ਜ਼ੂਲੂ ਤੋਂ ਆਇਆ ਹੈ ਤੇ ਇਸੇ ਦਾ ਵਿਗੜਿਆ ਰੂਪ ਹੈ। ਅਸੀਂ ਉਨ੍ਹਾਂ ਨੂੰ ਵਿਆਖਿਆ ਕਰਨ ਲਈ ਕਿਹਾ ਤਾਂ ਉਹ ਸਾਡੀ ਤਸੱਲੀ ਨਾ ਕਰਵਾ ਸਕੇ। ਇਕ ਸ਼ਬਦ ਦਾ ਦੂਜੇ ਨਾਲ ਸਬੰਧ ਦਰਸਾਉਣ ਲਈ ਕੇਵਲ ਧੁਨੀ ਦਾ ਸਮਾਨ ਹੋਣਾ ਹੀ ਕਾਫੀ ਨਹੀਂ ਹੁੰਦਾ, ਹੋਰ ਭਾਸ਼ਾ-ਵਿਗਿਆਨਕ ਅਤੇ ਇਤਿਹਾਸਕ ਤੱਥ ਵੀ ਦੱਸਣੇ ਜ਼ਰੂਰੀ ਹੁੰਦੇ ਹਨ। ਡਾ. ਨਾਜ਼ਰ ਸਿੰਘ ਵਾਲੀ ਇਹ ਗੱਲ ਮੈਂ ਇਕ ਦਿਨ ਸਰਜੀਤ ਸੰਧੂ ਹੁਰਾਂ ਨੂੰ ਦੱਸੀ ਤੇ ਨਾਲ ਹੀ ਮਖੌਲ ਕੀਤਾ ਕਿ ਤੁਹਾਨੂੰ ਕੈਮਿਸਟਰੀ ਵਾਲਿਆਂ ਨੂੰ ਭਾਸ਼ਾ-ਵਿਗਿਆਨ ਵਿਚ ਮੂੰਹ ਮਾਰਨ ਦੀ ਆਦਤ ਕਿਉਂ ਪੈ ਗਈ ਹੈ? ਉਹ ਉਦੋਂ ਤਾਂ ਚੁੱਪ ਰਹੇ ਪਰ ਕੁਝ ਦਿਨਾਂ ਬਾਅਦ ਉਨ੍ਹਾਂ ਦੀ ਈ-ਮੇਲ ਆਈ, "ਪਿਆਰੇ ਬਲਜੀਤ ਬਾਸੀ, ਗੁਰੂ ਫਤਹਿ। ਤੈਨੂੰ ਯਾਦ ਹੋਵੇਗਾ ਕਿ ਕੁਝ ਦਿਨ ਪਹਿਲਾਂ ਤੂੰ ਮੈਨੂੰ ਦੱਸਿਆ ਸੀ ਕਿ ਡਾ. ਨਾਜ਼ਰ ਸਿੰਘ ਨੇ ਤੁਹਾਨੂੰ ਜੌਹਲ ਗੋਤ ਦੇ ਨਿਕਾਸ ਬਾਰੇ ਗੱਲ ਕਰਦਿਆਂ ਇਹ ਕਿਹਾ ਕਿ ਇਹ ਅਫਰੀਕਾ ਦੇ ਇਕ ਕਬੀਲੇ 'ਜ਼ੂਲੂ' ਨਾਲ ਸਬੰਧਤ ਹੈ ਪਰ ਇਸ ਦੀ ਕੋਈ ਇਤਿਹਾਸਕ ਗਵਾਹੀ ਪੇਸ਼ ਨਹੀਂ ਕੀਤੀ। ਫਿਰ ਤੂੰ ਗੱਲ ਉਥੇ ਹੀ ਛੱਡ ਦਿੱਤੀ। ਮੈਂ ਟੀ.ਵੀ. ਦੇਖਦਾ ਅਤੇ ਪ੍ਰਾਚੀਨ ਕਿਤਾਬਾਂ ਅਤੇ ਰਸਾਲਿਆਂ ਦਾ ਅਧਿਐਨ ਕਰਦਾ ਰਹਿੰਦਾ ਹਾਂ। ਅੱਜ ਹੀ ਮੈਂ ਟੀ.ਵੀ. 'ਤੇ ਇਕ ਮਿਸਰ ਦੇ ਸ਼ਖਸ ਬਾਰੇ ਜਾਣਕਾਰੀ ਲਈ ਹੈ ਜੋ ਮਿਸਰ ਦੇ ਪੁਰਾਤਤਵ ਇਤਿਹਾਸ ਦਾ ਅਧਿਐਨ ਕਰਦਾ ਹੈ। ਉਸ ਦਾ ਨਾਂ ਹੈ ਜ਼ਾਹਲ ਅੱਬਾਸ। ਇਸ ਨਾਮ ਤੋਂ ਇਸ ਗੱਲ ਦੀ ਗਵਾਹੀ ਮਿਲਦੀ ਹੈ ਕਿ "ਜ਼ੂਲੂ" ਸ਼ਬਦ ਕਿਵੇਂ ਮਿਸਰ ਵਿਚ ਪਹੁੰਚਿਆ ਤੇ ਉਥੋਂ ਚੱਲ ਕੇ ਅਰਬ ਦੇਸ਼ਾਂ ਵਿਚ ਪ੍ਰਚਲਿਤ ਹੋਇਆ।

ਅਰਬ ਦੇਸ਼ਾਂ ਤੋਂ ਇਹ ਜਾਹਲ/ਜੌਹਲ ਰੂਪ ਵਿਚ ਇਰਾਨ ਆ ਗਿਆ ਤੇ ਉਥੋਂ ਹੋਰ ਅੱਗੇ ਵਧਦਾ ਪੰਜਾਬ ਵਿਚ ਆ ਗਿਆ। ਪ੍ਰੋਫੈਸਰ ਬੁਧ ਪ੍ਰਕਾਸ਼ ਨੇ ਆਪਣੀ ਰਚਨਾ ਪ੍ਰਾਚੀਨ ਪੰਜਾਬ ਦੇ ਇਤਿਹਾਸ ਵਿਚ ਇਕ 'ਜਵਾਲਾ' ਕਬੀਲੇ ਦਾ ਜ਼ਿਕਰ ਕੀਤਾ ਹੈ। ਪੁਰਾਣੀਆਂ ਭਾਸ਼ਾਵਾਂ ਵਿਚ "ਹ" ਧੁਨੀ "ਵ" ਵਿਚ ਬਦਲ ਜਾਂਦੀ ਹੈ। ਧਿਆਨ ਦਿਓ, ਇਥੇ ਭਾਵੇਂ ਸੰਧੂ ਸਾਹਿਬ ਨੇ ਜੌਹਲ ਗੋਤ ਬਾਰੇ ਕਈ ਸਬੰਧਤ ਤੱਥ ਦਰਸਾਏ ਹਨ ਪਰ ਇਸ ਦਾ ਮੁਢ ਜਾਣਨ ਬਾਰੇ ਇਹ ਸਭ ਵੀ ਕਾਫੀ ਨਹੀਂ ਹਨ। ਉਨ੍ਹਾਂ ਆਖਰਕਾਰ ਸ਼ਬਦ ਦੀ ਧੁਨੀ ਸਮਾਨਤਾ ਤੋਂ ਹੀ ਅਨੁਮਾਨ ਲਾਇਆ ਹੈ। ਇਸੇ ਤਰ੍ਹਾਂ ਉਨ੍ਹਾਂ ਮੈਨੂੰ ਇਕ ਵਾਰੀ ਕਿਹਾ ਸੀ ਕਿ ਗੰਗਾ ਸ਼ਬਦ ਚੀਨ ਤੋਂ ਆਇਆ ਹੈ ਪਰ ਮੈਂ ਉਨ੍ਹਾਂ ਨਾਲ ਸਹਿਮਤ ਨਹੀਂ ਸੀ ਹੋ ਸਕਿਆ। ਪਰ ਉਨ੍ਹਾਂ ਦੀਆਂ ਸਾਰੀਆਂ ਲੱਭਤਾਂ ਦਾ ਖਜ਼ਾਨਾ ਫਰੋਲਿਆਂ ਜ਼ਰੂਰ ਕਈ ਬਹੁਮੁੱਲੇ ਹੀਰੇ ਲੱਭ ਸਕਦੇ ਹਨ। ਸੰਧੂ ਸਾਹਿਬ ਇਕ ਸਿਰੜੀ ਵਿਦਵਾਨ ਸਨ। ਉਨ੍ਹਾਂ ਦੇ ਬਹੁਤ ਸਾਰੇ ਨੋਟਸ ਖਿਲਰੇ ਪੱਤਰੇ ਪਏ ਹਨ। ਉਨ੍ਹਾਂ ਦੇ ਲੜਕਿਆਂ ਨੇ ਉਨ੍ਹਾਂ ਦੇ ਸਾਰੇ ਛਪੇ ਅਤੇ ਚੋਣਵੇਂ ਅਣਛਪੇ ਕੰਮ ਨੂੰ ਇੰਟਰਨੈਟ 'ਤੇ ਮੁਹੱਈਆ ਕਰਨ ਦਾ ਫੈਸਲਾ ਕੀਤਾ ਹੈ। ਸੰਧੂ ਸਾਹਿਬ ਲਈ ਇਹ ਇੱਕ ਸੱਚੀ ਸ਼ਰਧਾਂਜਲੀ ਹੋਵੇਗੀ।

# ਚਾਰ ਮੋਢੇ




**ਚਰਨਜੀਤ ਸਿੰਘ ਪੰਨੂ**

**ਫੋਨ: 408-608-4961**


'ਕੀ ਹਾਲ ਬੀਬੀ ਜੀ? ਸਤਿ ਸ੍ਰੀ ਅਕਾਲ!'

'ਚੰਗਾ ਵੇ ਪੁੱਤ...! ਤੇਰੀ ਆਵਾਜ਼ ਸੁਣ ਕੇ ਨੌਂ-ਬਰ-ਨੌਂ ਹੋ ਗਈ। ਜਿਊਂਦਾ ਰਹਿ ਵੇ ਪੁੱਤਾ! ਮੇਰੇ ਸਾਰੇ ਦੁੱਖ ਦੂਰ ਹੋ ਜਾਂਦੇ ਨੇ ਤੁਹਾਡੀ ਆਵਾਜ਼ ਸੁਣ ਕੇ।'

'ਕੀ ਕਰਦੀ ਸੀ ਮੇਰੀ ਅੰਮਾ?'

'ਕਰਨਾ ਕੀ! ਬੇਟਾ ਹੁਣੇ ਖਾਣਾ ਖਾ ਕੇ ਹਟੀ ਸੀ, ਭਾਂਡੇ ਰੱਖ ਰਹੀ ਹਾਂ।'

'ਕੀ ਬਣਾਇਆ? ਕੀ ਖਾਧਾ?'

'ਖਿਚੜੀ ਬਣਾਈ ਸੀ ਕੱਲ੍ਹ...ਕੁਝ ਸਵੇਰੇ ਖਾ ਲਈ ਕੁਝ ਹੁਣ।'

'ਖਿਚੜੀ? ਖਿਚੜੀ ਕਿਉਂ?'

'ਕਈ ਦਿਨਾਂ ਦਾ ਪੇਟ ਠੀਕ ਨਹੀਂ, ਟੱਟੀਆਂ ਜਿਹੀਆਂ ਲੱਗਣ ਨੂੰ ਕਰਦੀਆਂ ਸੀ, ਮੈਂ ਕਿਹਾ ਪਹਿਲਾਂ ਹੀ ਬੰਦੋਬਸਤ ਕਰ ਲਵਾਂ।'

'ਚੰਗਾ ਕੀਤਾ! ਪਰ ਤੇਰੇ ਕੋਲ ਕੌਣ ਹੈ ਹੁਣ?'

'ਕੋਈ ਨਹੀਂ ਪੁੱਤਰਾ! ਕਈ ਦਿਨ ਸਰਬਜੀਤ ਆਇਆ ਰਿਹਾ। ਨਾਲ ਦੇ ਘਰ ਗਹਿਮਾ ਗਹਿਮੀ ਰਹੀ। ਮੈਨੂੰ ਵੀ ਇਹ ਵਿਹੜਾ ਭਰਿਆ-ਭਰਿਆ ਲੱਗਾ।'

'ਕਦੋਂ ਗਿਆ ਉਹ ਵਾਪਸ?'

'ਅੱਜ ਹੀ ਸਵੇਰੇ ਚੜ੍ਹ ਗਿਆ। ਉਹਨੇ ਤਾਂ ਡਬਈ, ਪੁਤਲੀਘਰ ਬਣਾ ਰੱਖੀ ਆ ਤੇ ਜਹਾਜ਼ ਜਿਵੇਂ ਰਿਕਸ਼ਾ।' ਹੱਸਣ ਦੀ ਤੰਦਰੁਸਤ ਆਵਾਜ਼ ਆਈ।

'ਚਲੋ ਕੋਈ ਨਹੀਂ! ਤੈਨੂੰ ਤਾਂ ਕਿਹਾ ਸੀ ਪਈ ਜਾਂ ਇੱਧਰ ਮੇਰੇ ਕੋਲ ਆ ਜਾਹ ਅਮਰੀਕਾ, ਜਾਂ ਉਸ ਦੇ ਨਾਲ ਚਲੀ ਜਾਹ।'

'ਉਥੇ ਜਾ ਕੇ ਆਪਣਾ ਇਹ ਭਰਿਆ ਘਰ ਘਾਟ ਕੀਹਦੇ ਸਹਾਰੇ ਛੱਡਾਂ। ਬਲਜੀਤ ਵੀ ਆਪਣਾ ਟੱਬਰ-ਟੀਹਰ ਲੜਕੀਆਂ ਦੋਹਤੇ ਦੋਹਤੀਆਂ ਲੈ ਕੇ ਆਪਣੇ ਪੇਕੇ ਗਈ ਹੋਈ ਹੈ, ਪੰਦਰਾਂ ਦਿਨਾਂ ਵਾਸਤੇ। ਸਕੂਲਾਂ ਵਿਚ ਛੁੱਟੀਆਂ ਨੇ। ਅੱਜ ਭਲਕ ਆਉਣ ਹੀ ਵਾਲੀ ਆ... । ਬਥੇਰਾ ਸਾਂਭਦੀ, ਸੇਵਾ ਕਰਦੀ ਆ ਵਿਚਾਰੀ।'

'ਚੱਲ ਹੋਰ ਗੱਲ ਦੱਸ...ਦਵਾਈ ਲੈਂਦੀ ਰਿਹਾ ਕਰ।'

'ਦਵਾਈ ਵੀ ਕੀ ਕਰੂ? ਹੁਣ ਹੋਰ ਕਿੰਨਾ ਕੁ ਚਿਰ ਹੰਢੀ ਹੋਈ ਦੇਹੀ ਨੂੰ ਟਾਕੀਆਂ ਲਾਉਂਦੀ ਰਹਾਂ। ਆਖਰ ਤਾਂ ਇਸ ਨੇ ਹੰਭਣਾ-ਹਰਨਾ ਹੀ ਹੈ। ਕੱਲ੍ਹ ਰਾਤ ਹੀ ਬੱਸ ਹੋ ਗਈ ਸੀ।' ਮਾਤਾ ਦਾ ਹਉਕਾ ਤੇਜ਼ ਹੋ ਗਿਆ। ਮੈਨੂੰ ਜਾਪਿਆ ਜਿਵੇਂ ਕੁਝ ਛੁਪਾ ਰਹੀ ਹੈ।

'ਸੱਚੋ ਸੱਚ ਦੱਸ ਕੀ ਹੋਇਆ ਬੀਬੀ? ਬਿਕਰ, ਤੇਰਾ ਪੋਤਰਾ ਤੇਰੇ ਲਾਗੇ ਹੈ। ਉਧਰ ਚਲੀ ਜਾਂਦੀ।'

'ਲੱਤਾਂ ਬਾਂਹਾਂ ਬੜੀਆਂ ਦੁਖੀਆਂ। ਕੜੱਲਾਂ ਨੇ ਮੇਰੀ ਜਾਨ ਹੀ ਪੀੜ ਸੁੱਟੀ। ਟੁੱਟ-ਭੱਜ ਨੇ ਸਾਰੇ ਸਰੀਰ ਵਿਚ ਅਕੜਾਅ ਜਿਹਾ ਭਰ ਦਿੱਤਾ। ਮੈਂ ਜੀ-ਭਿਆਣੀ ਨੇ ਆਵਾਜ਼ਾਂ ਮਾਰੀਆਂ, ਪਰ ਕੋਈ ਨਹੀਂ ਬਹੁੜਿਆ।'

'ਤੂੰ ਉਨ੍ਹਾਂ ਦੇ ਕੋਲ ਹੀ ਸੌਂ ਜਾਇਆ ਕਰ, ਉਹ ਵੀ ਤੇਰੇ ਪੁੱਤ-ਨੂੰਹਾਂ-ਪੋਤਰੇ ਨੇ।'

'ਮੇਰੀ ਛੱਡ ਤੂੰ ਆਪਣੀ ਦੱਸ! ਮੇਰੇ ਛੋਟੇ ਛੋਟੇ ਬਾਗ਼-ਪਰਿਵਾਰ ਦੀ?'

'ਸਾਰੇ ਠੀਕ ਨੇ। ਤੂੰ ਦੱਸ...।

'ਮੈਂ ਕਿਹਾ ਮਨਾਂ! ਜੇ ਮਰਨਾ ਹੀ ਹੈ, ਤਾਂ ਪੋਤਰੇ ਦੇ ਹੱਥਾਂ 'ਚ ਮਰਾਂ। ਇੱਥੇ ਕੋਠੜੀ ਵਿਚ ਮੇਰੀ ਕੌਣ ਪੁੱਛੂ। ਮੈਂ ਧੁੱਸ ਦਿੱਤੀ ਪੂਰਾ ਤਾਣ ਲਾ ਕੇ ਉਠੀ ਤੇ ਡਿੱਗਦੀ ਢਹਿੰਦੀ ਬਿੱਕਰ ਦਾ ਗਲਾ ਟੱਪ ਗਈ। ਰਾਤ ਦੇ ਵਜੇ ਉਹ ਵੀ ਦਿਨੇ ਕੰਮਾਂ ਕਾਰਾਂ ਦੇ ਥੱਕੇ ਘੂਕ ਸੁੱਤੇ ਪਏ ਵਿਚਾਰੇ।'

'ਮੈਨੂੰ ਅਫ਼ਸੋਸ ਐ ਮੇਰੀ ਠੰਢੀ ਮਾਂ! ਮੈਂ ਦੂਰ ਬੈਠਾ ਝੁਰਨ ਤੋਂ ਬਿਨਾ ਕੀ ਕਰ ਸਕਦਾਂ? ਤੂੰ ਆਪ ਹੀ ਤਾਂ ਬਾਹਰ ਆਉਣ ਤੋਂ ਨਾਂਹ ਕਰ ਦਿੱਤੀ ਸੀ। ਫਿਰ ਕਿੱਦਾਂ ਸਾਂਭਿਆ ਤੈਨੂੰ ਉਨ੍ਹਾਂ?'

'ਕਿੰਨੀਆਂ ਸਾਰੀਆਂ 'ਵਾਜ਼ਾਂ ਮਾਰੀਆਂ... ਕੁੰਡੇ ਖੜਕਾਏ। ਗਵਾਂਢੀਆਂ ਦੇ ਕੁੱਤੇ ਉਚੀ-ਉਚੀ ਭੌਂਕਣ ਲੱਗ ਪਏ, ਤਾਂ ਕਿਤੇ ਜਾ ਕੇ ਉਨ੍ਹਾਂ ਦੀ ਜਾਗ ਖੁੱਲ੍ਹੀ। ਸੁੱਖੋ ਬਾਹਰ ਨਿਕਲੀ। ਮੈਂ ਕਿਹਾ ਮੈਨੂੰ ਮਨਜੀਤ ਨੂੰ ਬੁਲਾ ਦੇਹ। ਮੇਰੀ ਦੇਹ ਕੰਬੀ ਜਾਂਦੀ ਆ, ਆ ਕੇ ਮੈਨੂੰ ਨੱਪ-ਘੁੱਟ ਦੇਵੇ।' (ਮਨਜੀਤ ਕੰਮ ਕਰਨ ਵਾਲੀ ਔਰਤ ਹੈ, ਜੋ ਪਿਛਵਾੜੇ ਰਹਿੰਦੀ ਹੈ।)

'ਕੋਈ ਨਾ ਬੀਜੀ! ਹੁਣ ਤੁਸੀਂ ਗੋਲੀ ਖਾ ਕੇ ਟਿਕ ਜਾਓ, ਇਸ ਵੇਲੇ ਉਸ ਨੇ ਕਿਹੜਾ ਉਠਣਾ ਹੈ।' ਸੁੱਖੋ ਮੇਰੇ ਮੋਢੇ ਘੁੱਟਣ ਲੱਗੀ।

'ਕਹੋ ਤਾਂ ਚਾਹ ਬਣਾ ਦਿੰਦੀ ਹਾਂ। ਰਾਤ ਕਿਸੇ ਨੇ ਆਵਾਜ਼ ਨਹੀਂ ਦੇਣੀ। ਕਿਸੇ ਨਹੀਂ ਆਉਣਾ। ਉਸ ਦੇ ਕਹਿਣ 'ਤੇ ਮੈਨੂੰ ਤਸੱਲੀ ਜਿਹੀ ਹੋ ਗਈ। ਉਸ ਦੇ ਹੱਥਾਂ ਦੇ ਨਿੱਘ ਨੇ ਮੇਰਾ ਦੁੱਖ ਅੱਧਾ ਕਰ ਦਿੱਤਾ। ਮੈਂ ਉਥੇ ਹੀ ਬਰਾਂਡੇ ਵਿਚ ਤਖ਼ਤਪੋਸ਼ 'ਤੇ ਟੇਢੀ ਹੋ ਗਈ।'

'ਮਨਜੀਤ ਤੇਰੀ ਸੇਵਾ ਕਰਦੀ ਤੇ ਉਹਨੂੰ ਕੱਢਦੀ ਕਿਉਂ ਹੈਂ? ਟਿਕੀ ਰਹਿਣ ਦੇਹ। ਵੇਲੇ-ਕੁਵੇਲੇ ਤੇਰੇ ਕੰਮ ਕਰਦੀ ਹੈ। ਉਸ ਦੇ ਪਿੱਛੇ ਝਾੜੂ ਲੈ ਕੇ ਕੋਸਦੀ ਰਹਿੰਦੀ ਐਂ।'

'ਸੇਵਾ ਤਾਂ ਕਰਦੀ। ਪੂਰੀ ਤਰ੍ਹਾਂ ਨੱਪਦੀ-ਘੁੱਟਦੀ, ਰੋਟੀ ਚਾਹ ਪਾਣੀ ਆ ਕੇ ਬਣਾ ਵਰਤਾ ਜਾਂਦੀ, ਸਫ਼ਾਈ ਕਰ ਜਾਂਦੀ, ਪਰ ਮੈਨੂੰ ਡਰ ਆ ਕਿ ਉਹ ਚਲਿੱਤਰੋ ਜ਼ਨਾਨੀ ਕੱਲ-ਕਲੋਤਰ ਨੂੰ ਮਕਾਨ ਦੀ ਮੱਲ ਮਾਰ ਕੇ ਬਹਿ ਜਾਊ... ਤੁਹਾਨੂੰ ਕਚਹਿਰੀਆਂ ਦੇ ਚੱਕਰ ਲਗਵਾਊ।'

'ਚੱਲ ਕੋਈ ਨਹੀਂ! ਤੂੰ ਇਹ ਚਿੰਤਾ ਫ਼ਿਕਰ ਨਾ ਕਰਿਆ ਕਰ। ਅਜੇ ਵੀ ਮਨ ਬਣਾ ਲੈ। ਮੈਂ ਆਪ ਆ ਕੇ ਤੈਨੂੰ ਨਾਲ ਲੈ ਜਾਵਾਂਗਾ।'

'ਨਾ ਪੁੱਤ ਨਾ...ਸਰਬਜੀਤ ਵੀ ਜ਼ੋਰ ਲਗਾਉਂਦਾ ਰਿਹਾ। ਕੈਨੇਡਾ ਤੋਂ ਕੁਲਵੰਤ ਬੇਟੀ ਵੀ ਪੁੱਛਦੀ ਰਹਿੰਦੀ ਹੈ, ਪਰ ਮੇਰੀ ਮਿੱਟੀ ਤਾਂ ਹੁਣ ਇੱਥੇ ਹੀ ਬਣੂੰ...ਜਿੱਥੇ ਮੈਂ ਜੰਮੀ ਪਲੀ, ਵਿਆਹੀ ਵਰੀ, ਆਪਣੇ ਸਰਦਾਰ ਕੋਲ ਜੀਹਦੇ ਨਾਲ ਸਾਰੀ ਹਯਾਤੀ ਹੰਢਾਈ। ਤੁਹਾਨੂੰ ਰੱਬ ਸਿੱਧੀਆਂ ਪਾਵੇ ਖੁਸ਼ੀਆਂ ਬਖ਼ਸ਼ੇ।' ਉਸ ਦੀ ਆਵਾਜ਼ ਭਾਰੀ ਹੋ ਗਈ।

'ਹੌਸਲਾ ਕਰ ਫਿਰ ਤਕੜੀ ਹੋ, ਤੂੰ ਅਜੇ ਸੈਂਕੜਾ ਮਾਰਨਾ ਹੈ।'

'ਮੈਨੂੰ ਸਿਰਫ ਇਹੀ ਫਿਕਰ ਹੈ ਪੁੱਤਰਾ! ਕੱਲ੍ਹ-ਕਲੋਤਰ ਨੂੰ ਲੋਕ-ਚਰਚਾ ਨਾ ਚੱਲੇ ਪਈ ਏਡੇ ਖਲਜਗਣ ਵਾਲੀ ਨੂੰ ਚਾਰ ਮੋਢੇ ਨਹੀਂ ਮਿਲੇ... ਤੁਸੀਂ ਸਾਰੇ ਵੇਲੇ ਸਿਰ ਆ ਕੇ ਮੌਕਾ ਸਾਂਭ ਜਾਇਓ।'

#

## ਕਹਾਣੀ

# ਸ਼ਵੇਤਾਂਬਰ ਨੇ ਕਿਹਾ ਸੀ

ਕਈ ਵਾਰ ਇੰਜ ਲਗਦਾ ਹੈ ਪਈ ਜਿਹੜੀ ਘਟਨਾ ਮੇਰੇ 'ਤੇ ਹੁਣੀ ਘਟੀ ਏ, ਉਹ ਅੱਗੇ ਵੀ ਕਈ ਵਾਰ ਘੱਟ ਚੁੱਕੀ ਹੈ। ਲਗਦਾ ਏ ਇਹੀ ਸਮਾਂ ਸੀ, ਇਹੀ ਥਾਂ ਸੀ। ਉਹ ਇਵੇਂ ਆਇਆ ਸੀ। ਇਹੀ ਗੱਲਬਾਤ ਹੋਈ ਸੀ, ਸਾਡੇ ਵਿਚਕਾਰ। ਇੰਨ ਬਿੰਨ ਇਹੀ ਮਹਿਸੂਸ ਕੀਤਾ ਸੀ ਮੈਂ। ਇਹ ਘਟਨਾ ਕਦੇ ਖਿਆਲ ਸੀ, ਕਦੀ ਘਟਨਾ ਬਣੀ ਤੇ ਕਦੇ ਸੁਫ਼ਨਾ। ਹੁਣ ਸਿਰਫ਼ ਡਰਾਉਣੀ ਯਾਦ ਬਣੀ ਬੈਠੀ ਏ।

ਮੈਂ ਆਪਣੇ ਕਮਰੇ ਵਿਚ ਬਿਸਤਰੇ ਤੋਂ ਵਸਾਖੀ ਦੇ ਸਹਾਰੇ ਉਠ ਕੇ ਕੁਰਸੀ 'ਤੇ ਬੈਠੀ ਹਾਂ। ਡੁੱਬਦੇ ਸੂਰਜ ਦੀਆਂ ਪੀਲੀਆਂ ਕਿਰਨਾਂ ਬਾਰੀ ਵਿਚ ਆ ਕੇ ਅੱਧ ਮਰੀਆਂ ਜਿਹੀਆਂ ਫਰਸ਼ 'ਤੇ ਡਿੱਗੀਆਂ ਪਈਆਂ ਨੇ। ਤੇ ਮੇਰਾ ਮਨ ਚਿਰਾਂ ਪਹਿਲਾਂ ਝੱਲੇ ਦੁੱਖ ਨਾਲ ਫੇਰ ਦੱਬਣ ਲੱਗ ਪਿਆ ਏ।

ਹਾਂ, ਇਹੀ ਸਮਾਂ ਸੀ, ਇਹੀ ਥਾਂ ਸੀ। ਛੇ ਕੁ ਵਰ੍ਹੇ ਪਹਿਲਾਂ ਪ੍ਰੋਫੈਸਰ ਮੋਦੀ ਇਸ ਸਾਹਮਣੀ

ਪ੍ਰੇਮ ਪ੍ਰਕਾਸ਼

ਕੁਰਸੀ 'ਤੇ ਬੈਠਾ ਸੀ। ਉਹ ਦੇ ਭਰੇ ਚਿਹਰੇ 'ਤੇ ਪੀਲਕ ਛਾਈ ਹੋਈ ਸੀ। ਸੁਰਖ਼ ਹੋਈਆਂ ਮੋਟੀਆਂ ਮੋਟੀਆਂ ਮਾਸੂਮ ਅੱਖਾਂ 'ਚ ਪਤਾ ਨ੍ਹੀਂ ਕਿਹੋ ਜਿਹੀ ਭਾਵਨਾ ਲਿਆ ਕੇ ਉਹਨੇ ਕਿਹਾ ਸੀ, "ਸ਼ਾਰਦਾ, ਤੂੰ ਮੈਨੂੰ ਮਾਰ ਦੇ, ਨਹੀਂ ਮੈਂ ਤੈਨੂੰ ਮਾਰ ਦੇਣੈ।" ਮੈਂ ਇਕਦਮ ਉਹਦੇ ਵੱਲ ਦੇਖਿਆ ਤਾਂ ਉਹਨੇ ਪਲਕਾਂ ਝੁਕਾ ਲਈਆਂ। ਮੈਂ ਹੱਸ ਪਈ ਸੀ। ਕਿਹਾ ਸੀ, "ਪਾਗਲ ਤੇ ਨਹੀਂ ਹੋ ਗਿਐ? ਚੁੱਕ, ਕਾਫ਼ੀ ਪੀ।"

ਉਠ ਕੇ ਮੈਂ ਉਹਦੇ ਖਿਚੜੀ ਹੋਏ ਵਾਲਾਂ ਨੂੰ ਪਲੋਸਿਆ ਤਾਂ ਉਹ ਮੇਰੇ ਹੱਥਾਂ ਨੂੰ ਚੁੰਮ ਕੇ ਫਰਮਾਬਰਦਾਰ ਬੱਚੇ ਵਾਂਗ ਕਾਫ਼ੀ ਪੀਣ ਲੱਗ ਪਿਆ ਸੀ।

ਪਰ ਕੀ ਪਤਾ ਸੀ, ਛੇ ਕੁ ਮਹੀਨਿਆਂ ਬਾਅਦ ਉਹਦੀ ਗੱਲ ਸੱਚ ਹੋ ਜਾਵੇਗੀ। ਤੇ ਉਹ ਮੇਰੇ ਹੱਥੋਂ ਮਾਰਿਆ ਜਾਵੇਗਾ। ਇਹ ਗੱਲ ਮੈਂ ਹੀ ਜਾਣਦੀ ਹਾਂ, ਹੋਰ ਕੋਈ ਨਹੀਂ। ਉਹ ਆਪ ਵੀ ਨਹੀਂ। ਇਕ ਸ਼ਵੇਤਾਂਬਰ ਜਾਣਦਾ ਏ, ਜਿਹੜਾ ਸੁਣਦਾ ਏ, ਸੋਚਦਾ ਏ, ਬੋਲਦਾ ਹੈ, ਦੇਖਦਾ ਵੀ ਏ ਪਰ ਸਿਰਫ਼ ਮੈਨੂੰ। ਬਿਲਕੁਲ ਉਵੇਂ ਜਿਵੇਂ ਇਸ ਸਾਹਮਣੀ ਕੰਧ 'ਤੇ ਮੈਨੂੰ ਸਿਰਫ਼ ਪ੍ਰੋ. ਮੋਦੀ ਦਾ ਪੂਰਾ ਚਿਹਰਾ ਉਕਰਿਆ ਦਿੱਸਿਆ ਕਰਦਾ ਸੀ ਪਰ ਹੁਣ ਸਿਰਫ਼ ਉਹਦੀਆਂ ਦੋ ਅੱਖਾਂ ਦਿਸਦੀਆਂ ਨੇ। ਮਾਸੂਮ ਬੱਚਿਆਂ ਵਾਂਗ ਸੋਚਦੀਆਂ, ਕੁਝ ਮੰਗਦੀਆਂ। ਪਰ ਪਤਾ ਨਹੀਂ ਉਹ ਕਿਹੋ ਜਿਹਾ ਸਮਾਂ ਸੀ, ਕਿਹਾ ਮੌਸਮ ਸੀ। ਮੈਂ ਕੀ, ਉਹ ਕੀ ਸੀ? ਮੈਂ ਉਹਦਾ ਹੱਥ ਆਪਣੇ ਨਾਲੋਂ ਤੋੜਦਿਆਂ ਕਿਹਾ ਸੀ, "ਬੱਸ ਮੈਨੂੰ ਛੱਡ ਦੇ, ਤੂੰ ਇਥੋਂ ਚਲਿਆ ਜਾ।"

ਫੇਰ ਨਾ ਆਵਾਂ? ਉਹਨੇ ਡਰੇ ਜਿਹੇ ਪੁੱਛਿਆ ਸੀ।

ਨਾ ਆਵੀਂ? ਮੈਂ ਇੰਜ ਆਖਿਆ ਸੀ, ਜਿਵੇਂ ਉਸ 'ਤੇ ਥੁੱਕਿਆ ਹੋਵੇ। ਉਹ ਦੁਖੀ ਜਿਹਾ ਬਾਹਰ ਨਿਕਲ ਗਿਆ ਸੀ ਤੇ ਮੈਂ ਬੈਠੀ ਰੋਂਦੀ ਰਹੀ ਸੀ। ਤੇ ਹਾਊਸ ਸਰਜਨ ਲੱਗੇ ਆਪਣੇ ਜੁਆਨ ਬੇਟੇ, ਬਜ਼ੁਰਗ ਵਿਧਵਾ ਭੈਣ ਤੇ ਨੌਕਰਾਣੀ ਤੋਂ ਹੰਝੂ ਲੁਕਾਂਦੀ ਰਹੀ ਸੀ ਤੇ ਸ਼ਵੇਤਾਂਬਰ ਇਕ ਖੂੰਜੇ 'ਚ ਖੜਾ ਬੇਰਹਿਮੀ ਨਾਲ ਮੁਸਕਰਾ ਰਿਹਾ ਸੀ।

ਅੱਜ ਫੇਰ ਉਹੋ ਜਿਹੀ ਸ਼ਾਮ ਹੈ। ਪੀਲੀ ਜਰਦ ਰੋਸ਼ਨੀ ਵਾਲੀ। ਸ਼ਾਂ ਸ਼ਾਂ ਦੀ ਢਹਿੰਦੀ ਆਵਾਜ਼ ਤੇ ਪਲੋ ਪਲ ਵਧਦਾ ਹਨੇਰਾ ਦਿਲ 'ਤੇ ਗਰਦ ਵਾਂਗ ਬੈਠਦੇ ਜਾਂਦੇ ਨੇ। ਪਰਤ ਦਰ ਪਰਤ। ਹੁਣ ਸ਼ਵੇਤਾਂਬਰ ਪਤਾ ਨਹੀਂ ਕਿਥੇ ਗਿਆ। ਨਾ ਕਮਰੇ ਵਿਚ ਹੁੰਦਾ ਏ, ਨਾ ਵਰਾਂਡੇ ਵਿਚ ਤੇ ਨਾ ਹੀ ਲੁਕਾਟ ਦੇ ਬੂਟੇ ਥੱਲੇ।

ਭੈਣ ਜੀ ਪਾਠ ਪੂਜਾ ਕਰ ਰਹੇ ਨੇ। ਸਿਰੇ ਦੇ ਕਮਰੇ ਵਿਚੋਂ ਉਨ੍ਹਾਂ ਦੀ ਭਿਣ ਭਿਣ ਦੀ ਆਵਾਜ਼ ਆ ਰਹੀ ਏ। ਨੌਕਰ ਦੇਵੀ ਦਾਸ ਤੇ ਉਹਦੀ ਪਤਨੀ ਰੁਕਮਣੀ ਖਾਣਾ ਤਿਆਰ ਕਰ ਰਹੇ ਨੇ। ਡਾਕਟਰ ਹਾਂ, ਮੈਂ ਇਸੇ ਨਾਂ ਨਾਲ ਸੱਦਦੀ ਹਾਂ ਆਪਣੇ ਬੇਟੇ ਨੂੰ। ਉਹਦੀ ਵਹੁਟੀ ਡਾਕਟਰ ਮਿਸਿਜ਼ ਵਿਦਿਆ ਸਾਹਨੀ ਨੂੰ ਵੀ ਡਾਕਟਰਨੀ ਕਹਿ ਕੇ ਬੁਲਾਂਦੀ ਹਾਂ। ਉਹ ਕਲੀਨਿਕ ਤੋਂ ਆਉਣਗੇ ਤਾਂ ਇਹ ਆਦਮ ਖੋਰ ਦੁੱਖ ਦਾ ਮਾਹੌਲ ਟੁੱਟੇਗਾ। ਗ਼ਮ ਦੀ ਸ਼ਿੱਦਤ ਕੁਝ ਤਾਂ ਕਮ ਹੋਵੇਗੀ।

ਹਾਂ, ਪ੍ਰੋਫੈਸਰ ਮੋਦੀ ਇਸੇ ਤਰ੍ਹਾਂ ਦੇ ਉਰਦੂ ਲਫ਼ਜ ਬੋਲਿਆ ਕਰਦਾ ਸੀ। ਉਹਦਾ ਕਿੰਨਾ ਕੁਝ ਬੋਲਿਆ, ਮੇਰੀ ਜ਼ਬਾਨ 'ਤੇ ਚੜ੍ਹਿਆ ਪਿਆ ਹੈ। ਉਹਨੂੰ ਮਿਲਣ ਤੋਂ ਪਹਿਲਾਂ ਮੈਨੂੰ ਸ਼ਬਦਾਂ ਦੇ ਅਸਰ ਦਾ ਏਨਾ ਪਤਾ ਨਹੀਂ ਸੀ। ਸਾਇੰਸ ਦੀ ਟੀਚਰ ਸੀ ਨਾ ਮੈਂ। ਉਹਦੀ ਸੁਹਬਤ ਵਿਚ ਰਹਿ ਕੇ ਮੈਨੂੰ ਪਤਾ ਲੱਗਾ ਪਈ ਕੋਈ ਲਫ਼ਜ਼ ਜਿਵੇਂ ਤੇਜਾਬ ਦੀ ਬੂੰਦ ਵਾਂਗ ਦਿਲ 'ਤੇ ਡਿਗਦਾ ਏ ਤੇ ਛੇਕ ਕਰਦਾ ਦੂਜੇ ਪਾਸੇ ਨਿਕਲ ਜਾਂਦਾ ਏ। ਤੇ ਕੋਈ ਲਫ਼ਜ਼ ਕਿਵੇਂ ਦਿਲ ਦੇ ਵਿਚਕਾਰ ਜਾ ਕੇ ਫਸ ਜਾਂਦਾ ਏ ਤੇ ਉਮਰ ਭਰ ਅੜਿਆ ਰਹਿੰਦਾ ਏ। ਮੇਰਾ ਬੋਲਿਆ ਕੋਈ ਸ਼ਬਦ ਉਹਨੂੰ ਏਨਾ ਤੜਫਾ ਦੇਵੇਗਾ, ਇਹਦਾ ਪਤਾ ਮੈਨੂੰ ਉਦੋਂ ਲੱਗਦਾ ਜਦ ਤੀਰ ਨਿਕਲ ਚੁੱਕਾ ਹੁੰਦਾ। ਆਪਣੇ ਆਪ ਨੂੰ ਲਫ਼ਜ਼ਾਂ ਦੀ ਜਾਦੂਗਰਨੀ ਸਮਝਦੀ ਨੂੰ ਮੈਨੂੰ ਵੀ ਉਹਨੂੰ ਮਾਰਨ ਲਈ ਜ਼ਹਿਰ ਦਾ ਸਹਾਰਾ ਲੈਣ ਪਿਆ। ਕਿੰਨੀ ਕਮਜ਼ੋਰ ਹੋ ਗਈ ਸੀ ਮੈਂ।

ਸ਼ਵੇਤਾਬਰ ਨੇ ਠੀਕ ਕਿਹਾ ਸੀ, ਇਹ ਕੰਮ ਕਰਦੀ ਤੂੰ ਬਹਾਦਰ ਨਹੀਂ ਬਜ਼ੁਦਿਲ ਏਂ, ਕਾਇਰ।

ਪਰ ਮੈਂ ਸ਼ਵੇਤਾਂਬਰ ਦੀ ਗੱਲ ਸੁਣੀ ਨਹੀਂ ਸੀ। ਮੈਨੂੰ ਆਪਣੇ ਆਪ ਨਾਲ ਏਨਾ ਪਿਆਰ ਹੋ ਗਿਆ ਸੀ। ਆਪਣਾ ਸਮਾਜੀ ਰੁਤਬਾ ਏਨਾ ਵੱਡਾ ਦਿਸਣ ਲੱਗ ਪਿਆ ਸੀ। ਆਪਣੇ ਡਾਕਟਰ ਬੇਟੇ ਤੇ ਡਾਕਟਰਨੀ ਨੂੰਹ ਦੀ ਇੱਜ਼ਤ ਦਾ ਖਿਆਲ ਏਨਾ ਵੱਧ ਆਉਣ ਲੱਗ ਪਿਆ ਸੀ। ਜਾਂ ਕੁਝ ਹੋਰ ਹੀ ਹੋ ਗਿਆ ਸੀ ਮੈਨੂੰ।

ਇਹੀ ਕਮਰਾ ਸੀ, ਇਹੀ ਸਮਾਂ ਸੀ। ਉਹ ਆਇਆ। ਬੂਹੇ 'ਚ ਖੜਾ ਹੋ ਗਿਆ। ਉਹਦੀਆਂ ਅੱਖਾਂ ਪਾਟੀਆਂ ਜਿਹੀਆਂ ਸਨ। ਉਨ੍ਹਾਂ ਵਿਚ ਧੁਤਕਾਰੇ ਜਾਣ ਦਾ ਡਰ ਸੀ, ਵਿਯੋਗ ਦਾ ਦੁੱਖ ਸੀ, ਮਿਲਣ ਦੀ ਆਰਜੂ ਸੀ ਜਾਂ ਕੀ ਕੀ ਸੀ। ਉਹ ਮੇਰੇ ਚਿਹਰੇ ਵੱਲ ਤੱਕਦਾ ਮੇਰੀ ਇਕ ਨਜ਼ਰ, ਇਕ ਬੋਲ ਦਾ ਮੁੰਤਜ਼ਿਰ ਖੜ੍ਹਾ ਸੀ।

ਮੈਂ ਕਿਹਾ, "ਆ ਜਾ।" ਉਸ ਆ ਜਾ 'ਚ ਖੁਸ਼ੀ ਨਹੀਂ ਸੀ। ਨਾ ਸੁਆਗਤ ਸੀ, ਨਾ ਗੁੱਸਾ ਸੀ, ਨਾ ਨਫ਼ਰਤ ਸੀ। ਪਰ ਉਹ ਸਭ ਕੁਝ ਤਾਂ ਮੇਰੇ ਅੰਦਰ ਸੀ, ਜਿਹੜਾ ਮੈਂ ਜ਼ਾਹਰ ਨਹੀਂ ਸੀ ਹੋਣ ਦਿੱਤਾ।... ਉਂਜ ਉਹ ਫ਼ੈਸਲਾ ਤਾਂ ਮੈਂ ਦਿਨੇ ਹੀ ਕਰ ਬੈਠੀ ਸੀ।

ਉਹਦੇ ਨਾਲ ਅੱਖਾਂ ਮਿਲਾਏ ਬਿਨਾ ਹੀ ਮੈਂ ਕਾਫ਼ੀ ਬਣਾਉਣ ਕਿਚਨ 'ਚ ਚਲੀ ਗਈ।

ਸਾਰੀ ਦਵਾਈ ਮੈਂ ਇਕ ਪਿਆਲੇ ਵਿਚ ਪਾ ਦਿੱਤੀ। ਮੈਂ ਕਿਚਨ 'ਚ ਸੀ ਤੇ ਦੁੱਧ ਚਿੱਟੀ ਗਿਲਤੀ ਵਾਲਾ ਸ਼ਵੇਤਾਂਬਰ ਵਰਾਂਡੇ ਵਿਚ ਖੜਾ ਸੀ। ਉਹਦੇ ਗੋਲ ਤੇਜੱਸਵੀ ਚਿਹਰੇ 'ਤੇ ਮੁਸਕਾਨ ਨਹੀਂ ਸੀ, ਗੰਭੀਰਤਾ ਸੀ, ਪੱਥਰ ਦੀ ਮੂਰਤੀ ਵਰਗੀ।

ਇਹ ਕਾਇਰਤਾ ਏ। ਉਹਨੇ ਪੋਲੇ ਜਿਹੇ ਕਿਹਾ ਤਾਂ ਇਕ ਵਾਰ ਮੇਰਾ ਸਾਰਾ ਸਰੀਰ ਕੰਬ ਗਿਆ। ਮੈਂ ਆਪਣੇ ਆਪ ਨੂੰ ਜ਼ੋਰ ਨਾਲ ਸਾਂਭਿਆ ਤੇ ਹੱਥਾਂ ਵਿਚ ਪੂਰੀ ਜਾਨ ਭਰ ਕੇ ਦੋਵੇਂ ਕੱਪ ਚੁੱਕ ਕੇ ਸ਼ਵੇਤਾਂਬਰ ਦੇ ਕੋਲੋਂ ਦੀ ਲੰਘਦੀ ਕਮਰੇ ਵਿਚ ਆ ਗਈ।

ਉਹ ਕੁਰਸੀ 'ਤੇ ਨਹੀਂ ਸੀ, ਬਾਥਰੂਮ ਗਿਆ ਹੋਇਆ ਸੀ। ਮੈਂ ਪਿਆਲੇ ਮੇਜ਼ 'ਤੇ ਧਰ ਦਿੱਤੇ। ਉਹ ਵਾਲਾ ਪਿਆਲਾ ਉਹਦੇ ਵੱਲ ਰੱਖਿਆ। ਦੇਖ ਕੇ ਇਕ ਸਨਸਨੀ ਜਿਹੀ ਮੇਰੇ ਸਿਰ 'ਚੋਂ ਉਠ ਕੇ ਪੈਰਾਂ ਵਿਚ ਨਿਕਲ ਗਈ। ਫੇਰ ਪਤਾ ਨਹੀਂ। ਕਿਸ ਸ਼ਕਤੀ ਨੇ ਉਨ੍ਹਾਂ ਪਿਆਲਿਆਂ ਦੀ ਥਾਂ ਮੈਥੋਂ ਬਦਲਵਾ ਦਿੱਤੀ। ਫੇਰ ਬੇਵਸੀ ਵਿਚ ਜਾਂ ਬੇਸੁਰਤੀ ਵਿਚ ਇਹੀ ਹਰਕਤ ਮੈਥੋਂ ਤਿੰਨ ਚਾਰ ਵਾਰ ਹੋ ਗਈ। ਤੇ ਫੇਰ ਮੈਨੂੰ ਪਤਾ ਈ ਨਾ ਰਿਹਾ ਪਈ ਉਹ ਪਿਆਲਾ ਕਿਹੜਾ ਏ। ਉਦੋਂ ਸ਼ਵੇਤਾਂਬਰ ਬਾਰੀ ਵਿਚੀਂ ਵੇਖ ਰਿਹਾ ਸੀ। ਉਹਦੀਆਂ ਨਜ਼ਰਾਂ ਵੀ ਪਥਰਾਈਆਂ ਹੋਈਆਂ ਸਨ।



ਪ੍ਰੋ. ਮੋਦੀ ਨੇ ਆ ਕੇ ਖਲੋ ਕੇ ਮੈਨੂੰ ਪੈਰੋਂ ਸਿਰ ਤੱਕ ਦੇਖਿਆ। ਫੇਰ ਮੁਸਕਰਾਉਂਦੇ ਹੋਏ ਪਹਿਲਾਂ ਮੇਰਾ ਹੱਥ ਚੁੰਮਿਆ, ਫੇਰ ਗੱਲ੍ਹ, ਫੇਰ ਮੱਥਾ, ਫੇਰ ਇਕ ਦਮ ਗੋਡਿਆਂ ਭਾਰ ਹੋ ਕੇ ਮੇਰੇ ਪੱਟਾਂ 'ਚ ਮੂੰਹ ਖੁਭਾ ਕੇ ਉਹਨੇ ਲੰਮਾ ਹੌਕਾ ਭਰਿਆ।

ਤੇਰੀ ਕਾਫ਼ੀ ਮੇਰੀ ਪੱਥਰ ਜਿਹੀ ਆਵਾਜ਼ ਨਿਕਲੀ, ਮੇਰਾ ਬੋਲਾ ਸੁਣ ਕੇ ਉਹਨੇ ਇਕਦਮ ਮੇਰਾ ਚਿਹਰਾ ਦੇਖਿਆ ਤੇ ਡਰਿਆ ਜਿਹਾ ਉਹ ਉਠ ਕੇ ਕੁਰਸੀ 'ਤੇ ਬੈਠ ਗਿਆ। ਉਹਨੇ ਇਕ ਪਿਆਲਾ ਜਿਹੜਾ ਉਸ ਦੇ ਪਾਸੇ ਸੀ, ਖਿੱਚ ਕੇ ਕੋਲ ਕਰ ਲਿਆ।

ਉਹਦੀ ਹਰ ਹਰਕਤ ਮੈਨੂੰ ਇਸ ਤਰ੍ਹਾਂ ਲੱਗ ਰਹੀ ਸੀ, ਜਿਵੇਂ ਕਿਸੇ ਨੇ ਮੇਰੇ ਬੇਜਾਨ ਮੁਰਦੇ ਨੂੰ ਛੂਹਿਆ ਹੋਵੇ। ਉਹਦੀ ਹਰ ਹਰਕਤ ਕਿਸੇ ਵੇਲੇ ਕਿੰਨੀ ਅਰਥ ਭਰਪੂਰ ਲੱਗਦੀ ਸੀ, ਪਰ ਉਸ ਵੇਲੇ ਕਿੰਨੀ ਅਰਥ ਹੀਣ ਬੇਹੂਦਾ ਜਿਹੀ ਲੱਗੀ।

ਜਦ ਉਹ ਦੋ ਘੁੱਟ ਪੀ ਚੁੱਕਾ ਤਾਂ ਮੈਂ ਵੀ ਘੁੱਟ ਭਰਿਆ। ਜਦ ਦੋ ਤਿੰਨ ਘੁੱਟਾਂ ਨਾਲ ਮੈਨੂੰ ਕੁਝ ਨਾ ਹੋਇਆ ਤਾਂ ਮੈਂ ਇਕ ਦਮ ਚੇਤੰਨ ਹੋ ਗਈ। ਝਪਟ ਕੇ ਮੈਂ ਉਹਦਾ ਪਿਆਲਾ ਖੋਹ ਕੇ ਡੋਹਲ ਦਿੱਤਾ। ਫੇਰ ਆਪਣਾ ਵੀ ਡੋਹਲ ਦਿੱਤਾ ਤੇ ਜਾਰੋਕਤਾਰ ਰੋਣ ਲੱਗ ਪਈ।

ਫੇਰ ਦੌਰਾ ਪੈ ਗਿਆ, ਆਖ ਕੇ ਉਹ ਪਹਿਲਾਂ ਭੈਣ ਜੀ ਨੂੰ ਬੁਲਾ ਲਿਆਇਆ ਤੇ ਫੇਰ ਹਸਪਤਾਲ ਤੋਂ ਬੇਟੇ ਨੂੰ ਫ਼ੋਨ ਕਰਕੇ ਬੁਲਾ ਲਿਆਇਆ।

ਮੈਂ ਹੋਸ਼ ਵਿਚ ਆਈ ਤਾਂ ਠੀਕ ਹੀ ਸੀ। ਉਹ ਵੀ ਠੀਕ ਸੀ ਪਰ ਉਹ ਛੇਤੀ ਘਰ ਚਲਿਆ ਗਿਆ।

ਰਾਤ ਨੂੰ ਉਹਦੀ ਬੇਟੀ ਕਮਲਾ ਆਈ। ਉਹਦੇ ਪਾਪਾ ਦੀ ਤਬੀਅਤ ਖ਼ਰਾਬ ਸੀ। ਦਿਲ ਘਬਰਾਂਦਾ ਸੀ। ਡਾਕਟਰ ਉਹਨੂੰ ਦੇਖਣ ਚਲਿਆ ਗਿਆ ਤਾਂ ਮੈਂ ਮਾਮਾ ਜੀ ਦੇ ਕੋਲ ਡੇਹਰਾਦੂਨ ਜਾਣ ਦੀ ਤਿਆਰੀ ਕਰ ਲਈ।

ਡਾਕਟਰ ਨੇ ਆ ਕੇ ਦੱਸਿਆ ਕਿ ਅੰਕਲ ਨੂੰ ਕੁਝ ਵੀ ਨਹੀਂ ਹੋਇਆ। ਐਵੇਂ ਪੇਟ ਵਿਚ ਗੈਸ ਪੈਦਾ ਹੋ ਗਈ ਏ ਉਸੇ ਨਾਲ ਦਿਲ ਘਬਰਾਇਆ ਸੀ। ਇਹ ਤਾਂ ਮੈਨੂੰ ਪਤਾ ਸੀ ਪਈ ਉਹਦਾ ਦਿਲ ਕਿਉਂ ਘਬਰਾਇਆ ਸੀ। ਮੈਂ ਉਸੇ ਰਾਤ ਟਰੇਨ ਫੜ ਲਈ।

ਉਥੇ ਇਕ ਹਫ਼ਤਾ ਮੈਂ ਉਡੀਕਦੀ ਰਹੀ ਪਈ ਹੁਣ ਕੋਈ ਤਾਰ ਆਵੇਗੀ। ਰਾਤ ਨੂੰ ਨੀਂਦ ਦੀਆਂ ਗੋਲੀਆਂ ਖਾਣ ਤੱਕ ਮੈਨੂੰ ਇਹੀ ਦਿੱਸਦਾ ਰਹਿੰਦਾ ਉਹ ਮੇਰੀ ਜਾਨ ਦਾ ਦੁਸ਼ਮਣ ਆਪਣੇ ਘਰ ਪਿਆ ਤੜਪ ਰਿਹਾ ਏ। ਉਹਦਾ ਜਿਗਰ ਕੱਟ ਰਿਹਾ ਹੈ। ਉਹਦੀ ਨੇਕ ਪਤਨੀ, ਮਾਸੂਮ ਬੇਟੀ ਤੇ ਡਾਕਟਰ ਉਹਦੇ ਮੰਜੇ ਦੁਆਲੇ ਖੜ੍ਹੇ ਨੇ। ਚੱਲ ਫੈਸਲਾ ਹੋ ਗਿਆ। ਚਲੋ ਕਰੋ ਤਿਆਰੀ। ਇਸ ਦੋਜ਼ਖਣ ਸ਼ਾਰਦਾ ਦੇ ਕੁਝ ਲੱਗਦੇ ਨੂੰ ਚੁੱਕਣ ਦੀ। ਚੀਕ ਚਿਹਾੜਾ ਰਾਮ ਨਾ ਸੱਤ ਹੈ ਤੇ ਫੇਰ ਚੁੱਪ, ਸ਼ਾਂਤੀ... ਸੋਗ ਤੋਂ ਵੀ ਭਾਰੀ। ਲੱਤਾਂ ਸੌਣ ਲਗਦੀਆਂ ਤਾਂ ਮੈਂ ਉਠ ਕੇ ਕਮਰੇ ਵਿਚ ਤੁਰਨ ਫਿਰਨ ਲੱਗ ਪੈਂਦੀ। ਪਿੰਡਲੀਆਂ ਦਰਦ ਕਰਨ ਲੱਗ ਪੈਂਦੀਆਂ ਤਾਂ ਲੇਟ ਜਾਂਦੀ। ਦਸ ਪੰਦਰਾਂ ਮਿੰਟਾਂ ਬਾਅਦ ਪਾਤਲੀਆਂ ਵਿਚੋਂ ਭਾਫ ਤੇ ਸਿਰ ਵਿਚੋਂ ਜਿਵੇਂ ਬੁਖਾਰਾਤ ਜਿਹੇ ਨਿਕਲਣ ਲੱਗ ਪੈਂਦੇ। ਤੇ ਦਿਲ ਜਿਵੇਂ ਮੀਲਾਂ ਡੂੰਘੀ ਖੱਡ ਵਿਚ ਉਤਰ ਰਿਹਾ ਹੋਵੇ।

ਪੂਰੇ ਦਸ ਦਿਨ ਜਦ ਕੋਈ ਤਾਰ ਨਾ ਆਈ ਤਾਂ ਮੈਂ ਹੀ ਟਰੇਨ ਫੜ ਕੇ ਮੁੜ ਆਈ। ਪਤਾ ਲੱਗਾ, ਗਿਆਰਾਂ ਵਜੇ ਉਹਦਾ ਸਸਕਾਰ ਵੀ ਹੋ ਚੁੱਕਾ ਸੀ। ਮੇਰੇ ਟਰੇਨ ਫੜਨ ਤੋਂ ਬਾਅਦ ਉਥੇ ਤਾਰ ਪੁੱਜੀ ਹੋਵੇਗੀ।

ਮੈਂ ਸੋਚਦੀ ਰਹੀ। ਉਹ ਰੋਇਆ ਹੋਣਾ ਏ। ਬੇਹੋਸ਼ੀ ਵਿਚ ਬੁੜਬੁੜਾਇਆ ਹੋਣਾ ਏ। ਉਹਨੇ ਮੇਰਾ ਨਾਂ ਲਿਆ ਹੋਣਾ ਏ। ਪਰ ਇੰਜ ਕੁਝ ਵੀ ਨਹੀਂ ਹੋਇਆ। ਡਾਕਟਰ ਬੇਟੇ ਨੇ ਦੱਸਿਆ ਕਿ ਉਹ ਬਹੁਤ ਸ਼ਾਂਤ ਰਹੇ। ਕਈ ਦਿਨ ਟੈਮਪਰੇਚਰ ਰਿਹਾ। ਬੇਹੋਸ਼ੀ ਹੋ ਜਾਂਦੀ ਸੀ। ਹੋਸ਼ ਵਿਚ ਆਉਂਦੇ ਸੀ ਤਾਂ ਛਾਤੀ ਦੇ ਹੇਠਲੇ ਹਿੱਸੇ ਵਿਚ ਦਰਦ ਦੀ ਸ਼ਿਕਾਇਤ ਕਰਦੇ ਸੀ। ਰਾਤੀਂ ਉਨ੍ਹਾਂ ਨੂੰ ਉਲਟੀ ਆਈ ਸੀ, ਖ਼ੂਨ ਆਇਆ ਸੀ, ਮਾਮੂਲੀ, ਪਰ ਇਹ ਕੋਈ ਵੱਡੀ ਗੱਲ ਨਹੀਂ ਸੀ। ਮੇਰਾ ਖਿਆਲ ਏ ਉਨ੍ਹਾਂ ਦਾ ਹਾਰਟ ਸਿੰਕ ਕਰ ਗਿਆ। ਉਹ ਮੈਂਟਲੀ ਅਪਸੈਟ ਸਨ। ਬੇਟੇ ਦੀ ਗੱਲ ਮੈਂ ਸਿਰ ਝੁਕਾਈ ਸੁਣਦੀ ਰਹੀ। ਉਹ ਚਲਿਆ ਗਿਆ ਤਾਂ ਮੈਂ ਬਾਥਰੂਮ ਵਿਚ ਜਾ ਕੇ ਰੋਂਦੀ ਰਹੀ ਤੇ ਨਹਾਉਂਦੀ ਰਹੀ। ਮੈਨੂੰ ਲੱਗਿਆ ਜੇ ਡਾਕਟਰ ਨੇ ਮੈਨੂੰ ਨਾ ਸਾਂਭਿਆ ਤਾਂ ਮੇਰਾ ਹਾਲ ਵੀ ਉਹਦੇ ਵਾਲਾ ਹੀ ਹੋਵੇਗਾ।

ਅੰਤਰ ਸ਼ੋਕ ਦਿਵਸ ਹੋ ਗਿਆ ਤਾਂ ਮੈਂ ਆਪਣੇ ਆਪ ਨੂੰ ਕਮਰੇ ਵਿਚ ਬੰਦ ਕਰ ਲਿਆ।

ਉਨ੍ਹਾਂ ਦਿਨਾਂ ਵਿਚ ਸਾਹਮਣੀ ਦੀਵਾਰ 'ਤੇ ਉਹਦਾ ਚਿਹਰਾ ਉਕਰ ਆਇਆ ਸੀ। ਇਹ ਮੈਥੋਂ ਕੀ ਹੋ ਗਿਆ? ਉਹ ਕੌਣ ਸੀ, ਜੀਹਨੇ ਮੈਥੋਂ ਇਹ ਕੁਝ ਕਰਵਾਇਆ?... ਮੈਂ ਸ਼ਵੇਤਾਂਬਰ ਤੋਂ ਪੁੱਛਦੀ। ਪਰ ਉਹ ਵੀ ਚੁੱਪ ਚੁੱਪ ਮੈਨੂੰ ਤੱਕਦਾ ਰਹਿੰਦਾ। ਕਦੇ ਉਹ ਕੰਧ ਨਾਲ ਲੱਗਾ ਖੜ੍ਹਾ ਰਹਿੰਦਾ, ਕਦੇ ਵਰਾਂਡੇ ਵਿਚ ਤੇ ਕਦੇ ਲੁਕਾਟ ਹੇਠ। ਪਰ ਉਹਦੀ ਮੁਸਕਰਾਹਟ 'ਚ ਨਾ ਹਮਦਰਦੀ ਹੁੰਦੀ ਸੀ ਨਾ ਤਨਜ਼ ਦੀ ਚੁਭਣ। ਉਹਦੀਆਂ ਅੱਖਾਂ ਹੈਰਾਨੀ ਨਾਲ ਖੁੱਲ੍ਹੀਆਂ ਦੇਖਦੀਆਂ ਰਹਿੰਦੀਆਂ।

ਸ਼ਵੇਤਾਂਬਰ ਨਾਲ ਮੇਰਾ ਵਾਸਤਾ ਚੌਦਾਂ ਕੁ ਵਰ੍ਹੇ ਪਹਿਲਾਂ ਇਥੇ ਹੀ ਪਿਆ ਸੀ। ਮੈਂ ਵਰਾਂਡੇ ਵਿਚ ਬੈਠੀ ਲਗਾਤਾਰ ਗੇਟ ਵੱਲ ਦੇਖੀ ਗਈ ਤੇ ਅਚਾਨਕ ਉਹ ਲੁਕਾਟ ਦੇ ਬੂਟੇ ਹੇਠੋਂ ਨਮੂਦਾਰ ਹੋ ਗਿਆ ਸੀ। ਉਦੋਂ ਇਹ ਬੂਟਾ ਹੀ ਸੀ, ਹੁਣ ਦਰਖ਼ਤ ਬਣ ਚੁੱਕਾ ਏ। ਉਦੋਂ ਮੇਰੇ ਅੰਦਰ ਦੁੱਖ ਹੌਲੀ ਹੌਲੀ ਜੰਮਦਾ ਜੰਮਦਾ ਕਦੇ ਪੱਥਰ ਹੋ ਜਾਂਦਾ ਤੇ ਕਦੇ ਤਰਲ ਹੋ ਕੇ ਨਸ-ਨਸ ਵਿਚ ਵਗ ਪੈਂਦਾ। ਤਿੰਨ ਵਰ੍ਹੇ ਪਹਿਲਾਂ ਮੇਰਾ ਪਤੀ ਇੰਗਲੈਂਡ ਚਲਾ ਗਿਆ ਸੀ। ਇਕ ਦਿਨ ਮੇਰੇ ਭਤੀਜੇ ਦੀ ਚਿੱਠੀ ਆਈ ਪਈ ਸਾਹਨੀ ਸਾਹਿਬ ਨੇ ਹੋਰ ਵਿਆਹ ਕਰਵਾ ਲਿਆ। ਉਨ੍ਹਾਂ ਕੋਲ ਇਕ ਬੱਚਾ ਵੀ ਹੈ। ਮੈਂ ਸੋਚਦੀ, ਵੇਖੋ ਨਾ ਲੜਾਈ, ਨਾ ਝਗੜਾ। ਬੜੀ ਖੁਸ਼ੀ-ਖੁਸ਼ੀ ਮੈਂ ਉਹਨੂੰ ਵਿਦਾ ਕੀਤਾ ਸੀ। ਆਪ ਗਈ ਸੀ ਦਿੱਲੀ, ਹਵਾਈ ਜਹਾਜ਼ ਚੜ੍ਹਾਣ। ਦੋ ਸਾਲ ਕਿੰਨੀਆਂ ਪਿਆਰ ਭਰੀਆਂ ਚਿੱਠੀਆਂ ਆਉਂਦੀਆਂ ਰਹੀਆਂ।

ਰੁਕਮਣੀ। ਮੇਰੀ ਆਵਾਜ਼ 'ਤੇ ਉਹ ਭੱਜੀ ਆਉਂਦੀ ਏ। ਉਹਦੇ ਹੱਥਾਂ ਨੂੰ ਆਟਾ ਲੱਗਾ ਹੋਇਆ ਏ। ਮੈਨੂੰ ਇਕ ਗਲਾਸ ਸ਼ਰਬਤ ਦਾ ਬਣਾ ਦੇ, ਦਿਲ ਘਬਰਾਉਂਦਾ ਏ। ਨਾਲੇ ਮੇਰੇ ਮੇਜ਼ ਤੋਂ ਗੋਲੀਆਂ ਚੁੱਕ ਲਿਆਈਂ। ਉਹ ਤੇਜ਼ੀ ਨਾਲ ਚਲੀ ਗਈ ਏ। ਹੁਣ ਇਹਨੂੰ ਕੀ ਦੱਸਾਂ? ਮੇਰਾ ਦਿਲ ਕਰਦਾ ਏ, ਕੋਈ ਸੁਣੇ ਜੋ ਮੇਰੇ 'ਤੇ ਬੀਤਦੀ ਪਈ ਏ।

ਇਹੀ ਹਾਲਤ ਮੇਰੀ ਉਦੋਂ ਸੀ, ਜਦ ਸਾਲ ਭਰ ਮੈਂ ਸਾਹਨੀ ਸਾਹਿਬ ਦੀ ਚਿੱਠੀ ਉਡੀਕਦੀ ਰਹੀ। ਉਹਨੇ ਕਾਫ਼ੀ ਰੁਪਿਆ ਭੇਜਿਆ ਸੀ। ਜਿਹੜਾ ਮੈਂ ਮਕਾਨ 'ਤੇ ਖਰਚ ਕਰ ਦਿੱਤਾ ਸੀ। ਘਰ ਚਲਾਉਣ ਲਈ ਮੇਰੀ ਆਪਣੀ ਤਨਖਾਹ ਕਾਫ਼ੀ ਸੀ। ਇਕ ਸ਼ਾਮ ਜਦ ਮੈਨੂੰ ਕੋਈ ਰਾਹ ਨਹੀਂ ਸੀ ਲੱਭਦਾ, ਅੱਖਾਂ ਅੱਗੇ ਹਨੇਰਾ ਛਾ ਗਿਆ ਸੀ ਤੇ ਮੈਂ ਲਗਾਤਾਰ ਗੇਟ ਵੱਲ ਦੇਖਦੀ ਰਹੀ ਸੀ ਤਾਂ ਅਚਾਨਕ ਸ਼ਵੇਤਾਂਬਰ ਲੁਕਾਟ ਦੇ ਬੂਟੇ ਹੇਠ ਦਿਸ ਪਿਆ ਸੀ। ਮੁਸਕਰਾਂਦਾ ਹੋਇਆ ਉਹ ਮੇਰੇ ਕੋਲ ਆ ਕੇ ਖਲੋ ਗਿਆ ਸੀ। ਕਹਿੰਦਾ ਆਤਮ ਹੱਤਿਆ ਕਰੇਂਗੀ? ਕਾਇਰ!

ਨਹੀਂ ਕਾਇਰ ਤਾਂ ਕੁਝ ਵੀ ਨਹੀਂ ਕਰ ਸਕਦੇ। ਆਪ ਮਰ ਵੀ ਨਹੀਂ ਸਕਦੇ।

ਹਾਂ, ਉਹ ਪੁੱਤਰ ਨੂੰ ਪਾਲ ਨਹੀਂ ਸਕਦੇ। ਵਿਧਵਾ ਭੈਣ ਦਾ ਬੋਝ ਨਹੀਂ ਚੁੱਕ ਸਕਦੇ। ਜੀਅ ਹੀ ਨਹੀਂ ਸਕਦੇ। ਉਹਨੇ ਇਸ ਤਰ੍ਹਾਂ ਕਿਹਾ ਸੀ ਜਿਵੇਂ ਬੋਧ ਬ੍ਰਿਕਸ਼ ਹੇਠੋਂ ਬੋਲ ਰਿਹਾ ਹੋਵੇ।

ਰਾਤ ਨੂੰ ਨੀਂਦ ਨਹੀਂ ਸੀ ਆ ਰਹੀ ਤਾਂ ਸ਼ਵੇਤਾਂਬਰ ਨੇ ਰਤਾ ਕੁ ਬੂਹਾ ਖੋਲ ਕੇ ਆਪਣਾ ਘੌਨ ਮੌਨ ਚਮਕਦਾ ਸਿਰ ਤੇ ਤੇਜੱਸਵੀ ਚਿਹਰਾ ਅੰਦਰ ਕੀਤਾ। ਤੇ ਬਰਫ਼ ਚਿੱਟੀ ਚਾਦਰ ਦੀ ਗਿਲਤੀ ਸੰਵਾਰਦਾ ਮੇਰੇ ਸਾਹਮਣੇ ਆ ਖੜੋਤਾ। ਉਸ ਰਾਤ ਦੀ ਗੱਲਬਾਤ ਦੇ ਬਾਅਦ ਮੈਂ, ਮੇਰਾ ਸਭ ਕੁਝ ਇਸ ਘਰ ਦੇ ਹਵਾਲੇ ਹੋ ਗਿਆ ਸੀ।

ਤੇ ਚਾਰ ਵਰ੍ਹਿਆਂ ਬਾਅਦ ਹੀ ਮੈਨੂੰ ਪ੍ਰਿੰਸੀਪਲਸ਼ਿਪ ਮਿਲ ਗਈ ਸੀ।

ਰੋਟੀ, ਕੱਪੜਾ, ਮਕਾਨ, ਸਿਹਤ ਤੇ ਵਿਦਿਆ-ਇਹ ਕਾਫੀ ਨਹੀਂ ਜਿਊਣ ਲਈ, ਇਸ ਗੱਲ ਦਾ ਅਹਿਸਾਸ ਮੈਨੂੰ ਉਦੋਂ ਹੋਣ ਲੱਗਾ ਸੀ, ਜਦੋਂ ਮੈਂ ਆਪਣੀ ਤਨਖਾਹ ਨਾਲ ਚੀਜ਼ਾਂ ਖਰੀਦ-ਖਰੀਦ ਕੇ ਘਰ ਭਰ ਕੇ ਅੱਕ ਗਈ ਸੀ। ਵਿਨੋਦ ਡਾਕਟਰ ਬਣ ਰਿਹਾ ਸੀ, ਆਪਣੀ ਹਿੰਮਤ ਨਾਲ। ਭੈਣ ਜੀ ਆਪਣੀ ਆਕਬਤ ਸੰਵਾਰਨ ਲਈ ਭਗਤੀ ਵਿਚ ਲੱਗੇ ਰਹਿੰਦੇ ਸਨ। ਉਦੋਂ ਮੇਰੀ ਉਮਰ ਹੀ ਕੀ ਸੀ, ਪੈਂਤੀ-ਸੈਂਤੀ ਸਾਲ। ਸਕੂਲ ਵਿਚ ਮੇਰੇ ਅੰਦਰ ਜਨਮੇ ਪ੍ਰਿੰਸੀਪਲ ਨੇ ਆਪਣੇ ਤੇ ਟੀਚਰਾਂ ਵਿਚਕਾਰ, ਆਪਣੇ ਤੇ ਵਿਦਿਆਰਥਾਂ ਵਿਚਕਾਰ ਤੇ ਗੁਆਂਢੀਆਂ ਵਿਚਕਾਰ ਜਿਹੜੀ ਵਿੱਥ ਪਾ ਲਈ ਸੀ, ਉਹਨੂੰ ਭਰਨ ਲਈ ਮੇਰੇ ਕੋਲ ਕੀ ਸੀ? ਕੁਝ ਵੀ ਨਹੀਂ?

ਉਨ੍ਹੀਂ ਦਿਨੀਂ ਸ਼ਵੇਤਾਂਬਰ ਨੇ ਕਿਹਾ ਸੀ, "ਪ੍ਰੋਫੈਸਰ ਮੋਦੀ ਇਸ ਵਿੱਥ ਨੂੰ ਭਰ ਤੇ ਰਿਹੈ।" ਇਹ ਸੁਣ ਕੇ ਮੈਂ ਆਪ ਡਰ ਗਈ ਸੀ।

ਉਹ ਸ਼ਾਮ ਸ਼ਵੇਤਾਂਬਰ ਨਹੀਂ ਸੀ ਆਇਆ, ਪ੍ਰੋਫੈਸਰ ਆ ਗਿਆ ਸੀ। ਪਤਾ ਨਹੀਂ ਕਿੰਨੀ ਹੀ ਝਿਜਕ ਬਾਅਦ, ਕਿੰਨੀ ਉਡੀਕ ਬਾਅਦ ਉਹਨੇ ਹੱਥ ਵਾਲੀ ਕਿਤਾਬ ਦਿਖਾਉਂਦਿਆਂ ਕਿਹਾ ਸੀ, ਇਹ ਕਿਤਾਬ ਸੀ ਨਾ, ਜੀਹਦਾ ਤੁਸੀਂ ਜ਼ਿਕਰ ਕੀਤਾ ਸੀ। ਮੈਨੂੰ ਲਾਇਬਰੇਰੀ ਵਿਚੋਂ ਲੱਭ ਪਈ।

ਮੈਂ ਕਿਤਾਬ ਫੜ ਰੱਖ ਲਈ। ਥੈਂਕ ਯੂ ਕਿਹਾ ਤੇ ਸੋਚਾਂ ਹੁਣ ਕੀ ਕਹਾਂ? ਉਹ ਜ਼ਰਾ ਕੁਰਸੀ ਵੱਲ ਨੂੰ ਵਧਿਆ ਤੇ ਮੈਥੋਂ ਕਹਿ ਹੋ ਗਿਆ, ਕਾਫ਼ੀ ਪੀਓਗੇ?... ਦੋ ਕੱਪ ਕਾਫ਼ੀ ਲਿਆ ਬਈ ਦੇਵੀ... ਰੁਕਮਣੀ।

ਮੋਦੀ ਦਾ ਚਿਹਰਾ ਲਾਲ ਹੋਇਆ ਪਿਆ ਸੀ। ਉਹਨੇ ਕੰਬਦੇ ਹੱਥਾਂ ਨਾਲ ਸਿਗਰਟ ਲਾਈ ਤਾਂ ਬੁਝੀ ਤੀਲੀ ਉਹ ਹੱਥ ਵਿਚ ਫੜ ਕੇ ਬਹਿ ਗਿਆ।

ਮੈਂ ਅਲਮਾਰੀ ਵਿਚੋਂ ਉਹ ਪੁਰਾਣਾ ਐਸ਼ ਟ੍ਰੇ ਕੱਢਿਆ, ਜਿਹੜਾ ਸਾਹਨੀ ਸਾਹਿਬ ਕਸ਼ਮੀਰ ਤੋਂ ਲਿਆਏ ਸੀ, ਕਾਫ਼ੀ ਦੇਰ ਤੱਕ ਲੱਕੜ ਦੇ ਉਸ ਐਸ਼ ਟ੍ਰੇ ਦੀ ਨਕਾਸ਼ੀ ਦੀ ਤਾਰੀਫ਼ ਕਰਦਾ ਰਿਹਾ।

ਉਹਦਾ ਭਰਿਆ ਭਰਿਆ ਲਾਲ ਚਿਹਰਾ, ਮੋਟੀਆਂ ਗੋਲ ਅੱਖਾਂ, ਚਿਹਰੇ 'ਤੇ ਆਈ ਸ਼ਰਮ ਤੇ ਮੁਸਕਰਾਹਟ, ਕਾਫ਼ੀ ਕਲਰ ਦਾ ਚੈਕ ਸੂਟ, ਸਭ ਕੁਝ ਤੋਂ ਉਹ ਮੈਨੂੰ ਆਪਣੇ ਆਪ ਤੋਂ ਕਿਤੇ ਵੱਡਾ ਇਮਾਨਦਾਰ ਤੇ ਸੋਚਵਾਨ ਇਨਸਾਨ ਜਾਪਿਆ।

ਉਹ ਜਾਣ ਲੱਗਾ ਤਾਂ ਮੈਂ ਉਹ ਐਸ਼ ਟ੍ਰੇ ਲਿਫ਼ਾਫ਼ੇ ਵਿਚ ਪਾ ਕੇ ਮੱਲੋ-ਮੱਲੀ ਉਹਨੂੰ ਫੜਾਉਂਦੀ ਕਿਹਾ ਸੀ, ਇਥੇ ਕੌਣ ਸਿਗਰਟ ਪੀਂਦਾ ਏ। ਨਾਲੇ ਸਾਡੇ ਕੋਲ ਇਕ ਹੋਰ ਵੀ ਏ।

ਉਹ ਚਲਾ ਗਿਆ ਤਾਂ ਮੇਰਾ ਦਿਲ ਕੀਤਾ ਕਿ ਘਰ ਵਿਚ ਜੋ ਕੁਝ ਵੀ ਸਾਹਨੀ ਸਾਹਿਬ ਦਾ ਸਮਾਨ ਪਿਆ ਹੈ, ਮੋਦੀ ਨੂੰ ਦੇ ਦਿਆਂ। ਬੱਸ ਮੈਨੂੰ ਏਨੀ ਹੀ ਗੱਲ ਯਾਦ ਏ, ਫੇਰ ਪਤਾ ਨਹੀਂ ਕਦੋਂ ਤੇ ਕਿਵੇਂ ਸਾਡੇ ਵਿਚਕਾਰ ਉਹ ਰਿਸ਼ਤਾ ਬਣ ਗਿਆ ਪਈ ਇੰਜ ਮਹਿਸੂਸ ਹੁੰਦਾ ਕਿ ਅਸੀਂ ਪਤਾ ਨਹੀਂ ਕਿੰਨੀ ਉਮਰ ਤੋਂ ਇਕ ਦੂਜੇ ਦੀ ਤਲਾਸ਼ ਵਿਚ ਰਹੇ ਹਾਂ। ਅਸੀਂ ਇਕ ਦੂਜੇ ਨੂੰ ਬੜੀ ਖੋਜ ਬਾਅਦ ਲੱਭ ਲਿਆ ਏ।

ਕੁਝ ਦਿਨਾਂ ਬਾਅਦ, ਪਤਾ ਨਹੀਂ ਕਿੰਨੀ ਉਡੀਕ ਬਾਅਦ, ਉਹ ਆਇਆ ਸੀ। ਕਿੰਨੀ ਝਿਜਕ ਤੇ ਘਬਰਾਹਟ 'ਚ ਉਹਨੇ ਕਿਹਾ ਸੀ ਪਤਾ ਨਹੀ... ਤੁਹਾਨੂੰ ਚੰਗਾ ਨਾ ਲੱਗੇ... ਸ਼ਾਇਦ.... ਮੈਂ ਰੋਜ਼

(ਅਗਲੇ ਸਫੇ 'ਤੇ ਜਾਰੀ)

ਇਸ ਮੋੜ ਤੋਂ ਮੁੜਦਾ ਰਿਹਾਂ।

ਮੈਂ ਚੁੱਪ ਉਹਨੂੰ ਦੇਖਦੀ ਰਹੀ। ਉਹਦਾ ਚਿਹਰਾ ਇਕਦਮ ਲਾਲ ਹੋ ਗਿਆ। ਜੋਸ਼ ਵਿਚ ਜਾਂ ਘਬਰਾਹਟ ਵਿਚ ਉਹਦੇ ਬੁੱਲ੍ਹ ਫਰਕੇ। ਮੈਂ ਅੱਖਾਂ ਝੁਕਾ ਲਈਆਂ। ਉਹਨੇ ਹੱਥ ਵਧਾ ਕੇ ਮੇਰਾ ਹੱਥ ਫੜ ਲਿਆ। ਮੈਂ ਕੰਬ ਗਈ। ਮੈਂ ਅੱਖਾਂ ਚੁੱਕੀਆਂ, ਉਹ ਮੂਰਤੀ ਬਣਿਆ ਮੈਨੂੰ ਦੇਖਦਾ ਰਿਹਾ। ਮੈਨੂੰ ਲੱਗਾ ਮੇਰੀਆਂ ਅੱਖਾਂ ਵਿਚ ਉਹ ਤੇਜ਼ ਮੁੱਕ ਗਿਆ ਏ ਜਿਹੜਾ ਟੀਚਰਾਂ ਨੂੰ ਵਿਦਿਆਰਥਣਾਂ ਨੂੰ ਤੇ ਆਮ ਲੋਕਾਂ ਨੂੰ ਮੈਥੋਂ ਪਰੇ ਰੱਖਦਾ ਏ।

ਹਾਂ, ਇਹੀ ਕਮਰਾ ਸੀ, ਇਹੋ ਜਿਹੀ ਸ਼ਾਮ ਸੀ। ਭੈਣ ਜੀ ਆਪਣੇ ਕਮਰੇ 'ਚ ਬਿਮਾਰ ਪਏ ਸਨ। ਬੇਟਾ ਕਾਲਜ ਗਿਆ ਹੋਇਆ ਸੀ। ਰੁਕਮਣੀ ਸਬਜ਼ੀ ਲੈਣ ਗਈ ਸੀ। ਅਸੀਂ ਕੱਲ੍ਹੇ ਸੀ, ਲੋਕਾਂ ਦੀਆਂ ਨਜ਼ਰਾਂ ਦੀ ਜ਼ੱਦ ਤੋਂ ਬਾਹਰ। ਸਾਡੇ ਵਿਚਕਾਰ ਅਦ੍ਰਿਸ਼ ਕੋਈ ਤੰਦ ਸੀ ਜੀਹਦੇ ਨਾਲ ਅਸੀਂ ਬੱਝੇ ਹੋਏ ਸੀ। ਬਿਨਾਂ ਬੋਲਿਆਂ ਇਕ ਦੂਜੇ ਦੀ ਗੱਲ ਸੁਣ ਕਹਿ ਰਹੇ ਸੀ। ਸਾਡੇ ਸੂਕਸ਼ਮ ਸਰੀਰ ਸਾਡੇ ਵੱਸ ਵਿਚ ਨਹੀਂ ਸਨ। ਜੋ ਕੁਝ ਸਾਡੇ ਪੁੱਤਰ ਧੀਆਂ ਨੇ ਕਰਨਾ ਸੀ, ਉਹ ਅਸੀਂ ਕਰ ਰਹੇ ਸੀ।

ਮੈਂ ਹੈਰਾਨ ਸੀ, ਹੁਣ ਵੀ ਹੈਰਾਨ ਹਾਂ। ਅਸੀਂ ਕਈ ਸਾਲ, ਕਿੰਨੀਆਂ ਥਾਂਵਾਂ 'ਤੇ, ਕਿਸੇ ਸਬੱਬ ਨਾਲ ਜਾਂ ਯਤਨਾਂ ਨਾਲ ਮਿਲਦੇ ਰਹੇ। ਪਰ ਉਹ ਫ਼ੈਸਲਾ ਨਾ ਕਰ ਸਕੇ, ਜੀਹਦੇ ਵਾਸਤੇ ਕੁਦਰਤ ਨੇ ਸਾਨੂੰ ਸੂਝ ਤੇ ਸ਼ਕਤੀ ਦਿੱਤੀ ਸੀ। ਜਾਂ ਜੀਹਦੇ ਵਾਸਤੇ ਕੁਦਰਤ ਨੇ ਸਾਨੂੰ ਸਾਜਿਆ ਸੀ, ਜਿਵੇਂ ਕਿ ਲੋਕ ਕਹਿੰਦੇ ਹੁੰਦੇ ਨੇ।

ਹੁਣ ਪਤਾ ਲੱਗਦਾ ਏ ਪਈ ਪਰਮਾਤਮਾ ਦੀ ਦੱਸੀ ਉਹ ਸੱਚਾਈ ਸਭ ਝੂਠ ਏ, ਤੇ ਸੱਚ ਉਹ ਹੈ, ਜਿਹੜਾ ਸਮਾਜ ਸਾਨੂੰ ਦੱਸਦਾ ਹੈ। ਜੀਹਦੇ ਨਾਲ ਮੇਰਾ ਸਮਾਜੀ ਰੁਤਬਾ, ਮੇਰੇ ਪੁੱਤਰ ਤੇ ਨੂੰਹ ਦੀ ਇੱਜ਼ਤ ਬਣਦੀ ਏ। ਜਿਹੜਾ ਔਰਤ ਦੀ ਹਰ ਹਰਕਤ ਉਤੇ ਪਾਬੰਦੀ ਲਾਉਂਦਾ ਏ।

ਉਹ ਜਦ ਵੀ ਮੇਰੇ ਕੋਲੋਂ ਜਾਂਦਾ ਸੀ ਤਾਂ ਸ਼ਵੇਤਾਂਬਰ ਕਹਿੰਦਾ ਸੀ। ਉਹ ਤੇਰਾ ਨਹੀਂ ਹੋ ਸਕਦਾ। ਮੈਂ ਜ਼ਿੱਦ ਨਾਲ ਕਹਿੰਦੀ, ਮੈਂ ਇਹ ਗੱਲ ਝੂਠ ਸਾਬਤ ਕਰ ਦਿਆਂਗੀ, ਏਨਾ ਆਤਮਵਿਸ਼ਵਾਸ ਏ ਮੇਰੇ ਅੰਦਰ।

ਪਹਿਲਾਂ ਮੇਰੀ ਗੱਲ ਸੱਚ ਹੋਈ। ਉਹ ਮੇਰਾ ਹੋ ਗਿਆ। ਕਈ ਵਰ੍ਹੇ ਮੇਰਾ ਰਿਹਾ। ਅਸੀਂ ਅੰਡਰ ਗਰਾਊਂਡ ਜ਼ਿੰਦਗੀ ਜਿਊਂਦੇ ਰਹੇ। ਜਿਹੜੀ ਅੰਤਾਂ ਦੀ ਸੁੱਖ ਭਰੀ ਵੀ ਸੀ ਤੇ ਦੁੱਖ ਭਰੀ ਵੀ। ਜੀਹਦੇ ਜਿਉਣ ਲਈ ਅਸੀਂ ਤਰਸਦੇ ਸੀ ਤੇ ਜੀਹਨੂੰ ਜਿਉਂ ਕੇ ਅਸੀਂ ਰੋਂਦੇ ਸੀ। ਜੀਹਦੇ 'ਚ ਹਿਜਰ ਤੇ ਵਸਲ ਦੀ ਕੋਈ ਹੱਦ ਨਹੀਂ ਸੀ।

ਹਾਂ, ਉਹ ਇਸ ਤਰ੍ਹਾਂ ਦੇ ਉਰਦੂ ਦੇ ਲਫ਼ਜ਼ ਇਸਤੇਮਾਲ ਕਰਿਆ ਕਰਦਾ ਸੀ। ਕਦੇ ਕਦੇ ਅਸੀਂ ਦਾਨਿਸ਼ਵਰ ਦੋਸਤਾਂ ਦੀ ਸਤਹ 'ਤੇ ਜਿਊਂਦੇ ਸੀ ਤੇ ਕਦੇ ਗੰਧਰਵ ਪਤੀ-ਪਤਨੀ ਦੇ ਰੂਪ ਵਿਚ। ਕਦੇ ਆਪਣੇ ਆਪ ਨੂੰ ਆਉਣ ਵਾਲੇ ਸਮੇਂ ਦੇ ਲੋਕ ਸਮਝਦੇ ਤੇ ਕਦੇ ਸਮਾਜੀ ਮੁਜਰਮ। ਜਿਹੜੇ ਇਕ ਦੂਜੇ ਨੂੰ ਵਾਲਿਹਾਨਾ ਮੁਹੱਬਤ ਕਰਦੇ ਮਰ ਰਹੇ ਸੀ ਤੇ ਇਕ ਦੂਜੇ ਨੂੰ ਮਾਰ ਰਹੇ ਸੀ। ਮੁਹੱਬਤ ਵਿਚ ਆਦਮੀ ਪਲ ਪਲ ਮਰਦਾ ਵੀ ਏ, ਮੈਨੂੰ ਉਦੋਂ ਪਤਾ ਲੱਗਾ ਸੀ।

ਗੱਲ ਸ਼ਵੇਤਾਂਬਰ ਦੀ ਵੀ ਸੱਚ ਨਿਕਲੀ। ਉਹ ਮੇਰਾ ਨਾ ਹੋ ਸਕਿਆ। ਇਕ ਦਿਨ ਇਕ ਦਮ ਨਿਕਲ ਗਿਆ ਮੇਰੀ ਜ਼ਿੰਦਗੀ ਵਿਚੋਂ। ਉਹ ਤੇ ਨਿਕਲਣਾ ਨਹੀਂ ਸੀ ਚਾਹੁੰਦਾ, ਮੈਂ ਹੀ ਕੱਢ ਦਿੱਤਾ ਮਾਰ ਕੇ।

ਕਿੰਨੀ ਅਸੰਭਵ ਜਿਹੀ ਲੱਗਦੀ ਏ ਇਹ ਗੱਲ। ਪਰ ਜੇ ਕੋਈ ਸਾਡੀਆਂ ਗੱਲਾਂ ਜਾਣਦਾ ਤਾਂ ਮੰਨ ਜਾਵੇ ਪਈ ਹਾਲਾਤ ਨੇ ਕਿਵੇਂ ਸਾਨੂੰ ਕਿਸ ਹੱਦ ਤੱਕ ਲਿਆ ਖਿਲਾਰਿਆ ਸੀ।

ਸਖ਼ਤ ਸਰਦੀਆਂ ਦੀ ਰਾਤ ਸੀ ਉਹ। ਪ੍ਰੋਫੈਸਰ ਬੈਠਾ ਸਿਗਰਟ ਪੀਈ ਜਾ ਰਿਹਾ ਸੀ। ਉਹ ਦੇ ਸਿਗਰਟ ਪੀਣ ਦੇ ਅੰਦਾਜ਼ ਤੋਂ ਪਤਾ ਲੱਗ ਜਾਂਦਾ ਸੀ ਪਈ ਅੱਜ ਉਹ ਉਖੜਿਆ ਹੋਇਆ ਏ ਜਾਂ ਜੰਮਿਆ ਹੋਇਆ ਨਹੀਂ। ਜਦ ਉਹ ਉਖੜਿਆ ਹੋਇਆ ਹੁੰਦਾ ਤਾਂ ਕਸ਼ ਤੇਜ਼ੀ ਨਾਲ ਲਾਉਂਦਾ। ਧੂੰਏਂ ਦੇ ਛੱਲੇ ਜਾਂ ਨੀਮ ਛੱਲੇ ਬਣਾਉਣ ਦੀ ਥਾਂ ਧੂੰਏਂ ਦੀ ਲੰਮੀ ਲੀਕ ਛੱਡਾ। ਹੌਕੇ ਵਾਂਗ। ਉਹਦੇ ਬੁੱਲਾਂ ਦੇ ਕੋਨਿਆਂ 'ਤੇ ਸਿਗਰਟ ਫੜਨ ਵਾਲੀਆਂ ਉਂਗਲਾਂ 'ਚ ਲਰਜ਼ਾ ਹੁੰਦਾ। ਤਦ ਉਹ ਨਜ਼ਰ ਝੁਕਾ ਕੇ ਰੱਖਣੀ ਪਸੰਦ ਕਰਦਾ ਸੀ। ਉਹਦੀਆਂ ਮਾਸੂਮ ਅੱਖਾਂ 'ਚ ਬੇਜ਼ਾਰੀ ਅਤੇ ਬੇਚਾਰਗੀ ਦਿੱਸਦੀ।

ਦਸ ਵੱਜ ਚੁੱਕੇ ਸਨ। ਉਹ ਮੇਰੇ ਕੋਲੋਂ ਜਾਣਾ ਨਹੀਂ ਸੀ ਚਾਹੁੰਦਾ। ਬੇਟਾ ਆਪਣੇ ਕਮਰੇ ਵਿਚ ਬੈਠਾ ਪੜ੍ਹ ਰਿਹਾ ਸੀ। ਭੈਣ ਜੀ ਦੇ ਕਮਰੇ ਦੀ ਬੱਤੀ ਬੁੱਝ ਚੁੱਕੀ ਸੀ। ਰੁਕਮਣੀ ਰਸੋਈ ਸਾਫ਼ ਕਰ ਰਹੀ ਸੀ।

ਮੈਂ ਉਹਦੇ ਮੋਢਿਆਂ 'ਤੇ ਹੱਥ ਧਰ ਕੇ ਸਮਝਾਇਆ, ਨਾਰਮਲ ਹੋ, ਸਿਆਣਾ ਬਣ। ਕਿਉਂ ਬੱਚਿਆਂ ਵਾਂਗ ਜ਼ਿੱਦ ਕਰਦੈਂ। ਪਰ ਉਹ ਨੇ ਇਕੋ ਗੱਲ ਫੜੀ ਹੋਈ ਸੀ, ਮੈਨੂੰ ਇਕ ਰਾਤ ਇਥੇ ਰੱਖ ਲੈ। ਇਹ ਰਾਤ ਮੈਂ ਇਥੇ ਈ ਰਹਿਣੈਂ।

ਜਦ ਮੈਂ ਸਮਝਾਇਆ ਪਈ ਇਹ ਸੰਭਵ ਨਹੀਂ। ਬੇਟੇ ਨੂੰ ਪਤਾ ਲੱਗਾ ਤਾਂ ਕੀ ਸੋਚੇਗਾ, ਤਾਂ ਉਹ ਉਠ ਖਲੋਤਾ। ਇਕ ਵਾਰ ਭਰਪੂਰ ਨਜ਼ਰਾਂ ਨਾਲ ਮੈਨੂੰ ਤੱਕਿਆ। ਤੇ ਤੇਜ਼ੀ ਨਾਲ ਬਾਹਰ ਨਿਕਲ ਗਿਆ।

ਇਹ ਗੱਲ ਤਾਂ ਉਹ ਪਹਿਲਾਂ ਹੀ ਮੰਨਦਾ ਸੀ ਕਿ ਪਈ ਸਾਡਾ ਇਕ ਛੱਤ ਹੇਠ ਰਹਿਣਾ ਮੁਮਕਿਨ ਨਹੀਂ। ਉਹ ਆਪਣੀ ਬੀਵੀ ਤੇ ਬੇਟੀ ਨੂੰ ਨਹੀਂ ਛੱਡ ਸਕਦਾ, ਮੈਂ ਆਪਣੇ ਬੇਟੇ ਤੇ ਬੇਸਹਾਰਾ ਭੈਣ ਨੂੰ। ਤੇ ਨਾ ਹੀ ਮੈਨੂੰ ਇਹ ਗਵਾਰਾ ਸੀ ਕਿ ਅਸੀਂ ਸਾਰੀ ਉਮਰ ਇਸ ਤਰ੍ਹਾਂ ਦੀ ਅੰਡਰ ਗਰਾਊਂਡ ਜ਼ਿੰਦਗੀ ਜਿਊਂਦੇ ਰਹੀਏ। ਆਖਰ ਕਦ ਤੱਕ ਇਕ ਦੂਜੇ ਨੂੰ ਮਾਰਦਿਆਂ ਜਿਵਾਂਦਿਆਂ ਦੋਜ਼ਖ ਸਹਾਂਗੇ।

ਮੈਂ ਪਈ ਸੋਚਦੀ ਰਹੀ। ਉਹ ਪੌਣੇ ਕੁ ਘੰਟੇ ਬਾਅਦ ਫਿਰ ਆ ਗਿਆ, ਗੇਟ ਟੱਪ ਕੇ। ਮੈਂ ਬੱਤੀ ਬੁਝਾ ਦਿੱਤੀ ਸੀ। ਨੀਂਦ ਨਹੀਂ ਸੀ ਆ ਰਹੀ। ਮੈਂ ਉਹਦੇ ਪੈਰਾਂ ਦੀ ਬਿੜਕ ਝੱਟ ਪਛਾਣ ਲਈ। ਉਹ ਲੁਕਾਟ ਕੋਲੋਂ ਤੁਰਦੀ ਮੇਰੇ ਦਰਵਾਜ਼ੇ ਅੱਗੇ ਆ ਕੇ ਰੁੱਕ ਗਈ ਸੀ। ਉਸ ਨੂੰ ਦਰਵਾਜ਼ਾ ਖੜਕਾਣ ਦੀ ਹਿੰਮਤ ਨਹੀਂ ਸੀ ਪੈ ਰਹੀ। ਮੈਂ ਉਠ ਕੇ ਪੋਲੇ ਪੈਰੀਂ ਜਾ ਕੇ ਬੂਹਾ ਖੋਲ੍ਹ ਕੇ ਉਹਨੂੰ ਅੰਦਰ ਵਾੜ ਲਿਆ।

ਮੈਨੂੰ ਉਹਦਾ ਚਿਹਰਾ ਨਹੀਂ ਸੀ ਦਿਸਦਾ, ਪਰ ਉਹਦੇ ਹੱਥਾਂ ਦੀਆਂ ਹਰਕਤਾਂ ਤੋਂ, ਉਹਦੇ ਉਖੜੇ ਸਾਹ ਤੋਂ ਪਤਾ ਲੱਗਦਾ ਸੀ ਕਿ ਉਹ ਆਪਣੇ ਆਪ ਵਿਚ ਨਹੀਂ ਸੀ। ਉਹ ਕਿਸੇ ਆਰਜ਼ੂ ਦੇ ਦੁੱਖ ਨਾਲ, ਕਿਸੇ ਮਾਨਸਿਕ ਕਸ਼ਟ ਨਾਲ ਜਲ ਰਿਹਾ ਸੀ। ਉਹਨੂੰ ਆਪ ਵੀ ਪਤਾ ਨਹੀਂ, ਉਹ ਕਿੱਥੇ ਹੈ, ਕੀ ਕਰ ਰਿਹਾ ਹੈ।

ਦਸਾਂ ਮਿੰਟਾਂ ਬਾਅਦ ਉਹ ਆਪਣੇ ਦੁੱਖ ਦਾ ਬੋਝ ਲਾਹ ਕੇ ਚਲਿਆ ਗਿਆ। ਪਰ ਮੈਂ ਤੜਕੇ ਤੱਕ ਜਾਗਦੀ ਰਹੀ। ਨੀਂਦ ਦੀਆਂ ਗੋਲੀਆਂ ਵੀ ਮੇਰੇ ਦਿਮਾਗ ਦੀਆਂ ਨਾੜਾਂ ਨੂੰ ਢਿੱਲੀਆਂ ਨਾ ਕਰ ਸਕੀਆਂ। ਜਦ ਜ਼ਰਾ ਅੱਖ ਲੱਗਦੀ ਤਾਂ ਭਿਆਨਕ ਸ਼ਕਲਾਂ ਵਾਲੇ ਜਾਨਵਰ ਮੇਰੀ ਬੋਟੀ ਬੋਟੀ ਖਿੱਚਣ ਨੂੰ ਮੈਨੂੰ ਘੇਰਦੇ ਰਹੇ। ਭੱਜਣ ਲਈ ਜਿਹੜਾ ਵੀ ਰਸਤਾ ਲੱਭਦਾ ਸੀ, ਉਹਦੇ ਮੋੜ 'ਤੇ ਨਵਾਂ ਆਦਮ ਖੋਰ ਮਿਲ ਜਾਂਦਾ ਸੀ। ਇਕ ਹਨੇਰੀ ਜਿਹੀ ਗਲੀ ਵਿਚੋਂ ਨਿਕਲੀ ਤਾਂ ਉਥੇ ਮਗਰਮੱਛ ਦੇ ਰੂਪ ਵਿਚ ਪ੍ਰੋਫੈਸਰ ਲੇਟਿਆ ਹੋਇਆ ਸੀ। ਉਹਦੀ ਪੂਛ ਵਾਰ ਵਾਰ ਧਰਤੀ 'ਤੇ ਵੱਜ ਰਹੀ ਸੀ। ਮੈਂ ਇਕ ਦਮ ਉਹਦੇ ਵਿਚ ਵੜ ਗਈ। ਹੁਣ ਉਹ ਨਾ ਮੈਨੂੰ ਖਾਂਦਾ ਸੀ, ਨਾ ਬਾਹਰ ਨਿਕਲ ਦਿੰਦਾ ਸੀ। ਮੂੰਹ ਵਿਚ ਸਾਹ ਘੁੱਟਵੀਂ ਗਰਮ ਹਵਾ ਸੀ...

ਜਾਗੀ ਤਾਂ ਮੈਂ ਨੀਮ ਮੁਰਦਾ ਸੀ। ਬਸ ਉਸੇ ਦਿਨ ਤੋਂ ਇਹ ਬੀਮਾਰੀ ਪੂਰੇ ਜ਼ੋਰ ਨਾਲ ਆ ਚੜ੍ਹੀ, ਜੀਹਨੂੰ ਡਾਕਟਰ ਲੋਕ ਹਾਈਪਰਟੈਨਸ਼ਨ ਕਹਿੰਦੇ ਨੇ।

ਦੁੱਖ ਦੀ ਗੱਲ ਤਾਂ ਇਹ ਸੀ ਪਈ ਅਸੀਂ ਬੁੱਢੇ ਹੁੰਦੇ ਜਾਂਦੇ ਸੀ, ਡਾਕਟਰ ਜਵਾਨ ਹੁੰਦਾ ਜਾ ਰਿਹਾ ਸੀ। ਪਰ ਪ੍ਰੋਫੈਸਰ ਦਿਨੋ ਦਿਨ ਨਿਆਣਾ ਹੁੰਦਾ ਜਾ ਰਿਹਾ ਸੀ। ਉਹ ਬਿਨਾਂ ਸੋਚੇ ਸਮਝੇ ਹਰ ਸ਼ਾਮ ਨੂੰ ਆ ਧਮਕਦਾ ਸੀ। ਮੈਂ ਚੰਗੀ ਤਰ੍ਹਾਂ ਗੱਲ ਨਾ ਕਰਦੀ। ਉਹ ਬੈਠਾ ਸਿਗਰਟਾਂ ਫੂਕੀ ਜਾਂਦਾ। ਹੌਕੇ ਭਰਦਾ ਰਹਿੰਦਾ। ਉਹ ਆਪਣੇ ਆਪ ਨੂੰ ਤਬਾਹ ਕਰਨ 'ਤੇ ਤੁੱਲ ਗਿਆ ਸੀ। ਏਨਾ ਪਾਗਲਪਨ। ਕਦੇ ਕਦੇ ਉਹ ਨਸ਼ੀਲੀ ਗੋਲੀਆਂ ਖਾ ਕੇ ਆ ਜਾਂਦਾ। ਪਰ ਉਦੋਂ ਉਹ ਵੱਧ ਸਿਆਣਾ, ਸ਼ਾਇਸਤਾ ਤੇ ਮੁਹੱਜ਼ਬ ਹੁੰਦਾ ਸੀ। ਨਸ਼ਾ ਵੱਧ ਹੁੰਦਾ ਤਾਂ ਕੁਰਸੀ 'ਤੇ ਬੈਠਾ ਸੌਂ ਜਾਂਦਾ। ਮੈਂ ਬੈਠੀ ਸੋਚਦੀ ਰਹਿੰਦੀ। ਇਹਦਾ ਹੁਣ ਮੈਂ ਕੀ ਕਰਾਂ?

ਉਹਦੀ ਸਿਹਤ ਤਾਂ ਖਰਾਬ ਹੁੰਦੀ ਜਾਂਦੀ ਸੀ, ਨਾਲ ਮੈਨੂੰ ਵੀ ਘੁਣ ਲੱਗ ਗਿਆ ਸੀ। ਹਾਈਪਰਟੈਨਸ਼ਨ ਵਾਲੀ ਹਾਲਤ ਹਮੇਸ਼ਾ ਰਹਿਣ ਲੱਗ ਪਈ ਸੀ। ਮੇਰੀਆਂ ਹਥੇਲੀਆਂ ਤੇ ਪਾਤਲੀਆਂ 'ਤੇ ਪਸੀਨਾ ਆਈ ਜਾਂਦਾ। ਅੱਗ ਨਿਕਲਦੀ ਰਹਿੰਦੀ। ਕਦੇ ਲੱਗਦਾ, ਲੱਤਾਂ ਵਿਚ ਸਿੱਕਾ ਭਰ ਗਿਆ ਏ, ਟੁਰ ਨਹੀਂ ਹੁੰਦਾ। ਕਦੇ ਲੱਗਦਾ, ਲੱਤਾਂ ਵਿਚ ਪਾਰਾ ਭਰ ਗਿਆ ਏ, ਮੈਨੂੰ ਨਿਚੱਲੀ ਨਾ ਬਹਿ ਹੁੰਦਾ। ਵਰਾਂਡੇ ਵਿਚ ਗੇੜੇ ਕੱਢੀ ਜਾਂਦੀ। ਥੱਕ ਜਾਂਦੀ ਤਾਂ ਨੀਮ ਹੋਸ਼ੀ 'ਚ ਲੇਟੀ ਰਹਿੰਦੀ। ਡਾਕਟਰਾਂ ਨੂੰ ਦੱਸਦੀ ਤਾਂ ਉਹ ਸਮਝਦੇ ਮੈਨੋਪਾਜ਼ ਦੀ ਹਾਲਤ ਏ। ਮੈਨਸਿਜ਼ ਦੇ ਡਿਸ ਆਰਡਰ ਹੋਣ 'ਤੇ ਅਜਿਹਾ ਹੋਣਾ ਕੁਦਰਤੀ ਹੈ, ਪਰ ਮੈਂ ਕੀ ਦੱਸਦੀ, ਪਈ ਅਸਲੀ ਗੱਲ ਤਾਂ ਹੋਰ ਈ ਏ?

ਸਰਦੀਆਂ ਦੀ ਇਕ ਸ਼ਾਮ ਸੀ। ਬਾਰਿਸ਼ ਹੋ ਰਹੀ ਸੀ। ਉਹ ਸਾਹਮਣੇ ਬੈਠਾ ਸੀ। ਸਿਗਰਟ ਬੁੱਝਾ ਚੁੱਕਾ ਸੀ, ਪਰ ਕਾਫ਼ੀ ਦਾ ਇਕ ਘੁੱਟ ਵੀ ਨਹੀਂ ਭਰਿਆ ਸੀ। ਤੈਨੂੰ ਕੀ ਹੋ ਗਿਆ, ਮੇਰੇ ਮੂੰਹ ਵਿਚੋਂ ਨਿਕਲਿਆ। ਮੇਰਾ ਸਾਰਾ ਅੰਦਰ ਉਸ ਕਮਬਖ਼ਤ ਵਾਸਤੇ ਹਮਦਰਦੀ ਤੇ ਪਿਆਰ ਨਾਲ ਭਰ ਗਿਆ। ਮੇਰੀਆਂ ਅੱਖਾਂ ਭਰ ਆਈਆਂ। ਪਰ ਜਦੋਂ ਮੈਂ ਡਰ ਵੀ ਗਈ।

ਉਹੀ ਗੱਲ ਹੋਈ। ਮੇਰੀ ਇਹ ਸ਼ਕਲ ਦੇਖ ਕੇ ਹਮੇਸ਼ਾਂ ਵਾਂਗ ਉਹ ਤੇਜ਼ੀ ਨਾਲ ਉਠਿਆ। ਫਰਸ਼ 'ਤੇ ਗੋਡਿਆਂ ਦੇ ਭਾਰ ਹੋ ਕੇ ਉਹਨੇ ਮੇਰੇ ਪੱਟਾਂ 'ਚ ਸਿਰ ਖੁਭੋ ਦਿੱਤਾ ਤੇ ਹੁਭਕੀਆਂ ਭਰਦਾ ਰੋਣ ਲੱਗ ਗਿਆ।

ਉਹਦਾ ਸਾਹ ਤੇਜ਼ ਚੱਲ ਰਿਹਾ ਸੀ। ਉਹ ਦੇ ਸਿਰ ਦੇ ਖਿਚੜੀ ਹੋਏ ਵਾਲ ਉਲਝੇ ਪਏ ਸਨ।

ਮੈਂ ਚਾਹੁੰਦੀ ਹੋਈ ਵੀ ਉਨ੍ਹਾਂ 'ਤੇ ਹੱਥ ਨਾ ਫੇਰ ਸਕੀ। ਮੈਨੂੰ ਡਰ ਸੀ ਪਈ ਕਿਤੇ ਮੈਂ ਵੀ ਭਾਵੁਕ ਨਾ ਹੋ ਜਾਵਾਂ। ਉਹਨੇ ਹੁਭਕੀ ਲੈ ਕੇ ਸਿਰ ਚੁੱਕਿਆ। ਉਹਦੀਆਂ ਅੱਖਾਂ ਵਿਚ ਅੰਤ ਦਾ ਦੁੱਖ, ਹਸਰਤ ਤੇ ਆਰਜ਼ੂ ਸੀ। ਉਹ ਭਿਖਾਰੀਆਂ ਦੇ ਖਾਲੀ ਠੂਠਿਆਂ ਵਾਂਗ ਉਪਰ ਨੂੰ ਉਠੀਆਂ ਹੋਈਆਂ ਸਨ।

ਮੇਰੀਆਂ ਅੱਖਾਂ ਫੇਰ ਭਰ ਆਈਆਂ। ਸੋਚਾਂ ਮੈਂ ਕਿਸ ਸਥਿਤੀ ਵਿਚ ਫਸ ਗਈ ਹਾਂ? ਕੋਈ ਸਾਨੂੰ ਉਸ ਅਵਸਥਾ ਵਿਚ ਦੇਖਦਾ। ਏਨੇ ਪੜ੍ਹੇ ਲਿਖੇ, ਵਿਦਵਾਨ, ਅਧਿਆਪਕ ਕਿਹੋ ਜਿਹੀਆਂ ਬੱਚਿਆਂ ਵਰਗੀਆਂ ਹਰਕਤਾਂ ਕਰ ਰਹੇ ਸੀ। ਕੋਈ ਸਾਡੀ ਤਸਵੀਰ ਖਿੱਚ ਕੇ ਵਿਖਾ ਦਿੰਦਾ, ਮੈਂ ਤਾਂ ਆਤਮ ਹੱਤਿਆ ਕਰ ਲੈਂਦੀ। ਪਰ ਕਿੰਨਾ ਭਿਆਨਕ ਯਥਾਰਥ ਸੀ ਉਹ। ਆਦਮੀ ਦਾ ਅਸਲੀ ਜਨਮ ਜਾਤ ਰੂਪ। ਜਿਹੜਾ ਧਰਮ ਦੀਆਂ, ਸਮਾਜਿਕ ਸਦਾਚਾਰ ਦੀਆਂ ਕੰਧਾਂ ਤੋਂ ਪਾਰ ਲੱਭਦਾ ਏ।

ਮੈਂ ਉਠੀ। ਪਾਣੀ ਦਾ ਇਕ ਗਿਲਾਸ ਲਿਆ ਕੇ ਬਲੱਡ ਪ੍ਰੈਸ਼ਰ ਦੀ ਇਕ ਗੋਲੀ ਲਈ। ਫੇਰ ਆਪਣੇ ਆਪ ਨੂੰ ਤੇ ਉਹਨੂੰ ਟਿਕਾਂਦਿਆਂ ਪੁੱਛਿਆ ਹਾਂ ਦੱਸ ਕੀ ਗੱਲ ਏ?

ਉਹਦੇ ਮੂੰਹ ਵਿਚੋਂ ਸੁੱਕੀ ਤੇ ਗੜਬੜਾਈ ਜਿਹੀ ਆਵਾਜ਼ ਨਿਕਲੀ, ਤੂੰ...ਤੂੰ ਮੈਨੂੰ ਮਾਰ ਦੇ। ਰੱਬ ਦੇ ਵਾਸਤੇ।

ਫੇਰ ਉਹੀ ਗੱਲ। ਮੈਂ ਉਹਨੂੰ ਵੱਡਿਆਂ ਵਾਂਗ ਝਿੜਕਦਿਆਂ ਪੁਚਕਾਰਿਆ ਤੇ ਉਹਦੇ ਹੰਝੂ ਪੂੰਝਦਿਆਂ ਕਿਹਾ, ਚੰਗਾ ਪਹਿਲਾਂ ਉਠ ਕੇ ਕਾਫ਼ੀ ਪੀ ਲੈ। ਰੁਕਮਣੀ ਆ ਜਾਵੇਗੀ।

ਉਹਨੇ ਦੋ ਘੁੱਟ ਕਾਫ਼ੀ ਪੀ ਕੇ ਮੱਧਮ ਜਿਹੀ ਆਵਾਜ਼ ਵਿਚ ਕਿਹਾ, ਆਪਾਂ ਕਿਸੇ ਹੋਰ ਮੁਲਕ ਵਿਚ ਭੱਜ ਜਾਈਏ?

ਅੰਦਰੋਂ ਰੋਂਦੀ ਮੈਂ ਉਤੇ ਹੱਸੀ। ਕਿਹਾ ਚੰਗਾ ਪਹਿਲਾਂ ਅੱਖਾਂ ਪੂੰਝ ਲੈ। ਕਿਸੇ ਨੇ ਦੇਖ ਲਿਆ ਤਾਂ...।

ਇਕ ਦਿਨ ਬੜੀ ਦਿਲਚਸਪ ਗੱਲ ਹੋਈ। ਉਹਨੇ ਬੜੇ ਨਾਟਕੀ ਢੰਗ ਨਾਲ ਆਪਣੀ ਜੇਬ ਵਿਚੋਂ ਰੁਮਾਲ ਕੱਢਿਆ। ਉਹਦੀਆਂ ਤਹਿਆਂ ਖੋਹਲੀਆਂ। ਵਿਚ ਨਾਫ਼ਾ ਰੱਖਿਆ ਹੋਇਆ ਸੀ। ਉਹਦੇ ਵਿਚੋਂ ਸਚਮੁੱਚ ਖੁਸ਼ਬੂ ਆ ਰਹੀ ਸੀ। ਇਸ ਗੱਲ ਦਾ ਉਹਨੂੰ ਵੀ ਪਤਾ ਸੀ ਪਈ ਉਹ ਮੁਸ਼ਕ-ਨਾਫ਼ਾ ਨਕਲੀ ਏ। ਪਰ ਕਿੰਨੀ ਮਾਸੂਮ ਖਾਹਿਸ਼ ਸੀ ਉਹਦੀ ਪਈ ਉਹ ਤੋਹਫ਼ਾ ਮੈਂ ਕਬੂਲ ਕਰ ਲਾਂ। ਤੇ ਉਸ ਨੇ ਮਰਨ ਬਾਅਦ ਜਦ ਉਹ ਯਾਦ ਆਵੇ, ਖੋਹਲ ਕੇ ਸੁੰਘ ਲਿਆ ਕਰਾਂ। ਪਤਾ ਨਹੀਂ ਗੱਲ ਸੱਚ ਹੈ ਜਾਂ ਵਹਿਮ ਪਈ ਮਰਨ ਵਾਲੇ ਨੂੰ ਆਪਣੀ ਦਿੱਸਣ ਲੱਗ ਪੈਂਦੀ ਏ।

ਉਸ ਰਾਤ ਸ਼ਵੇਤਾਂਬਰ ਮੈਨੂੰ ਬੜਾ ਸਮਝਾਉਂਦਾ ਰਿਹਾ ਸੀ। ਪਰ ਮੈਂ ਉਹਦੀ ਇਕ ਵੀ ਮੰਨਣ ਨੂੰ ਤਿਆਰ ਨਹੀਂ। ਉਹ ਮੇਰੇ 'ਤੇ ਹੱਸਿਆ ਵੀ, ਟਿੱਚਰਾਂ ਵੀ ਕੀਤੀਆਂ ਪਰ ਮੈਂ ਅਟੱਲ ਰਹੀ।

ਇਕ ਦਿਨ ਸਾਨੂੰ ਬੈਡ ਰੂਮ ਵਿਚੋਂ ਭੱਜ ਕੇ ਡਰਾਇੰਗ ਰੂਮ ਵਿਚ ਆਉਣਾ ਪਿਆ। ਡਾਕਟਰ ਆ ਗਿਆ ਸੀ। ਮੇਰਾ ਜਿਸਮ ਪਸੀਨਾ ਹੋ ਕੇ ਠੰਢਾ ਹੋ ਗਿਆ ਸੀ। ਮੈਂ ਆਖਿਆ ਪ੍ਰੋਫੈਸਰ ਤੈਂ ਮੈਨੂੰ ਮਾਰ ਛੱਡਣੈਂ।

ਦੇਖਦਿਆਂ ਦੇਖਦਿਆਂ ਮੈਨੂੰ ਦਿਸਣੋਂ ਹੱਟ ਗਿਆ। ਅੱਖਾਂ ਅੱਗੇ ਨੱਚਦੇ ਚਿੱਟੇ ਕਾਲੇ ਪਤੰਗੇ ਵੀ ਦਿਸਣੋਂ ਹੱਟ ਗਏ।

ਹੋਸ਼ ਆਈ ਤਾਂ ਉਹ ਤੇ ਭੈਣ ਜੀ ਮੇਰੇ ਹੱਥ ਪੈਰ ਝੱਸ ਰਹੇ ਸਨ। ਬੇਟਾ ਕਿਸੇ ਡਾਕਟਰ ਨੂੰ ਬੁਲਾਉਣ ਗਿਆ ਹੋਇਆ ਸੀ। ਭੈਣ ਜੀ ਜੂਸ ਲੈਣ ਗਈ ਡਰਾਇੰਗ ਰੂਮ ਵਿਚ ਗਏ ਤਾਂ ਉਹਨੇ ਮੇਰੇ ਨੇੜੇ ਹੋ ਕੇ ਦੁੱਖੀ ਆਵਾਜ਼ ਵਿਚ ਪੁੱਛਿਆ, ਮੈਂ ਤੇਰੇ ਵਾਸਤੇ ਕੀ ਕਰ ਸਕਦੈਂ?

ਮੈਨੂੰ ਬਖ਼ਸ਼ ਦੇ।... ਮੇਰੇ ਕੋਲ ਨਾ ਆਇਆ ਕਰ।... ਮੈਂ ਹੱਥ ਜੋੜਦੀ ਹਾਂ। ਮੈਂ ਸਚਮੁੱਚ ਹੱਥ ਜੋੜ ਦਿੱਤੇ। ਜਿਹੜੇ ਭੈਣ ਜੀ ਨੇ ਵੀ ਦੇਖ ਲਏ।

ਉਹ ਚਲਿਆ ਗਿਆ। ਫੇਰ ਹਫ਼ਤਾ ਦਸ ਦਿਨ ਨਾ ਆਇਆ। ਇਕ ਸ਼ਾਮ ਮੈਨੂੰ ਮਹਿਸੂਸ ਹੋਇਆ ਪਈ ਜੇ ਉਹ ਇਕ ਦਿਨ ਹੋਰ ਨਾ ਆਇਆ ਤਾਂ ਮੇਰੇ ਅੰਦਰ ਖੂਨ ਦਾ ਦੌਰਾ ਰੁਕ ਜਾਵੇਗਾ।

ਸ਼ਾਮ ਨੂੰ ਮੈਂ ਛੁੱਟੀ ਕਰਕੇ ਉਹ ਦੇ ਘਰ ਵੱਲ ਟੁਰ ਗਈ ਸੀ, ਪਰ ਉਹ ਰਾਹ ਵਿਚ ਹੀ ਮਿਲ ਗਿਆ।

ਏਨੇ ਦਿਨ ਕਿਉਂ ਨਹੀਂ ਆਇਆ? ਮੈਂ ਪੁੱਛਿਆ।

ਤੈਂ ਹੀ ਤਾਂ ਕਿਹਾ ਸੀ।

ਫੇਰ ਅੱਜ ਕਿਉਂ ਆਉਂਦਾ ਸੀ?

ਪਤਾ ਨ੍ਹੀਂ।

ਮੈਂ ਤੈਨੂੰ ਲੈਣ ਚੱਲੀ ਸੀ।

ਕਿਉਂ?

ਪਤਾ ਨਹੀਂ।

ਮਾਰਕੀਟ ਦੇ ਕਾਫ਼ੀ ਹਾਊਸ ਵਿਚ ਬੈਠੇ ਅਸੀਂ ਸੋਚਦੇ ਰਹੇ। ਅਸੀਂ ਕਿਹੜੀ ਪ੍ਰਸਥਿਤੀ ਵਿਚ ਫਸ ਗਏ ਹਾਂ। ਇਸ ਤਰ੍ਹਾਂ ਤਾਂ ਅਸੀਂ ਪਾਗਲ ਹੋ ਜਾਵਾਂਗੇ। ਪ੍ਰੋਫੈਸਰ ਖੁਸ਼ ਸੀ ਪਈ ਮੈਂ ਉਹਦੇ ਬਾਰੇ ਹਮਦਰਦੀ ਨਾਲ ਸੋਚ ਰਹੀ ਸੀ। ਉਹਨੇ ਆਪਣੀ ਆਦਤ ਅਨੁਸਾਰ ਆਪਣਾ ਜੂਠਾ ਪਿਆਲਾ ਮੇਰੇ ਅੱਗੇ ਕਰ ਦਿੱਤਾ ਤੇ ਮੇਰਾ ਆਪਣੇ ਅੱਗੇ। ਤੇ ਮੁਸਕਰਾ ਪਿਆ। ਮੈਂ ਸੋਚਾਂ ਬੰਦਾ ਕਿਵੇਂ ਨਿੱਕੀ ਨਿੱਕੀ ਖੁਸ਼ੀ ਦੇ ਸਹਾਰੇ ਜਿਊਂਦਾ ਏ। ਏਡੇ ਵੱਡੇ ਗ਼ਮ ਝੱਲਦਾ ਏ।

ਇਕ ਰਾਹ ਏ। ਉਹਨੇ ਬੜੀ ਖੁਸ਼ੀ ਨਾਲ ਕਈ ਵਾਰ ਆਖੀ ਗੱਲ ਦੁਹਰਾਈ, ਆਪਾਂ ਇਸੇ ਤਰ੍ਹਾਂ ਮਿਲਦੇ ਰਹੀਏ।

ਸ਼ਵੇਤਾਂਬਰ ਵੀ ਇਹੀ ਗੱਲ ਕਹਿੰਦਾ ਸੀ। ਪਰ ਉਨ੍ਹਾਂ ਨੂੰ ਕੀ ਪਤਾ ਸੀ ਕਿ ਕਿੰਨਾ ਔਖਾ ਏ ਇਸ ਤਰ੍ਹਾਂ ਜਿਊਣਾ। ਮਨਾਂ ਨੂੰ ਜੋੜ ਕੇ, ਸਰੀਰਾਂ ਨੂੰ ਤੋੜ ਕੇ ਰੱਖਣਾ। ਨਾਲੇ ਕੱਲ੍ਹ ਨੂੰ ਵਿਨੋਦ ਸਭ ਕੁਝ ਸਮਝ ਜਾਵੇਗਾ। ਉਹ ਡਾਕਟਰਨੀ ਲੈ ਆਵੇਗਾ।

ਪ੍ਰੋਫੈਸਰ ਸਿਗਰਟ ਦੇ ਧੂੰਏਂ ਦੇ ਛੱਲੇ ਉਡਾ ਰਿਹਾ ਸੀ। ਉਹਨੂੰ ਆਸ ਸੀ ਕਿ ਮੈਂ ਉਹਦੀ ਗੱਲ ਜੇ ਸਾਰੀ ਨਹੀਂ ਤਾਂ ਅੱਧੀ ਤਾਂ ਮੰਨ ਹੀ ਲਈ ਏ। ਪਰ ਮੈਂ ਤਾਂ ਉਹਨੂੰ ਸਮਝਾਉਣ ਆਈ ਸੀ ਪਈ ਆਪਾਂ ਹੁਣ ਸਮਝੀਏ, ਤੇ ਗੈਰ ਜਜ਼ਬਾਤੀ ਹੋ ਕੇ ਆਮ ਵਾਕਿਫ਼ਾਂ ਵਾਂਗ ਮਿਲਿਆ ਕਰੀਏ। ਇਸ ਤਰ੍ਹਾਂ ਕਰਨ ਨਾਲ ਸੌਖਾ ਹੋ ਸਕਦਾ ਸੀ ਜੇ ਡਾਕਟਰ ਬੇਟਾ ਕਮਲਾ ਬੇਟੀ ਨਾਲ ਸ਼ਾਦੀ ਕਰ ਲੈਂਦਾ ਪਰ ਉਹ ਤਾਂ ਉਹਨੂੰ ਭੈਣਾਂ ਵਾਂਗੂ ਮੰਨਦਾ ਸੀ।

ਇਕ ਗੱਲ ਹੋਰ ਸੀ ਕਿ ਉਹ ਉਕਾ ਸਮਝ ਨਹੀਂ ਸੀ ਰਿਹਾ। ਮੈਂ ਚਾਹੁੰਦੀ ਸੀ ਪਈ ਉਹ ਹਰ ਸ਼ਾਮ ਨਾ ਆਇਆ ਕਰੇ। ਜ਼ਿੰਦਗੀ ਦਾ ਕੁਝ ਹਿੱਸਾ ਤਾਂ ਮੈਂ ਆਪਣੀ ਮਰਜ਼ੀ ਨਾਲ ਗੁਜ਼ਾਰ ਸਕਾਂ। ਉਹਨੇ ਤਾਂ ਮੇਰਾ ਪਲ ਪਲ ਗ੍ਰੱਸ ਲਿਆ ਸੀ। ਹੌਲੀ ਹੌਲੀ ਜ਼ਰਾ ਰੁਕ ਰੁਕ ਕੇ, ਦੂਜੇ ਦੇ ਚਿਹਰੇ ਵੱਲ ਵੇਖਦਿਆਂ, ਦੋ ਉਂਗਲਾਂ ਉਠਾ ਕੇ ਗੱਲ ਕਰਨ ਦਾ ਉਹ ਅੰਦਾਜ਼ ਪੂਰੀ ਤਰ੍ਹਾਂ ਮੇਰੇ 'ਤੇ ਅਸਵਾਰ ਹੋ ਗਿਆ ਸੀ। ਉਹਦਾ ਸਾਰਾ ਵਜੂਦ ਮੇਰੇ ਵਜੂਦ 'ਤੇ ਫੈਲ ਗਿਆ ਸੀ। ਕਦੇ ਕਦੇ ਲੱਗਦਾ ਮੈਂ ਲੱਭਾਂ ਪਈ ਮੇਰਾ ਵਜੂਦ ਕਿੱਥੇ ਹੈ?

ਮੈਂ ਉਹਨੂੰ ਸਮਝਾ ਕੇ ਚਲੀ ਗਈ।

ਉਹ ਤਿੰਨਾਂ ਦਿਨਾਂ ਬਾਦ ਫੇਰ ਆ ਗਿਆ। ਬੂਹੇ ਅੱਗੇ ਖਲੋ ਕੇ ਕਹਿੰਦਾ, ਮੈਂ ਫਿਰ ਆ ਗਿਆਂ।

ਮੈਂ ਆਖਿਆ ਮੈਨੂੰ ਪਤਾ ਸੀ ਪਈ ਤੈਂ ਆਉਣੈਂ। ਤੈਥੋਂ ਆ ਹੋ ਜਾਣੈ।

ਉਹ ਸਾਹਮਣੀ ਕੁਰਸੀ 'ਤੇ ਬਹਿ ਗਿਆ। ਮੈਂ ਚੁੱਪ ਰਹੀ। ਉਹਦੇ ਵੱਲ ਵੇਖਿਆ ਵੀ ਨਾ। ਸਿਗਰਟ ਲਾਉਂਦਾ ਉਹ ਬੋਲਿਆ, ਮੈਂ ਛੇਤੀ ਚਲਿਆ ਜਾਵਾਂਗਾ। ਦਸ ਮਿੰਟ ਬੈਠਾਂਗਾ, ਸਿਰਫ਼ ਦਸ ਮਿੰਟ।... ਮੈਨੂੰ ਪਾਣੀ ਤਾਂ ਪਿਆ ਦੇ...।

ਕੀ ਇਹੀ ਉਹ ਸ਼ਖ਼ਸ ਏ ਜੀਹਨੂੰ ਦੇਖਦਿਆਂ ਹੀ ਮੈਂ ਆਪਣਾ ਸਭ ਕੁਝ ਸਮਰਪਣ ਕਰ ਦਿੰਦੀ ਸੀ। ਉਹੀ ਮੈਥੋਂ ਪਾਣੀ ਮੰਗ ਰਿਹਾ ਸੀ। ਇਹ ਸਾਡੇ ਵਿਚਕਾਰ ਮੁਹੱਬਤ ਦਾ ਰਿਸ਼ਤਾ ਸੀ ਜਾਂ ਨਫ਼ਰਤ ਦਾ। ਸਮਝ ਨਹੀਂ ਸੀ ਪੈਂਦੀ।

ਪਾਣੀ ਲੈਣ ਗਈ ਮੈਂ ਕਿਚਨ ਵਿਚ ਰੋ ਪਈ।

ਪਾਣੀ ਲੈ ਕੇ ਆਈ ਤਾਂ ਉਹ ਜਾ ਚੁੱਕਾ ਸੀ। ਕਿੰਨਾ ਹੱਸਾਸ ਸੀ ਉਹ। ਮੇਰਾ ਚਿਹਰਾ ਦੇਖ ਕੇ ਸਭ ਕੁਝ ਸਮਝ ਜਾਂਦਾ ਸੀ।

ਵਿਨੋਦ ਹਾਊਸ ਸਰਜਨ ਬਣ ਗਿਆ ਸੀ। ਉਹ ਘਰ ਵਿਚ ਮਰੀਜ਼ਾਂ ਨੂੰ ਦੇਖਣ ਵੀ ਲੱਗ ਪਿਆ ਸੀ। ਮੇਰੀ ਸਿਹਤ ਠੀਕ ਨਹੀਂ ਸੀ ਰਹਿੰਦੀ। ਮੈਂ ਪ੍ਰੀਮੈਚਿਓਰ ਰੀਟਾਇਰਮੈਂਟ ਲੈ ਲਈ ਸੀ। ਕੋਠੀ ਵਿਚ ਆਮ ਲੋਕਾਂ ਦਾ ਆਉਣਾ-ਜਾਣਾ ਹੋ ਗਿਆ ਸੀ। ਮੈਂ ਵਿਹਲੀ ਹੁੰਦੀ, ਮੇਰੇ ਕੋਲ ਗੁਆਂਢੀ ਔਰਤਾਂ ਆਉਣ ਲੱਗ ਪਈਆਂ ਸਨ।

ਇਕ ਸ਼ਾਮ ਪ੍ਰੋਫੈਸਰ ਲੜਖੜਾਉਂਦਾ ਹੋਇਆ ਸਿੱਧਾ ਮੇਰੇ ਕਮਰੇ ਵਿਚ ਆ ਗਿਆ। ਡਾਕਟਰ ਆਪਣੇ ਕਮਰੇ ਵਿਚ ਮਰੀਜ਼ ਨੂੰ ਦੇਖ ਰਿਹਾ ਸੀ। ਭੈਣ ਜੀ ਵਰਾਂਡੇ ਵਿਚ ਬੈਠੀ ਸੀ। ਉਨ੍ਹਾਂ ਦੇ ਕੋਲ ਬੈਠੀ ਰੁਕਮਣੀ ਸਬਜ਼ੀ ਚੀਰ ਰਹੀ ਸੀ।

ਕੁਰਸੀ 'ਤੇ ਬੈਠਾ ਉਹ ਅੱਖਾਂ ਟੱਡ ਕੇ ਮੈਨੂੰ ਇਸ ਤਰ੍ਹਾਂ ਦੇਖੀ ਜਾ ਰਿਹਾ ਸੀ ਜਿਵੇਂ ਪਾਗਲ ਹੋਵੇ। ਉਹਦੇ ਬੁੱਲ੍ਹ ਹਿਲਦੇ ਸਨ। ਉਹ ਕੁਝ ਕਹਿਣਾ ਚਾਹੁੰਦਾ ਸੀ, ਪਰ ਕੁਝ ਬੋਲ ਨਹੀਂ ਸੀ ਹੁੰਦਾ। ਹੌਲੀ ਹੌਲੀ ਉਹਦੀਆਂ ਅੱਖਾਂ ਬੰਦ ਹੋਣ ਲੱਗ ਪਈਆਂ ਤੇ ਉਹ ਕੁਰਸੀ 'ਤੇ ਡਿੱਗ ਪਿਆ।

ਅਸੀਂ ਸਾਰਿਆਂ ਉਹਨੂੰ ਚੁੱਕਿਆ। ਡਾਕਟਰ ਨੇ ਕੋਈ ਇੰਜੈਕਸ਼ਨ ਦਿੱਤਾ। ਜਦ ਹੋਸ਼ ਆਈ ਤਾਂ ਰਿਕਸ਼ੇ 'ਚ ਬਹਾ ਕੇ ਘਰ ਭੇਜ ਦਿੱਤਾ। ਕਿੰਨਾ ਚਿਰ ਮੈਂ ਸੋਚਦੀ ਰਹੀ ਪਈ ਡਾਕਟਰ ਬੇਟੇ ਨੇ ਕੀ ਸੋਚਿਆ ਹੋਵੇਗਾ, ਜਦ ਉਹਨੇ ਬੇਸੁਰਤੀ 'ਚ ਮੇਰੀ ਸਾੜ੍ਹੀ ਦਾ ਲੜ ਘੁੱਟ ਕੇ ਫੜ ਲਿਆ ਸੀ ਤੇ ਅਸੀਂ ਮਸੀਂ ਛੁਡਾਇਆ ਸੀ। ਫੇਰ ਜਦ ਉਹਨੇ ਕਿਹਾ ਸੀ, ਪ੍ਰਿੰਸੀਪਲ ਮੈਨੂੰ ਮਾਰ ਦੇ। ਮਾਰ ਦੇ ਮੈਨੂੰ।

ਉਸੇ ਰਾਤ ਮੈਂ ਪੱਕਾ ਫ਼ੈਸਲਾ ਕਰ ਲਿਆ ਕਿ ਖੁਦਕਸ਼ੀ ਕਰ ਲੈਣੀ ਏ। ਮੈਂ ਸ਼ਵੇਤਾਂਬਰ ਦੀ ਇਕ ਵੀ ਗੱਲ ਮੰਨਣੋਂ ਨਾਂਹ ਕਰ ਦਿੱਤੀ। ਸ਼ਵੇਤਾਂਬਰ, ਸ਼ਵੇਤਾਂਬਰ ਸ਼ਵੇਤਾ... ਮੈਂ ਉਹਦੀਆਂ ਨਸੀਹਤਾਂ ਤੋਂ ਆਜਜ਼ ਆ ਚੁੱਕੀ ਸੀ।

ਉਸੇ ਰਾਤ ਮੈਂ ਡਾਕਟਰ ਦੀ ਅਲਮਾਰੀ ਵਿਚੋਂ ਉਹ ਦਵਾਈ ਕੱਢ ਲਈ ਸੀ।

ਪ੍ਰੋਫੈਸਰ ਸ਼ਾਮ ਨੂੰ ਆਇਆ ਤਾਂ ਮੈਥੋਂ ਉਹ ਸਭ ਕੁਝ ਹੋਈ ਗਿਆ, ਜਿਹਨੂੰ ਮੈਂ ਅਸੰਭਵ ਸਮਝਦੀ ਸੀ। ਪਰ ਬਾਅਦ ਵਿਚ ਪਤਾ ਲੱਗਾ ਕਿ ਉਹ ਨਾ ਮੇਰੇ ਵੱਸ ਵਿਚ ਸੀ, ਨਾ ਪ੍ਰੋਫੈਸਰ ਦੇ ਤੇ ਨਾ ਹੀ ਸ਼ਵੇਤਾਂਬਰ ਦੇ।

ਹੁਣ ਸੋਚਦੀ ਹਾਂ, ਉਹ ਤਾਂ ਹੱਡ ਛੁੜਾ ਗਿਆ, ਮੈਂ ਰਹਿ ਗਈ ਇਸ ਦੋਜ਼ਖ਼ ਦੀ ਅੱਗ ਵਿਚ ਜਲਣ ਨੂੰ।

ਜਿਸ ਦਿਨ ਅੰਤਿਮ ਸ਼ੋਕ ਦਿਵਸ ਸੀ, ਮੈਂ ਬਾਥ ਰੂਮ ਵਿਚ ਤਿਲਕ ਕੇ ਡਿੱਗ ਪਈ ਸੀ। ਚੂਲੇ ਦੀ ਹੱਡੀ ਟੁੱਟ ਗਈ ਸੀ ਦੋ ਥਾਂਵਾਂ ਤੋਂ। ਤਦ ਤੋਂ ਵਸਾਖੀ ਬਗਲ ਵਿਚ ਰਹਿਣ ਲੱਗ ਪਈ ਸੀ।

ਲਗਿਆ ਤਾਂ ਇਸ ਤਰ੍ਹਾਂ ਸੀ ਜਿਵੇਂ ਬਾਥਰੂਮ ਵਿਚ ਮੈਨੂੰ ਚੱਕਰ ਆਇਆ ਸੀ ਪਰ ਬਾਅਦ ਵਿਚ ਹੋਸ਼ ਆਉਣ ਉਤੇ ਮਹਿਸੂਸ ਹੋਇਆ ਕਿ ਮੈਨੂੰ ਤਾਂ ਕਿਸੇ ਨੇ ਉਸ ਵੇਲੇ ਧੱਕਾ ਦਿੱਤਾ ਸੀ, ਜਦ ਮੈਂ ਉਹਦਾ ਦਿੱਤਾ ਮੁਸ਼ਕ-ਨਾਫ਼ਾ ਵਾਲਾ ਰੁਮਾਲ ਕੱਢ ਕੇ ਸੁੰਘ ਕੇ ਚੁੰਮ ਕੇ ਫੇਰ ਉਵੇਂ ਲਪੇਟ ਕੇ ਜੇਬ ਵਿਚ ਪਾ ਕੇ ਬਾਹਰ ਨਿਕਲਣ ਲਈ ਕੁੰਡੀ ਖੋਹਲੀ ਸੀ। ਜਾਂ ਸ਼ਾਇਦ ਉਹ ਧੱਕਾ ਸ਼ਵੇਤਾਂਬਰ ਨੇ ਦਿੱਤਾ ਸੀ। ਤੇ ਸ਼ਾਇਦ ਕਿਹਾ ਸੀ, ਤੇਰਾ ਇਹੀ ਹਸ਼ਰ ਹੋਣਾ ਸੀ।

## ਮਿੰਨੀ ਕਹਾਣੀ

### ਬੋਨਸ

'ਚੇਅਰਮੈਨ-ਮੁਰਦਾਬਾਦ...ਮੁਰਦਾਬਾਦ' ਦੇ ਨਾਅਰੇ ਲੱਗ ਰਹੇ ਸਨ। ਬੋਰਡ ਦੇ ਮੁਲਾਜ਼ਮ ਆਪਣੀਆਂ ਮੰਗਾਂ ਲਈ ਹਫ਼ਤੇ ਕੁ ਭਰ ਤੋਂ ਮੁਜ਼ਾਹਰਾ ਕਰ ਰਹੇ ਸਨ। ਮੁਲਾਜ਼ਮਾਂ ਦਾ ਪ੍ਰਧਾਨ ਬੜਾ ਹੀ ਚਲਾਕ ਤੇ ਸਭ ਤੋਂ ਅੱਗੇ ਸੀ।

ਹਫ਼ਤੇ ਮਗਰੋਂ ਬੋਰਡ ਦੇ ਚੇਅਰਮੈਨ ਨੇ ਪ੍ਰਧਾਨ ਨੂੰ ਮੀਟਿੰਗ ਲਈ ਸੱਦਿਆ। ਨਾਅਰੇਬਾਜ਼ੀ ਬੰਦ ਹੋ ਗਈ ਤੇ ਘੁਸਰ-ਮੁਸਰ ਸ਼ੁਰੂ ਹੋ ਗਈ ਕਿ ਲਓ ਜੀ ਅੱਜ ਚੇਅਰਮੈਨ ਸਾਹਿਬ ਸਾਡੀਆਂ ਮੰਗਾਂ ਜ਼ਰੂਰ ਮੰਨ ਲੈਣਗੇ।

ਹੁਣ ਪ੍ਰਧਾਨ ਚੇਅਰਮੈਨ ਦੇ ਸਾਹਮਣੇ ਸੀ। ਦੁਆ ਸਲਾਮ ਤੋਂ ਬਾਅਦ ਚੇਅਰਮੈਨ ਨੇ ਉਸ ਨੂੰ ਇਸ਼ਾਰੇ ਨਾਲ ਕੁਰਸੀ 'ਤੇ ਬੈਠਣ ਲਈ ਕਿਹਾ। ਕੁਝ ਗੱਲਾਂ ਬਾਤਾਂ ਮਗਰੋਂ ਚੇਅਰਮੈਨ ਨੇ ਪ੍ਰਧਾਨ ਨੂੰ ਇਕ ਪੱਤਰ ਦਿੰਦੇ ਹੋਏ ਕਿਹਾ, "ਲਓ ਆਪਣੇ ਲੜਕੇ ਦੀ ਨੌਕਰੀ ਦਾ ਆਫਰ ਅਤੇ ਇਹ ਨਾਅਰੇਬਾਜ਼ੀ ਤੇ ਧਰਨਾ ਖਤਮ ਕਰਾ ਦਿਓ।" ਲੜਕੇ ਦਾ ਨਿਯੁਕਤੀ ਪੱਤਰ ਲੈਂਦੇ ਹੋਏ ਪ੍ਰਧਾਨ ਨੇ ਮੁਸਕਰਾ ਕੇ ਕਿਹਾ, "ਜੀ ਮੈਂ ਹੁਣੇ ਧਰਨਾ ਖਤਮ ਕਰਾ ਦਿੰਦਾ ਹਾਂ।"

ਪ੍ਰਧਾਨ ਮਨ ਹੀ ਮਨ ਬੜੇ ਖੁਸ਼ ਤੇ ਸੋਚਦਾ ਆ ਰਿਹਾ ਸੀ ਕਿ ਮੈਨੂੰ ਤਾਂ ਬੋਨਸ ਮਿਲ ਗਿਆ, ਬਾਕੀਆਂ ਨੂੰ ਮਿਲੇ ਜਾਂ ਨਾ, ਮੈਨੂੰ ਕੀ?

ਹੁਣ ਪ੍ਰਧਾਨ ਨੇ ਮੁਲਾਜ਼ਮਾਂ ਨੂੰ ਕੁਝ ਇਸ ਤਰ੍ਹਾਂ ਕਿਹਾ, "ਸਾਥੀਓ, ਚੇਅਰਮੈਨ ਸਾਹਿਬ ਨੇ ਸਾਡੀਆਂ ਸਾਰੀਆਂ ਮੰਗਾਂ ਮੰਨ ਲਈਆਂ ਨੇ ਪਰ ਕੁਝ ਵਕਤ ਲੱਗੇਗਾ ਇਸ ਲਈ ਹੁਣ ਧਰਨਾ ਖਤਮ।" ਇਹ ਸੁਣ ਕੇ ਸਭ ਮੁਲਾਜ਼ਮ ਖੁਸ਼ ਹੋਏ ਤੇ ਘੁਸਰ-ਮੁਸਰ ਕਰਦੇ ਹੋਏ ਆਪਣੇ-ਆਪਣੇ ਦਫ਼ਤਰ ਵਿਚ ਚਲੇ ਗਏ।

*-ਨਾਇਬ ਸਿੰਘ ਸੈਂਪਲੇ*
*ਫੋਨ: 91-98724-05203*

# ਸਿੱਖ ਸ਼ਨਾਖਤ ਵਾਲਾ ਵਾਰਿਸ



ਇਸ ਵਾਰ ਅਮਰੀਕਾ ਦਾ ਅਜ਼ਾਦੀ ਦਿਵਸ ਜੋ ਹਰ ਸਾਲ 4 ਜੁਲਾਈ ਨੂੰ ਮਨਾਇਆ ਜਾਂਦਾ ਹੈ, ਸਿੱਖ ਭਾਈਚਾਰੇ ਲਈ ਬਿਲਕੁੱਲ ਵੱਖਰਾ ਰਿਹਾ ਹੈ। ਸਵੇਰੇ-ਸਵੇਰੇ ਹੀ ਇਹ ਖਬਰ ਨਸ਼ਰ ਹੋਈ ਕਿ ਅਮਰੀਕਾ ਦੀ ਤਰੱਕੀ ਵਿਚ ਸਿੱਖਾਂ ਵੱਲੋਂ ਪਾਏ ਯੋਗਦਾਨ ਬਾਰੇ 30 ਸੈਕਿੰਡ ਦੀ ਇਸ਼ਤਿਹਾਰੀ ਫਿਲਮ ਬਣਾਈ ਗਈ ਹੈ ਜੋ 27 ਜੁਲਾਈ ਨੂੰ ਦੇਸ਼ ਦੀਆਂ 37 ਸਟੇਟਾਂ ਵਿਚ ਦਿਖਾਈ ਜਾਵੇਗੀ। 'ਕੌਮਕਾਸਟ' ਨਾਂ ਦੀ ਬਰੌਡਕਾਸਟਿੰਗ ਕੰਪਨੀ ਕੇਬਲ ਚੈਨਲਾਂ ਉਤੇ ਇਹ ਫਿਲਮ ਨਸ਼ਰ ਕਰਨ ਲਈ 10 ਮਿਲੀਅਨ ਡਾਲਰ (ਇਕ ਕਰੋੜ ਡਾਲਰ) ਖਰਚ ਕਰ ਰਹੀ ਹੈ। ਇਸ ਫਿਲਮ ਵਿਚ ਨਿਊ ਯਾਰਕ ਸ਼ਹਿਰ ਵਿਚ ਵੱਸਦਾ ਮਸ਼ਹੂਰ ਸਿੱਖ ਅਦਾਕਾਰ ਅਤੇ ਡਿਜ਼ਾਈਨਰ ਵਾਰਿਸ ਸਿੰਘ ਆਹਲੂਵਾਲੀਆ ਸਿੱਖਾਂ ਦੇ ਯੋਗਦਾਨ ਬਾਰੇ ਜਾਣਕਾਰੀ ਦੇ ਰਿਹਾ ਹੈ।

ਚੇਤੇ ਰਹੇ ਕਿ ਸਾਲ 2001 ਵਾਲੇ 9/11 ਹਮਲਿਆਂ ਤੋਂ ਬਾਅਦ ਸਿੱਖਾਂ ਨੂੰ ਮੁਸਲਮਾਨ ਸਮਝ ਕੇ ਉਨ੍ਹਾਂ ਉਤੇ ਹਮਲਿਆਂ ਦੀਆਂ ਘਟਨਾਵਾਂ ਲਗਾਤਾਰ ਹੋਈਆਂ ਹਨ। ਇਸ ਸਬੰਧੀ ਚੇਤਨਾ ਜਗਾਉਣ ਲਈ ਕੁਝ ਸਿੱਖ ਸੰਸਥਾਵਾਂ ਨੇ ਮੁਹਿੰਮਾਂ ਵੀ ਚਲਾਈਆਂ, ਪਰ ਇਹ ਮੁਹਿੰਮਾਂ ਸੀਮਤ ਦਾਇਰਿਆਂ ਵਿਚ ਹੀ ਰਹਿਣ ਕਰ ਕੇ ਇਹ ਲੋਕਲ ਅਮਰੀਕੀਆਂ ਤੱਕ ਆਪਣੀ ਗੱਲ ਅਪੜਾਉਣ ਵਿਚ ਅਸਫਲ ਰਹੀਆਂ ਹਨ। ਇਸੇ ਲਈ ਹੁਣ ਇਹ ਫਿਲਮ ਨਸ਼ਰ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਵਾਰਿਸ ਸਿੰਘ ਆਹਲੂਵਾਲੀਆ ਦਾ ਨਾਂ ਵਾਰਿਸ ਉਹਦੇ ਪਿਤਾ ਨੇ ਪੰਜਾਬੀ ਦੀ ਅਮਰ ਰਚਨਾ 'ਹੀਰ' ਦੇ ਲੇਖਕ ਵਾਰਿਸ ਸ਼ਾਹ ਦੇ ਨਾਂ ਪ੍ਰਭਾਵਿਤ ਹੋ ਕੇ ਰੱਖਿਆ ਸੀ। ਵਾਰਿਸ ਦਾ ਜਨਮ ਅੰਮ੍ਰਿਤਸਰ ਵਿਚ 1974 ਨੂੰ ਹੋਇਆ ਸੀ। ਉਹ ਅਜੇ ਪੰਜ ਸਾਲ ਦਾ ਹੀ ਸੀ ਕਿ ਉਸ ਦੇ ਪਿਤਾ ਨੇ ਆਪਣੇ ਟੱਬਰ ਸਮੇਤ ਨਿਊ ਯਾਰਕ ਆਣ ਡੇਰੇ ਲਾਏ। ਇਥੇ ਆਪਣੀ ਮਿਹਨਤ ਅਤੇ ਲਗਨ ਨਾਲ ਉਸ ਨੇ ਆਪਣੀ ਕੰਪਨੀ 'ਹਾਊਸ ਆਫ ਵਾਰਿਸ' ਖੜ੍ਹੀ ਕਰ ਲਈ ਹੈ ਅਤੇ ਉਹ ਖੂਬ ਨਾਮ ਤੇ ਨਾਮਾ ਕਮਾ ਰਿਹਾ ਹੈ। ਉਸ ਦੇ ਬਹੁਤੇ ਮਿੱਤਰ-ਸੱਜਣ ਭਾਵੇ ਗੈਰ-ਭਾਰਤੀ ਅਤੇ ਗੈਰ-ਸਿੱਖ ਹਨ, ਪਰ ਉਹ ਘਰੇ ਪੰਜਾਬੀ ਬੋਲਦਾ ਹੈ। ਹਰ ਰੋਜ਼ ਘਰੇ ਖਾਣਾ ਛਕਦਾ ਹੈ। ਇਸ ਪੱਖੋਂ ਉਸ ਨੇ ਸਭਿਆਚਾਰ ਨੂੰ ਆਪਣੀ ਹਿੱਕ ਨਾਲ ਲਾ ਕੇ ਰੱਖਿਆ ਹੋਇਆ ਹੈ। ਬਤੌਰ ਸਿੱਖ ਆਪਣੀ ਦਿੱਖ ਬਾਰੇ ਉਸ ਨੂੰ ਕਈ ਵਾਰ ਮੁਸ਼ਕਿਲ ਵਿਚੋਂ ਵੀ ਲੰਘਣਾ ਪਿਆ ਪਰ ਉਸ ਨੂੰ ਇਸ ਨਿਆਰੇਪਣ ਦਾ ਬਹੁਤ ਵਾਰ ਮਾਣ ਵੀ ਮਿਲਿਆ। ਹੁਣ ਜਦੋਂ ਉਸ ਕੋਲ ਸਿੱਖਾਂ ਬਾਰੇ ਫਿਲਮ ਦੀ ਪੇਸ਼ਕਸ਼ ਆਈ ਤਾਂ ਉਹ ਝੱਟ ਤਿਆਰ ਹੋ ਗਿਆ। ਉਹ ਆਖਦਾ ਹੈ, ਹੁਣ ਮੈਂ ਜੜ੍ਹਾਂ ਨਾਲ ਜੁੜਿਆ ਮਹਿਸੂਸ ਕਰਦਾ ਹਾਂ।

## ਹਾਊਸ ਆਫ ਵਾਰਿਸ ਦਾ ਕਰਤਾ-ਧਰਤਾ

*ਵਾਰਿਸ ਸਿੰਘ ਆਹਲੂਵਾਲੀਆ ਦੀ ਵੈੱਬਸਾਈਟ (ਹਾਊਸ ਆਫ ਵਾਰਿਸ ਡੌਟ ਕੌਮ) ਖੋਲ੍ਹੋ ਤਾਂ ਹੋਰ ਹੀ ਦੁਨੀਆਂ ਦੇ ਦਰਸ਼ਨ ਹੁੰਦੇ ਹਨ। ਉਹ ਅਸਲ ਵਿਚ ਅਮਰੀਕਾ ਦੀ ਮੁੱਖਧਾਰਾ ਨਾਲ ਜੁੜਿਆ ਜਿਉੜਾ ਹੈ। ਉਹ ਪੰਜਾਬੀ ਪਰਦੇਸੀਆਂ ਦੀ ਅਗਲੀ ਪੀੜ੍ਹੀ ਹੈ। ਮੁਢਲੇ ਪੰਜ ਸਾਲ ਉਹ ਅੰਮ੍ਰਿਤਸਰ ਰਿਹਾ, ਫਿਰ ਅਮਰੀਕਾ ਵਿਚ ਪਲਿਆ। ਹੁਣ ਉਸ ਲਈ ਸਭ ਕੁਝ ਅਮਰੀਕਾ ਹੀ ਹੈ। ਮੁੱਖਧਾਰਾ ਨਾਲ ਮੋਢੇ ਨਾਲ ਮੋਢਾ ਜੋੜ ਕੇ ਚੱਲਣ ਵਿਚ ਉਸ ਨੂੰ ਆਰੰਭ ਵਿਚ ਦਿੱਕਤਾਂ ਤਾਂ ਬਹੁਤ ਆਈਆਂ, ਪਰ ਅਜਿਹੇ ਮੌਕਿਆਂ ਉਤੇ ਉਸ ਦਾ ਬਾਪੂ ਉਸ ਲਈ ਸਹਾਰਾ ਬਣਦਾ ਰਿਹਾ। ਹੁਣ ਵੀ ਉਹ ਆਪਣੇ ਪਿਤਾ ਨੂੰ ਬਹੁਤ ਯਾਦ ਕਰਦਾ ਹੈ। ਵਾਰਿਸ ਉਦੋਂ 20 ਵਰ੍ਹਿਆਂ ਦਾ ਸੀ ਜਦੋਂ ਉਹਦਾ ਬਾਪੂ ਸਭ ਨੂੰ ਸਦਾ-ਸਦਾ ਲਈ ਅਲਵਿਦਾ ਆਖ ਗਿਆ ਸੀ। ਇਹ ਬਾਪੂ ਦੀ ਹੀ ਪ੍ਰੇਰਨਾ ਸੀ ਕਿ ਉਹ ਆਪਣੀ ਜ਼ਿੰਦਗੀ ਵਿਚ ਲਗਾਤਾਰ ਦੌੜਿਆ ਅਤੇ ਇਸ ਦੌੜ ਵਿਚ ਉਹ ਲਗਾਤਾਰ ਕੁਝ ਨਾ ਕੁਝ ਸਿੱਖਦਾ ਰਿਹਾ। ਹੁਣ ਉਹ ਫਿਲਮਾਂ ਕਰਦਾ ਹੈ, ਇਸ਼ਤਿਹਾਰੀ ਪ੍ਰੋਜੈਕਟਾਂ ਦਾ ਹਿੱਸਾ ਬਣਦਾ ਹੈ ਅਤੇ ਦੁਰਲੱਭ ਵਸਤਾਂ ਦੀਆਂ ਨੁਮਾਇਸ਼ਾਂ ਲਾਉਂਦਾ ਹੈ। ਵਾਰਿਸ ਸੱਚ-ਮੁੱਚ ਵਾਰਿਸ ਹੈ। ਉਸ ਨੇ ਇਸ ਨਾਂ ਦੀ ਲਾਜ ਰੱਖੀ ਹੈ।*

ਦੀਕਸ਼ਾ ਸੇਠ



# ਇਹ ਪਿਆਰ ਦੀ ਕਹਾਣੀ...

ਦੀਕਸ਼ਾ ਸੇਠ ਦੀ ਪਹਿਲੀ ਹਿੰਦੀ ਫਿਲਮ 'ਲੇਕਰ ਹਮ ਦੀਵਾਨਾ ਦਿਲ' ਬਹੁਤਾ ਰੰਗ ਨਹੀਂ ਬੰਨ੍ਹ ਸਕੀ। ਇਸ ਫਿਲਮ ਵਿਚ ਉਸ ਦਾ ਹੀਰੋ ਸੀ ਅਰਮਾਨ ਜੈਨ ਜੋ ਮਰਹੂਮ ਫਿਲਮਸਾਜ਼ ਰਾਜ ਕਪੂਰ ਦਾ ਦੋਹਤਾ ਹੈ। ਫਿਲਮ ਦੇ ਨਿਰਮਾਤਾ ਅਤੇ ਨਿਰਦੇਸ਼ਕ ਨੂੰ ਲਗਦਾ ਸੀ ਕਿ ਫਿਲਮੀ ਦੁਨੀਆਂ ਦੇ ਮਸ਼ਹੂਰ ਕਪੂਰ ਟੱਬਰ ਦੇ ਨਾਂ 'ਤੇ ਫਿਲਮ ਦੀ ਬੱਲੇ-ਬੱਲੇ ਹੋ ਜਾਵੇਗੀ, ਪਰ ਨਹੀਂ! ਦਰਅਸਲ ਅੱਜ ਕੱਲ੍ਹ ਹਰ ਫਿਲਮ ਨਿਰਮਾਤਾ-ਨਿਰਦੇਸ਼ਕ ਦੀ ਅੱਖ ਫਿਲਮ ਦੀ ਕਮਾਈ 'ਤੇ ਹੁੰਦੀ ਹੈ। 'ਲੇਕਰ ਹਮ ਦੀਵਾਨਾ ਦਿਲ' ਦਾ ਵੀ ਇਹੀ ਹਾਲ ਹੋਇਆ। ਇਸ ਫਿਲਮ ਦੀ ਸਕਰਿਪਟ 'ਤੇ ਅੱਛਾ ਕੰਮ ਹੋ ਸਕਦਾ ਸੀ, ਪਰ ਇਹ ਲਵ ਸਟੋਰੀ ਫਿਲਮਾਉਂਦਿਆਂ ਫਿਲਮ ਦਾ ਹੋਰ ਹੀ ਰੂਪ ਬਣਾ ਦਿੱਤਾ ਗਿਆ। ਫਿਲਮ ਕਈ ਫਿਲਮਾਂ ਦਾ ਮਿਲਗੋਭਾ ਬਣ ਗਈ। ਕਮਾਈ ਪੱਖੋਂ ਇਹ ਫਿਲਮ 'ਬੌਬੀ ਜਾਸੂਸ' ਤੋਂ ਵੀ ਪਛੜ ਗਈ ਹੈ। ਉਧਰ, ਸਿਧਾਰਥ ਮਲਹੋਤਰਾ ਦੀ ਫਿਲਮ 'ਏਕ ਵਿਲਨ' ਚੱਲ ਨਿਕਲੀ ਹੈ ਅਤੇ ਛੇਤੀ ਹੀ ਇਹ 100 ਕਰੋੜੀ ਕਲੱਬ ਨੂੰ ਛੂਹ ਲਵੇਗੀ, ਭਾਵ 100 ਕਰੋੜ ਰੁਪਏ ਕਮਾ ਲਵੇਗੀ।

ਉਂਝ 'ਲੇਕਰ ਹਮ ਦੀਵਾਨਾ ਦਿਲ' ਫਿਲਮ ਦੀ ਨਾਇਕਾ ਦੀਕਸ਼ਾ ਸੇਠ ਦੇ ਕੁਝ ਕੁ ਨੰਬਰ ਜ਼ਰੂਰ ਬਣ ਗਏ ਹਨ। ਫਿਲਮ ਬਾਰੇ ਸਾਰੀ ਚਰਚਾ ਅਰਮਾਨ ਜੈਨ ਦੁਆਲੇ ਘੁੰਮਣ ਦੇ ਬਾਵਜੂਦ ਦੀਕਸ਼ਾ ਛਾ ਗਈ। ਇਹ ਕੁੜੀ ਤੈਲਗੂ ਅਤੇ ਤਮਿਲ ਫਿਲਮਾਂ ਵਿਚ ਥੋੜ੍ਹੇ ਸਮੇਂ ਵਿਚ ਹੀ ਨਾਮਣਾ ਖੱਟ ਚੁੱਕੀ ਹੈ। 2010 ਵਿਚ ਉਸ ਦੀ ਪਹਿਲੀ ਫਿਲਮ 'ਵੇਦਮ' (ਤੈਲਗੂ) ਆਈ ਸੀ। ਸਾਲ 2011 ਅਤੇ 2012 ਵਿਚ ਉਸ ਦੀਆਂ 3-3 ਫਿਲਮਾਂ ਰਿਲੀਜ਼ ਹੋਈਆਂ। 'ਲੇਕਰ ਹਮ ਦੀਵਾਨਾ ਦਿਲ' ਵਿਚ ਉਸ ਦੇ ਨਖਰਿਆਂ ਨੇ ਸਭ ਦਾ ਮਨ ਮੋਹ ਲਿਆ ਹੈ।

# ਸੀਨੀਅਰ ਖਾਨ ਬਣੇ ਸ਼ਾਨ









ਫਿਲਮੀ ਦੁਨੀਆਂ ਵਿਚ ਭਾਵੇਂ ਨਵੇਂ ਚਿਹਰੇ ਤੇਜ਼ੀ ਨਾਲ ਆ ਰਹੇ ਹਨ ਤੇ ਆਪਣੀ ਕਾਬਲੀਅਤ ਨਾਲ ਮਨ ਵੀ ਮੋਹ ਰਹੇ ਹਨ, ਪਰ ਤਕਰੀਬਨ 50 ਸਾਲ ਦੀ ਉਮਰ ਨੂੰ ਢੁਕਣ ਵਾਲੇ ਸੀਨੀਅਰ 'ਖਾਨਾਂ' ਦੀ ਅੱਜ ਵੀ ਸਰਦਾਰੀ ਕਾਇਮ ਹੈ। ਆਮਿਰ ਖਾਨ, ਸ਼ਾਹਰੁਖ ਖਾਨ, ਸਲਮਾਨ ਖਾਨ ਤੇ ਸੈਫ ਅਲੀ ਖਾਨ ਅਜਿਹੇ ਹੀ ਫਿਲਮੀ ਸਿਤਾਰੇ ਹਨ। ਆਪਣੇ ਨਾਲੋਂ ਅੱਧੀ ਉਮਰ ਦੀਆਂ ਅਭਿਨੇਤਰੀਆਂ ਨਾਲ ਵੱਡੇ ਪਰਦੇ 'ਤੇ ਆ ਰਹੇ ਇਹ ਖਾਨ ਆਪਣੀ ਫਿਟਨੈੱਸ ਸਦਕਾ ਹੀ ਸਫ਼ਲਤਾ ਦੀਆਂ ਪੌੜੀਆਂ ਚੜ੍ਹ ਰਹੇ ਹਨ।

ਕੁਝ ਸਮਾਂ ਪਹਿਲਾਂ 'ਧੂਮ-3' ਰਾਹੀਂ ਸਫ਼ਲਤਾ ਦੇ ਝੰਡੇ ਗੱਡਣ ਵਾਲਾ ਆਮਿਰ ਖਾਨ ਚੋਣਵੀਆਂ ਫਿਲਮਾਂ ਕਰਦਾ ਹੈ। ਹਰ ਅਭਿਨੇਤਰੀ ਉਸ ਨਾਲ ਫਿਲਮ ਕਰਨ ਦੇ ਖਵਾਬ ਦੇਖਦੀ ਹੈ। 49 ਸਾਲ ਦੇ ਹੋ ਚੁੱਕੇ ਆਮਿਰ ਖਾਨ ਨੇ 'ਥ੍ਰੀ ਈਡੀਅਟਸ', 'ਗਜ਼ਨੀ' ਅਤੇ 'ਧੂਮ-3' ਵਿਚ ਚੁਣੌਤੀ ਭਰੇ ਰੋਲ ਨਿਭਾਏ ਹਨ। ਫਿਲਮਾਂ ਦਾ ਇਕ ਹੋਰ ਖਾਨ ਹੈ ਜਿਸ ਦੀ ਦੁਨੀਆਂ ਦੀਵਾਨੀ ਹੈ। 'ਦਬੰਗ' ਦੇ ਨਾਮ ਨਾਲ ਜਾਣਿਆ ਜਾਂਦਾ ਸਲਮਾਨ ਖਾਨ ਭਾਵੇਂ 48 ਸਾਲ ਦਾ ਹੋ ਗਿਆ ਹੈ, ਪਰ ਅੱਜ ਵੀ ਉਹਦੇ ਨਾਂ ਦਾ ਡੰਕਾ ਵੱਜ ਰਿਹਾ ਹੈ। ਸਲਮਾਨ ਖਾਨ ਨੇ ਆਪ ਤੋਂ ਅੱਧੀ ਉਮਰ ਦੀਆਂ ਅਭਿਨੇਤਰੀਆਂ ਜਿਵੇਂ 'ਦਬੰਗ' ਵਿਚ ਸੋਨਾਕਸ਼ੀ ਸਿਨਹਾ ਅਤੇ 'ਜੈ ਹੋ' ਵਿਚ ਡੇਜ਼ੀ ਸ਼ਾਹ ਨਾਲ ਕੰਮ ਕਰ ਕੇ ਉਨ੍ਹਾਂ ਨੂੰ ਸਫ਼ਲਤਾ ਦੀਆਂ ਬੁਲੰਦੀਆਂ 'ਤੇ ਪਹੁੰਚਾ ਦਿੱਤਾ। ਉਸ ਨੇ ਕਰੀਨਾ ਕਪੂਰ, ਕੈਟਰੀਨਾ ਕੈਫ ਤੇ ਆਸਿਨ ਵਰਗੀਆਂ ਅਭਿਨੇਤਰੀਆਂ ਨਾਲ ਫਿਲਮਾਂ ਵਿਚ ਵੱਖਰੀ ਛਾਪ ਛੱਡੀ।

ਸ਼ਾਹਰੁਖ ਖਾਨ ਵੀ 48 ਸਾਲ ਦਾ ਹੋ ਚੁੱਕਾ ਹੈ, ਪਰ ਅੱਜ ਵੀ ਇਸ ਸਿਤਾਰੇ ਦੀ ਚਮਕ ਫਿੱਕੀ ਨਹੀਂ ਪਈ। ਦੇਸ਼-ਵਿਦੇਸ਼ ਵਿਚ ਸ਼ਾਹਰੁਖ ਦੇ ਕਰੋੜਾਂ ਪ੍ਰਸ਼ੰਸਕਾਂ ਹਨ। ਸ਼ਾਹਰੁਖ ਖਾਨ ਨੇ ਵੀ ਆਪ ਤੋਂ ਬਹੁਤ ਘੱਟ ਉਮਰ ਦੀਆਂ ਅਭਿਨੇਤਰੀਆਂ ਜਿਵੇਂ ਦੀਪਿਕਾ ਪਾਦੁਕੋਣ, ਕੈਟਰੀਨਾ ਕੈਫ, ਕਰੀਨਾ ਕਪੂਰ ਨਾਲ ਕਈ ਹਿੱਟ ਫਿਲਮਾਂ ਕੀਤੀਆਂ ਹਨ। ਸੈਫ ਅਲੀ ਖਾਨ ਜੋ 43 ਸਾਲ ਦਾ ਹੈ, ਨੇ ਤਾਂ ਨਾ ਕੇਵਲ ਆਪਣੇ ਨਾਲੋਂ ਘੱਟ ਉਮਰ ਦੀਆਂ ਅਭਿਨੇਤਰੀਆਂ ਨਾਲ ਫਿਲਮਾਂ ਕੀਤੀਆਂ ਸਗੋਂ ਕਰੀਨਾ ਕਪੂਰ ਨਾਲ ਦੂਜੀ ਵਿਆਹ ਵੀ ਕਰਵਾ ਲਿਆ। ਸੈਫ ਅਲੀ ਖਾਨ 'ਟਸ਼ਨ', 'ਲਵ ਆਜ ਕਲ', 'ਏਜੰਟ ਵਿਨੋਦ', 'ਰੇਸ 2' ਅਤੇ 'ਬੁਲੇਟ ਰਾਜਾ' ਨਾਲ ਆਪਣੀ ਅਦਾਕਾਰੀ ਦਾ ਲੋਹਾ ਮੰਨਵਾ ਚੁੱਕਾ ਹੈ। ਉਹਨੇ ਫਿਲਮੀ ਕਰੀਅਰ ਦੀ ਸ਼ੁਰੂਆਤ 1992 ਵਿਚ 'ਪਰੰਪਰਾ' ਰਾਹੀਂ ਕੀਤੀ ਸੀ। ਸੈਫ ਦਾ ਵਿਆਹ 1991 ਵਿਚ ਅਭਿਨੇਤਰੀ ਅੰਮ੍ਰਿਤਾ ਸਿੰਘ ਨਾਲ ਹੋਇਆ ਪਰ 2004 ਵਿਚ ਤਲਾਕ ਹੋ ਗਿਆ ਸੀ। ਫਿਰ ਉਹਨੇ ਅਕਤੂਬਰ 2012 ਵਿਚ ਕਰੀਨਾ ਕਪੂਰ ਨਾਲ ਵਿਆਹ ਕਰਵਾ ਲਿਆ।

ਜ਼ਾਹਿਰ ਹੈ ਕਿ ਇਨ੍ਹਾਂ ਕਾਨਾਂ ਦਾ ਫਿਲਮੀ ਦੁਨੀਆਂ ਵਿਚ ਕੋਈ ਜਵਾਬ ਨਹੀਂ ਹੈ। ਇਹ ਨਾ ਕੇਵਲ ਕਰੋੜਾਂ ਲੋਕਾਂ ਦੀ ਪਸੰਦ ਹਨ, ਬਲਕਿ ਇਹ ਫਿਲਮੀ ਕਰੀਅਰ ਵਿਚ ਪੈਰ ਰੱਖਣ ਵਾਲੇ ਨਵੇਂ ਸਿਤਾਰਿਆਂ ਲਈ ਵੀ ਪ੍ਰੇਰਨਾ ਸ੍ਰੋਤ ਹਨ।

*-ਬਲਜੀਤ ਸਿੰਘ ਮਾਣਕ ਮਾਜਰਾ*
*ਫੋਨ: 91-95926-68905*


Healthy Body Healthy Mind!
Sikh Sports Association of U.S.A.
a non-profit organization 501(c)(3)
presents
ਅੱਠਵੀਆਂ ਸਾਲਾਨਾ ਖੇਡਾਂ
OPEN TO ALL COMMUNITIES
8th ANNUAL GAMES
JULY 12-13 , 2014
Golf
Tag Football
Soccer
Volleyball
Basketball
Tennis
Kabaddi
Track & Field
Field Hockey
JAMES LOGAN HIGH SCHOOL
1800 H STREET UNION CITY, CA 94587
SIKH SPORTS ASSOCIATION OF U.S.A.
To advertise in our souvenir, set up a booth or banner ad, please call
Ph: 866.499.0032.
ਕੈਲੀਫੋਰਨੀਆ ਦੀਆਂ ਇੱਕੋ ਇੱਕ ਸਲਾਨਾ ਖੇਡਾਂ ਜਿੱਥੇ 1350 ਤੋਂ ਵੱਧ ਖਿਡਾਰੀ ਹਰੇਕ ਸਾਲ ਭਾਗ ਲੈਂਦੇ ਹਨ।
for registration visit WWW.SIKHSPORTS.COM
Donations: Online www.sikhsports.com or mail check to 4430 Deer Field Way, Danville, CA 94506
Sikh Sports Association of USA is a non-profit organization 501(c)(3)
Sandeep Chahal 408.931.5200

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 26 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

**We can sell your house in short sale at no cost to you.**

**Selling Homes from Gilroy to Sacramento, CA**



5233 Edgewater Drive
Newark, CA 94560
5 Bedrooms, 2.5 Bathrooms, 2 Car Garage
Area: 2081 Sq. Ft.
Lot: 6500 Sq. Ft.
**Asking: $809,000**



534 Cashew Place
Brantwood CA 94513
4 Bedrooms, 2.5 Bathrooms, 2 Car Garage
Area: 2563 Sq. Ft.- Lot: 7336 Sq. Ft.
**Asking: $528,000**




4730 Woodhollow Ave.,
Stockton CA 95206
5 Bedrooms, 3 Bathrooms, 2 Car Garage
Area: 2555 Sq. Ft.
Lot: 5200 Sq. Ft.
**Asking: $279,000**




32241 Mercury Way
Union City CA 94587
3 Bedrooms, 1.5 Bathrooms, 2 Car Garage
Living Area: 1255 Sq. Ft.
**Asking: $415,000**




4504 Mackinaw Street,
Union City, CA 94587
4 Bedrooms, 3 Bathrooms, 2 Car Garage
Area: 2415 Sq. Ft.
Lot: 4514 Sq. Ft.
**Asking: $865,000**

### JUST SOLD

1. 36463 Spruce St., Newark, CA 94560
2. 2240 Partridge Way #4 Union City, CA 94588
3. 4504 Mackinaw Street, Union City, CA 94587
4. 4730 Woodhollow Ave., Stockton, CA 95206
5. 1604 Mellowood St., Pittsburg, CA 94565
6. 16129 Rocky HarborRd Lathrop, CA 95330
7. 32241 Mercury Way, Union City, CA 94587
8. 1796 Dove Ct., Hayward, CA 94545
9. 1744 Ettles St., Manteca, CA 95337
10. 1379 Michael Dr., Tracy, CA 95377
11. 37775 Golden Rod Ct., Newark, CA 94560
12. 230 Mizner Ct., Livermore, CA 94550
13. 4019 Villa Comez Ln., Stockton, CA 95206
14. 2809 Glen Sharon Way, San Jose, CA 95148

## Call us before visiting any model homes to save big time.

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

Cell: 510-304-9292
Cell:408-666-8279



**Jaswinder Gill** M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

**Commercial Unit**
9912 Kapalua Ln.,
Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

**Call Sukhi Gill**
DHMS, Loan Broker
@ 510-207-9067
CA DRE Lic.#01180969
NMLS# 352095